Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 41, October 9, 2010 20451 N Plum Grove Rd. Palatine, IL 60074 Ph:847-359-0746, Fax:847-705-9388



ਕਾਮਨਵੈਲਥ ਖੇਡਾਂ ਦੀ ਉਦਘਾਟਨੀ ਰਸਮ ਸਮੇਂ ਸਜੇ ਹੋਏ ਨਹਿਰੂ ਸਟੇਡੀਅਮ ਵਿਚ ਮਾਰਚ ਪਾਸਟ ਵਿਚ ਸ਼ਾਮਲ ਕਲਾਕਾਰ

## ਪਾਕਿਸਤਾਨ ਫੌਜੀ ਸਾਸ਼ਨ ਵਲ? ਅਮਨ ਕਾਨੂੰਨ ਦੀ ਹਾਲਤ ਨਾਜ਼ੁਕ

**ਕੰਵਰਜੀਤ ਸਿੰਘ**

**ਜਲੰਧਰ:** ਪਾਕਿਸਤਾਨ ਵਿਚ ਫੌਜੀ ਸ਼ਾਸਨ ਲਾਗੂ ਹੋਣ ਦੀਆਂ ਕਿਆਸਅਰਾਈਆਂ ਦਰਮਿਆਨ ਦੇਸ਼ ਦੇ ਸ਼ਕਤੀਸ਼ਾਲੀ ਫੌਜ ਮੁਖੀ ਜਨਰਲ ਅਸਫ਼ਾਕ ਪ੍ਰਵੇਜ਼ ਕਿਆਨੀ ਨੇ ਗੈਰ ਫੌਜੀ ਲੀਡਰਸ਼ਿਪ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਜਮਹੂਰੀ ਆਗੂਆਂ ਖਿਲਾਫ਼ ਸਖ਼ਤ ਸ਼ਬਦ ਵਰਤਦਿਆਂ ਉਨ੍ਹਾਂ ਕਿਹਾ ਕਿ ਇਹ ਆਗੂ ਆਪਣੇ ਕੰਮ ਨਾਲ ਮਤਲਬ ਰੱਖਣ, ਭ੍ਰਿਸ਼ਟਾਚਾਰ 'ਤੇ ਲਗਾਮ ਕਸਣ ਤੇ ਹੜ੍ਹਾਂ ਨਾਲ ਨਜਿੱਠਣ ਦੇ ਯਤਨਾਂ ਵਿਚ ਤੇਜ਼ੀ ਲਿਆਉਣ। ਦੂਜੇ ਪਾਸੇ ਮੁਲਕ ਵਿਚ ਅਮਨ ਕਾਨੂੰਨ ਦੀ ਹਾਲਤ ਬੇਹੱਦ ਨਾਜ਼ੁਕ ਬਣੀ ਹੋਈ ਹੈ ਅਤੇ ਤਾਲਿਬਾਨ ਵਲੋਂ ਰਾਜਧਾਨੀ ਇਸਲਾਮਾਬਾਦ ਵਿਚ ਵੀ ਨਾਟੋ ਨੂੰ ਤੇਲ ਸਪਲਾਈ ਕਰਨ ਵਾਲੇ ਟੈਂਕਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਇਸੇ ਦੌਰਾਨ ਬਲੋਚਿਸਤਾਨ ਵਿਚ ਇਕ ਹਿੰਦੂ ਵਪਾਰੀ ਦੇ ਅਗਵਾ ਹੋਣ ਦੀ ਖਬਰ ਹੈ।

ਬਰਤਾਨਵੀ ਅਖਬਾਰ 'ਗਾਰਡੀਅਨ' ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਇਸ਼ਫਾਕ ਪ੍ਰਵੇਜ਼ ਕਿਆਨੀ ਨੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਅਯੋਗ ਤੇ ਭ੍ਰਿਸ਼ਟ ਮੰਤਰੀਆਂ ਦੀ ਲਿਸਟ ਦਿੰਦੇ ਹੋਏ ਉਨ੍ਹਾਂ ਦੀ ਬਰਖਾਸਤਗੀ ਕਰਨ

*(ਬਾਕੀ ਸਫਾ 4 'ਤੇ)*

## ਅਯੁੱਧਿਆ 'ਚ ਵਿਵਾਦਤ ਜ਼ਮੀਨ ਦੀ ਤਿੰਨ ਹਿੱਸਿਆਂ ਵਿਚ ਵੰਡ

**ਲਖਨਊ:** ਅਲਾਹਾਬਾਦ ਹਾਈ ਕੋਰਟ ਨੇ ਬੀਤੀ 30 ਸਤੰਬਰ ਨੂੰ ਬਹੁਮਤ ਨਾਲ ਇਹ ਫੈਸਲਾ ਦਿੱਤਾ ਕਿ ਅਯੁੱਧਿਆ ਵਿਚ ਵਿਵਾਦਪੂਰਨ ਜ਼ਮੀਨ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਵਿਚ ਵੰਡਿਆ ਜਾਵੇ ਅਤੇ ਜਿੱਥੇ ਭਗਵਾਨ ਰਾਮ ਦਾ ਅਸਥਾਈ ਮੰਦਰ ਹੈ, ਉਸ 'ਤੇ ਹਿੰਦੂਆਂ ਦਾ ਹੱਕ ਹੋਵੇਗਾ। ਰਾਮ ਜਨਮ ਭੂਮੀ-ਬਾਬਰੀ ਮਸਜਿਦ ਢਾਂਚੇ ਲਈ ਵਿਵਾਦਪੂਰਨ ਜ਼ਮੀਨ ਦੇ ਮਾਲਕੀ ਹੱਕ ਲਈ ਪਿਛਲੇ 60 ਸਾਲਾਂ ਤੋਂ ਲਟਕੇ ਇਸ ਸੰਵੇਦਨਸ਼ੀਲ ਮਾਮਲੇ ਵਿਚ 8000 ਸਫਿਆਂ ਦੇ ਆਪਣੇ ਵੱਖੋ-ਵੱਖਰੇ ਫੈਸਲਿਆਂ ਦੌਰਾਨ ਜਸਟਿਸ ਐਸ.ਯੂ. ਖ਼ਾਨ ਅਤੇ ਜਸਟਿਸ ਸੁਧੀਰ ਅਗਰਵਾਲ ਨੇ ਕਿਹਾ ਕਿ ਤਿੰਨ ਗੁੰਬਦਾਂ ਵਾਲੇ ਢਾਂਚੇ ਦੇ ਵਿਚਾਲੇ ਦੇ ਗੁੰਬਦ ਵਾਲਾ ਹਿੱਸਾ, ਜਿੱਥੇ ਭਗਵਾਨ ਰਾਮ ਦੀ ਮੂਰਤੀ ਬਿਰਾਜਮਾਨ ਹੈ, ਹਿੰਦੂਆਂ ਦਾ ਹੈ। ਇਸ ਨਾਲ ਤਿੰਨ ਜੱਜਾਂ ਵਾਲੇ ਲਖਨਊ ਬੈਂਚ ਨੇ ਬਹੁਮਤ ਨਾਲ ਫੈਸਲਾ ਸੁਣਾਇਆ ਕਿ ਵਿਵਾਦਤ ਥਾਂ 'ਤੇ ਤਿੰਨ ਮਹੀਨਿਆਂ ਲਈ 'ਜਿੱਥੇ ਹੈ, ਜਿਵੇਂ ਹੈ' ਸਥਿਤੀ ਰੱਖੀ ਜਾਵੇ।

ਜਸਟਿਸ ਖ਼ਾਨ ਤੇ ਅਗਰਵਾਲ ਨੇ ਕਿਹਾ ਕਿ ਵਿਵਾਦ ਵਾਲੀ 2.7 ਏਕੜ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਬਰਾਬਰ ਵੰਡਿਆ ਜਾਵੇ ਤੇ ਉਹ ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਤੇ

*(ਬਾਕੀ ਸਫਾ 4 'ਤੇ)*

## ਭਾਰਤੀ ਖਿਡਾਰੀਆਂ ਨੇ ਤਮਗੇ ਜਿੱਤ ਕੇ ਕਲੰਕ ਧੋਤਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ 'ਚ ਨਾਕਾਮ ਰਹਿਣ ਦਾ ਜਿਹੜਾ ਦਾਗ ਭਾਰਤ ਦੀ ਪ੍ਰਤਿਭਾ 'ਤੇ ਲੱਗਾ ਸੀ ਉਸ ਨੂੰ ਭਾਰਤੀ ਖਿਡਾਰੀਆਂ ਨੇ ਸ਼ੁਰੂਆਤੀ ਦਿਨਾਂ 'ਚ ਤਮਗੇ ਜਿੱਤ ਕੇ ਕੁਝ ਕੁ ਧੋ ਦਿੱਤਾ। ਭਾਵੇਂ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਗਏ ਸਨ ਪਰ 3 ਸਤੰਬਰ ਨੂੰ ਹੋਏ ਖੇਡਾਂ ਦੇ ਉਦਘਾਟਨੀ ਸਮਾਰੋਹ ਦੀ ਦੁਨੀਆਂ ਭਰ ਦੇ ਮੀਡੀਏ ਵੱਲੋਂ ਸ਼ਲਾਘਾ ਕੀਤੀ ਗਈ। ਕੌਮਾਂਤਰੀ ਮੀਡੀਆ ਨੇ ਖੇਡਾਂ ਦੇ ਸ਼ਾਨਦਾਰ ਉਦਘਾਟਨ ਸਮਾਰੋਹ ਨੂੰ ਵੇਖ ਕੇ ਭਾਰਤ ਦੀਆਂ ਤਰੀਫਾਂ ਦੇ ਪੁਲ ਬੰਨਦੇ ਹੋਏ ਕਿਹਾ ਕਿ 'ਭਾਰਤ ਨੇ ਕਰ ਵਿਖਾਇਆ।'

### ਰਾਸ਼ਟਰਮੰਡਲ ਖੇਡਾਂ ਦਾ ਸ਼ਾਨਦਾਰ ਉਦਘਾਟਨ

ਖੇਡਾਂ ਦੇ ਪਹਿਲੇ ਦਿਨ ਹੀ ਭਾਰ ਤੋਲਕ ਸੋਨੀਆ ਚਾਨੂੰ ਤੇ ਸੁਖੇਨ ਦੇਓ, ਸੰਧਿਆ ਰਾਣੀ ਤੇ ਰਾਓ ਵੀ.ਐਸ. ਨੇ ਭਾਰਤ ਲਈ ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤ ਕੇ ਮੈਡਲਾਂ ਦੀ ਸੂਚੀ 'ਚ ਨਾਂ ਦਰਜ ਕਰਵਾਇਆ। ਖੇਡਾਂ ਦੇ ਦੂਜੇ ਦਿਨ ਭਾਰਤ ਨੇ ਪੰਜ ਸੋਨ ਤਮਗਿਆਂ 'ਤੇ ਕਬਜ਼ਾ ਕਰ ਕੀਤਾ। ਪਹਿਲੇ ਦਿਨ ਭਾਰ ਤੋਲਣ ਮੁਕਾਬਲੇ 'ਚ ਪਹਿਲਾ ਸੋਨ ਤਮਗਾ ਨਾਇਜੀਰੀਆ ਦੀ ਭਾਰ ਤੋਲਕ ਐਨ. ਵਾਓਸੋਲੇ ਨੇ ਜਿੱਤਿਆ। ਬੈਡਮਿੰਟਨ 'ਚ ਸਾਇਨਾ

*(ਬਾਕੀ ਸਫਾ 4 'ਤੇ)*

ਇੰਡੀਆ ਕਾਲ ਕਰੋ
$100
125 ਘੰਟੇ
ਬਿਨਾ ਪਿਨ ਤੋਂ ਕੋਲ ਕਰੋ। ਵਧੀਆ ਸਾਫ ਆਵਾਜ਼
Great Rates for :-
UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# BAKERSFIELD SIKH TEMPLE

**2400 South P Street Bakersfield CA 93304**

**661.397.8651**

# ਗੁਰਦੁਆਰਾ ਸਾਹਿਬ ਬੇਕਰਸਫੀਲਡ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ
ਮੁੱਖ ਰਖਦੇ ਹੋਏ ਸਮੂਹ ਸੰਗਤਾਂ ਦੇ ਸਹਿਯੋਗ ਨਾਲ
24 ਅਕਤੂਬਰ ਦਿਨ ਐਤਵਾਰ ਨੂੰ ਬੇਕਰਸਫੀਲਡ ਵਿਖੇ


## ਮਹਾਨ ਨਗਰ ਕੀਰਤਨ

ਨਾਲ ਬੜੀ ਧੂਮ ਧਾਮ ਨਾਲ

## ਪ੍ਰੋਗਰਾਮ

ਸੋਮਵਾਰ 18 ਅਕਤੂਬਰ ਤੋਂ ਸ਼ਨੀਵਾਰ 23 ਅਕਤੂਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਣਗੇ ਅਤੇ 24 ਅਕਤੂਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

| | | | | |
|---|---|---|---|---|
| ਫਲੋਟ ਲਗਵਾਉਣ ਦੀ ਸੇਵਾ | ਸਿਕੰਦਰ ਸਿੰਘ ਜੱਸੜ 661.213.6739 | ਸਿਕੰਦਰ ਸਿੰਘ ਗਰੇਵਾਲ 661.549.8928 | | |
| ਫਲੋਟ ਸਜਾਉਣ ਦੀ ਸੇਵਾ | ਜੋਬਨਜੀਤ ਸਿੰਘ (ਬੌਬੀ) 661.808.7181 | ਹਰਜੀਤ ਸਿੰਘ (ਚੜ੍ਹਦੀਕਲਾ ਨਿਊਜ਼) 661.201.5894 | ਹੰਸ ਸਿੰਘ ਚੀਮਾ 661.302.6301 | ਗੁਰਮੀਤ ਸਿੰਘ ਸਿੱਧੂ 661.343.7749 |
| ਸਟਾਲ ਲਾਉਣ ਦੀ ਸੇਵਾ | ਬਲਵੀਰ ਸਿੰਘ ਸਿੱਧੂ 661.301.8319 | ਸੁਖਵਿੰਦਰ ਸਿੰਘ ਜੱਸੜ 661.301.8319 | | |
| ਗੁਰੂ ਕੇ ਲੰਗਰ ਦੀ ਸੇਵਾ | ਦਲਜੀਤ ਸਿੰਘ ਸੰਧੂ 661.703.1842 | ਹਰਦਿਆਲ ਸਿੰਘ ਮੱਲ੍ਹੀ 661.979.8516 | ਸੁਲੱਖਣ ਸਿੰਘ ਰਾਏ 661.706.9370 | ਤਜਿੰਦਰ ਸਿੰਘ ਗਿੱਲ 661.201.9028 |
| ਦਾਨੀ ਸੱਜਣ ਸੰਪਰਕ ਕਰਨ | ਦਲਜੀਤ ਸਿੰਘ ਢੰਡ 661.835.7914 | ਮੱਸਾ ਸਿੰਘ ਬਾਜਵਾ 661.837.9981 | | |
| ਨਗਰ ਕੀਰਤਨ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ | ਰਜਿੰਦਰ ਸਿੰਘ ਢਿੱਲੋਂ 661.321.6997 | | | |
| ਗੱਤਕਾ ਪਾਰਟੀ | ਰਵਿੰਦਰ ਸਿੰਘ ਧਾਲੀਵਾਲ 661.619.7431 | ਜਗਜੀਤ ਸਿੰਘ 661.808.3540 | | |
| ਮੀਡੀਆ : ਰੇਡੀਓ ਪੰਜਾਬੀ ਸੰਸਾਰ AM-1010, 661.633-1010 ਨਾਜਰ ਸਿੰਘ ਕੂਨਰ ਹਰਜੀਤ ਸਿੰਘ | ਤਲਵਿੰਦਰ ਸਿੰਘ ਢੁੱਡੀਕੇ - 661.201.5696 | | | |



ਢਾਡੀ ਜੱਥੇ
ਕੁਲਜੀਤ ਸਿੰਘ ਦਿਲਬਰ
ਸੁਖਵਿੰਦਰ ਸਿੰਘ ਗਰੇਵਾਲ

**MEDIA SPONSOR : PUNJAB TIMES & CHARDIKALA**

Quik Signs *661-703-8795 *661-900-7357
www.quiksigns.us
singh_tanjit@yahoo.com or manmit5020@yahoo.com

# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!




## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸ਼ੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ: *ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀਡ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ: ***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ... ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।



ਸਤਿ ਸ੍ਰੀ ਅਕਾਲ ਜੀ,

ਪਿਛਲੇ ਛੇ ਮਹੀਨਿਆਂ ਤੋਂ ਮੈਨੂੰ ਹੇਠਲੀ ਕਮਰ ਅਤੇ ਡਿਸਕ ਦੀ ਦਰਦ ਰਹਿਣ ਲੱਗ ਪਈ ਸੀ। ਮੈਂ ਖੇਡਾਂ ਵਿਚ ਅਤੇ ਕੰਮ ਵਿਚ ਬੜਾ ਚੁਸਤ-ਫੁਰਤ ਰਿਹਾਂ। ਫਿਰ ਸਵੇਰੇ ਜਦੋਂ ਮੈਂ ਉਠਣਾ ਤਾਂ ਮੇਰੇ ਤਿੱਖੀ ਦਰਦ ਹੋਣੀ ਜਿਹੜੀ ਹੇਠਾਂ ਲੱਤਾਂ ਵੱਲ ਨੂੰ ਜਾਣੀ। ਬੱਸ ਅਜਿਹੀ ਹਾਲਤ ਵਿਚ ਕਿਸੇ ਵੀ ਹੋਰ ਵਾਂਗ ਮੈਂ ਵੀ ਘਾਬਰ ਗਿਆ। ਫਿਰ ਖੁਸ਼ਕਿਸਮਤੀ ਨਾਲ ਮੈਨੂੰ ਕਮਰ ਦਰਦ ਦੇ ਇਲਾਜ ਬਾਰੇ ਡਾ. ਸਿਹੋਤਾ ਦੀ ਕਲੀਨਿਕ ਦਾ ਪਤਾ ਲੱਗਾ।

ਮੈਂ ਸਲਾਹ-ਮਸ਼ਵਰੇ ਲਈ ਕਲੀਨਿਕ ਗਿਆ ਅਤੇ ਸਟਾਫ ਦੇ ਮਿਲਾਪੜੇ ਸੁਭਾਅ ਅਤੇ ਉਨ੍ਹਾਂ ਦੀ ਪੇਸ਼ੇਵਰ ਪਹੁੰਚ ਤੋਂ ਬਹੁਤ ਪ੍ਰਭਾਵਿਤ ਹੋਇਆ। ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਮੇਰੀ ਦਰਦ ਦਸ ਦੇ ਸਕੇਲ ਵਿਚ ਦਸ ਸੀ। ਤਿੰਨ ਹਫਤੇ ਦੇ ਇਲਾਜ ਵਿਚ ਇਹ ਦਰਦ ਘਟ ਕੇ ਦਸ ਦੇ ਸਕੇਲ ਵਿਚ ਇਕ ਰਹਿ ਗਈ। ਮੇਰੀ ਸਰੀਰ ਨੂੰ ਹਿਲਾਉਣ ਜੁਲਾਉਣ ਦੀ ਰੇਂਜ ਵਧ ਕੇ 90% ਹੋ ਗਈ। ਮੈਂ ਬਹੁਤ ਖੁਸ਼ ਹਾਂ ਅਤੇ ਜਿਸ ਕਿਸੇ ਨੂੰ ਵੀ ਕਮਰ ਦੀ ਦਰਦ ਹੈ ਮੈਂ ਇਸ ਪ੍ਰੋਗਰਾਮ ਦੀ ਸਿਫਾਰਸ਼ ਕਰਾਂਗਾ। ਡਾ. ਸਿਹੋਤਾ ਦੀ ਮਿਹਰਬਾਨੀ ਨਾਲ ਮੈਂ ਹੁਣ ਆਮ ਜ਼ਿੰਦਗੀ ਜਿਉਂ ਰਿਹਾ ਹਾਂ ਅਤੇ ਆਮ ਵਾਂਗ ਕੰਮ ਕਰ ਰਿਹਾ ਹਾਂ।

*-ਦੇਵ ਅਟਵਾਲ, ਮੈਨੇਜਰ (ਉਮਰ 36 ਸਾਲ)*

---



ਜਦੋਂ ਮੈਂ ਡਾ. ਸਿਹੋਤਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਮੈਂ ਇਸ ਬਾਰੇ ਬਹੁਤ ਸਨਕੀ ਸਾਂ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਡਾ. ਸਿਹੋਤਾ ਦੇ ਇਸ ਪ੍ਰੋਗਰਾਮ ਦਾ ਮੈਨੂੰ ਫਾਇਦਾ ਕਿਵੇਂ ਹੋ ਸਕਦਾ ਹੈ? ਆਪਣੀਆਂ ਬਾਹਾਂ ਸੁੰਨ ਰਹਿਣ, ਇਨ੍ਹਾਂ ਵਿਚ ਦਰਦ ਦੀਆਂ ਚੀਸਾਂ ਉਠਣ ਅਤੇ ਇਹ ਦਰਦ ਮੋਢਿਆਂ ਤੋਂ ਹੇਠਾਂ ਵੱਲ ਜਾਣ ਦੀਆਂ ਅਲਾਮਤਾਂ ਕਰਕੇ ਮੈਂ ਕਈ ਡਾਕਟਰਾਂ ਕੋਲ ਜਾ ਚੁਕਾ ਸਾਂ। ਕਈ ਡਾਕਟਰਾਂ ਨੇ ਦੱਸਿਆ ਕਿ ਇਹ ਦਰਦ ਮੇਰੀ ਕੂਹਣੀ ਹੇਠ ਕਿਸੇ ਨਾੜ ਦੇ ਦਬ ਜਾਣ ਕਰਕੇ ਹੈ, ਜਦੋਂਕਿ ਕੁਝ ਹੋਰਨਾਂ ਦਾ ਕਹਿਣਾ ਸੀ ਕਿ ਇਸ ਬਾਰੇ ਕੁਝ ਵੀ ਨਹੀਂ ਕੀਤਾ ਜਾ ਸਕਦਾ। ਮੈਂ ਦਿਲ ਛੱਡੀ ਬੈਠਾ ਸਾਂ।

ਫਿਰ ਮੈਂ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਉਨ੍ਹਾਂ ਕੋਲੋਂ ਮਸ਼ਵਰਾ ਲੈਣ ਦਾ ਫੈਸਲਾ ਕੀਤਾ। ਡਾ. ਸਿਹੋਤਾ ਦੀ ਪੇਸ਼ੇਵਰ ਪਹੁੰਚ ਅਤੇ ਉਨ੍ਹਾਂ ਦੇ ਹਮਦਰਦਾਨਾ ਵਿਹਾਰ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦੇ ਸਟਾਫ ਨੇ ਮੇਰੇ ਨਾਲ ਇਕ ਇਨਸਾਨ ਵਾਂਗ ਵਿਹਾਰ ਕੀਤਾ ਨਾ ਕਿ ਦਰ ਲੰਘ ਆਏ ਕਿਸੇ ਮਰੀਜ਼ ਵਾਂਗ। ਜਦੋਂ ਡਾ. ਸਿਹੋਤਾ ਨੇ ਦੱਸਿਆ ਕਿ ਇਹ ਇਲਾਜ ਮੇਰੇ ਲਈ ਬਹੁਤ ਢੁਕਵਾਂ ਹੈ ਤਾਂ ਮੈਂ ਝੱਟਪੱਟ ਇਹ ਇਲਾਜ ਸ਼ੁਰੂ ਕਰ ਦਿਤਾ।

ਹੁਣ ਮੈਂ ਇਹੋ ਕਹਿ ਸਕਦਾ ਹਾਂ ਕਿ ਮੈਨੂੰ ਮੇਰੀ ਮਰਜ ਦਾ ਸਹੀ ਡਾਕਟਰ ਮਿਲ ਗਿਆ। ਆਪਣੇ ਇਲਾਜ ਦਾ ਹਿੱਸਾ ਪੂਰਾ ਕਰਨ ਉਪਰੰਤ ਮੈਂ 95% ਤੱਕ ਠੀਕ ਹਾਂ। ਮੇਰੀ ਗਰਦਨ ਦੀ ਦਰਦ ਬਿਲਕੁਲ ਜਾਂਦੀ ਰਹੀ ਹੈ ਅਤੇ ਮੇਰੀ ਹਿੱਲਜੁਲ 98% ਤੱਕ ਸੁਧਰ ਗਈ ਹੈ। ਹੁਣ ਮੇਰੀਆਂ ਬਾਹਾਂ ਵਿਚ ਚੀਸਾਂ ਨਹੀਂ ਉਠਦੀਆਂ ਅਤੇ ਨਾ ਹੀ ਮੇਰੀਆਂ ਬਾਹਾਂ ਸੁੰਨ ਹੁੰਦੀਆਂ ਹਨ। ਮੈਂ ਬਹੁਤ ਖੁਸ਼ ਅਤੇ ਸੰਤੁਸ਼ਟ ਹਾਂ। ਮੈਂ ਲੋਕਾਂ ਨੂੰ ਇਹੋ ਕਹਿਣਾ ਚਾਹਾਂਗਾ ਕਿ ਆਸ ਦੀ ਕਿਰਨ ਬਾਕੀ ਹੈ। ਜੇ ਤੁਹਾਨੂੰ ਅਜਿਹੀ ਤਕਲੀਫ ਹੈ ਜਿਸ ਬਾਰੇ ਬਾਕੀ ਡਾਕਟਰ ਕਹਿੰਦੇ ਹਨ ਕਿ ਕੁਝ ਨਹੀਂ ਹੋ ਸਕਦਾ ਤਾਂ ਡਾ. ਸਿਹੋਤਾ ਨੂੰ ਇਕ ਵਾਰ ਜ਼ਰੂਰ ਮਿਲੋ, ਤੁਹਾਨੂੰ ਪਛਤਾਵਾ ਨਹੀਂ ਹੋਵੇਗਾ।

*-ਬਲਜੀਤ ਸਿੰਘ, ਟਰੱਕ ਡਰਾਈਵਰ (ਉਮਰ 47 ਸਾਲ)*

---



ਸੱਚ ਜਾਣਿਓ ਕਮਰ ਦਰਦ ਨਾਲ ਮੇਰੀ ਜਾਨ ਨਿਕਲੀ ਜਾਂਦੀ ਸੀ। ਨਾ ਬਹਿ ਹੁੰਦਾ ਸੀ, ਨਾ ਖੜ੍ਹੇ ਹੋ ਹੁੰਦਾ ਸੀ, ਨਾ ਤੁਰ ਹੁੰਦਾ ਸੀ, ਨਾ ਝੁਕ ਹੁੰਦਾ ਸੀ ਅਤੇ ਨਾ ਹੀ ਕੋਈ ਚੀਜ਼ ਚੁੱਕ ਹੁੰਦੀ ਸੀ। ਚਾਰ ਮਹੀਨੇ ਮੈਂ ਕੋਈ ਕੰਮ ਨਾ ਕਰ ਸਕਿਆ। ਆਸ ਦੀ ਕਿਰਨ ਹੱਥੋਂ ਨਿਕਲਦੀ ਜਾ ਰਹੀ ਸੀ ਤੇ ਮੈਨੂੰ ਲੱਗਣ ਲੱਗਿਆ ਕਿ ਹੁਣ ਬਾਕੀ ਦੀ ਜ਼ਿੰਦਗੀ ਇਸੇ ਤਰ੍ਹਾਂ ਨਿਕਲੇਗੀ। ਗੁਰਦੁਆਰੇ ਮੱਥਾ ਟੇਕਣ ਜਾਣਾ ਮੇਰੀ ਜ਼ਿੰਦਗੀ ਦਾ ਨੇਮ ਹੈ ਅਤੇ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਵੇਲੇ ਵੀ ਕਮਰ ਵਿਚ ਬੜੀ ਦਰਦ ਹੁੰਦੀ। ਇਸੇ ਸਮੇਂ ਮੈਂ ਡਾ. ਸਿਹੋਤਾ ਦੇ ਕਮਰ ਅਤੇ ਡਿਸਕ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੁਫਤ ਸਲਾਹ-ਮਸ਼ਵਰੇ ਲਈ ਜਾਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਜਿਸ ਤਰ੍ਹਾਂ ਉਨ੍ਹਾਂ ਮੈਨੂੰ ਦੱਸਿਆ ਕਿ ਕਿਹੜੀ ਗੱਲ ਕਰਕੇ ਮੇਰੇ ਲੱਕ ਵਿਚ ਇੰਨੀ ਦਰਦ ਹੋ ਰਹੀ ਹੈ, ਉਸ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਸਰਜਰੀ, ਦਵਾਈਆਂ ਅਤੇ ਇੰਜੈਕਸ਼ਨਾਂ ਦੇ ਖਤਰਿਆਂ ਬਾਰੇ ਮੈਂ ਪਹਿਲਾਂ ਹੀ ਸੁਣਿਆ/ਪੜ੍ਹਿਆ ਹੋਇਆ ਸੀ। ਰੱਬ ਦਾ ਸ਼ੁਕਰ ਹੈ ਮੈਂ ਉਸ ਰਸਤੇ ਨਹੀਂ ਗਿਆ।

ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ 10/10 ਸੀ ਅਤੇ ਹਿੱਲਜੁਲ 90 ਫੀਸਦੀ ਤੱਕ ਘਟ ਚੁਕੀ ਸੀ। ਹੁਣ ਪ੍ਰੋਗਰਾਮ ਦੇ ਅਖੀਰ 'ਤੇ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ ਘਟ ਕੇ 10 ਵਿਚੋਂ 1 ਰਹਿ ਗਈ ਹੈ ਅਤੇ ਮੇਰੀ ਹਿੱਲਜੁਲ 95 ਫੀਸਦੀ ਤੱਕ ਬਹਾਲ ਹੋ ਚੁਕੀ ਹੈ। ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਬਹੁਤ ਖੁਸ਼ ਹਾਂ। ਜੇ ਤੁਹਾਡੇ ਵਿਚੋਂ ਕਿਸੇ ਨੂੰ ਕਮਰ ਦੀ ਤਕਲੀਫ ਹੈ ਤਾਂ ਇਲਾਜ ਕਰਵਾਓ, ਤਕਲੀਫ ਵਿਚ ਰਹਿਣ ਦੀ ਲੋੜ ਨਹੀਂ। ਡਾ. ਸਿਹੋਤਾ ਨਾਲ ਅਪੁਆਇੰਟਮੈਂਟ ਬਣਾਓ ਅਤੇ ਪਤਾ ਲਾਓ ਕਿ ਇਹ ਪ੍ਰੋਗਰਾਮ ਤੁਹਾਡੇ ਲਈ ਢੁਕਵਾਂ ਹੈ ਜਾਂ ਨਹੀਂ।

*-ਮਨਜੀਤ ਸਿੰਘ, ਟਰੱਕ ਡਰਾਈਵਰ (ਉਮਰ 37 ਸਾਲ)*

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।


**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** 2531 N. California Street (North California St. & Ellis St.) ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):**ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 15 ਅਕਤੂਬਰ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC

# ਭਾਰਤੀ ਖਿਡਾਰੀਆਂ ਨੇ ਤਮਗੇ ਜਿੱਤ ਕੇ ਕਲੰਕ ਧੋਤਾ



*19ਵੀਂਆਂ ਕਾਮਨਵੈਲਥ ਖੇਡਾਂ ਵਿਚ ਮਹਿਲਾਵਾਂ ਦੇ 25ਐਮ ਪਿਸਤੌਲ ਸ਼ੂਟਿੰਗ ਮੁਕਾਬਲੇ ਵਿਚ ਜੇਤੂ ਅਨੀਸਾ ਸੱਈਅਦ ਅਤੇ ਸਨੋਬਤ ਦੀ ਜੋੜੀ*

ਨੇਹਵਾਲ, ਟੈਨਿਸ 'ਚ ਰੋਹਨ ਬੋਪੰਨਾ, ਲੀਏਂਡਰ ਪੇਸ, ਸਾਨੀਆ ਮਿਰਜ਼ਾ ਤੇ ਤੈਰਾਕਾਂ ਨੇ ਵੀ ਤਮਗਿਆਂ ਵੱਲ ਵਧਦਿਆਂ ਜਿੱਤਾਂ ਦਰਜ ਕੀਤੀਆਂ।

ਮਹਿਲਾ ਵਰਗ ਦੇ 48 ਕਿਲੋ ਭਾਰ ਤੋਲਣ ਮੁਕਾਬਲੇ 'ਚ ਭਾਰਤੀ ਖਿਡਾਰਨ ਸੋਨੀਆ ਚਾਨੂੰ ਨੂੰ ਚਾਂਦੀ ਦੇ ਤਮਗੇ ਨਾਲ ਹੀ ਸਬਰ ਕਰਨਾ ਪਿਆ ਜਦੋਂਕਿ ਨਾਇਜੀਰੀਆ ਦੀ ਐਨ. ਵਾਓਕੋਲੋ ਨੇ 175 ਕਿਲੋ ਭਾਰ ਚੁੱਕ ਕੇ ਇਨ੍ਹਾਂ ਖੇਡਾਂ ਦਾ ਪਹਿਲਾ ਸੋਨ ਤਮਗਾ ਜਿੱਤਿਆ। ਸੋਨੀਆ ਚਾਨੂੰ ਨੇ 167 ਕਿਲੋ ਭਾਰ ਚੁੱਕ ਕੇ ਚਾਂਦੀ ਤੇ ਭਾਰਤ ਦੀ ਹੀ ਸੰਧਿਆ ਰਾਣੀ ਨੇ 165 ਕਿਲੋ ਭਾਰ ਚੁੱਕ ਕੇ ਕਾਂਸੀ ਦਾ ਤਮਗਾ ਜਿੱਤਿਆ। ਦੂਜੇ ਪਾਸੇ ਪੁਰਸ਼ਾਂ ਦੇ 56 ਕਿਲੋ ਭਾਰ ਵਰਗ 'ਚ ਭਾਰਤ ਨੂੰ ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ ਮਿਲਿਆ। ਭਾਰਤ ਦੇ ਸੁਖੇਨ ਦੇਓ ਨੇ 252 ਕਿਲੋ ਤੇ ਰਾਓ ਵੀ.ਐਸ. ਨੇ 248 ਕਿਲੋ ਭਾਰ ਚੁੱਕ ਕੇ ਕ੍ਰਮਵਾਰ ਚਾਂਦੀ ਤੇ ਕਾਂਸੀ ਦਾ ਤਮਗਾ ਜਿੱਤਿਆ। ਇਸ ਵਰਗ 'ਚ ਮਲੇਸ਼ੀਆ ਦੇ ਇਬਰਾਹਿਮ ਨੇ 257 ਕਿਲੋ ਭਾਰ ਟੁੱਕ ਕੇ ਸੋਨੇ ਦਾ ਤਮਗਾ ਜਿੱਤਿਆ। ਤੈਰਾਕੀ 'ਚ ਭਾਰਤ ਸਾਰੇ ਈਵੈਂਟ ਹੀ ਹਾਰ ਗਿਆ। 4 ਜਰਬ 100 ਮੀਟਰ ਪੁਰਸ਼ ਫਰੀ ਸਟਾਈਲ ਰਿਲੇਅ 'ਚ ਭਾਰਤ ਫਾਈਨਲ 'ਚ ਛੇਵੇਂ ਥਾਂ 'ਤੇ ਰਿਹਾ।

ਖੇਡਾਂ ਦੇ ਪਹਿਲੇ ਦਿਨ ਆਸਟਰੇਲੀਆਈ ਖਿਡਾਰੀਆਂ ਦਾ ਜਲਵਾ ਦੇਖਣ ਨੂੰ ਮਿਲਿਆ। ਦਾਅ 'ਤੇ ਲੱਗੇ ਕੁੱਲ ਅੱਠ ਸੋਨ ਤਗਮਿਆਂ 'ਚੋਂ ਆਸਟਰੇਲੀਆ ਨੇ ਚਾਰ 'ਤੇ ਕਬਜ਼ਾ ਕੀਤਾ। ਕੈਨੇਡਾ, ਦੱਖਣੀ ਅਫਰੀਕਾ ਤੇ ਨਾਈਜੀਰੀਆ ਨੂੰ ਇੱਕ-ਇੱਕ ਸੋਨ ਤਗਮਾ ਮਿਲਿਆ। ਤੈਰਾਕੀ 'ਚ ਦਾਅ 'ਤੇ ਲੱਗੇ ਕੁਲ ਪੰਜ ਸੋਨ ਤਗਮਿਆਂ 'ਚੋਂ ਆਸਟਰੇਲੀਆ ਦੇ ਹਿੱਸੇ ਤਿੰਨ ਆਏ ਜਦਕਿ ਚੌਥਾ ਸੋਨ ਤਗਮਾ ਉਸ ਨੇ ਜਿਮਨਾਸਟਿਕਸ 'ਚ ਜਿੱਤਿਆ।

ਖੇਡਾਂ ਦੇ ਦੂਜੇ ਦਿਨ ਭਾਰਤ ਪੰਜ ਸੋਨ ਤਮਗੇ ਜਿੱਤ ਕੇ ਆਸਟਰੇਲੀਆ ਤੋਂ ਬਾਅਦ ਤਮਗਾ ਸੂਚੀ 'ਚ ਦੂਜੇ ਸਥਾਨ 'ਤੇ ਪਹੁੰਚ ਗਿਆ। ਨਿਸ਼ਾਨੇਬਾਜ਼ੀ 'ਚ ਭਾਰਤ ਨੇ ਮੰਗਲਵਾਰ ਦੋ ਸੋਨੇ ਤੇ ਦੋ ਚਾਂਦੀ ਦੇ ਤਮਗਿਆਂ 'ਤੇ ਕਬਜ਼ਾ ਕੀਤਾ ਜਦਕਿ ਕੁਸ਼ਤੀ 'ਚ ਵੀ ਭਾਰਤ ਨੂੰ 3 ਸੋਨ ਤਮਗੇ ਮਿਲੇ। ਬੀਜਿੰਗ ਉਲੰਪਿਕ 'ਚ ਸੋਨ ਤਮਗਾ ਜੇਤੂ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੇ 10 ਮੀਟਰ ਏਅਰ ਰਾਈਫਲ ਮੁਕਾਬਲੇ ਦੇ ਪੇਅਰ (ਜੋੜੇ) ਵਾਲੇ ਮੁਕਾਬਲੇ 'ਚ ਵਿਸ਼ਵ ਰਿਕਾਰਡ ਧਾਰੀ ਗਗਨ ਨਾਰੰਗ ਨਾਲ ਮਿਲ ਕੇ ਪਹਿਲਾ ਸੋਨ ਤਮਗਾ ਜਿੱਤਿਆ। ਅਭਿਨਵ ਤੇ ਨਾਰੰਗ ਨੇ ਮੈਲਬੋਰਨ ਖੇਡਾਂ 2006 'ਚ ਬਣਾਇਆ ਆਪਣਾ ਹੀ 1189 ਅੰਕਾਂ ਦਾ ਰਿਕਾਰਡ ਵੀ ਤੋੜਿਆ। ਉਧਰ ਅਨੀਸਾ ਸਈਅਦ ਤੇ ਸਰਨੋਬਤ ਰਾਹੀ ਨੇ ਮਹਿਲਾ ਵਰਗ 'ਚ ਸੋਨ ਤਮਗਾ ਜਿੱਤਿਆ। ਭਾਰਤੀ ਪਹਿਲਵਾਨਾਂ ਨੇ ਵੀ ਕਮਾਲ ਦਿਖਾਇਆ ਤੇ ਰਵਿੰਦਰ ਸਿੰਘ, ਸੰਜੇ ਕੁਮਾਰ ਤੇ ਅਨਿਲ ਕੁਮਾਰ ਨੇ ਸੋਨ ਤਮਗੇ ਆਪਣੇ ਨਾਂ ਕੀਤੇ। 60 ਕਿਲੋ ਗ੍ਰੀਕੋ ਰੋਮਨ ਕੁਸ਼ਤੀ ਮੁਕਾਬਲੇ 'ਚ ਰਵਿੰਦਰ ਸਿੰਘ ਨੇ ਇੰਗਲੈਂਡ ਦੇ ਟੈਰਿਸ ਕ੍ਰਿਸਟੋਫਰ ਨੂੰ 7-0 ਨਾਲ ਹਰਾ ਕੇ ਸੋਨ ਤਮਗਾ ਜਿੱਤਿਆ ਜਦਕਿ 74 ਕਿਲੋ ਗ੍ਰੀਕੋ ਰੋਮਨ ਕੁਸ਼ਤੀ ਮੁਕਾਬਲੇ 'ਚ ਸੰਜੇ ਕੁਮਾਰ ਨੇ ਦੱਖਣੀ ਅਫਰੀਕਾ ਦੇ ਰਿਚਰਡ ਬ੍ਰਾਇਨ ਨੂੰ ਹਰਾ ਕੇ ਸੋਨ ਤਮਗਾ ਫੁੰਡਿਆ। 96 ਕਿਲੋ ਵਰਗ 'ਚ ਭਾਰਤ ਦੇ ਅਨਿਲ ਕੁਮਾਰ ਨੇ ਆਸਟਰੇਲੀਆ ਦੇ ਹਾਸਸੇਨ ਫਕੀਰੀ ਨੂੰ ਹਰਾ ਕੇ ਕੁਸ਼ਤੀ 'ਚ ਤੀਸਰਾ ਸੋਨ ਤਮਗਾ ਭਾਰਤ ਦੀ ਝੋਲੀ ਪਾਇਆ। ਪੁਰਸ਼ਾਂ ਦੇ 50 ਮੀਟਰ ਪਿਸਟਲ ਮੁਕਾਬਲੇ 'ਚ ਭਾਰਤ ਦੇ ਓਂਕਾਰ ਸਿੰਘ ਤੇ ਦੀਪਕ ਸ਼ਰਮਾ ਦੀ ਜੋੜੀ ਨੇ 1087 ਨਿਸ਼ਾਨੇ ਲਗਾ ਕੇ ਚਾਂਦੀ ਦਾ ਤਮਗਾ ਚੁੰਮਿਆ। ਔਰਤਾਂ ਦੇ 50 ਮੀਟਰ ਥ੍ਰੀ ਪੁਜ਼ੀਸ਼ਨ ਰਾਈਫਲ 'ਚ ਪੇਅਰਸ ਦਾ ਚਾਂਦੀ ਦਾ ਤਮਗਾ ਭਾਰਤ ਦੀ ਤੇਜਸਵਨੀ ਸਾਵੰਤ ਤੇ ਲੱਜਾ ਗੋਸਵਾਮੀ ਦੀ ਜੋੜੀ ਨੇ ਜਿੱਤਿਆ।

## ਹਾਕੀ 'ਚ ਭਾਰਤ ਨੇ ਮਲੇਸ਼ੀਆ ਨੂੰ ਹਰਾਇਆ

ਪੁਰਸ਼ ਹਾਕੀ ਦੇ 6 ਅਕਤੂਬਰ ਨੂੰ ਹੋਏ ਇੱਕ ਸੰਘਰਸ਼ਪੂਰਨ ਮੈਚ ਵਿਚ ਭਾਰਤ ਨੇ ਮਲੇਸ਼ੀਆ 'ਤੇ 3-2 ਨਾਲ ਜਿੱਤ ਹਾਸਲ ਕੀਤੀ। ਭਾਰਤੀ ਟੀਮ ਨੇ ਪਹਿਲੇ ਅੱਧ ਦੇ ਆਖਰੀ ਮਿੰਟ ਵਿਚ ਗੋਲ ਕਰ ਕੇ ਪਹਿਲਾਂ ਬਰਾਬਰੀ ਕੀਤੀ ਤੇ ਫੇਰ 67ਵੇਂ ਮਿੰਟ ਵਿਚ ਕੀਤੇ ਗੋਲ ਨਾਲ ਭਾਰਤੀ ਟੀਮ ਪੂਰੇ ਅੰਕ ਬਟੋਰਨ ਵਿਚ ਸਫਲ ਰਹੀ। ਪੁਰਸ਼ ਵਰਗ ਦੇ ਹੋਰ ਮੈਚਾਂ 'ਚ ਦੱਖਣੀ ਅਫਰੀਕਾ ਨੇ ਕੈਨੇਡਾ ਨੂੰ 4-1, ਪਾਕਿਸਤਾਨ ਨੇ ਸਕਾਟਲੈਂਡ ਨੂੰ 3-0 ਤੇ ਮਹਿਲਾ ਵਰਗ ਵਿਚ ਦੱਖਣੀ ਅਫਰੀਕਾ ਨੇ ਸਕਾਟਲੈਂਡ ਨੂੰ 2-1, ਨਿਊਜ਼ੀਲੈਂਡ ਨੇ ਮਲੇਸ਼ੀਆ ਨੂੰ 5-0 ਤੇ ਆਸਟਰੇਲੀਆ ਨੇ ਟ੍ਰਿਨੀਡਾਡ ਟਬੋਗੋ ਨੂੰ 11-0 ਨਾਲ ਹਰਾਇਆ।

# ਕੌਮਾਂਤਰੀ ਮੀਡੀਏ ਵੱਲੋਂ ਭਾਰਤ ਦੀ ਪ੍ਰਸ਼ੰਸਾ

ਜਵਾਹਰ ਲਾਲ ਨਹਿਰੂ ਸਟੇਡੀਅਮ ਵਿਖੇ 65 ਹਜ਼ਾਰ ਦਰਸ਼ਕਾਂ ਤੇ ਦੁਨੀਆ ਦੇ 71 ਮੁਲਕਾਂ ਤੋਂ ਆਏ 7 ਹਜ਼ਾਰ ਤੋਂ ਵਧੇਰੇ ਖਿਡਾਰੀਆਂ ਦੀ ਹਾਜ਼ਰੀ ਵਿਚ 17 ਖੇਡਾਂ ਦੇ 260 ਮੁਕਾਬਲਿਆਂ ਵਾਲੀਆਂ 9ਵੀਆਂ ਰਾਸ਼ਟਰਮੰਡਲ ਖੇਡਾਂ ਦੀ ਸ਼ੁਰੂਆਤ ਦਾ ਐਲਾਨ ਰਾਸ਼ਟਰਪਤੀ ਪ੍ਰਤਿਭਾ ਦੇਵੀ ਪਾਟਿਲ ਦੀ ਹਾਜ਼ਰੀ 'ਚ ਪ੍ਰਿੰਸ ਚਾਰਲਸ ਨੇ ਕੀਤਾ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਦੇਸ਼ ਦੇ ਚੋਟੀ ਦੇ ਨੇਤਾ ਤੇ ਖੇਡ ਪ੍ਰਬੰਧਕ ਵੀ ਹਾਜ਼ਰ ਸਨ। ਸ਼ਾਨਦਾਰ ਉਦਘਾਟਨੀ ਸਮਾਰੋਹ ਮੌਕੇ ਸਾਬਕਾ ਰਾਸ਼ਟਰਪਤੀ ਏ. ਪੀ. ਜੇ. ਅਬਦੁਲ ਕਲਾਮ, ਯੂ. ਪੀ. ਏ. ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ, ਉਨ੍ਹਾਂ ਦੀ ਪਤਨੀ ਸ੍ਰੀਮਤੀ ਗੁਰਸ਼ਰਨ ਕੌਰ, ਵੇਲਸ ਦੇ ਪ੍ਰਿੰਸ ਚਾਰਲਸ ਤੇ ਉਨ੍ਹਾਂ ਦੀ ਪਤਨੀ ਕੈਮਿਲਾ ਪਾਰਕਰ ਤੇ ਅਖੀਰ ਵਿਚ ਦੇਸ਼ ਦੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੀ.ਆਈ.ਪੀ. ਮੰਚ 'ਤੇ ਪੁੱਜੇ। ਭਾਰਤ ਦੀ ਸਖ਼ਤ ਆਲੋਚਨਾ ਕਰਨ ਵਾਲੇ ਦੋ ਵੱਡੇ ਦੇਸ਼ਾਂ ਆਸਟਰੇਲੀਆ ਤੇ ਬਰਤਾਨੀਆ ਦੀਆਂ ਅਖ਼ਬਾਰਾਂ ਨੇ ਜਵਾਹਰ ਲਾਲ ਨਹਿਰੂ ਸਟੇਡੀਅਮ 'ਚ ਦੋ ਘੰਟੇ ਤੱਕ ਚੱਲੇ ਸੱਭਿਆਚਾਰਕ ਸਮਾਰੋਹ ਬਾਰੇ ਕਿਹਾ ਹੈ 'ਇੱਕ ਪ੍ਰਾਚੀਨ ਦੇਸ਼ ਨੇ ਆਪਣੇ ਦਿਲ ਨੂੰ ਪੂਰੇ ਵਿਸ਼ਵ ਲਈ ਖੋਲ੍ਹ ਦਿੱਤਾ', 'ਭਾਰਤ ਨੇ ਉਦਘਾਟਨ ਮੌਕੇ ਵਿਸ਼ਵ ਭਰ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ' ਤੇ 'ਭਾਰਤ ਨੇ ਖੇਡਾਂ ਨਾਲ ਜੁੜੇ ਕਲੰਕ ਨੂੰ ਧੋ ਦਿੱਤਾ'। ਬਰਤਾਨੀਆ ਦੇ ਲੋਕਾਂ ਨੇ ਬੀ.ਬੀ.ਸੀ. ਟੈਲੀਵਿਜ਼ਨ 'ਤੇ ਸ਼ਾਨਦਾਰ ਸਮਾਰੋਹ ਦਾ ਪੂਰਾ ਆਨੰਦ ਮਾਣਿਆ। ਬਰਤਾਨੀਆ ਦੇ ਅਖ਼ਬਾਰ 'ਦ ਗਾਰਡੀਅਨ' ਨੇ ਟਿੱਪਣੀ ਕੀਤੀ ਕਿ ਭਾਰਤ ਨੇ ਆਪਣਾ ਸਿਰ ਮਾਣ ਨਾਲ ਉਚਾ ਕੀਤਾ ਹੈ। 'ਦਿ ਡੇਲੀਗ੍ਰਾਫ' ਨੇ ਸੁਰ ਬਦਲਦੇ ਹੋਏ ਕਿਹਾ ਕਿ ਤਮਾਮ ਅੜਚਣਾਂ ਦੇ ਬਾਅਦ ਵੀ ਪੂਰਾ ਪ੍ਰੋਗਰਾਮ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਮੁਕੰਮਲ ਹੋਇਆ। 65000 ਦਰਸ਼ਕਾਂ ਦੇ ਨਾਲ-ਨਾਲ ਵਿਸ਼ਵ ਭਰ 'ਚ ਅਰਬਾਂ ਲੋਕਾਂ ਨੇ ਖੇਡਾਂ ਦੇ ਇਸ ਉਦਘਾਟਨ ਸਮਾਰੋਹ ਦਾ ਆਨੰਦ ਮਾਣਿਆ। ਅਖ਼ਬਾਰ 'ਦਿ ਆਸਟਰੇਲੀਅਨ' ਦਾ ਕਹਿਣਾ ਹੈ ਕਿ ਕਈ ਹਫ਼ਤਿਆਂ ਤੱਕ ਭ੍ਰਿਸ਼ਟਾਚਾਰ ਦੀਆਂ ਗੱਲਾਂ ਤੇ ਤਮਾਮ ਅਟਕਲਾਂ ਤੇ ਚਿੰਤਾਵਾਂ ਤੋਂ ਬਾਅਦ ਬੇਮਿਸਾਲ ਭਾਰਤ ਨੇ ਅਮੀਰ ਸਭਿਆਚਾਰ ਦਾ ਪ੍ਰਦਰਸ਼ਨ ਕੀਤਾ ਹੈ। ਇਸੇ ਤਰ੍ਹਾਂ 'ਨਿਊਜ਼ੀਲੈਂਡ ਹੈਰਾਲਡ' ਦਾ ਕਹਿਣਾ ਹੈ ਕਿ 'ਭ੍ਰਿਸ਼ਟਾਚਾਰ ਤੇ ਤਮਾਮ ਚਿੰਤਾਵਾਂ ਦੇ ਬਾਅਦ ਭਾਰਤ ਲਈ ਸ਼ਾਨਦਾਰ ਸ਼ੁਰੂਆਤ ਰਹੀ।'

# ਅਯੁੱਧਿਆ 'ਚ ਵਿਵਾਦਤ ਜ਼ਮੀਨ 3 ਹਿੱਸਿਆਂ 'ਚ ਵੰਡੀ

ਰਾਮਲੱਲਾ ਬਿਰਾਜਮਾਨ ਦੀ ਪ੍ਰਤੀਨਿਧਤਾ ਕਰਨ ਵਾਲੀ ਧਿਰ ਨੂੰ ਦਿੱਤੀ ਜਾਵੇ, ਜਦਕਿ ਤੀਜੇ ਜਸਟਿਸ ਡੀ.ਵੀ. ਸ਼ਰਮਾ ਨੇ ਫੈਸਲਾ ਦਿੱਤਾ ਕਿ ਵਿਵਾਦਤ ਥਾਂ ਭਗਵਾਨ ਰਾਮ ਦਾ ਜਨਮ ਸਥਾਨ ਹੈ ਤੇ ਮੁਗ਼ਲ ਬਾਦਸ਼ਾਹ ਬਾਬਰ ਵਲੋਂ ਬਣਾਈ ਗਈ ਵਿਵਾਦਪੂਰਨ ਇਮਾਰਤ ਇਸਲਾਮੀ ਕਾਨੂੰਨ ਦੇ ਖਿਲਾਫ ਸੀ ਤੇ ਇਸਲਾਮੀ ਕਦਰਾਂ-ਕੀਮਤਾਂ ਦੇ ਉਲਟ ਸੀ। ਜਸਟਿਸ ਖ਼ਾਨ ਨੇ ਤਿੰਨਾਂ ਧਿਰਾਂ ਨੂੰ ਇਕ ਤਿਹਾਈ ਹਿੱਸਾ ਦੇਣ ਦਾ ਐਲਾਨ ਕੀਤਾ ਹੈ, ਜੇਕਰ ਵੰਡ ਕਰਦੇ ਸਮੇਂ ਕਿਸੇ ਧਿਰ ਨੂੰ ਮਾਮੂਲੀ ਥਾਂ ਘੱਟ-ਵੱਧ ਮਿਲਦੀ ਹੈ ਤਾਂ ਜਿਸ ਧਿਰ ਦਾ ਨੁਕਸਾਨ ਹੋਵੇਗਾ, ਉਸ ਦੇ ਨੁਕਸਾਨ ਦੀ ਭਰਪਾਈ ਕੇਂਦਰ ਸਰਕਾਰ ਵਲੋਂ ਐਕੁਆਇਰ ਜ਼ਮੀਨ ਦੇ ਕੁਝ ਹਿੱਸੇ ਨਾਲ ਕੀਤੀ ਜਾਵੇਗੀ।

ਜਸਟਿਸ ਖ਼ਾਨ ਮੁਤਾਬਕ ਵਿਚਲੇ ਗੁੰਬਦ ਦੇ ਹੇਠਲੇ ਹਿੱਸੇ ਦਾ ਭਾਗ, ਜਿੱਥੇ ਮੌਜੂਦਾ ਸਮੇਂ ਅਸਥਾਈ ਮੰਦਰ ਵਿਚ ਮੂਰਤੀ ਰੱਖੀ ਗਈ ਹੈ, ਉਸ ਨੂੰ ਆਖਰੀ ਹੁਕਮ ਵਿਚ ਹਿੰਦੂਆਂ ਨੂੰ ਦਿੱਤਾ ਜਾਵੇਗਾ। ਉਨ੍ਹਾਂ ਆਪਣੇ ਫੈਸਲੇ ਦੌਰਾਨ ਕਿਹਾ ਕਿ ਵਿਵਾਦਗ੍ਰਸਤ ਢਾਂਚੇ ਨੂੰ ਬਾਬਰ ਦੇ ਹੁਕਮ ਨਾਲ ਜਾਂ ਉਨ੍ਹਾਂ ਵਲੋਂ ਮਸਜਿਦ ਵਜੋਂ ਉਸਾਰਿਆ ਗਿਆ ਪਰ ਸਿੱਧੇ ਤੌਰ 'ਤੇ ਇਹ ਸਪਸ਼ਟ ਨਹੀਂ ਹੁੰਦਾ ਕਿ ਉਸਾਰੇ ਭਾਗ ਸਣੇ ਸਾਰਾ ਵਿਵਾਦਗ੍ਰਸਤ ਕੈਂਪਸ ਬਾਬਰ ਦਾ ਸੀ ਜਾਂ ਉਸ ਦਾ ਸੀ, ਜਿਸ ਨੇ ਉਸਾਰੀ ਕਰਵਾਈ ਸੀ। ਉਨ੍ਹਾਂ ਕਿਹਾ ਕਿ ਮਸਜਿਦ ਬਣਾਉਣ ਲਈ ਕੋਈ ਮੰਦਰ ਨਹੀਂ ਡੇਗਿਆ ਗਿਆ, ਸਗੋਂ ਉਸ ਦੀ ਉਸਾਰੀ ਮੰਦਰ ਦੇ ਖੰਡਰ 'ਤੇ ਕੀਤੀ ਗਈ, ਜੋ ਬਹੁਤ ਪਹਿਲਾਂ ਤੋਂ ਉਥੇ ਸੀ। ਜਸਟਿਸ ਅਗਰਵਾਲ ਨੇ ਆਪਣੇ ਫੈਸਲੇ ਵਿਚ ਕਿਹਾ, "ਇਹ ਐਲਾਨ ਕੀਤਾ ਜਾਂਦਾ ਹੈ ਕਿ ਤਿੰਨ ਗੁੰਬਦਾਂ ਵਾਲੇ ਢਾਂਚੇ ਦੇ ਵਿਚਾਲੇ ਵਾਲੇ ਗੁੰਬਦ ਦਾ ਹਿੱਸਾ, ਜੋ ਭਗਵਾਨ ਰਾਮ ਦੇ ਜਨਮ ਸਥਾਨ ਵਜੋਂ ਵਿਵਾਦਗ੍ਰਸਤ ਹੈ ਤੇ ਹਿੰਦੂਆਂ ਦੀ ਆਸਥਾ ਤੇ ਵਿਸ਼ਵਾਸ ਮੁਤਾਬਕ ਭਗਵਾਨ ਰਾਮ ਦਾ ਜਨਮ ਸਥਾਨ ਹੈ। ਉਹ ਪਟੀਸ਼ਨਰ (ਭਗਵਾਨ ਰਾਮ ਦੇ ਵਲੋਂ ਧਿਰ) ਦਾ ਹੈ ਅਤੇ ਉਸ ਵਿਚ ਕਿਸੇ ਹੋਰ ਧਿਰ ਵਲੋਂ ਦਖਲ ਨਹੀਂ ਦਿੱਤਾ ਜਾਵੇਗਾ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਹੁਕਮ ਮੁਤਾਬਕ ਭਗਵਾਨ ਰਾਮ ਦੀ ਤਰਫੋਂ ਧਿਰ ਦੇ ਹਿੱਸੇ ਤਿੰਨ ਗੁੰਬਦਾਂ ਵਿਚੋਂ ਵਿਚਕਾਰਲਾ ਗੁੰਬਦ ਆਵੇਗਾ।" ਉਨ੍ਹਾਂ ਕਿਹਾ, "ਬਾਹਰੀ ਕੰਪਲੈਕਸ ਵਿਚ ਸਥਿਤ ਰਾਮ ਚਬੂਤਰਾ, ਸੀਤਾ ਰਸੋਈ ਤੇ ਭੰਡਾਰ ਦੇ ਢਾਂਚੇ ਨੂੰ ਨਿਰਮੋਹੀ ਅਖਾੜੇ ਦੇ ਹਿੱਸੇ ਨਾਲ ਜੋੜਿਆ ਜਾਵੇ।"

ਇਸ ਨਾਲ ਉਨ੍ਹਾਂ ਸਪਸ਼ਟ ਕੀਤਾ ਕਿ ਮੁਸਲਮਾਨਾਂ ਨੂੰ ਇਕ ਤਿਹਾਈ ਜ਼ਮੀਨ ਤੋਂ ਘੱਟ ਨਾ ਦਿੱਤੀ ਜਾਵੇ। ਜੇਕਰ ਲੋੜ ਪਈ ਤਾਂ ਕੈਂਪਸ ਤੋਂ ਬਾਹਰ ਵੀ ਹੋਰ ਥਾਂ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਧਿਰਾਂ ਇਹ ਸਾਬਤ ਕਰਨ 'ਚ ਅਸਫਲ ਹੋਈਆਂ ਹਨ ਕਿ ਵਿਵਾਦਗ੍ਰਸਤ ਥਾਂ 'ਤੇ 1528 ਵਿਚ ਬਾਬਰ ਨੇ ਮਸਜਿਦ ਉਸਾਰੀ ਸੀ। ਜਸਟਿਸ ਸ਼ਰਮਾ ਨੇ ਵੱਖਰੇ ਫੈਸਲੇ ਵਿਚ ਕਿਹਾ, "ਸਾਰੇ ਹਾਲਾਤ ਦੇ ਮੱਦੇਨਜ਼ਰ ਅਦਾਲਤ ਮਹਿਸੂਸ ਕਰਦੀ ਹੈ ਕਿ ਵਿਵਾਦਗ੍ਰਸਤ ਥਾਂ ਭਗਵਾਨ ਰਾਮ ਦਾ ਜਨਮ ਸਥਾਨ ਹੈ। ਭਾਰਤੀ ਪੁਰਾਤੱਤਵ ਵਿਭਾਗ ਨੇ ਸਬੂਤ ਪੇਸ਼ ਕੀਤੇ ਹਨ ਕਿ ਇਥੇ ਕਦੇ ਵੱਡਾ ਮੰਦਰ ਸੀ।

ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਇਸ ਗੱਲ ਦਾ ਵੱਡਾ ਡਰ ਸੀ ਕਿ ਫਿਰਕੂ ਦੰਗੇ ਭੜਕ ਸਕਦੇ ਹਨ ਪਰ ਇਸ ਫੈਸਲੇ ਤੋਂ ਬਾਅਦ ਅਮਨ ਅਮਾਨ ਰਹਿਣ ਤੋਂ ਸਭ ਧਿਰਾਂ ਨੇ ਸ਼ੁਕਰ ਮਨਾਇਆ।

## ਖੇਡ ਪਿੰਡ 'ਚ ਅੰਮ੍ਰਿਤਧਾਰੀ ਯੁਵਕ ਦੇ ਕਿਰਪਾਨ ਸਣੇ ਦਾਖਲੇ 'ਤੇ ਪਾਬੰਦੀ ਦਾ ਨੋਟਿਸ

**ਅੰਮ੍ਰਿਤਸਰ:** ਨਵੀਂ ਦਿੱਲੀ ਵਿਖੇ ਰਾਸ਼ਟਰਮੰਡਲ ਖੇਡਾਂ ਦੌਰਾਨ ਅੰਮ੍ਰਿਤਧਾਰੀ ਸਿੱਖ ਨੌਜਵਾਨ ਮਨਪ੍ਰੀਤ ਸਿੰਘ ਦੇ ਕਿਰਪਾਨ ਸਮੇਤ ਦਾਖਲੇ 'ਤੇ ਪਾਬੰਦੀ ਲਾਏ ਜਾਣ ਦਾ ਸਖਤ ਨੋਟਿਸ ਲੈਂਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਵਤਾਰ ਸਿੰਘ ਨੇ ਇਸ ਦੀ ਨਿਖੇਧੀ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਖੇਡ ਮੰਤਰੀ ਨੂੰ ਪੱਤਰ ਭੇਜ ਕੇ ਅੰਮ੍ਰਿਤਧਾਰੀ ਸਿੱਖ 'ਤੇ ਲਾਈ ਗਈ ਇਹ ਪਾਬੰਦੀ ਹਟਾਉਣ ਦੀ ਅਪੀਲ ਕੀਤੀ ਗਈ। ਦੂਜੇ ਪਾਸੇ ਰਾਸ਼ਟਰਮੰਡਲ ਖੇਡਾਂ ਦੀ ਮੀਡੀਆ ਅਤੇ ਪਬਲੀਸਿਟੀ ਕਮੇਟੀ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਖੇਡ ਪਿੰਡ ਦੇ ਸੁਰੱਖਿਆ ਇੰਚਾਰਜ ਸ਼ਮਸ਼ੇਰ ਸਿੰਘ ਨੇ ਇਸ ਰੋਕ ਨੂੰ ਤੁਰੰਤ ਖਤਮ ਕਰਨ ਦਾ ਭਰੋਸਾ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਧਾਰੀ ਸਿੱਖ ਮਨਪ੍ਰੀਤ ਸਿੰਘ ਡੇਲਾਵੇਅਰ ਨਾਰਥ ਕੰਪਨੀ ਵਲੋਂ ਤਾਇਨਾਤ ਹੈ ਅਤੇ ਉਸ ਦੀ ਡਿਊਟੀ ਫੂਡ ਸੈਕਸ਼ਨ ਵਿਚ ਲੱਗੀ ਹੋਈ ਹੈ। ਉਸ ਨੂੰ ਕੰਪਨੀ ਵਲੋਂ ਉਸ ਦੇ ਕੰਮ ਸੰਬੰਧੀ ਦੋ ਮਹੀਨੇ ਦੀ ਸਿਖਲਾਈ ਵੀ ਦਿੱਤੀ ਗਈ ਹੈ ਅਤੇ ਉਹ ਆਪਣੇ ਕੰਮ ਸਬੰਧੀ ਤਨਖਾਹ ਦੀ ਪ੍ਰਾਪਤੀ ਚੈਕ ਰਾਹੀਂ ਕਰ ਚੁੱਕਾ ਹੈ ਪਰ ਹੁਣ ਐਨ ਮੌਕੇ 'ਤੇ ਉਸ ਨੂੰ ਆਪਣੀ ਕਿਰਪਾਨ ਉਤਾਰ ਕੇ ਆਉਣ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਾਰੇ ਮਸਲੇ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਭੋਗਲ ਦੀ ਅਗਵਾਈ ਹੇਠ ਵਫਦ ਗ੍ਰਹਿ ਮੰਤਰੀ ਨੂੰ ਮਿਲਣ ਲਈ ਜਾਵੇਗਾ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਕੇਂਦਰੀ ਖੇਡ ਮੰਤਰੀ ਨੂੰ ਪੱਤਰ ਭੇਜ ਕੇ ਅੰਮ੍ਰਿਤਧਾਰੀ ਸਿੱਖ 'ਤੇ ਲਾਈ ਗਈ ਪਾਬੰਦੀ ਬਾਰੇ ਜਾਣੂ ਕਰਵਾਇਆ ਹੈ ਅਤੇ ਅਪੀਲ ਕੀਤੀ ਹੈ ਕਿ ਇਸ ਪਾਬੰਦੀ ਨੂੰ ਤੁਰੰਤ ਖਤਮ ਕੀਤਾ ਜਾਵੇ।

ਦੂਜੇ ਪਾਸੇ ਰਾਸ਼ਟਰਮੰਡਲ ਖੇਡਾਂ ਦੀ ਮੀਡੀਆ ਕਮੇਟੀ ਦੇ ਚੇਅਰਮੈਨ ਤਰਲੋਚਨ ਸਿੰਘ, ਰਾਜ ਸਭਾ ਮੈਂਬਰ ਨੇ ਕਿਹਾ ਕਿ ਖੇਡ ਪਿੰਡ ਦੇ ਸੁਰੱਖਿਆ ਇੰਚਾਰਜ ਸ਼ਮਸ਼ੇਰ ਸਿੰਘ ਨੇ ਭਰੋਸਾ ਦਿੱਤਾ ਕਿ ਅਜਿਹੀ ਕੋਈ ਵੀ ਪਾਬੰਦੀ ਨਹੀਂ ਲਾਈ ਗਈ।

# ਪਾਕਿਸਤਾਨ ਫੌਜੀ ਸਾਸ਼ਨ ਵਲ? ਅਮਨ ਕਾਨੂੰਨ ਦੀ ਹਾਲਤ ਨਾਜ਼ੁਕ

ਲਈ ਕਿਹਾ ਹੈ। ਅਖਬਾਰ ਦੀ ਰਿਪੋਰਟ ਵਿਚ ਪਾਕਿਸਤਾਨੀ ਅਤੇ ਪੱਛਮੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਜ਼ਰਦਾਰੀ, ਪ੍ਰਧਾਨ ਮੰਤਰੀ ਸੱਯਦ ਯੂਸਫ ਰਜ਼ਾ ਗਿਲਾਨੀ ਅਤੇ ਆਰਮੀ ਚੀਫ ਜਨਰਲ ਇਸ਼ਫਾਕ ਪ੍ਰਵੇਜ਼ ਕਿਆਨੀ ਦੀ ਮੁਲਾਕਾਤ ਤੋਂ ਬਾਅਦ ਤਣਾਅ ਵਿਚ ਕਮੀ ਜ਼ਰੂਰ ਆਈ ਹੈ। ਫਿਰ ਵੀ ਜਨਰਲ ਕਿਆਨੀ ਗ੍ਰਹਿ ਸੁਧਾਰ ਪ੍ਰਕਿਰਿਆ ਦੇ ਤੌਰ 'ਤੇ 60 ਮੈਂਬਰੀ ਸੰਸਦੀ ਕਮੇਟੀ 'ਚੋਂ ਜ਼ਰਦਾਰੀ ਦੇ ਕਰੀਬੀ ਲੋਕਾਂ ਦੀ ਛੁੱਟੀ ਚਾਹੁੰਦੇ ਹਨ। ਮੁਲਾਕਾਤ ਵਿਚ ਉਨ੍ਹਾਂ ਨੇ ਅਯੋਗ ਤੇ ਦਾਗੀ ਮੰਤਰੀਆਂ ਦੀ ਸੂਚੀ ਵੀ ਦਿੱਤੀ ਤੇ ਕਿਹਾ ਕਿ ਇਨ੍ਹਾਂ ਨੂੰ ਬਰਖਾਸਤ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਨ ਅਖਬਾਰ 'ਵਾਸ਼ਿੰਗਟਨ ਪੋਸਟ' ਨੇ ਦਾਅਵਾ ਕੀਤਾ ਸੀ ਕਿ ਅਮਰੀਕੀ ਅਧਿਕਾਰੀ ਪਾਕਿਸਤਾਨ ਦੀਆਂ ਰਾਜਨੀਤਿਕ ਗਤੀਵਿਧੀਆਂ ਦੀ ਗਹਿਰੀ ਨਜ਼ਰ ਨਾਲ ਜਾਂਚ ਕਰ ਰਹੇ ਹਨ ਅਤੇ ਕਾਨੂੰਨ ਦੇ ਘੇਰੇ 'ਚ ਆਉਣ ਵਾਲੀ ਕੋਈ ਤਬਦੀਲੀ ਅਮਰੀਕੀ ਅਧਿਕਾਰੀਆਂ ਨੂੰ ਮਨਜ਼ੂਰ ਨਹੀਂ ਹੋਵੇਗੀ।

ਪਾਕਿਸਤਾਨ ਦੀ ਸੁਰੱਖਿਆ ਏਜੰਸੀ ਦੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਵਾਸ਼ਿੰਗਟਨ ਪੋਸਟ ਨੇ ਲਿਖਿਆ ਕਿ ਕਿਆਨੀ ਨੇ ਹਾਲ ਹੀ ਵਿਚ ਪਾਕਿਸਤਾਨ ਦੇ ਰਾਸ਼ਟਰਪਤੀ ਜ਼ਰਦਾਰੀ ਤੇ ਪ੍ਰਧਾਨ ਮੰਤਰੀ ਗਿਲਾਨੀ ਨੂੰ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਆਪਣੇ ਕੰਮਾਂ ਵੱਲ ਧਿਆਨ ਦੇਣ। ਰਿਪੋਰਟ ਮੁਤਾਬਕ ਇਹ ਮੀਟਿੰਗ ਕਈ ਦਿਨਾਂ ਪਹਿਲਾਂ ਹੋਈ ਹੈ, ਜਿਸ ਵਿਚ ਕਿਆਨੀ ਨੇ ਫੌਜੀ ਚਿੰਤਾਵਾਂ ਜਾਹਿਰ ਕੀਤੀਆਂ। ਅਖ਼ਬਾਰ ਮੁਤਾਬਕ ਹਾਲਾਂਕਿ ਅਮਰੀਕਾ ਤੇ ਪਾਕਿਸਤਾਨ ਦੇ ਅਧਿਕਾਰੀਆਂ ਨੇ ਕਿਸੇ ਵੀ ਤਰ੍ਹਾਂ ਦੀ ਸੱਤਾ ਬਦਲੀ ਤੋਂ ਇਨਕਾਰ ਕੀਤਾ ਹੈ। ਅਖ਼ਬਾਰ ਨੇ ਇਕ ਪਾਕਿਸਤਾਨੀ ਫੌਜੀ ਅਧਿਕਾਰੀ ਦੇ ਹਵਾਲੇ ਨਾਲ ਲਿਖਿਆ ਹੈ ਕਿ ਸਾਡੀ ਰਾਜਨੀਤੀ ਵਿਚ ਦਖ਼ਲਅੰਦਾਜ਼ੀ ਕਰਨ ਦੀ ਭੁੱਖ ਤੇ ਸਾਧਨਾਂ 'ਤੇ ਕਬਜ਼ਾ ਕਰਨ ਦੀ ਇੱਛਾ ਨਹੀਂ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨੀ ਫੌਜ ਨੇ 63 ਸਾਲਾਂ ਦੇ ਇਤਿਹਾਸ ਵਿਚ ਜ਼ਿਆਦਾਤਰ ਸਮਾਂ ਦੇਸ਼ 'ਤੇ ਰਾਜ ਕੀਤਾ ਹੈ ਤੇ ਇੱਥੇ ਫੌਜੀ ਹੁਕਮਰਾਨ ਲਗਾਤਾਰ ਸਿਆਸਤ ਵਿਚ ਦਿਲਚਸਪੀ ਲੈਂਦੇ ਰਹੇ ਹਨ।

ਉਧਰ ਪਾਕਿਸਤਾਨ ਵਿਚ ਅਮਨ ਕਾਨੂੰਨ ਦੀ ਹਾਲਤ ਲਗਾਤਾਰ ਵਿਗੜ ਰਹੀ ਹੈ ਅਤੇ ਅਫਗਾਨਿਸਤਾਨ ਵਿਚ ਨਾਟੋ ਫੌਜਾਂ ਦੇ ਕੈਂਪ ਲਈ ਤੇਲ ਸਪਲਾਈ ਨੂੰ ਪਾਕਿਸਤਾਨ ਵਿਚਲੇ ਤਾਲਿਬਾਨ ਲੜਾਕਿਆਂ ਵਲੋਂ ਬਿਲਕੁਲ ਰੋਕ ਦਿੱਤਾ ਗਿਆ ਹੈ। ਇਸਲਾਮਾਬਾਦ ਵਿਚ ਬੀਤੀ 3 ਅਕਤੂਬਰ ਦੀ ਰਾਤ ਅਣਪਛਾਤੇ ਹਮਲਾਵਰਾਂ ਨੇ ਅਫ਼ਗਾਨਿਸਤਾਨ 'ਚ ਤਾਇਨਾਤ ਨਾਟੋ ਫੌਜਾਂ ਲਈ ਤੇਲ ਦੀ ਸਪਲਾਈ ਕਰਨ ਵਾਲੇ ਟੈਂਕਰਾਂ 'ਤੇ ਧਾਵਾ ਬੋਲ ਕੇ 6 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ। ਇਸ ਤੋਂ ਇਲਾਵਾ ਹਮਲਾਵਰਾਂ ਨੇ ਤੇਲ ਸਪਲਾਈ ਕਰਨ ਵਾਲੇ 28 ਟੈਂਕਰਾਂ ਨੂੰ ਵੀ ਅੱਗ ਲਗਾ ਕੇ ਸਾੜ ਦਿੱਤਾ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਹਮਲਾਵਰਾਂ ਨੇ ਵੀਰਵਾਰ ਨੂੰ ਨਾਟੋ ਫੌਜਾਂ ਨੂੰ ਤੇਲ ਸਪਲਾਈ ਕਰਨ ਵਾਲੇ 27 ਟੈਂਕਰਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਸੀ। ਯਾਦ ਰਹੇ ਇਸ ਸਾਲ ਜੂਨ ਵਿਚ ਨਾਟੋ ਦੇ ਲਗਭਗ 60 ਟੈਂਕਰ ਤਬਾਹ ਕੀਤੇ ਗਏ ਸਨ ਅਤੇ ਉਸ ਹਮਲੇ ਵਿਚ 8 ਵਿਅਕਤੀਆਂ ਦੀ ਮੌਤ ਹੋਈ ਸੀ। ਇਸੇ ਸਾਲ ਅਪ੍ਰੈਲ ਵਿਚ ਪੂਰਬੀ ਪੰਜਾਬ ਸੂਬੇ ਵਿਚ ਨਾਟੋ ਦੇ 12 ਟਰੱਕਾਂ ਨੂੰ ਸਾੜ ਦਿੱਤਾ ਗਿਆ ਸੀ।

ਵਾਸ਼ਿੰਗਟਨ 'ਚ ਪਾਕਿਸਤਾਨ ਦੇ ਰਾਜਦੂਤ ਨੇ ਇਕ ਅਮਰੀਕੀ ਚੈਨਲ ਨਾਲ ਗੱਲਬਾਤ ਕਰਦਿਆਂ ਦੱਸਿਆ, "ਜਿੱਥੋਂ ਤੱਕ ਮੈਂ ਸੋਚਦਾ ਹਾਂ, ਸਪਲਾਈ ਜਲਦ ਸ਼ੁਰੂ ਹੋ ਜਾਵੇਗੀ।" ਉਨ੍ਹਾਂ ਕਿਹਾ ਕਿ ਇਸ 'ਚ ਇਕ ਹਫ਼ਤੇ ਤੋਂ ਵੀ ਘੱਟ ਸਮਾਂ ਲੱਗੇਗਾ। ਅਧਿਕਾਰੀਆਂ ਅਨੁਸਾਰ ਅਫਗਾਨਿਸਤਾਨ 'ਚ ਤਾਇਨਾਤ ਨਾਟੋ ਫੌਜਾਂ ਲਈ 70 ਫੀਸਦੀ ਰਸਦ ਸਮੱਗਰੀ ਤੇ 40 ਫੀਸਦੀ ਤੇਲ ਦੇ ਟੈਂਕਰਾਂ ਦੀ ਸਪਲਾਈ ਪਾਕਿਸਤਾਨ ਤੋਂ ਹੋ ਕੇ ਜਾਂਦੀ ਹੈ।

ਉਧਰ 'ਵਾਸ਼ਿੰਗਟਨ ਪੋਸਟ' ਅਨੁਸਾਰ ਪਾਕਿਸਤਾਨ ਵਿਚ ਉਨ੍ਹਾਂ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾਉਣ ਲਈ ਸੀ.ਆਈ.ਏ. ਫੌਜੀ ਡਰੋਨਾਂ ਦੀ ਵਰਤੋਂ ਕਰ ਰਹੀ ਹੈ ਜਿਹੜੇ ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜ ਦੀ ਪਹੁੰਚ ਤੋਂ ਬਾਹਰ ਹਨ। ਮੀਡੀਆ ਰਿਪੋਰਟਾਂ ਅਨੁਸਾਰ ਅਤਿਵਾਦੀ ਜਥੇਬੰਦੀਆਂ ਨੇ ਨਾ ਸਿਰਫ਼ ਰਵਾਇਤੀ ਅਫਗਾਨ-ਪਾਕਿ ਸਰਹੱਦ ਦੇ ਨਾਲ ਬਲਕਿ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਆਪਣੇ ਕੁਝ ਟਿਕਾਣੇ ਬਣਾਏ ਹੋਏ ਹਨ। ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜਾਂ ਦੇ ਮਾਰੂ ਹਮਲੇ ਵਿਚ ਜੋ ਨਹੀਂ ਆਉਂਦੇ, ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਲਈ ਸੀ.ਆਈ.ਏ. ਅਤਿ-ਆਧੁਨਿਕ ਯੰਤਰਾਂ ਦੀ ਵਰਤੋਂ ਕਰ ਰਹੀ ਹੈ। ਸੀ.ਆਈ.ਏ. ਦਾ ਡਰੋਨ ਪ੍ਰੋਗਰਾਮ ਗੁਪਤ ਤੌਰ 'ਤੇ ਚਲਾਇਆ ਜਾ ਰਿਹਾ ਸੀ ਤਾਂ ਜੋ ਅਲ-ਕਾਇਦਾ ਦੇ ਨੈਟਵਰਕ ਨੂੰ ਤੋੜਿਆ ਜਾ ਸਕੇ ਪਰ ਹੁਣ ਸਰਹੱਦ ਤੋਂ ਕੁਝ ਦੂਰੀ 'ਤੇ ਫੌਜ ਨਾਲ ਮਿਲ ਕੇ ਇਹ ਹਮਲੇ ਕੀਤੇ ਜਾ ਰਹੇ ਹਨ। ਅਮਰੀਕੀ ਫੌਜ ਨੇ ਪਾਕਿਸਤਾਨ ਵਿਚ ਮਾਰੂ ਹਮਲੇ ਵਧਾਉਣ ਲਈ ਸੀ.ਆਈ.ਏ. ਪ੍ਰੀਡੇਟਰ ਅਤੇ ਰੀਪਰ ਡਰੋਨ ਮੁਹੱਈਆ ਕਰਵਾਏ ਹਨ। ਇਹ ਹਮਲੇ ਪਿਛਲੇ ਸਾਲ ਤੋਂ ਵਧਾਏ ਗਏ ਹਨ।

ਇਸੇ ਦੌਰਾਨ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਪਾਕਿਸਤਾਨ ਦੇ ਦੱਖਣ-ਪਛਮੀ ਬਲੋਚਿਸਤਾਨ ਸੂਬੇ ਦੇ ਸ਼ਹਿਰ ਸੌਹਬਤਪੁਰ ਨੇੜਿਉਂ ਇਕ ਹਿੰਦੂ ਵਪਾਰੀ ਨੂੰ ਅਗ਼ਵਾ ਕਰ ਲਿਆ। ਮੁਰਲੀ ਲਾਲ ਨਾਂ ਦਾ ਇਹ ਵਪਾਰੀ ਜ਼ਫ਼ਰਾਬਾਦ ਜਾ ਰਿਹਾ ਸੀ ਕਿ ਰਾਹ ਵਿਚ ਹਥਿਆਰਬੰਦ ਵਿਅਕਤੀਆਂ ਨੇ ਉਸ ਨੂੰ ਘੇਰ ਲਿਆ। ਸਥਾਨਕ ਹਿੰਦੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮੁਰਲੀ ਲਾਲ ਦੀ ਸੁਰੱਖਿਅਤ ਅਤੇ ਛੇਤੀ ਵਾਪਸੀ ਲਈ ਕਦਮ ਚੁੱਕੇ ਜਾਣ।

# 5ਵੇਂ ਗੁਰਬਾਣੀ ਕੰਠ ਮੁਕਾਬਲੇ

## *16 ਅਕਤੂਬਰ, 2010 (ਸਨਿਚਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ)*

**ਸਥਾਨ:ਸਟਾਕਟਨ ਗੁਰਦੁਆਰਾ ਸਾਹਿਬ** **1930 S. Street, Stockton CA 95206**

*Registrations will start at 8:00AM, Results at 5:00PM*
*Tests will run 9:00AM to 4:00PM*

*ਜਿਹੜੇ ਬੱਚਿਆਂ ਦੀ ਰਜਿਸਟਰੇਸ਼ਨ 13 ਅਕਤੂਬਰ, 2010 ਰਾਤ ਤੱਕ ਪਹੁੰਚ ਜਾਏਗੀ ਸਿਰਫ ਉਹ ਬੱਚੇ ਹੀ ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਮੁਕਾਬਲੇ ਵਿਚ ਸ਼ਾਮਲ ਹੋ ਸਕਣਗੇ। ਜਿਹੜੇ ਬੱਚਿਆਂ ਦੀ ਰਜਿਸਟਰੇਸ਼ਨ ਇਸ ਤੋਂ ਬਾਅਦ ਪਹੁੰਚੇਗੀ ਉਹ ਸਿਰਫ ਮੁਕਾਬਲਿਆਂ ਵਿਚ ਹਿੱਸਾ ਲੈ ਸਕਣਗੇ ਪਰ ਪਹਿਲੇ ਤਿੰਨ ਸਥਾਨਾਂ ਵਿਚ ਸ਼ਾਮਲ ਨਹੀਂ ਹੋ ਸਕਣਗੇ।*

Group# 1. Age under 4 years.
Group# 2. Age 4 to 6 years,
Group# 3. Age 6 to 8 years
Group# 4. Age 8 to 10 years
Group# 5. Age 10 to 12 years
Group# 6. Age 12 to 14 years
Group# 7. Age 14 to 16 years
Group# 8. Age 16 to 18 years

*ਵਿਸ਼ੇਸ਼ Special Attraction: ਹਰ ਸ਼੍ਰੇਣੀ (Group) ਵਿਚ ਹਿੱਸਾ ਲੈਣ ਵਾਲੇ ਬੱਚੇ ਅਤੇ ਬੱਚੀਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ (1st, 2nd & 3rd place) 'ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਸਰਟੀਫਿਕੇਟ ਅਤੇ ਟਰਾਫੀ ਗੁਰੂਘਰ ਵਲੋਂ ਦਿੱਤੇ ਜਾਣਗੇ। 6ਵੀਂ ਸ਼੍ਰੇਣੀ (Groups) ਤੱਕ ਦੇ Participants ਨੂੰ ਜਾਪੁ ਸਾਹਿਬ ਕੰਠ (Memorize) ਕਰਨ ਲਈ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ ਜੀ।*

ਹਰ ਗਰੁਪ ਵਾਸਤੇ 12 ਪ੍ਰਸ਼ਨ ਦਿੱਤੇ ਗਏ ਹਨ। ਹਰ ਇੱਕ ਪ੍ਰਸ਼ਨ 5 ਨੰਬਰਾਂ ਦਾ ਹੋਵੇਗਾ। ਇਨ੍ਹਾਂ 12 ਵਿਚੋਂ ਕੋਈ 4 ਪ੍ਰਸ਼ਨ ਪੁੱਛੇ ਜਾਣਗੇ। ਠੀਕ ਉਤਰ ਦਿੱਤੇ ਜਾਣ 'ਤੇ ਸਾਰੇ 12 ਪ੍ਰਸ਼ਨਾਂ ਦੇ ਉਤਰ ਠੀਕ ਮੰਨ ਕੇ 12X5 (60) ਨੰਬਰ ਦਿੱਤੇ ਜਾਣਗੇ।

### ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਮੁਢਲੀਆਂ ਲੋੜਾਂ

(1) ਮੂਲ ਮੰਤਰ, 12 ਪ੍ਰਸ਼ਨਾਂ ਦੇ ਉਤਰ ਤੇ ਹੋਰ (2) ਜਪੁਜੀ ਸਾਹਿਬ ਪੰਜ ਪੌੜੀਆਂ + ਤੇ ਹੋਰ ਬਾਣੀਆਂ, ਜਿੰਨੀਆਂ ਵੀ ਬੱਚਾ ਸੁਣਾ ਸਕੇ। (3) ਜਪੁਜੀ ਸਾਹਿਬ ਤੇ ਹੋਰ ਬਾਣੀਆਂ। (4) ਜਪੁਜੀ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ ਅਤੇ ਹੋਰ ਬਾਣੀਆਂ ਜਿੰਨੀਆਂ ਵੀ ਬੱਚਾ ਸੁਣਾ ਸਕੇ। (5) ਜਪੁਜੀ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ, ਚੌਪਈ ਸਾਹਿਬ ਤੇ ਹੋਰ ਬਾਣੀਆਂ। (6) ਜਪੁਜੀ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ, ਚੌਪਈ ਸਾਹਿਬ, ਅਨੰਦ ਸਾਹਿਬ ਅਤੇ ਹੋਰ ਬਾਣੀਆਂ ਜਿੰਨੀਆਂ ਵੀ ਬੱਚਾ ਸੁਣਾ ਸਕੇ। (7) ਅੰਮ੍ਰਿਤ ਵੇਲੇ ਦੀਆਂ ਨਿਤਨੇਮ ਦੀਆਂ 5 ਬਾਣੀਆਂ ਅਤੇ ਹੋਰ ਬਾਣੀਆਂ। (8) ਨਿਤਨੇਮ ਦੀਆਂ 7 ਬਾਣੀਆਂ ਅਤੇ ਹੋਰ ਬਾਣੀਆਂ।

*ਨੋਟ: ਸਿੱਖੀ ਪਹਿਰਾਵਾ (ਘਟ ਤੋਂ ਘਟ ਸਾਦਾ ਪਹਿਰਾਵਾ) ਹਰ ਭਾਗ ਲੈਣ ਵਾਲੇ ਲਈ ਜ਼ਰੂਰੀ ਹੋਵੇਗਾ।*

### ਮੁਕਾਬਲਿਆਂ ਸੰਬੰਧੀ ਹੋਰ ਜਾਣਕਾਰੀ ਲੈਣ, ਰਜਿਸਟਰੇਸ਼ਨ ਫਾਰਮ ਪ੍ਰਾਪਤ ਕਰਨ ਜਾਂ ਭੇਜਣ ਲਈ ਸੰਪਰਕ ਕਰੋ:

ਜੋਗਿੰਦਰ ਸਿੰਘ, ਫੋਨ: 209-598-6581
ਗੁਰਦੀਪ ਸਿੰਘ, ਫੋਨ: 209-329-7089
ਜਤਿੰਦਰ ਸਿੰਘ ਪੰਮਾ (ਸਕੱਤਰ) 209-993-7954
ਅਮਰਜੀਤ ਸਿੰਘ ਤੁੰਗ (ਮੀਤ ਸਕੱਤਰ) 209-954-2881

ਤੁਸੀਂ ਰਜਿਸਟਰੇਸ਼ਨ ਫ਼ਾਰਮ ਭਰਕੇ ਫੈਕਸ ਨੰਬਰ (209)-983-9701 ਰਾਹੀਂ ਭੇਜੋ ਜਾਂ ਫਿਰ ਈਮੇਲ singhj1@clearwire.net ਰਾਹੀਂ ਵੀ ਭੇਜ ਸਕਦੇ ਹੋ।

**ਜਾਰੀ ਕਰਤਾ:ਧਰਮ ਪਰਚਾਰ ਅਤੇ ਪ੍ਰਬੰਧਕ ਕਮੇਟੀ, ਸਟਾਕਟਨ ਗੁਰਦੁਆਰਾ ਸਾਹਿਬ, ਸਟਾਕਟਨ (ਕੈਲੀਫੋਰਨੀਆ)**

---

# ਰੇਡੀਓ ਗੀਤ ਸੰਗੀਤ ਦਾ ਨਾਂ ਹੈ ਹੁਣ
# "ਰੇਡੀਓ ਚੜ੍ਹਦੀ ਕਲਾ"



*Radio Geet Sangeet*
*is now Radio Chardi Kala*
*Fremont California, in Bay Area*
*since September 10, 2010.*

ਹੁਣ ਤੁਸੀਂ ਐਫ ਐਮ ਰੇਡੀਓ
ਚੜ੍ਹਦੀ ਕਲਾ
ਕੈਲੀਫੋਰਨੀਆ ਦੇ ਪੰਜਾਬੀ ਵਸੋਂ ਵਾਲੇ ਸਾਰੇ
ਸ਼ਹਿਰਾਂ ਅਤੇ ਬੇ-ਏਰੀਆ ਵਿਚ ਸੁਣ ਸਕਦੇ ਹੋ

**You can listen FM Radio Chardi Kala in dense Punjabi populated cities in California.**
**We thanks our advertisers, listeners, supports, will wishers, and every body.**




**To participate in programs**
**Call 510-972-0820**
***To advertise or for more information:***
**Gurcharan Singh Mann 510-557-0061**
**Lakhbir Singh 510-760-9882**

**Mailing address: Radio CK, PO Box 296, Fremont, CA 94536**

**listen live www.radiock.com**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

### ਵਿਧਾਨ ਸਭਾ ਦਾ ਮਾਨਸੂਨ ਸੈਸ਼ਨ

# ਅਕਾਲੀਆਂ ਅਤੇ ਕਾਂਗਰਸੀਆਂ ਵਲੋਂ ਦੋਸਤਾਨਾ ਹੋਣ ਦੀ ਕੋਸ਼ਿਸ਼

**ਬਿੰਦਰ ਬਸਰਾ**

ਪੰਜਾਬ ਵਿਧਾਨ ਸਭਾ ਦੇ ਚਾਰ ਰੋਜ਼ਾ ਮਾਨਸੂਨ ਸੈਸ਼ਨ ਦੌਰਾਨ ਵਿਰੋਧੀ ਧਿਰ ਕਾਂਗਰਸ ਵਲੋਂ ਲੋਕ ਹਿੱਤ ਮੁੱਦਿਆਂ ਨੂੰ ਲੈ ਕੇ ਸੱਤਾ ਪੱਖ ਨੂੰ ਘੇਰਨ ਦੇ ਦਾਅਵੇ ਕੋਈ ਰੰਗ ਨਾ ਦਿਖਾ ਸਕੇ। ਕਾਂਗਰਸ ਵਿਰੋਧੀ ਧਿਰ ਦੀ ਭੂਮਿਕਾ ਵਿਚ ਖੁਦ ਨੂੰ ਸਾਰਥਕ ਸਿੱਧ ਨਹੀਂ ਕਰ ਸਕੀ, ਜਦਕਿ ਉਸ ਕੋਲ ਸਰਕਾਰ ਨੂੰ ਚਿੱਤ ਕਰਨ ਲਈ ਮੁੱਦਿਆਂ ਦੀ ਕੋਈ ਕਮੀ ਨਹੀਂ ਸੀ। ਸਿਰਫ ਸੈਸ਼ਨ ਖਤਮ ਹੋਣ ਤੋਂ ਅੱਧਾ ਘੰਟਾ ਪਹਿਲਾਂ ਹੀ ਉਸ ਨੇ 'ਪੰਜਾਬ ਸਪੈਸ਼ਲ ਸਕਿਉਰਿਟੀ ਗਰੁੱਪ ਬਿੱਲ-2010' ਦੇ ਵਿਰੋਧ ਵਿਚ ਸਦਨ ਵਿਚੋਂ ਵਾਕ ਆਊਟ ਕਰਕੇ ਆਪਣਾ ਵਿਰੋਧ ਜਤਾਇਆ, ਨਹੀਂ ਤਾਂ ਸਾਰੇ ਸੈਸ਼ਨ ਦੌਰਾਨ ਉਸ ਨੇ ਹਲਕੀ ਜਿਹੀ ਵਿਰੋਧਤਾ ਹੀ ਦਿਖਾਈ।

ਨੌਜਵਾਨ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ, ਰਿਪਜੀਤ ਸਿੰਘ ਬਰਾੜ ਅਤੇ ਇਕ ਦੋ ਹੋਰ ਵਿਧਾਇਕਾਂ ਨੇ ਕੁਝ ਅਹਿਮ ਮੁੱਦੇ ਉਭਾਰਨ ਦਾ ਯਤਨ ਜ਼ਰੂਰ ਕੀਤਾ ਪਰ ਉਹ ਵੀ ਸਪੀਕਰ ਦੀ ਰਾਜਨੀਤੀ ਦਾ ਸ਼ਿਕਾਰ ਹੋ ਗਏ। ਜਦਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਭਰਵੀਂ ਆਲੋਚਨਾ ਕਰਨ ਦੀ ਬਜਾਇ ਉਸ ਨੂੰ ਸੁਝਾਅ ਦਿੰਦੇ ਰਹੇ।

ਵਿਰੋਧੀ ਧਿਰ ਕੋਲ ਇਸ ਵਾਰ ਸਰਕਾਰ ਨੂੰ ਘੇਰਨ ਲਈ ਕਿਸਾਨਾਂ ਦੇ ਮਸਲੇ, ਹੜ੍ਹਾਂ ਦੀ ਮਾਰ, ਕੈਂਸਰ ਦਾ ਫੈਲਣਾ, ਕਰਮਚਾਰੀਆਂ ਦੀਆਂ ਮੰਗਾਂ, ਅਧਿਆਪਕਾਂ ਦੀ ਐਜੀਟੇਸ਼ਨ, ਕੇਂਦਰ ਦੁਆਰਾ ਕਿਸਾਨਾਂ ਲਈ ਦਿੱਤਾ ਗਿਆ 800 ਕਰੋੜ ਰੁਪਏ, ਦੂਸ਼ਿਤ ਪਾਣੀ ਅਤੇ ਸਪੀਕਰ ਦੇ ਵਿਰੁਧ ਸੀ.ਬੀ.ਆਈ. ਦੀ ਚਾਰਜਸ਼ੀਟ ਅਜਿਹੇ ਮੁੱਦੇ ਸਨ, ਜਿਨ੍ਹਾਂ ਨਾਲ ਸਰਕਾਰ ਨੂੰ ਹਰ ਪਾਸਿਉਂ ਘੇਰਿਆ ਜਾ ਸਕਦਾ ਸੀ। ਕਾਂਗਰਸ ਸੈਸ਼ਨ ਦਾ ਸਮਾਂ ਵਧਾਉਣ ਦੀ ਮੰਗ ਕਰਦੀ ਰਹੀ ਪਰ ਮਿਲੇ ਸਮੇਂ 'ਚ ਸਾਰਥਿਕ ਬਹਿਸ ਤੋਂ ਭੱਜਦੀ ਰਹੀ।

ਸਮਾਗਮ ਦੌਰਾਨ ਸਪੀਕਰ ਦੇ ਬਹੁਤੇ ਆਪ-ਹੁਦਰੇ ਫੈਸਲਿਆਂ 'ਤੇ ਉਂਗਲੀਆਂ ਉਠਦੀਆਂ ਰਹੀਆਂ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਪੀਕਰ 'ਤੇ ਦੋਸ਼ ਲਾਇਆ ਕਿ ਉਨ੍ਹਾਂ ਦਾ ਰਵੱਈਆ ਪੱਖਪਾਤੀ ਹੈ। ਉਨ੍ਹਾਂ ਕਿਹਾ ਕਿ ਉਹ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੇ ਸਦਨ ਦੀ ਸਾਖ ਘਟਾਈ ਹੈ। ਉਨ੍ਹਾਂ ਕਿਹਾ ਕਿ ਸਪੀਕਰ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਚਾਰਜਸ਼ੀਟ ਹੋਈ ਅਤੇ ਇਸ ਮਾਮਲੇ ਵਿਚ ਉਨ੍ਹਾਂ ਨੂੰ ਜੇਲ੍ਹ ਜਾਣਾ ਪੈ ਸਕਦਾ ਹੈ, ਇਸ ਲਈ ਉਨ੍ਹਾਂ ਨੂੰ ਸਰਕਾਰ ਦੀ ਜ਼ਰੂਰਤ ਹੈ।

ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਜਨੀਤੀ ਵਿਚ ਆਪਣੀ ਪ੍ਰਪੱਕਤਾ ਅਤੇ ਦੂਰਅੰਦੇਸ਼ ਨੇਤਾ ਹੋਣ ਦਾ ਸਬੂਤ ਦਿੰਦਿਆਂ ਕਾਂਗਰਸੀ ਵਿਧਾਇਕ ਰਿਪਜੀਤ ਸਿੰਘ ਬਰਾੜ ਨੂੰ ਮਾਫੀ ਦੇ ਕੇ ਵੱਡੱਪਣ ਦਿਖਾਇਆ। ਇਸ ਦੇ ਨਾਲ ਹੀ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਬਦਲੇ ਦੀ ਰਾਜਨੀਤੀ ਤਿਆਗ ਕੇ ਅਸੂਲਾਂ ਦੀ ਸਾਫ-ਸੁਥਰੀ ਰਾਜਨੀਤੀ ਕਰਨ ਦਾ ਸੱਦਾ ਦਿੰਦਿਆਂ ਉਨ੍ਹਾਂ ਵਿਰੁਧ ਦੋ ਨਿੱਜੀ ਕੇਸ ਵਾਪਸ ਲੈਣ ਦਾ ਐਲਾਨ ਕੀਤਾ। ਸ. ਬਾਦਲ ਵਲੋਂ ਬਦਲੇ ਦੀ ਰਾਜਨੀਤੀ ਦੇ ਸਿਲਸਿਲੇ ਨੂੰ ਅੱਗੇ ਵਧਣ ਤੋਂ ਰੋਕਣ ਲਈ ਕੀਤੀ ਪਹਿਲਕਦਮੀ ਭਵਿੱਖ ਵਿਚ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦੀਆਂ ਪ੍ਰੇਸ਼ਾਨੀਆਂ ਤੇ ਮੁਸ਼ਕਿਲਾਂ ਘਟਾਉਣ ਦਾ ਸਬੱਬ ਬਣ ਸਕਦੀ ਹੈ।

ਮਾਨਸੂਨ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਵਲੋਂ 15 ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਗਈ। ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਇਕ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਕਿਹਾ ਗਿਆ ਕਿ ਉਹ ਪਾਕਿਸਤਾਨ ਸਥਿਤ ਪਵਿੱਤਰ ਗੁਰਦੁਆਰੇ ਸ੍ਰੀ ਕਰਤਾਰਪੁਰ ਸਾਹਿਬ ਨੂੰ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਤੋਂ ਨਿਰਵਿਘਨ ਲਾਂਘਾ ਦੇਣ ਲਈ ਫੌਰੀ ਕਦਮ ਚੁੱਕੇ ਤਾਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਜੁੜੇ ਇਸ ਸਥਾਨ 'ਤੇ ਨਾਨਕ ਨਾਮ ਲੇਵਾ ਸੰਗਤਾਂ ਬਿਨਾਂ ਰੋਕ-ਟੋਕ ਦਰਸ਼ਨ ਕਰ ਸਕਣ। ਸਾਰੀਆਂ ਪ੍ਰਮੁੱਖ ਪਾਰਟੀਆਂ ਦੇ ਆਗੂਆਂ ਨੇ ਇਸ ਮਤੇ ਦਾ ਸਮਰਥਨ ਕੀਤਾ। ਜ਼ਿਕਰਯੋਗ ਹੈ ਕਿ ਅਮਰੀਕਾ ਸਥਿਤ ਇਕ ਸੰਸਥਾ 'ਤੇਰੀ ਸਿੱਖੀ' ਇਸ ਲਾਂਘੇ ਨੂੰ ਖੁਲ੍ਹਵਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ ਅਤੇ ਉਸ ਨੇ ਪ੍ਰਾਪਤ ਕੀਤੀ ਜਾਣ ਵਾਲੀ ਜ਼ਮੀਨ ਆਦਿ ਦਾ ਖਰਚਾ ਦੇਣ ਦੀ ਵੀ ਪੇਸ਼ਕਸ਼ ਕੀਤੀ ਹੈ।

ਸਦਨ ਨੇ ਇਕ ਹੋਰ ਮਤਾ ਪਾਸ ਕਰਕੇ ਕੇਂਦਰ ਸਰਕਾਰ ਵਲੋਂ ਨੈਸ਼ਨਲ ਕਮਿਸ਼ਨ ਫਾਰ ਹਾਇਰ ਐਜੂਕੇਸ਼ਨ ਐਂਡ ਰਿਸਰਚ ਬਿੱਲ 2010 ਲੋਕ ਸਭਾ ਵਿਚ ਪਾਸ ਕਰਵਾਏ ਜਾਣ ਦਾ ਵਿਰੋਧ ਕੀਤਾ ਤੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਰਾਜਾਂ ਵਿਚ ਸਥਾਪਿਤ ਯੂਨੀਵਰਸਿਟੀਆਂ ਦਾ ਕੰਟਰੋਲ ਇਸ ਐਕਟ ਰਾਹੀਂ ਸਿੱਧਾ ਆਪਣੇ ਅਧਿਕਾਰ ਖੇਤਰ ਹੇਠ ਲੈਣਾ ਚਾਹੁੰਦੀ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

ਇਸ ਤੋਂ ਇਲਾਵਾ ਸਦਨ ਵਲੋਂ ਪੰਜਾਬ ਮਨੋਰੰਜਨ ਕਰ ਸੋਧ ਬਿੱਲ, ਭਾਰਤੀ ਡੰਡਾਵਲੀ ਸੋਧ ਬਿੱਲ 2010 ਤੇ ਜ਼ਾਬਤਾ ਫੌਜਦਾਰੀ ਬਿੱਲ ਤੇ ਪੰਜਾਬ ਜਨਤਕ ਤੇ ਨਿੱਜੀ ਸੰਪਤੀ ਦੇ ਨੁਕਸਾਨ ਰੋਕਣ ਲਈ ਬਿੱਲ ਤੋਂ ਇਲਾਵਾ ਪੰਜਾਬ ਮਨੁੱਖੀ ਤਸਕਰੀ ਰੋਕੂ ਬਿੱਲ ਨੂੰ ਵੀ ਸਦਨ ਨੇ ਪ੍ਰਵਾਨਗੀ ਦਿੱਤੀ।

ਸਦਨ ਨੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਇਕ ਸਵਾਲ 'ਤੇ ਬਹਿਸ ਦੌਰਾਨ ਮੁੱਖ ਮੰਤਰੀ ਦੀ ਤਜਵੀਜ਼ ਨੂੰ ਮੁੱਖ ਰੱਖ ਕੇ ਉਨ੍ਹਾਂ ਫਸਲਾਂ ਲਈ ਮੁਆਵਜ਼ਾ 15 ਹਜ਼ਾਰ ਦੇਣ ਦੀ ਮੰਗ ਦੇ ਹੱਕ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਜਿਥੇ ਫਸਲ ਦੀ ਦੁਬਾਰਾ ਬਿਜਾਈ ਨਹੀਂ ਹੋ ਸਕੀ ਤੇ ਨੁਕਸਾਨ 75 ਫੀਸਦੀ ਤੋਂ ਵੱਧ ਹੋਇਆ ਹੋਵੇ। ਮੁੱਖ ਮੰਤਰੀ ਦੀ ਤਜਵੀਜ਼ 'ਤੇ ਸਦਨ ਨੇ ਰਾਜ ਦੇ ਹੰਗਾਮੀ ਰਾਹਤ ਫੰਡ ਵਿਚੋਂ ਹੜ੍ਹ ਰੋਕੂ ਪ੍ਰਬੰਧਾਂ ਲਈ ਇਕ ਵਾਰ 20 ਪ੍ਰਤੀਸ਼ਤ ਅਤੇ ਹਰ ਸਾਲ 10 ਪ੍ਰਤੀਸ਼ਤ ਪੈਸਾ ਜਾਰੀ ਕੀਤੇ ਜਾਣ ਦੀ ਵੀ ਮੰਗ ਕੀਤੀ।

ਸਦਨ ਵਿਚ ਵਿਧਾਨਕਾਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਸਬੰਧੀ ਬਿੱਲ ਨੂੰ ਲੈ ਕੇ ਤਿੱਖੀ ਬਹਿਸ ਹੋਈ। ਕਾਂਗਰਸ ਦੇ ਮੱਖਣ ਸਿੰਘ ਨੇ ਕਿਹਾ ਕਿ ਜਦੋਂ ਮੰਤਰੀ ਜਾਂ ਮੁੱਖ ਮੰਤਰੀ ਲਈ ਯੋਗਤਾ ਕੇਵਲ ਵਿਧਾਨਕਾਰ ਹੋਣ ਦੀ ਹੈ ਤਾਂ ਫਿਰ ਵਿਧਾਨਕਾਰਾਂ ਤੇ ਮੁੱਖ ਮੰਤਰੀ ਦੀਆਂ ਤਨਖਾਹਾਂ ਵਿਚ 5 ਗੁਣਾ ਫਰਕ ਕਿਉਂ ਹੈ। ਬਿੱਲ ਅਨੁਸਾਰ ਵਿਧਾਨਕਾਰ ਨੂੰ 10 ਹਜ਼ਾਰ ਪ੍ਰਤੀ ਮਹੀਨਾ ਦੀ ਤਨਖਾਹ ਦਿੱਤੀ ਗਈ ਹੈ ਜਦ ਕਿ ਮੁੱਖ ਮੰਤਰੀ ਦੀ ਤਨਖਾਹ 50 ਹਜ਼ਾਰ ਰੁਪਏ ਹੈ। ਅਕਾਲੀ ਦਲ ਦੇ ਵਿਧਾਨਕਾਰਾਂ ਜਗਬੀਰ ਸਿੰਘ ਬਰਾੜ ਤੇ ਸਰਬਜੀਤ ਸਿੰਘ ਮੱਕੜ ਨੇ ਵੀ ਇਸ ਮੁੱਦੇ 'ਤੇ ਉਠ ਕੇ ਵਿਧਾਨਕਾਰਾਂ ਦੀ ਮੰਗ ਦਾ ਸਾਥ ਦਿੱਤਾ। ਇਥੇ ਜ਼ਿਕਰਯੋਗ ਹੈ ਕਿ ਪਾਰਲੀਮੈਂਟ 'ਚ ਵੀ ਸਾਰੇ ਸੰਸਦ ਮੈਂਬਰ ਆਪਣੀਆਂ ਤਨਖਾਹਾਂ ਵਧਾਉਣ ਦੇ ਮੁੱਦੇ 'ਤੇ ਇਕਮਿਕ ਸਨ। ਬੀਬੀ ਰਾਜਿੰਦਰ ਕੌਰ ਭੱਠਲ ਨੇ ਵੀ ਵਿਧਾਨਕਾਰਾਂ ਦੀ ਇਸ ਮੰਗ ਦਾ ਸਮਰਥਨ ਕੀਤਾ। ਬਾਅਦ ਵਿਚ ਮੁੱਖ ਮੰਤਰੀ ਸ. ਬਾਦਲ ਦੇ ਦਖਲ 'ਤੇ ਵਿਧਾਨਕਾਰਾਂ ਦੀ ਤਨਖਾਹ 10 ਹਜ਼ਾਰ ਤੋਂ ਵਧਾ ਕੇ 15 ਹਜ਼ਾਰ ਕਰ ਦਿੱਤੀ ਗਈ। ਸਦਨ ਵਲੋਂ ਮੰਤਰੀਆਂ, ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਮੈਂਬਰਾਂ ਦੀਆਂ ਪੈਨਸ਼ਨਾਂ ਆਦਿ ਸਬੰਧੀ ਵੀ ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਗਈ। ਸਦਨ ਵਿਚ ਪਾਸ ਕੀਤੇ ਗਏ ਬਿੱਲਾਂ ਵਿਚ ਪੰਜਾਬ ਮੈਡੀਕਲ (ਰਜਿਸਟੇਸ਼ਨ) ਸੋਧ ਬਿੱਲ 2010, ਪੰਜਾਬ ਜ਼ਰਾਇਤੀ ਪੈਦਾਵਾਰ ਮੰਡੀਕਰਨ (ਸੋਧ ਅਤੇ ਵੈਧਤਾ) ਬਿੱਲ 2010, ਪੰਜਾਬ ਮੁੱਲ ਆਧਾਰਿਤ ਕਰ (ਤੀਜੀ ਸੋਧ) ਆਰਡੀਨੈਂਸ 2010, ਪੰਜਾਬ ਮੁੱਲ ਆਧਾਰਿਤ ਕਰ (ਚੌਥੀ ਸੋਧ) ਬਿੱਲ 2010 (ਆਰਡੀਨੈਂਸ ਦੀ ਥਾਂ ਲੈਣ ਲਈ), ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਦੂਜੀ ਬਿੱਲ 2010 ਸ਼ਾਮਿਲ ਹਨ।

ਕਾਂਗਰਸ ਨੇ ਸੈਸ਼ਨ ਦੇ ਅਖੀਰ ਵਿਚ ਆਰਡੀਨੈਂਸ ਦੀ ਥਾਂ ਲੈਣ ਲਈ ਪੇਸ਼ ਕੀਤੇ 'ਪੰਜਾਬ ਸਪੈਸ਼ਲ ਸਕਿਉਰਿਟੀ ਗਰੁੱਪ ਬਿੱਲ-2010' ਦੇ ਵਿਰੋਧ ਵਿਚ ਸਦਨ ਵਿਚੋਂ ਵਾਕਆਊਟ ਕਰ ਦਿੱਤਾ। ਇਸ ਬਿੱਲ ਤਹਿਤ ਪੰਜਾਬ ਪੁਲਿਸ ਫੋਰਸ ਵਿਚੋਂ ਹੀ ਕੁਝ ਟਰੇਂਡ ਜਵਾਨਾਂ ਨੂੰ ਲੈ ਕੇ ਸਪੈਸ਼ਲ ਪੁਲਿਸ ਫੋਰਸ ਕਾਇਮ ਕਰਨ ਦੀ ਤਜਵੀਜ਼ ਹੈ ਜਿਸ ਨੂੰ ਵੀ.ਆਈ.ਪੀ ਸੁਰੱਖਿਆ ਲਈ ਵਰਤਿਆ ਜਾਣਾ ਹੈ। ਇਸ ਫੋਰਸ ਦੇ ਜਵਾਨਾਂ ਨੂੰ ਵੱਧ ਪੁਲਿਸ ਸ਼ਕਤੀਆਂ ਮਿਲ ਜਾਣਗੀਆਂ ਅਤੇ ਉਹ ਦਹਿਸ਼ਤਗਰਦੀ ਹਮਲਿਆਂ ਜਾਂ ਕਿਸੇ ਅਣਸੁਖਾਵੀਂ ਘਟਨਾ ਮੌਕੇ ਖੁਦ ਹੀ ਫੈਸਲਾ ਲੈ ਸਕਣਗੇ ਤੇ ਉਨ੍ਹਾਂ ਨੂੰ ਆਪਣੇ ਸੀਨੀਅਰ ਅਧਿਕਾਰੀਆਂ ਤੋਂ ਵੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੋਵੇਗੀ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਇਸ ਬਿੱਲ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਇਕ ਸ਼ਾਂਤ ਸੂਬਾ ਹੈ, ਇਸ ਲਈ ਇਥੇ ਸਪੈਸ਼ਲ ਸਕਿਉਰਿਟੀ ਗਰੁੱਪ ਬਣਾਉਣ ਦੀ ਕੋਈ ਲੋੜ ਨਹੀਂ। ਪੰਜਾਬ ਪੁਲਿਸ ਕੋਲ ਪਹਿਲਾਂ ਹੀ ਬਹੁਤ ਸ਼ਕਤੀਆਂ ਹਨ ਅਤੇ ਇਸ ਬਿੱਲ ਦੇ ਪਾਸ ਹੋਣ ਨਾਲ ਪੁਲਿਸ ਫੋਰਸ ਹੋਰ ਤਾਕਤਵਰ ਹੋ ਜਾਵੇਗੀ, ਜੋ ਲੋਕਾਂ ਦੇ ਹਿੱਤਾਂ ਵਿਚ ਨਹੀਂ। ਕਾਂਗਰਸੀ ਵਿਧਾਇਕ ਇਸ ਬਿਲ ਦੇ ਵਿਰੋਧ ਵਿਚ ਖੜ੍ਹੇ ਹੋ ਗਏ ਅਤੇ ਨਾਅਰੇਬਾਜ਼ੀ ਕਰਦੇ ਹੋਏ ਸਦਨ ਵਿਚੋਂ ਵਾਕਆਊਟ ਕਰ ਗਏ।

ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੀ ਖਾਸ ਗੱਲ ਇਹ ਰਹੀ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੋ ਸਾਲ ਬਾਅਦ ਸੁਪਰੀਮ ਕੋਰਟ ਵਲੋਂ ਆਪਣੀ ਵਿਧਾਨਕਾਰ ਵਜੋਂ ਬਹਾਲੀ ਪਿਛੋਂ ਪਹੁੰਚੇ। ਭ੍ਰਿਸ਼ਟਾਚਾਰ ਦੇ ਮਾਮਲੇ 'ਚ ਉਨ੍ਹਾਂ ਦੀ ਵਿਧਾਨ ਸਭਾ ਦੀ ਮੈਂਬਰੀ ਰੱਦ ਕਰ ਦਿੱਤੀ ਗਈ ਸੀ। ਪਹਿਲੀ ਵਾਰ ਸਦਨ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਆਹਮਣਾ-ਸਾਹਮਣਾ ਹੋਇਆ ਕਿਉਂਕਿ ਸੁਖਬੀਰ ਬਾਦਲ, ਅਮਰਿੰਦਰ ਸਿੰਘ ਦੀ ਗੈਰ ਮੌਜੂਦਗੀ ਵਿਚ ਵਿਧਾਇਕ ਅਤੇ ਉਪ ਮੁੱਖ ਮੰਤਰੀ ਬਣੇ ਸਨ। ਕੈਪਟਨ ਅਮਰਿੰਦਰ ਸਿੰਘ ਦੀ ਸਦਨ 'ਚ ਭੂਮਿਕਾ ਵੀ ਮਿਲੀ-ਜੁਲੀ ਹੀ ਰਹੀ। ਉਨ੍ਹਾਂ ਨੇ ਅਰਥ ਵਿਵਸਥਾ ਸਬੰਧੀ ਰੱਖੇ ਪ੍ਰਸਤਾਵ 'ਤੇ ਸਰਕਾਰ ਦੀ ਖਿਚਾਈ ਨਹੀਂ ਕੀਤੀ ਅਤੇ ਨਾ ਹੀ ਕੋਈ ਤਲਖ ਟਿੱਪਣੀ ਹੀ ਕੀਤੀ ਬਲਕਿ ਸਾਰਾ ਜ਼ੋਰ ਸਰਕਾਰ ਨੂੰ ਠੋਸ ਸੁਝਾਅ ਦੇਣ 'ਤੇ ਲਾਇਆ।

ਕਾਂਗਰਸ ਦੇ ਵਿਧਾਇਕ ਰਿਪਜੀਤ ਸਿੰਘ ਬਰਾੜ ਅਤੇ ਸੁਖਪਾਲ ਸਿੰਘ ਖਹਿਰਾ ਨਾਲ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ, ਸੁੱਚਾ ਸਿੰਘ ਲੰਗਾਹ, ਦੇਸ ਰਾਜ ਧੁੱਗਾ ਆਦਿ ਨੇ ਤਿੱਖੀ ਨੋਕ-ਝੋਕ ਕੀਤੀ ਅਤੇ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ।

ਸੈਸ਼ਨ ਦੌਰਾਨ ਮੁੱਖ ਮੰਤਰੀ ਨੇ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਦੁਆਰਾ ਰੱਖੇ ਗਏ ਸਰਕਾਰ ਦੀਆਂ ਨਾਕਾਮੀਆਂ ਸੰਬੰਧੀ ਮਤੇ ਦੇ ਜਵਾਬ 'ਚ ਆਪਣੇ ਤਰਕਾਂ ਨਾਲ ਭੱਠਲ ਸਮੇਤ ਸਮੁੱਚੇ ਕਾਂਗਰਸ ਵਿਧਾਇਕ ਦਲ ਨੂੰ ਚੁੱਪ ਕਰਾ ਦਿੱਤਾ। ਲਗਾਤਾਰ ਦੋ ਘੰਟੇ ਬੋਲਣ ਪਿਛੋਂ ਵੀ ਸ. ਬਾਦਲ ਨੇ ਕਿਹਾ ਕਿ ਉਨ੍ਹਾਂ 'ਚ ਇੰਨੀ ਸ਼ਕਤੀ ਹੈ ਕਿ 24 ਘੰਟੇ ਖੜੇ ਹੋ ਕੇ ਬੋਲ ਸਕਦੇ ਹਨ। ਉਨ੍ਹਾਂ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦੇ ਹੋਏ ਸਾਬਕਾ ਕਾਂਗਰਸ ਸਰਕਾਰ ਅਤੇ ਕੇਂਦਰ ਦੀ ਕਾਂਗਰਸ ਆਧਾਰਤ ਯੂ.ਪੀ.ਏ. ਸਰਕਾਰ 'ਤੇ ਤਿੱਖੇ ਨਿਸ਼ਾਨੇ ਵਿੰਨ੍ਹੇ।

# ਪੰਜਾਬ ਦੇ ਕਰਜ਼ੇ ਬਾਰੇ ਮਨਪ੍ਰੀਤ ਦੀਆਂ ਟਿੱਪਣੀਆਂ ਕਾਰਨ ਸੱਤਾਧਾਰੀ ਧਿਰ ਵਿਚ ਹਿਲਜੁੱਲ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਸਬਸਿਡੀਆਂ ਤੇ ਸਰਕਾਰੀ ਨੀਤੀਆਂ ਬਾਰੇ ਕੀਤੀਆਂ ਟਿੱਪਣੀਆਂ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਮਨੋਰੰਜਨ ਕਾਲੀਆ ਨੇ ਤਾਂ ਖੁੱਲ੍ਹ ਕੇ ਆਖ ਦਿੱਤਾ ਹੈ ਕਿ ਵਿੱਤ ਮੰਤਰੀ ਨੇ ਆਪਣੇ ਮਤਭੇਦਾਂ ਦਾ ਪ੍ਰਗਟਾਵਾ ਸ਼ਰ੍ਹੇਆਮ ਕਰਕੇ ਆਪਣੀ ਸਾਂਝੀ ਜ਼ਿੰਮੇਵਾਰੀ ਦੀ ਮਰਿਯਾਦਾ ਨਹੀਂ ਨਿਭਾਈ।

ਭਾਵੇਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕੰਮ ਕਰਨ ਦੇ ਢੰਗ 'ਤੇ ਕਿੰਤੂ ਕੀਤਾ ਹੈ ਪਰ ਇਸ ਤੋਂ ਪਹਿਲਾਂ ਵੀ ਕਈ ਮੌਕਿਆਂ 'ਤੇ ਵਿੱਤ ਮੰਤਰੀ ਆਪਣੀ ਵੱਖਰੀ ਸੁਰ ਲਈ ਚਰਚਿਤ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਹਾਕਮ ਧਿਰ ਦੀ ਲਕਸ਼ਮਣ ਰੇਖਾ ਦੇ ਅੰਦਰ ਹੀ ਉਨ੍ਹਾਂ ਦੀ ਗੱਲ ਵੀ ਸਿਮਟ ਕੇ ਰਹਿ ਜਾਂਦੀ ਰਹੀ ਹੈ। ਅਸਲ ਵਿਚ ਪਿਛਲੇ ਹਫਤੇ ਵਿਧਾਨ ਸਭਾ ਦੇ ਸੈਸ਼ਨ ਵਿਚ ਹੀ ਵਿੱਤ ਮੰਤਰੀ ਨੇ ਆਪਣੀ ਗੱਲ ਦਾ ਮੁੱਢ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਕੇਂਦਰ ਪੰਜਾਬ ਦਾ 71000 ਕਰੋੜ ਰੁਪਏ ਦਾ ਬੋਝ ਹਲਕਾ ਕਰਨ ਲਈ ਤਿਆਰ ਹੈ ਪਰ ਇਸ ਲਈ ਕੇਂਦਰ ਦੀਆਂ ਕੁਝ ਸ਼ਰਤਾਂ ਹਨ। ਇਸ ਲਈ ਪੰਜਾਬ ਨੂੰ ਸਬਸਿਡੀਆਂ ਘਟਾਉਣੀਆਂ ਪੈਣਗੀਆਂ ਅਤੇ ਹਾਉਸ ਟੈਕਸ ਵਰਗੇ ਕੁਝ ਟੈਕਸ ਲਾਉਣੇ ਪੈਣਗੇ। ਉਨ੍ਹਾਂ ਨੇ ਪੰਜਾਬ ਦੇ ਭਲੇ ਲਈ ਰਾਜ ਦੀਆਂ ਸਾਰੀਆਂ ਧਿਰਾਂ ਨੂੰ ਇਕ ਮੰਚ 'ਤੇ ਇਕੱਠਾ ਹੋਣ ਦਾ ਸੱਦਾ ਵੀ ਦਿੱਤਾ ਸੀ। ਇਸ ਮੌਕੇ ਰਾਜ ਦੀ ਵਿਰੋਧੀ ਧਿਰ ਨੇ ਉਸ ਦੀ ਹਮਾਇਤ ਤਾਂ ਨਹੀਂ ਕੀਤੀ ਸੀ ਪਰ ਕੇਂਦਰ ਦੀ ਨੀਤੀ 'ਤੇ ਵਿਰੋਧੀ ਧਿਰ ਨੇ ਮੇਜ਼ ਜ਼ਰੂਰ ਥਪਥਪਾਏ ਸਨ।

ਹਾਕਮ ਧਿਰ ਦੇ ਕਈ ਮੰਤਰੀ ਅਤੇ ਵਿਧਾਇਕ ਇਸ ਮੁੱਦੇ 'ਤੇ ਕੁਝ ਕਹਿਣ ਲਈ ਤਿਆਰ ਨਹੀਂ ਹਨ ਪਰ ਨਿੱਜੀ ਗੱਲਬਾਤ ਦੌਰਾਨ ਬਹੁਤਿਆਂ ਦਾ ਕਹਿਣਾ ਹੈ ਕਿ ਰਾਜ ਨੂੰ ਵਿਕਾਸ ਦੇ ਪੈਰਾਂ 'ਤੇ ਖੜ੍ਹਾ ਕਰਨ ਅਤੇ ਆਰਥਿਕ ਖੜੋਤ ਵਿਚੋਂ ਕੱਢਣ ਲਈ ਸਬਸਿਡੀਆਂ ਘਟਾਏ ਬਗੈਰ ਗੁਜ਼ਾਰਾ ਨਹੀਂ ਹੈ। ਇਹ ਧਿਰਾਂ ਇਹ ਵੀ ਮੰਨਦੀਆਂ ਹਨ ਕਿ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਇਸ ਖੇਤਰ ਵਿਚ ਕੋਈ ਵੱਡੇ ਫੈਸਲੇ ਲੈਣੇ ਸਿਆਸੀ ਤੌਰ 'ਤੇ ਫਾਇਦੇਮੰਦ ਨਹੀਂ ਰਹਿਣਗੇ। ਕੈਬਨਿਟ ਮੰਤਰੀ ਸ੍ਰੀ ਕਾਲੀਆ ਦਾ ਕਹਿਣਾ ਹੈ ਕਿ ਵਿੱਤ ਮੰਤਰੀ ਨੇ ਸ਼ਰ੍ਹੇਆਮ ਬਿਆਨ ਦੇ ਕੇ ਆਪਣੀ ਸਾਂਝੀ ਜ਼ਿੰਮੇਵਾਰੀ ਪ੍ਰਤੀ ਗੈਰ ਸੰਜੀਦਗੀ ਦਿਖਾਈ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਮੰਤਰੀ ਮੰਡਲ ਦੀ ਮੀਟਿੰਗ ਵਿਚ ਗੈਰ-ਰਸਮੀ ਤੌਰ 'ਤੇ ਵਿਚਾਰਿਆ ਜਾ ਚੁੱਕਾ ਹੈ। ਇਸ ਲਈ ਪ੍ਰੈਸ ਵਿਚ ਜਾਣ ਦੀ ਲੋੜ ਨਹੀਂ ਸੀ। ਸ੍ਰੀ ਕਾਲੀਆ ਨੇ ਵਿੱਤ ਮੰਤਰੀ ਵਲੋਂ ਸੁਖਬੀਰ-ਕਾਲੀਆ ਕਮੇਟੀ ਦੀ ਟਿੱਪਣੀ ਦਾ ਵੀ ਬੁਰਾ ਮਨਾਇਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂਤ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਲੱਛਰ ਭਰਾਵਾਂ ਵਲੋਂ ਆਈ ਆਰ ਐਸ ਅਫਸਰ ਨੂੰ ਰਿਸ਼ਵਤ ਦੇਣ ਦੇ ਮਾਮਲੇ ਵਿਚ ਇਕਬਾਲ-ਏ-ਜੁਰਮ

**ਫਰਿਜ਼ਨੋ:** ਲਾਸ ਬੈਨੋਸ ਦੀ ਇਕ ਟਰੱਕਿੰਗ ਕੰਪਨੀ ਲੱਛਰ ਬ੍ਰਦਰਜ਼ ਟਰੱਕਿੰਗ ਕੰਪਨੀ ਦੇ ਮਾਲਕ ਲੱਛਰ ਭਰਾਵਾਂ ਨੇ ਲੰਘੇ ਸੋਮਵਾਰ ਇਥੇ ਜ਼ਿਲਾ ਜੱਜ ਐਂਥਨੀ ਡਬਲਿਊ ਈਸ਼ੀ ਦੀ ਅਦਾਲਤ ਵਿਚ ਟੈਕਸਾਂ ਦੀ ਅਦਾਇਗੀ ਤੋਂ ਬਚਣ ਲਈ ਇਕ ਆਈ ਆਰ ਐਸ ਅਫਸਰ ਨੂੰ ਰਿਸ਼ਵਤ ਦੇਣ ਦਾ ਯਤਨ ਕਰਨ ਦੇ ਦੋਸ਼ ਦਾ ਇਕਬਾਲ ਕੀਤਾ ਹੈ।

ਫੈਡਰਲ ਅਟਾਰਨੀ ਬੈਂਜਾਮਿਨ ਬੀ ਵੈਗਨਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸੇ ਆਈ ਆਰ ਐਸ ਅਫਸਰ ਨੂੰ ਰਿਸ਼ਵਤ ਦੇਣ ਦਾ ਇਹ ਸਭ ਤੋਂ ਵੱਡਾ ਕੇਸ ਹੈ। 53 ਸਾਲਾ ਕੁਲਵੰਤ ਸਿੰਘ ਲੱਛਰ ਨੇ ਇਕਬਾਲ-ਏ-ਜੁਰਮ ਕਰਦਿਆਂ ਮੰਨਿਆ ਕਿ ਉਸ ਨੇ ਇੰਪਲਾਈ ਵਿਦਹੋਲਡਿੰਗ ਟੈਕਸ, ਸੋਸ਼ਲ ਸਕਿਉਰਿਟੀ ਅਤੇ ਮੈਡੀਕੇਅਰ ਪੇਰੋਲ ਜਾਂ ਇੰਪਲਾਈ ਟੈਕਸ ਅਦਾ ਕਰਨ ਵਿਚ ਅਸਫਲ ਰਹਿਣ ਪਿਛੋਂ ਟੈਕਸ ਅਦਾਇਗੀ ਤੋਂ ਬਚਣ ਲਈ ਇਕ ਆਈ ਆਰ ਐਸ ਅਫਸਰ ਨੂੰ ਰਿਸ਼ਵਤ ਦੇਣ ਦੀ ਸਾਜ਼ਿਸ਼ ਰਚੀ। ਕੁਲਵੰਤ ਸਿੰਘ ਲੱਛਰ ਨੇ ਇਹ ਵੀ ਮੰਨਿਆ ਕਿ ਅਕਤੂਬਰ 2007 ਨੂੰ ਲੱਛਰ ਬ੍ਰਦਰਜ਼ ਟਰੱਕਿੰਗ ਕੰਪਨੀ ਨੂੰ ਟੈਕਸਾਂ ਦੀ ਅਦਾਇਗੀ ਤੋਂ ਬਚਾਉਣ ਲਈ ਇਕ ਆਈ ਆਰ ਐਸ ਅਫਸਰ ਨੂੰ ਰਿਸ਼ਵਤ ਦੇਣ ਦੀ ਸਕੀਮ ਘੜੀ।

ਦੋਹਾਂ ਲੱਛਰ ਭਰਾਵਾਂ-ਤਰਲੋਚਨ ਸਿੰਘ ਅਤੇ ਕੁਲਵੰਤ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕਰਦਿਆਂ ਮੰਨਿਆ ਕਿ ਰਿਸ਼ਵਤਖੋਰੀ ਦੇ ਯਤਨ ਤੋਂ ਪਹਿਲਾਂ ਲੱਛਰ ਬ੍ਰਦਰਜ਼ ਟਰੱਕਿੰਗ ਕੰਪਨੀ ਨੇ ਪੇਰੋਲ ਟੈਕਸਾਂ, ਜੁਰਮਾਨਿਆਂ ਅਤੇ ਵਿਆਜ ਦੇ ਰੂਪ ਵਿਚ 24 ਲੱਖ ਡਾਲਰ ਦਾ ਬਕਾਇਆ ਦੇਣਾ ਸੀ। ਜਿਥੋਂ ਤੱਕ ਰਿਸ਼ਵਤ ਦੇਣ ਦਾ ਮਾਮਲਾ ਹੈ, ਕੁਲਵੰਤ ਸਿੰਘ ਲੱਛਰ ਨੇ ਮੰਨਿਆ ਕਿ ਉਸ ਨੇ 24 ਲੱਖ ਡਾਲਰ ਦੇ ਟੈਕਸ ਬਕਾਏ ਦੇਣ ਤੋਂ ਬਚਣ ਲਈ ਇਕ ਅੰਡਰ ਕਵਰ ਆਈ ਆਰ ਐਸ ਅਫਸਰ ਨੂੰ 6 ਲੱਖ ਡਾਲਰ ਨਕਦ ਦੇਣ ਦੀ ਪੇਸ਼ਕਸ਼ ਕੀਤੀ। ਕੁਲਵੰਤ ਸਿੰਘ ਲੱਛਰ ਆਈ ਆਰ ਐਸ ਅਫਸਰ ਨੂੰ ਇਕ ਰੈਸਟੋਰੈਂਟ ਅਤੇ ਗੈਸ ਸਟੇਸ਼ਨ 'ਤੇ ਮਿਲਿਆ ਅਤੇ ਉਸ ਨੂੰ 56,500 ਨਕਦ ਦਿੱਤੇ ਅਤੇ ਉਸ ਨੂੰ 2003 ਮਾਡਲ ਦੀ ਇਕ ਬੀ ਐਮ ਡਬਲਿਊ 745 ਐਲ ਤੋਂ ਇਲਾਵਾ ਲਾਸ ਬੈਨੋਸ ਵਿਚ ਆਪਣੇ ਘਰ ਦੇ ਕੁਇਟ ਕਲੇਮ ਦਸਤਾਵੇਜ਼ ਵੀ ਦਿੱਤੇ।

ਇਸਤਗਾਸਾ ਪੱਖ ਅਨੁਸਾਰ ਰੈਵਨਿਊ ਅਫਸਰ ਨੂੰ ਬੀ ਐਮ ਡਬਲਿਊ ਦੀਆਂ ਚਾਬੀਆਂ ਦੇਣ ਦੇ ਤੁਰਤ ਪਿਛੋਂ ਕੁਲਵੰਤ ਸਿੰਘ ਲੱਛਰ ਨੇ ਫਰਿਜ਼ਨੋ ਦੀ ਇਕ ਬੀ ਐਮ ਡਬਲਿਊ ਕੰਪਨੀ ਨੂੰ ਫੋਨ ਕੀਤਾ ਅਤੇ ਕਿਹਾ ਕਿ ਉਸ ਨੂੰ ਰਾਈਡ ਦਿੱਤੀ ਜਾਵੇ ਕਿਉਂਕਿ ਉਹ ਇਕ ਨਵੀਂ ਬੀ ਐਮ ਡਬਲਿਊ ਖਰੀਦਣੀ ਚਾਹੁੰਦਾ ਹੈ। ਉਸੇ ਦਿਨ ਉਸ ਨੇ 95 ਹਜ਼ਾਰ ਡਾਲਰ ਦੀ 745 ਬੀ ਐਮ ਡਬਲਿਊ ਖਰੀਦੀ।

ਲੱਛਰ ਭਰਾਵਾਂ ਨੂੰ ਸਜ਼ਾ ਆਉਂਦੀ 13 ਦਸੰਬਰ ਨੂੰ ਸਵੇਰੇ ਨੌਂ ਵਜੇ ਸੁਣਾਈ ਜਾਣੀ ਹੈ। ਜੱਜ ਈਸ਼ੀ ਨੇ ਕੁਲਵੰਤ ਸਿੰਘ ਲੱਛਰ ਨੂੰ ਫਰਾਰ ਹੋਣ ਦਾ ਜੋਖਿਮ ਦੱਸਦਿਆਂ ਤੁਰਤ ਹਿਰਾਸਤ ਵਿਚ ਭੇਜ ਦਿੱਤਾ। ਕੁਲਵੰਤ ਸਿੰਘ ਲੱਛਰ ਨੂੰ ਵੱਧ ਤੋਂ ਵੱਧ 15 ਸਾਲ ਦੀ ਕੈਦ ਅਤੇ ਵੱਧ ਤੋਂ ਵੱਧ ਢਾਈ ਲੱਖ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਤਰਲੋਚਨ ਸਿੰਘ ਲੱਛਰ ਨੂੰ ਵੱਧ ਤੋਂ ਵੱਧ 5 ਸਾਲ ਦੀ ਕੈਦ ਅਤੇ 10 ਹਜ਼ਾਰ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਲੱਛਰ ਭਰਾ ਦੇਸ਼-ਵਿਦੇਸ਼ ਦੇ ਪੰਜਾਬੀ ਭਾਈਚਾਰੇ ਵਿਚ ਕਬੱਡੀ ਪ੍ਰੋਮੋਟਰਾਂ ਵਜੋਂ ਜਾਣੇ ਜਾਂਦੇ ਹਨ।

## ਗਾਇਕ ਸੁਖਵਿੰਦਰ ਪੰਛੀ ਬਾਰੇ ਗਲਤ ਅਫਵਾਹਾਂ

**ਸੈਕਰਾਮੈਂਟੋ:** ਆਪਣੇ ਗੀਤ "ਛੱਲੇ ਮੁੰਦੀਆਂ" ਨਾਲ ਮਸ਼ਹੂਰ ਹੋਏ ਲੋਕ ਗਾਇਕ ਸੁਖਵਿੰਦਰ ਪੰਛੀ ਬਾਰੇ ਕਿਸੇ ਸ਼ਰਾਰਤੀ ਨੇ ਇਹ ਅਫਵਾਹ ਫੈਲਾ ਦਿੱਤੀ ਕਿ ਉਸ ਨੂੰ ਅਮਰੀਕਾ ਵਿਚ ਕਿਸੇ ਨੇ ਗੋਲੀ ਮਾਰ ਦਿੱਤੀ। ਇਹ ਪਤਾ ਲੱਗਦਿਆਂ ਹੀ ਪੰਛੀ ਦੇ ਮਿੱਤਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਵਿਚ ਚਿੰਤਾ ਦੀ ਲਹਿਰ ਦੌੜ ਗਈ। ਪੰਛੀ ਨੂੰ ਵੀ ਸੋਮਵਾਰ ਰਾਤ ਤੋਂ ਮੰਗਲਵਾਰ ਸ਼ਾਮ ਤੱਕ ਸੈਂਕੜੇ ਕਾਲਾਂ ਆ ਚੁੱਕੀਆਂ ਸਨ।



ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਪੰਛੀ ਨੇ ਕਿਹਾ ਕਿ ਰੱਬ ਦੀ ਮਿਹਰ ਨਾਲ ਉਹ ਚੰਗਾ ਭਲਾ ਹੈ ਅਤੇ ਕਿਸੇ ਸ਼ਰਾਰਤੀ ਨੇ ਇਹ ਅਫਵਾਹ ਫੈਲਾਈ ਹੋ ਸਕਦੀ ਹੈ। ਉਸ ਨਾਲ ਸੰਪਰਕ ਫੋਨ 916-667-1466 'ਤੇ ਕੀਤਾ ਜਾ ਸਕਦਾ ਹੈ।

## ਹੇਵਰਡ 'ਚ ਹਰਭਜਨ ਮਾਨ ਦਾ ਸ਼ੋਅ 24 ਅਕਤੂਬਰ ਨੂੰ

**ਫਰੀਮਾਂਟ:** ਲੋਕ ਗਾਇਕ ਹਰਭਜਨ ਮਾਨ ਦਾ ਇਕ ਸ਼ੋਅ 'ਦੀਵਾਲੀ ਧਮਾਕਾ' ਨਾਂ ਹੇਠ ਆਉਂਦੀ 24 ਅਕਤੂਬਰ ਐਤਵਾਰ ਨੂੰ ਚਬੋਟ ਕਾਲਜ ਪਰਫਾਰਮਿੰਗ ਆਰਟਸ ਸੈਂਟਰ, ਹੇਵਰਡ ਵਿਚ ਸ਼ਾਮੀ 5 ਵਜੇ ਤੋਂ ਹੋਵੇਗਾ।

ਪਰਮੋਟਰ ਪੀ ਬੀ ਏ ਅਤੇ ਜੱਜ ਰੰਧਾਵਾ ਵਲੋਂ ਪੇਸ਼ ਕੀਤੇ ਜਾ ਰਹੇ ਇਸ ਪ੍ਰੋਗਰਾਮ ਲਈ ਟਿਕਟ 25, 35, 45 ਡਾਲਰ ਅਤੇ ਵੀ ਆਈ ਪੀ ਰਖੀ ਗਈ ਹੈ। ਸ਼ੋਅ ਪਰਮੋਟਰ ਜੱਜ ਰੰਧਾਵਾ ਨੇ ਦੱਸਿਆ ਕਿ 4 ਘੰਟਿਆਂ ਦੇ ਇਸ ਪ੍ਰੋਗਰਾਮ ਦੌਰਾਨ ਭੰਗੜਾ, ਗਿੱਧਾ ਅਤੇ ਕਾਮੇਡੀ ਨਾਲ ਵੀ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾਏਗਾ। ਹੋਰ ਜਾਣਕਾਰੀ ਫੋਨ 510-366-1457 ਤੋਂ ਹਾਸਲ ਕੀਤੀ ਜਾ ਸਕਦੀ ਹੈ।


ਮੋਗਾ ਨੇੜੇ ਜ਼ਮੀਨ ਅਤੇ ਕੋਠੀ
ਵਿਕਾਊ ਹੈ
ਪੱਕੀ ਸੜਕ ਉਤੇ 10½ ਕਿੱਲੇ ਜ਼ਮੀਨ, ਮੱਛੀ ਮੋਟਰ, ਵੱਖਰਾ ਟਰਾਂਸਫਾਰਮਰ, ਜਨਰੇਟਰ, 8 ਕਮਰਿਆਂ ਦੀ ਕੋਠੀ, ਸਵਿਮਿੰਗ ਪੂਲ, 2 ਸਰਵੈਂਟ ਕੁਆਟਰ ਵਿਕਾਊ ਹਨ।
ਵਧੇਰੇ ਜਾਣਕਾਰੀ ਲਈ ਫੋਨ ਕਰੋ:281-528-4066



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*



**Job Offer in Vega, TX**
**We need a Cashier and Diesel mechanic for truck stop in Vega, TX**
*First preference to a family.*
*We offer good pay and free to live in 3 bedroom brand new home, walking distance from the work.*
*Please contact:*
**Kulwant Sidhu 806-678-3832**



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
*National Truck Driving School*

Call For Special Price
Kashmir S. Thandi
Office: (866) 933-3038
Balhar S. Ranu
Cell:916-502-7733
4585 Pell Dr. Secramento CA, 95838



**Real Estate & Loans Under One Roof**
*Call:Sam Chahal Tel: 916-612-5773*
*For Buying and Selling Residential, Commercial property and for Loans in Sacramento area*

Sam (Sohanpreet)Chahal
CA Lic. 01504071
Realtor/Notary Public
e-mail:sam@jassigill.com
Short Sale Specialist
*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।
Reo-Bankowned Properties
Serving from Bay Area to Sacramento
We Help You Buy/Sell Business & Homes
Multi-Million Dollars Producer-2007-08
Call Master of Winners in Multiple Offers
ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।
Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਬੇਕਰਜ਼ਫੀਲਡ ’ਚ ਸੰਤ ਢਡਰੀਆਂ ਵਾਲੇ ਦੇ ਸਮਾਗਮ ਨੂੰ ਭਰਵਾਂ ਹੁੰਗਾਰਾ

ਬੇਕਰਜ਼ਫੀਲਡ (ਮਨਦੀਪ ਮਾਨ): ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਚ ਲੰਘੇ ਐਤਵਾਰ ਕਰਵਾਏ ਗਏ ਸੰਤ ਰਣਜੀਤ ਸਿੰਘ ਢਡਰੀਆਂ ਵਾਲਿਆਂ ਦੇ ਕੀਰਤਨ ਸਮਾਗਮ ਵਿਚ ਸੰਗਤਾਂ ਦਾ ਲਾਮਿਸਾਲ ਇਕੱਠ ਰਿਹਾ। 3000 ਤੋਂ ਵੀ ਵੱਧ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਸੰਤ ਢਡਰੀਆਂ ਵਾਲਿਆਂ ਦੇ ਦੀਵਾਨ ਵਿਚ ਹਾਜਰੀ ਭਰੀ। ਇਥੇ ਜ਼ਿਕਰਯੋਗ ਹੈ ਕਿ ਸੰਤ ਢਡਰੀਆਂ ਵਾਲੇ ਪਿਛਲੇ ਮਹੀਨੇ ਤੋਂ ਕੈਲੀਫੋਰਨੀਆ ਦੇ ਦੌਰੇ ‘ਤੇ ਹਨ ਅਤੇ ਉਨ੍ਹਾਂ ਵਲੋਂ ਵਖ ਵਖ ਸ਼ਹਿਰਾਂ ਵਿਚ ਕੀਰਤਨ ਸਮਾਗਮ ਕੀਤੇ ਜਾ ਰਹੇ ਹਨ।

ਇਸ ਸਮਾਗਮ ਮੌਕੇ ਸੰਗਤਾਂ ਦੂਰੋਂ ਦੂਰੋਂ ਹਾਜਰੀ ਭਰਨ ਲਈ ਪਹੁੰਚੀਆਂ ਹੋਈਆਂ ਸਨ। ਲੰਗਰ ਦਾ ਬਹੁਤ ਵਧੀਆ ਪ੍ਰਬੰਧ ਸੀ ਜੋ ਸੰਗਤਾਂ ਨੇ ਬਹੁਤ ਆਰਾਮ ਨਾਲ ਬਹਿ ਕੇ ਛਕਿਆ। ਸਕਿਓਰਿਟੀ ਦਾ ਵੀ ਵਧੀਆ ਪ੍ਰਬੰਧ ਕੀਤਾ ਗਿਆ ਸੀ। ਪ੍ਰਬੰਧਕਾਂ ਨੇ ਆਈਆਂ ਸਮੂਹ ਸੰਗਤਾਂ ਦਾ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਸਹਿਯੋਗ ਵਾਸਤੇ ਧੰਨਵਾਦ ਕੀਤਾ।




*ਬੇਕਰਜ਼ਫੀਲਡ ਵਿਚ ਸੰਤ ਢੱਡਰੀਆਂ ਵਾਲਿਆਂ ਦੇ ਕੀਰਤਨ ਸਮਾਗਮ ਦੀਆਂ ਕੁਝ ਝਲਕੀਆਂ*




## ਕਸ਼ਮੀਰ ਸਿੰਘ ਸ਼ਾਹੀ ਐਲਾਮੀਡਾ ਅਪੀਲ ਬੋਰਡ ਵਿਚ ਨਿਯੁਕਤ

**ਫਰੀਮਾਂਟ:** ਸਿੱਖ ਭਾਈਚਾਰੇ ਦੇ ਉਘੇ ਪਤਵੰਤੇ ਅਤੇ ਮਾਨਵੀ ਸੇਵਾ ਜਥੇਬੰਦੀ ਯੂਨਾਈਟਡ ਸਿੱਖਸ ਦੇ ਸਰਗਰਮ ਕਾਰਕੁਨ ਸ. ਕਸ਼ਮੀਰ ਸਿੰਘ ਸ਼ਾਹੀ ਨੂੰ ਐਲਾਮੀਡਾ ਕਾਉਂਟੀ ਦੇ ਅਸੈਸਮੈਂਟ ਅਪੀਲ ਬੋਰਡ ਵਿਚ ਨਿਯੁਕਤ ਕੀਤਾ ਗਿਆ ਹੈ। ਇਸ ਅਪੀਲ ਬੋਰਡ ਵਿਚ ਤਿੰਨ ਅਫਸਰ ਹੁੰਦੇ ਹਨ ਜੋ ਟੈਕਸ ਅਸੈਸਰ ਦੇ ਫੈਸਲੇ ਵਿਰੁਧ ਅਪੀਲ ਦੀ ਸੁਣਵਾਈ ਕਰਦੇ ਹਨ।



*ਕਸ਼ਮੀਰ ਸਿੰਘ ਸ਼ਾਹੀ*

ਐਲਾਮੀਡਾ ਕਾਉਂਟੀ ਦੇ ਅਸੈਸਮੈਂਟ ਅਪੀਲ ਬੋਰਡ ਇਕ ਗੈਰ ਜੁਡੀਸ਼ਲ ਸਰਕਾਰੀ ਸੰਸਥਾ ਹੈ। ਕਾਉਂਟੀ ਅਸੈਸਰ ਕਾਉਂਟੀ ਅਧੀਨ ਆਉਂਦੇ ਮਕਾਨਾਂ ਦੀ ਅੰਦਾਜ਼ਨ ਕੀਮਤ ਤੇ ਲਾਇਆ ਜਾਣ ਵਾਲਾ ਟੈਕਸ ਨਿਰਧਾਰਤ ਕਰਦਾ ਹੈ। ਮਕਾਨ ਮਾਲਕ ਨੂੰ ਇਸ ਦੀ ਸੂਚਨਾ ਦਿਤੀ ਜਾਂਦੀ ਹੈ, ਜੋ ਇਸ ਵਿਰੁਧ ਅਪੀਲ ਕਰ ਸਕਦਾ ਹੈ। ਸ੍ਰੀ ਸ਼ਾਹੀ ਦੀ ਇਸ ਨਿਯੁਕਤੀ ਨਾਲ ਸਰਕਾਰੀ ਮਹਿਕਮਿਆਂ ਵਿਚ ਦਸਤਾਰਧਾਰੀ ਸਿੱਖਾਂ ਦੀ ਪਛਾਣ ਵਧੇਗੀ ਅਤੇ ਇਹ ਗੱਲ ਸਿੱਖ ਭਾਈਚਾਰੇ ਲਈ ਮਾਣ ਵਾਲੀ ਹੈ।

## ਇੰਡੀਅਨ ਕੌਂਸਲ ਜਨਰਲ 22 ਨੂੰ ਸੈਲਮਾ ਆਉਣਗੇ

**ਫਰਿਜ਼ਨੋ:** ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਆਉਂਦੀ 22 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸੈਲਮਾ ਵਿਖੇ ਸ਼ਾਮ 5 ਵਜੇ ਆਪਣੇ ਪੂਰੇ ਸਟਾਫ ਨਾਲ ਪਹੁੰਚ ਰਹੇ ਹਨ। ਇਸ ਮੌਕੇ ਉਹ ਪਾਸਪੋਰਟ ਅਤੇ ਵੀਜ਼ਾ ਸਬੰਧੀ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ।

ਭਾਰਤੀ ਭਾਈਚਾਰੇ ਦੇ ਜਿਨ੍ਹਾਂ ਵਿਅਕਤੀਆਂ ਨੂੰ ਪਾਸਪੋਰਟ ਅਤੇ ਵੀਜ਼ੇ ਸਬੰਧੀ ਕੋਈ ਮੁਸ਼ਕਿਲ ਦਰਪੇਸ਼ ਹੈ, ਉਹ ਲਿਖਤੀ ਰੂਪ ਵਿਚ ਪੇਸ਼ ਕਰ ਸਕਦੇ ਹਨ। ਇਸ ਦਿਨ ਸਿਰਫ ਸ਼ਿਕਾਇਤਾਂ ਹੀ ਸੁਣੀਆਂ ਜਾਣਗੀਆਂ। ਇਸ ਸਬੰਧੀ ਹੋਰ ਜਾਣਕਾਰੀ ਲਈ ਸੁਰਦਰਸ਼ਨ ਕਪੂਰ ਨਾਲ ਫੋਨ 559-425-2212 ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਮਾਨ ਦੀ “ਪੰਜਾਬ ਬਚਾਅ” ਰੈਲੀ ਸਿੱਖ ਸ਼ਿਆਸਤ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ: ਏ. ਐਸ. ਓ.

**ਨਿਊ ਯਾਰਕ:** ਅਕਾਲੀ ਦਲ (ਅਮ੍ਰਿਤਸਰ) ਦੀ “ਪੰਜਾਬ ਬਚਾਓ ਰੈਲੀ” ਨੇ ਸਿੱਖ ਸ਼ਿਆਸਤ ਦਾ ਇਕ ਨਵਾਂ ਅਧਿਆਏ ਸੂਰੁ ਕੀਤਾ ਹੈ ਜਿਸ ਨਾਲ ਵਿਦੇਸ਼ਾਂ ਵਿਚ ਵੀ ਸਿੱਖ ਕੌਮ ਦੀ ਚੜਦੀ ਕਲਾ ਲਈ ਜੂਝ ਰਹੀਆਂ ਜਥੇਬੰਦੀਆਂ ਦੇ ਹੌਂਸਲੇ ਬੁਲੰਦ ਹੋਏ ਹਨ। ਇਹ ਟਿਪਣੀ ਕਰਦਿਆਂ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਆਗੂਆਂ ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਸਰਪੰਚ, ਭਾਈ ਦਿਦਾਰ ਸਿੰਘ, ਭਾਈ ਜਸਦੇਵ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਕਰਨੈਲ ਸਿੰਘ ਹੁਸ਼ਿਆਰਪੁਰ, ਭਾਈ ਲਾਲ ਸਿੰਘ, ਐਸ.ਐਸ. ਵਿਰਕ ਅਤੇ ਚਰਨਜੀਤ ਸਿੰਘ ਸਮਰਾ ਨੇ ਇਸ ਰੈਲੀ ਨੂੰ ਕਾਮਯਾਬ ਕਰਨ ਲਈ ਸ. ਸਿਮਰਨਜੀਤ ਸਿੰਘ ਮਾਨ ਅਤੇ ਪਾਰਟੀ ਦੇ ਸਮੂੰਹ ਵਰਕਰਾਂ ਨੂੰ ਵਧਾਈ ਦਿੰਦਿਆਂ ਕੀਤੀ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਇਨ੍ਹਾਂ ਸਿੱਖ ਆਗੂਆਂ ਨੇ ਕਿਹਾ ਕਿ ਖਾਲਿਸਤਾਨ ਦੇ ਮੁੱਦੇ ਉਤੇ ਸੱਦੀ ‘ਪੰਜਾਬ ਬਚਾਓ ਰੈਲੀ’ ਵਿਚ ਦੋ ਲੱਖ ਦੇ ਠਾਠਾਂ ਮਾਰਦੇ ਇੱਕਠ ਨੇ ਇਹ ਸਾਬਤ ਕਰ ਦਿਤਾ ਹੈ ਕਿ ਪੰਜਾਬ ਦੇ ਲੋਕ ਕੌਮੀ ਆਜਾਦੀ ਚਾਹੁੰਦੇ ਹਨ ਪਰ ਸਰਕਾਰਾਂ ਦੇ ਅਣਮਨੁੱਖੀ ਤਸ਼ੱਦਦ ਦੇ ਡਰ ਕਾਰਨ ਚੁੱਪ ਹਨ। ਇਥੇ ਇਹ ਵੇਖਣ ਵਾਲੀ ਗੱਲ ਹੈ ਕਿ ਇਹ ਇੱਕਠ ਬਾਦਲਾਂ ਵਾਂਗ ਕਿਸੇ ਸਰਕਾਰੀ ਮਸ਼ੀਨਰੀ ਦੇ ਜੋਰ ਨਾਲ ਜਾਂ ਜਿਲ੍ਹਾ ਜਥੇਦਾਰਾਂ ਨੂੰ ਚੇਅਰਮੈਨੀਆਂ ਦੇ ਲਾਲਚ ਜਾਂ ਡਰਾਵੇ ਹੇਠ ਕੀਤਾ ਗਿਆ ਇੱਕਠ ਨਹੀਂ ਸੀ, ਸਗੋਂ ਇਹ ਤਾਂ ਪੰਥਕ ਜ਼ਜਬੇ ਦਾ ਇੱਕਠ ਸੀ। ਸਿੱਖ ਆਗੂਆਂ ਨੇ ਪਾਰਟੀ ਪ੍ਰਧਾਨ ਸ. ਮਾਨ ਦੀ ਇਸ ਕਾਮਯਾਬੀ ਲਈ ਪੁਰਜੋਰ ਸ਼ਲਾਘਾ ਕੀਤੀ ਅਤੇ ਨਾਲ ਹੀ ਬੇਨਤੀ ਕੀਤੀ ਕਿ ਕਿਤੇ ਅੱਜ ਦੇ ਬਿਖੜੇ ਸਮੇਂ ਅੰਦਰ ਕੌਮ ਦੀ ਇਹ ਤਾਕਤ ਅਜਾਂਈ ਨਾ ਚਲੀ ਜਾਵੇ। ਬਿਆਨ ਵਿਚ ਸਿੱਖ ਆਗੂਆਂ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਵੇਲੇ ਤੀਜੀ ਧਿਰ ਵਜੋਂ ਉੱਭਰ ਕੇ ਆਇਆ ਹੈ, ਇਸ ਲਈ ਸ. ਮਾਨ ਹੁਣ ਬਾਕੀ ਦੀਆਂ ਪੰਥਕ ਧਿਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਕਰਨ ਅਤੇ ਇੱਕਠਿਆਂ ਹੋ ਕੇ ਸ਼੍ਰੋਮਣੀ ਕਮੇਟੀ ਚੋਣਾਂ ਲੜਨ।


**Realtor & Mortgage Specialist**
**Bay Area & Central Valley**

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

**RAJ SINGH**
**Cell:510-452-7370**

MISSIONPEAK BROKERS, INC.
46560 Fremont Blvd.,
Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ



**ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?**

**ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:**

ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076

ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

# ਮਿਲਪੀਟਸ ਦੇ ਮੇਅਰ ਲਈ ਪੀਟ ਮਕਿਊ ਨੂੰ ਸਿੱਖ ਭਾਈਚਾਰੇ ਤੋਂ ਭਰਵਾਂ ਹੁੰਗਾਰਾ

**ਮਿਲਪੀਟਸ (ਚਰਨਜੀਤ ਸਿੰਘ ਪੰਨੂ):** ਮਿਲਪੀਟਸ ਸ਼ਹਿਰ ਦੇ ਮੇਅਰ ਲਈ ਚੋਣ ਲੜ ਰਹੇ ਪੀਟ ਮਕਿਊ ਨੂੰ ਸਿੱਖ ਭਾਈਚਾਰੇ ਦੀ ਭਰਵੀਂ ਹਮਾਇਤ ਮਿਲ ਰਹੀ ਹੈ। ਪਿਛਲੇ ਐਤਵਾਰ ਨੂੰ ਸੈਨ ਹੋਜ਼ੇ ਦੇ ਸੰਗਮ ਰੈਸਟੋਰੈਂਟ ਵਿਚ ਕੀਤੇ ਗਏ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਬੁਲਾਰਿਆਂ ਨੇ ਲੰਬੇ ਸਮੇਂ ਤੋਂ ਪੀਟ ਮਕਿਊ ਵਲੋਂ ਮਿਲਪੀਟਸ ਦੇ ਮੇਅਰ ਅਤੇ ਸੈਂਟਾ ਕਲਾਰਾ ਕਾਉਂਟੀ ਦੇ ਸੁਪਰਵਾਈਜਰ ਵਜੋਂ ਕੀਤੀ ਗਈ ਸੇਵਾ ਦੀ ਸ਼ਲਾਘਾ ਕੀਤੀ ਅਤੇ ਵੱਖ ਵੱਖ ਸਮਿਆਂ 'ਤੇ ਉਨ੍ਹਾਂ ਵਲੋਂ ਕੀਤੀ ਗਈ ਸਿੱਖ ਭਾਈਚਾਰੇ ਦੀ ਮਦਦ ਨੂੰ ਵੀ ਚੇਤੇ ਕੀਤਾ ਗਿਆ।

ਮੀਟਿੰਗ ਦੇ ਸ਼ੁਰੂ ਵਿਚ ਭਾਈ ਕਸ਼ਮੀਰ ਸਿੰਘ ਗਿੱਲ ਨੇ ਪੀਟ ਮਕਿਊ ਦੀ ਜਾਣ ਪਛਾਣ ਕਰਾਈ ਅਤੇ ਸਿੱਖ ਭਾਈਚਾਰੇ ਨਾਲ ਉਨ੍ਹਾਂ ਦੀ ਲੰਮੇਰੀ ਸਾਂਝ ਦਾ ਵਰਣਨ ਕੀਤਾ। ਆਪਣੇ ਭਾਸ਼ਨ ਵਿਚ ਮਲਕੀਤ ਸਿੰਘ ਸੰਧੂ, ਲੈਕਚਰਾਰ ਸੈਨ ਹੋਜ਼ੇ ਸਿਟੀ ਕਾਲਜ ਨੇ ਪੀਟ ਮਕਿਊ ਦੀਆਂ ਯੋਗਤਾਵਾਂ ਅਤੇ ਉਨ੍ਹਾਂ ਵਲੋਂ ਪਿਛਲੇ 30 ਸਾਲਾਂ ਵਿਚ ਕੀਤੇ ਗਏ ਕੰਮਾਂ 'ਤੇ ਚਾਨਣਾ ਪਾਇਆ। ਉਨ੍ਹਾਂ ਦਸਿਆ ਕਿ ਸਿੱਖ ਧਰਮ ਦੇ ਬਰਾਬਰੀ ਦੇ ਅਸੂਲਾਂ ਦੀ ਅੱਜ ਦੇ ਸਮਾਜ ਨੂੰ ਵੀ ਪਹਿਲਾਂ ਜਿੰਨੀ ਹੀ ਜਰੂਰਤ ਹੈ।

ਭਾਈ ਰਾਮ ਸਿੰਘ ਨੇ ਪੀਟ ਮਕਿਊ ਵਲੋਂ ਕੀਤੀ ਗਈ ਸਿੱਖ ਭਾਈਚਾਰੇ ਦੀ ਸੇਵਾ ਦੀ ਭਰਵੀਂ ਸ਼ਲਾਘਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਪੀਟ ਮਕਿਊ ਨੇ ਸੈਨ ਹੋਜ਼ੇ ਦੇ ਗੁਰੂ ਘਰ ਬਣਾਉਣ ਦੀ ਪ੍ਰਵਾਨਗੀ ਲੈਣ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਖਾਸ ਕਰਕੇ ਨਵੀਂ ਪੀੜੀ ਅਤੇ ਬੀਬੀਆਂ ਦੀ ਹਾਜਰੀ ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਅਮਰੀਕਨ ਕਮਿਊਨਟੀ ਦੇ ਕੰਮਾਂ ਵਿਚ ਵੱਧ ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

ਇਸ ਮੌਕੇ ਬੋਲਦਿਆਂ ਪੀਟ ਮਕਿਊ ਨੇ ਕਿਹਾ ਕਿ ਉਹ ਕਮਿਊਨਟੀ ਸੇਵਾ ਨੂੰ ਸਮਰਪਤ ਹਨ ਅਤੇ ਉਹ ਆਪਣੇ ਇਲਾਕੇ ਦੇ ਵੋਟਰਾਂ ਦੀ ਮਦਦ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਉਨ੍ਹਾਂ ਨੇ ਸਰੋਤਿਆਂ ਨੂੰ ਸਿਟੀ ਦੇ ਵੱਖ ਵੱਖ ਕਮਿਸ਼ਨਾਂ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ। ਬੀਬੀ ਰੀਨਾ ਰਾਏ ਅਤੇ ਸ. ਇੰਦਰਜੀਤ ਮੁੰਦਰਾ ਨੇ ਪੀਟ ਮਕਿਊ ਵਲੋਂ ਮਿਲਪੀਟਸ ਦੇ ਸ਼ਹਿਰੀਆਂ ਲਈ ਕੀਤੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਇਸ ਮੀਟਿੰਗ ਦੇ ਆਯੋਜਨ ਲਈ ਕਮਲਜੀਤ ਸੰਧੂ, ਰਮੀ ਬੈਂਸ ਅਤੇ ਰੂਬਲ ਕਲੇਰ ਨੇ ਖਾਸ ਭੂਮਿਕਾ ਨਿਭਾਈ। ਮੰਚ ਸੰਚਾਲਨ ਕਸ਼ਮੀਰ ਸਿੰਘ ਗਿੱਲ ਨੇ ਕੀਤਾ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਫੌਜਾ ਸਿੰਘ ਬਰਿਆਨਾ, ਸਤਪਾਲ ਸਿੰਘ ਮਦਾਰ, ਰਣਜੀਤ ਸਿੰਘ ਮਦਾਰ, ਡਾ. ਦਲਵੀਰ ਪੰਨੂ, ਸੋਹਨ ਸਿੰਘ ਰਾਏ, ਦਿਲਬਾਗ ਸਿੰਘ ਧਾਲੀਵਾਲ, ਜਗਵਿੰਦਰ ਸਿੰਘ ਗਿੱਲ, ਹਰਦੀਪ ਫੰਗੂੜਾ, ਡਾ. ਦਲਜੀਤ ਸੈਣੀ, ਡਾ. ਗੁਰਦੀਪ ਸਿੰਘ ਨਰੂਲਾ, ਨਰਿੰਦਰ ਬਡਵਾਲ, ਚੰਨਣ ਸਿੰਘ ਮਾਂਗਟ, ਦਵਿੰਦਰ ਸਿੰਘ, ਜਸਪਾਲ ਸਿੰਘ, ਅਮਰਜੀਤ ਬਲ, ਬਲਬੀਰ ਸਿੰਘ ਝੂਟੀ, ਬਰਿੰਦਰਪਾਲ ਸਿੰਘ ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਭਾਗ ਲਿਆ।



ਪੰਜਾਬੀ ਭਾਈਚਾਰੇ ਦੇ ਲੋਕ ਪੀਟ ਮਕਿਊ ਨਾਲ

# ਅਟਾਰਨੀ ਜਸਪ੍ਰੀਤ ਸਿੰਘ ਨੇ ਤਿੰਨ ਹੋਰਨਾਂ ਨੂੰ ਸਿਟੀਜ਼ਨਸ਼ਿਪ ਦਿਵਾਈ

**ਸੈਕਰਾਮੈਂਟੋ:** ਅਟਾਰਨੀ ਜਸਪ੍ਰੀਤ ਸਿੰਘ ਨੇ ਤਿੰਨ ਹੋਰ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਦੁਆਈ ਹੈ ਅਤੇ ਇਕ ਵਿਅਕਤੀ ਉਤੇ ਲਗੀ ਡਿਪੋਰਟੇਸ਼ਨ ਤੁੜਵਾਈ ਹੈ। ਜਿਨ੍ਹਾਂ ਤਿੰਨ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਮਿਲੀ ਹੈ ਉਨ੍ਹਾਂ ਵਿਚ ਹਰਪ੍ਰੀਤ ਕੌਰ ਗਿੱਲ, ਅਰਜੁਨ ਪਤਾਂਜਲੀ ਅਤੇ ਸੁਰਿੰਦਰ ਕੌਰ ਦੇ ਨਾਂ ਸ਼ਾਮਲ ਹਨ। ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਇਨ੍ਹਾਂ ਤਿੰਨਾਂ ਨੂੰ ਅੰਗਰੇਜ਼ੀ ਬਹੁਤ ਹੀ ਘੱਟ ਆਉਂਦੀ ਸੀ। ਇਥੇ ਇਹ ਵੀ ਦੱਸਣਯੋਗ ਹੈ ਕਿ ਅਰਜੁਨ ਪਤਾਂਜਲੀ 'ਤੇ ਕੁਝ ਪੁਰਾਣੇ ਕਰੀਮੀਨਲ ਕੇਸ ਵੀ ਦਰਜ ਸਨ।

ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਇਨ੍ਹਾਂ ਵਿਚੋਂ ਅਰਜੁਨ ਪਤਾਂਜਲੀ ਨੂੰ ਨਿਊ ਯਾਰਕ, ਸੁਰਿੰਦਰ ਕੌਰ ਨੂੰ ਸੈਨਹੋਜ਼ੇ ਅਤੇ ਹਰਪ੍ਰੀਤ ਕੌਰ ਗਿੱਲ ਨੂੰ ਸੈਕਰਾਮੈਂਟੋ ਵਿਚ ਸਿਟੀਜ਼ਨਸ਼ਿਪ ਮਿਲੀ। ਮਲਕੀਅਤ ਕੌਰ 'ਤੇ ਲੱਗੀ ਡਿਪੋਰਟੇਸ਼ਨ ਤੁੜਵਾਈ ਗਈ ਅਤੇ ਕੇਸ ਵਾਪਸ ਰੀਮਾਂਡ ਹੋਇਆ। ਮਲਕੀਅਤ ਕੌਰ ਦਾ ਕੇਸ ਨੌਵੀਂ ਸਰਕਟ ਕੋਰਟ ਤੋਂ ਅਪੀਲ ਜਿੱਤ ਕੇ ਸਰਕਟ ਕੋਰਟ ਤੋਂ ਰਿਮਾਂਡ ਕਰਵਾ ਕੇ ਬੋਰਡ ਆਫ ਇਮੀਗ੍ਰੇਸ਼ਨ ਅਪੀਲ ਵਿਚ ਪਹੁੰਚਾਇਆ ਅਤੇ ਡਿਪੋਰਟੇਸ਼ਨ ਤੁੜਵਾਈ।


## Desi Cuts and Color Plus

For Men, Women & Children

Grand Opening



Mandeep
510-200-4415

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 (Behind Tacobell)



## Mobile Auto Service
Bay Area & Central Valley

32 Years Experience

ASE Certified
Master Auto Technician
Engine Performance Specialist

ASE CERTIFIED
MASTER AUTO TECHNICIAN



Guljender Dhami

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ

Call For Appt.
510-284-9479 & 209-622-9051



## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

# ਪੰਜਾਬ ਸਰਕਾਰ ਵਲੋਂ ਨਾਗਰਿਕ ਹੱਕਾਂ ਵਿਰੋਧੀ ਬਿੱਲ ਪਾਸ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਵਲੋਂ ਪਿੱਛੇ ਜਿਹੇ ਸਮਾਪਤ ਹੋਏ ਮੌਨਸੂਨ ਇਜਲਾਸ 'ਚ ਜਿਹੜੇ ਦੋ ਬਿੱਲ 'ਪੰਜਾਬ ਵਿਸ਼ੇਸ਼ ਸੁਰੱਖਿਆ ਗਰੁੱਪ ਬਿੱਲ 2010' ਤੇ 'ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਦਾ ਨੁਕਸਾਨ ਰੋਕੂ ਬਿੱਲ 2010' ਪਾਸ ਕੀਤੇ ਗਏ ਹਨ, ਉਹ ਰਾਜ ਦੇ ਨਾਗਰਿਕਾਂ ਦੇ ਸੰਵਿਧਾਨ 'ਚ ਮਿਲੇ ਬੁਨਿਆਦੀ ਅਧਿਕਾਰਾਂ ਤੇ ਯੂ ਐਨ ਓ ਦੇ ਚਾਰਟਰ 'ਚ ਅੰਕਿਤ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਅਸਾਨੀ ਨਾਲ ਇਸਤੇਮਾਲ ਹੋ ਸਕਦੇ ਹਨ।

ਇਨ੍ਹਾਂ 'ਚੋਂ ਪਹਿਲੇ ਬਿੱਲ ਤਹਿਤ ਰਾਜ ਸਰਕਾਰ ਇਕ ਅਜਿਹੀ ਪੁਲਿਸ ਫੋਰਸ ਦਾ ਗਠਨ ਕਰੇਗੀ, ਜਿਸ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਕਿਸੇ ਵੀ ਵਿਅਕਤੀ ਨੂੰ ਦਹਿਸ਼ਤੀ ਜਾਂ ਨਕਸਲ ਗਤੀਵਿਧੀਆਂ ਕਾਰਨ ਜਾਂ ਕਿਸੇ ਹੋਰ ਕਾਰਨ, ਜਿਸ ਕਰਕੇ ਕਿਸੇ ਵਿਸ਼ੇਸ਼ ਵਿਅਕਤੀ ਦੀ ਜਾਨ ਨੂੰ ਖ਼ਤਰਾ ਹੋਵੇ, ਖ਼ਤਮ ਕਰ ਸਕਦੀ ਹੈ। ਇਸ ਫੋਰਸ ਨੂੰ ਇਹ ਵੀ ਅਧਿਕਾਰ ਹੋਵੇਗਾ ਕਿ ਉਹ ਭਾਰਤ ਦੇ ਕਿਸੇ ਹੋਰ ਹਿੱਸੇ 'ਚ ਜਾ ਕੇ ਵੀ ਅਜਿਹੇ ਵਿਅਕਤੀ ਨੂੰ ਖ਼ਤਮ ਕਰ ਸਕਦੀ ਹੈ ਤੇ ਇਸ ਲਈ ਕੇਂਦਰੀ ਸਰਕਾਰ ਕੋਲ ਵੀ ਰਾਜ ਸਰਕਾਰ ਦੀ ਕੋਈ ਜਵਾਬਦੇਹੀ ਨਹੀਂ ਹੋਵੇਗੀ। ਇਸੇ ਤਰ੍ਹਾਂ ਦੂਜੇ ਬਿੱਲ 'ਚ ਸਰਕਾਰ ਨੇ ਇਹ ਅਧਿਕਾਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕੋਈ ਜਮਹੂਰੀ ਪ੍ਰਦਰਸ਼ਨਕਾਰੀ, ਪ੍ਰਦਰਸ਼ਨ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਡੀ ਸੀ ਤੋਂ ਪ੍ਰਵਾਨਗੀ ਲਵੇਗਾ ਤੇ ਡੀ ਸੀ ਉਸ 'ਤੇ ਅਜਿਹਾ ਕਰਨ 'ਤੇ ਪਾਬੰਦੀ ਲਗਾ ਸਕਦਾ ਹੈ। ਅਜਿਹਾ ਅਧਿਕਾਰ ਸਰਕਾਰ ਨੂੰ ਪਹਿਲਾਂ ਹੀ ਦਫ਼ਾ 144 ਅਧੀਨ ਮਿਲਿਆ ਹੋਇਆ ਹੈ ਪਰ ਹੁਣ ਸਰਕਾਰ ਨਾਗਰਿਕਾਂ ਦੇ ਜਮਹੂਰੀ ਅਧਿਕਾਰਾਂ ਤੋਂ ਐਨੀ ਖੌਫਜ਼ਦਾ ਮਹਿਸੂਸ ਕਰ ਰਹੀ ਹੈ ਕਿ ਉਸ ਨੇ ਆਪਣੇ ਕੋਲ ਤਾਨਾਸ਼ਾਹੀ ਤਾਕਤਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਬੋਲਣ ਤੇ ਜਮਹੂਰੀ ਢੰਗ ਨਾਲ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਜਮਹੂਰੀਅਤ ਦੀ ਆਧਾਰਸ਼ਿਲਾ ਹੈ। ਪੁਲਿਸ ਫੋਰਸ ਨੂੰ ਵਿਸ਼ੇਸ਼ ਤਾਕਤਾਂ ਦੇ ਕੇ ਜਮਹੂਰੀਅਤ ਦਾ ਗਲਾ ਘੁੱਟਣਾ ਆਪਣੇ-ਆਪ 'ਚ ਇਕ ਨੀਮ ਫਾਸ਼ੀਵਾਦੀ ਕਦਮ ਹੈ। ਭਾਰਤ ਵਿਚ ਜਿਨ੍ਹਾਂ ਰਾਜਾਂ 'ਚ ਗੜਬੜ ਚੱਲ ਰਹੀ ਹੈ, ਉਥੇ ਫੌਜੀ ਦਸਤਿਆਂ ਨੂੰ ਵਿਸ਼ੇਸ਼ ਤਾਕਤਾਂ ਮਿਲੀਆਂ ਹੋਈਆਂ ਹਨ, ਜਿਨ੍ਹਾਂ ਤਹਿਤ ਰੱਖਿਆ ਦਸਤਿਆਂ ਖਿਲਾਫ਼ ਕਿਸੇ ਵੀ ਕਾਰਵਾਈ ਕਾਰਨ ਕੋਈ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ। ਜੰਮੂ-ਕਸ਼ਮੀਰ ਵਿਚ ਤੇ ਉਤਰ-ਪੂਰਬ ਦੇ ਕੁਝ ਰਾਜਾਂ ਵਿਚ ਭਾਰਤੀ ਫੌਜ ਨੂੰ ਅਜਿਹੀਆਂ ਤਾਕਤਾਂ ਮਿਲੀਆਂ ਹੋਈਆਂ ਹਨ ਪਰ ਪੰਜਾਬ ਤਾਂ ਹੁਣ ਇਕ ਬਿਲਕੁਲ ਸ਼ਾਂਤਮਈ ਰਾਜ ਹੈ। ਇਹ ਜ਼ਰੂਰ ਹੈ ਕਿ ਸਾਧਾਰਨ ਅਮਨ ਕਾਨੂੰਨ ਦੀਆਂ ਕੁਝ ਸਮੱਸਿਆਵਾਂ ਮੌਜੂਦ ਹਨ ਪਰ ਕੁਲ ਮਿਲਾ ਕੇ ਸਥਿਤੀ ਠੀਕ ਹੈ। ਅਜਿਹੇ ਹਾਲਾਤ 'ਚ ਦਹਿਸ਼ਤਗਰਦੀ ਤੇ ਨਕਸਲਵਾਦ ਦਾ ਹਊਆ ਖੜ੍ਹਾ ਕਰਕੇ ਤਾਨਾਸ਼ਾਹੀ ਤਾਕਤਾਂ ਪ੍ਰਾਪਤ ਕਰਨੀਆਂ ਜਮਹੂਰੀਅਤ ਦੇ ਬੁਨਿਆਦੀ ਅਸੂਲਾਂ ਦੇ ਖਿਲਾਫ਼ ਹੈ। ਪੰਜਾਬ ਸਰਕਾਰ ਵਲੋਂ ਪਾਸ ਕੀਤੇ ਇਨ੍ਹਾਂ ਬਿੱਲਾਂ ਅਨੁਸਾਰ ਵਿਸ਼ੇਸ਼ ਤਾਕਤਾਂ ਪ੍ਰਾਪਤ ਪੁਲਿਸ ਅਧਿਕਾਰੀਆਂ ਦੀ ਕੋਈ ਵੀ ਜਵਾਬਦੇਹੀ ਨਹੀਂ ਹੋਵੇਗੀ। ਉਹ ਕਿਸੇ ਵੀ ਵਿਅਕਤੀ ਨੂੰ ਜਾਨੋਂ ਮਾਰ ਸਕਦੇ ਹਨ। ਇਨ੍ਹਾਂ ਬਿੱਲਾਂ ਵਿਚ ਸਰਕਾਰ ਨੇ ਨਾ ਤਾਂ 'ਰਾਸ਼ਟਰ ਵਿਰੋਧੀ' ਸ਼ਬਦ ਦੀ ਵਿਆਖਿਆ ਕੀਤੀ ਹੈ ਤੇ ਨਾ ਹੀ 'ਗ਼ੈਰ-ਕਾਨੂੰਨੀ ਗਤੀਵਿਧੀਆਂ' ਦੀ।

ਕੁਝ ਸਿਆਸੀ ਹਲਕਿਆਂ 'ਚ ਇਹ ਵਿਚਾਰ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਸਰਕਾਰ ਇਕ ਤਰ੍ਹਾਂ ਨਾਲ ਇਕ ਨਿੱਜੀ ਫੋਰਸ ਦਾ ਗਠਨ ਕਰਨ ਜਾ ਰਹੀ ਹੈ ਜੋ ਸਰਕਾਰ ਦੇ ਵਿਰੋਧੀਆਂ ਦੇ ਖਿਲਾਫ਼ ਅਸਾਨੀ ਨਾਲ ਵਰਤੀ ਜਾ ਸਕਦੀ ਹੈ। ਉਹ ਅਕਾਲੀ ਦਲ ਜਿਸ ਦਾ ਲੰਬਾ ਜੁਝਾਰੂ ਇਤਿਹਾਸ ਹੈ ਅਤੇ ਜਿਸ ਨੇ ਜਮਹੂਰੀ ਕਦਰਾਂ-ਕੀਮਤਾਂ ਲਈ ਕਈ ਮੋਰਚੇ ਲਾਏ ਸਨ, ਹੁਣ ਇਨ੍ਹਾਂ ਜਮਹੂਰੀ ਕਦਰਾਂ-ਕੀਮਤਾਂ ਨੂੰ ਹੀ ਦਰਕਿਨਾਰ ਕਰਨ ਲੱਗ ਪਿਆ ਹੈ।

ਜਾਪਦਾ ਹੈ ਕਿ ਅਕਾਲੀ ਦਲ ਨੂੰ ਹੁਣ ਲੋਕਾਂ ਦੇ ਜਮਹੂਰੀ ਅਧਿਕਾਰਾਂ ਤੋਂ ਖਤਰਾ ਮਹਿਸੂਸ ਹੋਣ ਲੱਗ ਪਿਆ ਹੈ। ਭਾਵੇਂ ਕੁਝ ਲੋਕ ਇਨ੍ਹਾਂ ਕਾਨੂੰਨਾਂ ਖਿਲਾਫ਼ ਮਾਨਯੋਗ ਉਚ ਅਦਾਲਤ ਦਾ ਦਰਵਾਜ਼ਾ ਖੜਕਾਉਣ ਜਾ ਰਹੇ ਹਨ ਪਰ ਆਮ ਨਾਗਰਿਕ ਬੇਚੈਨ ਹੈ। ਇਹ ਠੀਕ ਹੈ ਕਿ ਪ੍ਰਦਰਸ਼ਨਾ ਜਾਂ ਸੰਘਰਸ਼ ਦੇ ਸਮੇਂ ਸਰਕਾਰੀ ਜਾਂ ਨਿੱਜੀ ਜਾਇਦਾਦ ਦੀ ਤੋੜ-ਭੰਨ ਨਹੀਂ ਹੋਣੀ ਚਾਹੀਦੀ, ਪਰ ਪੁਰ-ਅਮਨ ਢੰਗ ਨਾਲ ਵਿਰੋਧ ਪ੍ਰਗਟ ਕਰਨਾ ਹਰ ਨਾਗਰਿਕ ਦਾ ਬੁਨਿਆਦੀ ਅਧਿਕਾਰ ਹੈ। ਇਸ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਿਲ ਦੀ ਸਖਤ ਵਿਰੋਧਤਾ ਕਰਦਿਆਂ ਕਿਹਾ ਹੈ ਕਿ ਇਸਦੀ ਕੋਈ ਜ਼ਰੂਰਤ ਨਹੀਂ ਹੈ।

# ਪ੍ਰਵੇਜ਼ ਮੁਸ਼ੱਰਫ ਵਲੋਂ ਸਿਆਸੀ ਵਾਪਸੀ ਦੀ ਸਿਰਤੋੜ ਕੋਸ਼ਿਸ਼

**ਲੰਡਨ:** ਪਾਕਿਸਤਾਨ ਦਾ ਸਾਬਕਾ ਫੌਜੀ ਸ਼ਾਸਕ ਜਨਰਲ ਪ੍ਰਵੇਜ਼ ਮੁਸ਼ੱਰਫ ਸਿਆਸੀ ਵਾਪਸੀ ਲਈ ਯਤਨਸ਼ੀਲ ਹੈ ਤੇ ਪਿਛਲੇ ਸ਼ੁੱਕਰਵਾਰ ਨੂੰ ਉਹਨੇ ਲੰਡਨ ਦੇ ਇਕ ਆਲੀਸ਼ਾਨ ਹੋਟਲ 'ਚੋਂ ਇਸ ਸਬੰਧੀ ਅਪੀਲ ਵੀ ਕੀਤੀ। ਆਪਣੇ ਪਿੱਛੇ ਕੰਧ 'ਤੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦੀ ਆਦਮਕੱਦ ਤਸਵੀਰ ਨਾਲ ਉਹਨੇ ਸੈਟੇਲਾਈਟ ਟੀ.ਵੀ. ਰਾਹੀਂ ਪਾਕਿਸਤਾਨ ਦੇ ਲੋਕਾਂ ਨੂੰ ਅਪੀਲ ਕੀਤੀ।

ਰਾਇਲ ਹੌਰਸ ਗਾਰਡਜ਼ ਹੋਟਲ ਦੀ ਦੂਜੀ ਮੰਜ਼ਲ 'ਤੇ ਰਿਸੈਪਸ਼ਨ ਕਮਰਿਆਂ 'ਚ ਉਹਨੇ ਜੋ ਕੁਝ ਕਿਹਾ ਤੇ ਕੀਤਾ, ਉਹ ਸ਼ੁੱਧ ਸਿਆਸੀ ਡਰਾਮਾ ਜਾਪਦਾ ਸੀ। ਮਿਸਾਲ ਵਜੋਂ ਉਹਨੇ ਆਪਣੀ ਨਵੀਂ ਸਿਆਸੀ ਪਾਰਟੀ 'ਦ ਆਲ ਪਾਕਿਸਤਾਨ ਮੁਸਲਿਮ ਲੀਗ' ਦੇ ਚਿੰਨ੍ਹ 'ਬਾਜ਼' ਦਾ ਖੁਲਾਸਾ ਪੇਸ਼ ਕੀਤਾ ਕਿ ਇਹ ਹੋਰਾਂ ਪੰਛੀਆਂ ਨਾਲੋਂ ਸਭ ਤੋਂ ਉਚਾ ਉਡਦਾ ਹੈ ਤੇ ਇਕੱਲਾ ਉਡਦਾ ਹੈ, ਪਹਾੜਾਂ ਜਾਂ ਪਹਾੜੀ ਸਿਖਰਾਂ 'ਤੇ ਰਹਿੰਦਾ ਹੈ। ਪਰ ਦੋ ਘੰਟਿਆਂ ਦੀ 'ਲੈਕਚਰਬਾਜ਼ੀ' ਮਗਰੋਂ ਜਿਹੜਾ ਅਕਸ ਸਾਹਮਣੇ ਆ ਰਿਹਾ ਸੀ ਉਹ ਕਾਲੇ ਰੰਗੇ ਵਾਲਾਂ ਵਾਲੇ ਸੇਵਾ-ਮੁਕਤ ਜਨਰਲ ਦਾ ਸੀ, ਜੋ ਅਧਮੰਨੇ ਆਪਣੇ ਸਾਥੀਆਂ ਨੂੰ ਇਹ ਮਨਾਉਣ ਦੇ ਯਤਨ ਕਰ ਰਿਹਾ ਸੀ ਕਿ ਉਹ ਦਿਲੋਂ ਸੱਚਾ ਜਮਹੂਰੀਅਤ ਪਸੰਦ ਹੈ ਤੇ ਆਪਣੇ ਨਿੱਜੀ ਲਾਭਾਂ ਜਾਂ ਹੋਰ ਲਾਹਿਆਂ ਦੀ ਥਾਂ ਆਮ ਲੋਕਾਂ ਦੀ ਭਲਾਈ ਤੇ ਦੱਬੇ-ਕੁਚਲਿਆਂ ਦੀ ਇਮਦਾਦ ਲਈ ਸੱਤਾ 'ਚ ਆਉਣਾ ਚਾਹੁੰਦਾ ਹੈ।



ਸ਼ਰੀਫ ਭਰਾਵਾਂ ਤੇ ਜਾਂ ਅਸਲ 'ਚ ਭੁੱਟੋਆਂ ਵਾਂਗ ਉਹ ਕਰੋੜਾਂ ਦੀ ਸੰਪਤੀ ਦਾ ਮਾਲਕ ਨਹੀਂ ਹੈ। ਉਹ ਆਖਦਾ ਹੈ ਕਿ ਉਹਦੇ 'ਤੇ ਕਦੀ ਭ੍ਰਿਸ਼ਟਾਚਾਰ ਦੇ ਦੋਸ਼ ਨਹੀਂ ਲੱਗੇ ਤੇ ਨਾ ਹੀ ਉਹਦੀਆਂ ਅਲਮਾਰੀਆਂ 'ਚੋਂ ਪਿੰਜਰ ਮਿਲੇ ਹਨ ਤਾਂ ਵੀ ਹੈਰਾਨੀ ਦੀ ਗੱਲ ਹੈ ਕਿ ਉਹਨੇ 25000 ਪੌਂਡ ਦੇ ਕੇ (ਚਾਹ ਤੇ ਕਬਾਬਾਂ ਸਮੇਤ) ਰਾਇਲ ਹੌਰਸ ਗਾਰਡਜ਼ ਹੋਟਲ ਦੇ ਰਿਸੈਪਸ਼ਨ ਕਮਰੇ ਬੁੱਕ ਕਰਾਏ। ਪਰ ਸ਼ੁੱਕਰਵਾਰ ਨੂੰ ਜਦੋਂ ਉਹਨੇ ਆਪਣੇ ਲਗਪਗ 250 ਕੁ ਸਥਾਨਕ ਬਰਤਾਨਵੀ ਹਮਾਇਤੀਆਂ ਨੂੰ ਸੰਬੋਧਨ ਕੀਤਾ ਤਾਂ ਕਿਤੇ ਨਾ ਕਿਤੇ ਕੋਈ ਗੜਬੜ ਲੱਗ ਰਹੀ ਸੀ ਜਾਂ ਸ਼ਾਇਦ ਇਹ ਉਹਦਾ ਮੁਆਫੀ ਮੰਗਣ ਦਾ ਸਟਾਈਲ ਹੋਵੇ। ਉਹਨੇ ਕਿਹਾ ਕਿ ਉਹਨੇ ਗਲਤੀਆਂ ਕੀਤੀਆਂ, ਗਲਤ ਫੈਸਲੇ ਲਏ, ਪਰ ਹੁਣ ਉਹ ਇਨ੍ਹਾਂ ਨੂੰ ਨਹੀਂ ਦੁਹਰਾਏਗਾ। ਫਿਰ ਉਹਨੇ ਦਾਅਵੇ ਨਾਲ ਕਿਹਾ ਕਿ ਉਹਦੇ ਤੇ ਰੱਬ ਵਿਚਕਾਰ ਤੇ ਉਹਦੇ ਅਤੇ ਪਾਕਿਸਤਾਨ ਦੇ ਲੋਕਾਂ ਵਿਚਾਲੇ ਇਕ ਇਕਰਾਰਨਾਮਾ ਹੈ। ਫਿਰ ਉਹਨੇ ਹੋਰ ਸ਼ੁਰਲੀ ਛੱਡੀ, "ਮੈਂ ਦੇਸ਼ ਲਈ ਜੀਵਿਆ, ਦੇਸ਼ ਲਈ ਲੜਿਆ ਤੇ ਦੇਸ਼ ਲਈ ਮਰਾਂਗਾ।" ਉਹਨੇ ਔਰਤਾਂ ਦੇ ਹੱਕਾਂ, ਮਰਦ-ਔਰਤਾਂ ਦੀ ਬਰਾਬਰਤਾ ਤੇ ਔਰਤਾਂ ਦੀ ਸਿੱਖਿਆ, ਮੁਕਤੀ ਦੀ ਲੋੜ 'ਤੇ ਜ਼ੋਰ ਦਿੱਤਾ। ਜੋ ਵੀ ਹੈ, ਫਿਰ ਵੀ ਸਿਆਸਤ ਗੱਲਾਂਬਾਤਾਂ ਤੋਂ ਕਿਤੇ ਵੱਖਰੀ ਵੀ ਹੁੰਦੀ ਹੈ। ਵਿਸ਼ਵ ਭਰ 'ਚ ਵੋਟਰ ਆਪਣੇ ਆਗੂਆਂ 'ਚ ਤੀਬਰ ਉਤਸ਼ਾਹ ਭਾਲਦੇ ਹੁੰਦੇ ਹਨ, ਤੇ ਸ਼ਾਇਦ ਗਲਤੀ ਨਾਲ ਉਹ ਦ੍ਰਿੜ੍ਹ ਇਰਾਦੇ ਨੂੰ ਉਤਸ਼ਾਹ ਸਮਝ ਬੈਠਦੇ ਹਨ ਜੋ ਜਮਹੂਰੀ ਸਿਆਸਤ ਦਾ ਰਾਜ ਵੀ ਹੈ ਤੇ ਵਿਰੋਧਾਭਾਸ ਵੀ। ਲੰਡਨ ਬੈਠੇ ਮੁਸ਼ੱਰਫ ਦੇ ਪਾਕਿਸਤਾਨੀ ਸਮਰਥਕਾਂ ਨੇ, ਜਿਨ੍ਹਾਂ ਨੇ ਇਸ ਸਮਾਗਮ ਦੇ ਬਿੱਲ ਵੀ ਤਾਰੇ ਹੋਣਗੇ, ਨੇ ਬੱਧੇ ਰੁੱਧਿਆਂ ਆਪਣੇ ਆਗੂ ਦੇ ਭਾਸ਼ਣ 'ਤੇ ਵਾਹ-ਵਾਹ ਕੀਤੀ, ਪਰ ਇਸ ਵਾਹ-ਵਾਹ 'ਚ ਮੁਲਕ ਨੂੰ ਵਹਾ ਲਿਜਾਣ ਵਾਲਾ ਕੁਝ ਨਹੀਂ ਸੀ। ਅਸਲ 'ਚ, ਭੀੜ ਦੇ ਹੁੰਗਾਰੇ ਤੋਂ ਇਹ ਮੰਨ ਲੈਣਾ ਕਿ ਜਮਹੂਰੀ ਢੰਗ ਨਾਲ ਚੁਣ ਕੇ ਮੁਸ਼ੱਰਫ ਵਾਪਸ ਆਉਣਗੇ, ਸਹਾਰਾ ਦੇ ਮਾਰੂਥਲ 'ਚ ਮੌਨਸੂਨ ਦੇ ਵਰ੍ਹਨ ਵਰਗੀ ਗੱਲ ਹੈ।

ਇਸ ਦੌਰਾਨ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਮੁਸ਼ੱਰਫ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਬੁੱਧੀਹੀਣ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਲ ਦੀ ਕਮੀ ਹੋਣ ਕਾਰਨ ਸ਼ਰੀਫ ਬਤੌਰ ਪ੍ਰਧਾਨ ਮੰਤਰੀ ਅਸਫਲ ਸਾਬਤ ਹੋਏ ਹਨ। ਮੁਸ਼ੱਰਫ ਨੇ ਬਰਮਿੰਘਮ ਵਿਚ ਆਪਣੇ ਸਮਰਥਕਾਂ ਦੀ ਇਕ ਰੈਲੀ ਵਿਚ ਨਵਾਜ਼ ਸ਼ਰੀਫ 'ਤੇ ਨਿਸ਼ਾਨਾ ਲਗਾਇਆ। ਉਨ੍ਹਾਂ ਕਿਹਾ ਕਿ ਉਹ ਆਪਣੇ ਮੁਲਕ ਵਾਪਸ ਆਉਣਾ ਚਾਹੁੰਦੇ ਹਨ। ਮੁਸ਼ੱਰਫ ਨੇ ਹਾਲ ਹੀ ਵਿਚ ਆਲ ਪਾਕਿਸਤਾਨ ਮੁਸਲਿਮ ਲੀਗ (ਏ ਪੀ ਐਮ ਐੱਲ) ਦਾ ਗਠਨ ਕੀਤਾ ਹੈ। ਇਹ ਰੈਲੀ ਇਸੇ ਪਾਰਟੀ ਦੇ ਬੈਨਰ ਹੇਠ ਕੀਤੀ ਗਈ। ਪਾਕਿਸਤਾਨ ਦੇ ਖ਼ਬਰਾਂ ਵਾਲੇ ਚੈਨਲ ਜਿਓ ਨਿਊਜ਼ ਅਨੁਸਾਰ ਮੁਸ਼ੱਰਫ ਨੇ ਕਿਹਾ ਕਿ ਮੈਂ ਨਵਾਜ਼ ਸ਼ਰੀਫ ਨਾਲ ਇਕ ਸਾਲ ਤੱਕ ਕੰਮ ਕੀਤਾ, ਇਸ ਦੌਰਾਨ ਮੈਂ ਪਾਇਆ ਕਿ ਉਹ ਪੂਰੀ ਤਰ੍ਹਾਂ ਨਾਲ ਬੁੱਧੀਹੀਣ ਹਨ।

ਰੈਲੀ ਨੂੰ ਸੰਬੋਧਨ ਕਰਦਿਆਂ ਮੁਸ਼ੱਰਫ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਪਤਾ ਨਹੀਂ ਕਿ ਪਾਕਿਸਤਾਨ ਵਿਚ ਕਦੋਂ ਆਮ ਚੋਣਾਂ ਹੋਣਗੀਆਂ, ਪਰ ਉਹ ਚੋਣਾਂ ਮੌਕੇ ਪਾਕਿਸਤਾਨ ਜ਼ਰੂਰ ਜਾਣਗੇ। ਇਸ ਤੋਂ ਪਹਿਲਾਂ ਮੁਸ਼ੱਰਫ ਨੇ ਕਿਹਾ ਸੀ ਕਿ ਪਾਕਿਸਤਾਨ ਵਾਪਸ ਜਾਣ 'ਤੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਮੁਸ਼ੱਰਫ ਨੇ ਕਿਹਾ ਕਿ ਪਾਕਿਸਤਾਨ ਵਾਪਸ ਪਰਤਣ 'ਤੋਂ ਪਹਿਲਾਂ ਹੁਣ ਮੈਨੂੰ ਅਜਿਹਾ ਮਾਹੌਲ ਤਿਆਰ ਕਰਨਾ ਪਏਗਾ, ਜਿਸ ਨਾਲ ਮੈਂ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਾਂ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਸ਼ਰੀਫ ਦਾ ਤਖਤਾ ਪਲਟਣ ਤੋਂ ਬਾਅਦ ਮੁਸ਼ੱਰਫ ਨੇ ਸੱਤਾ 'ਤੇ ਕਬਜ਼ਾ ਕੀਤਾ ਸੀ। ਉਨ੍ਹਾਂ 9 ਸਾਲ ਤੱਕ ਪਾਕਿਸਤਾਨ ਵਿਚ ਰਾਜ ਭੋਗਣ ਤੋਂ ਬਾਅਦ 2008 ਵਿਚ ਆਪਣਾ ਅਹੁਦਾ ਛੱਡ ਦਿੱਤਾ। ਇਸ ਤੋਂ ਬਾਅਦ ਉਹ ਦੇਸ਼ ਨਿਕਾਲੇ 'ਤੇ ਹਨ।


ਮੁਸ਼ੱਰਫ ਦੀ ਨਵੀਂ ਪਾਰਟੀ 'ਤੇ ਰਲਵੀਂ-ਮਿਲਵੀਂ ਪ੍ਰਤੀਕਿਰਿਆ ਸਾਹਮਣੇ ਆਈ ਹੈ। ਉਸ ਦੇ ਕੁਝ ਹਮਾਇਤੀ ਸਾਬਕਾ ਡਿਕਟੇਟਰ ਦੇ ਹੱਕ ਵਿਚ ਉਤਰ ਆਏ ਹਨ ਅਤੇ ਬਾਕੀ ਦੇ ਉਸ ਨੂੰ ਪੱਛਮ ਦਾ ਏਜੰਟ ਆਖਣ ਲੱਗੇ ਹਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR,
CONTINENTAL AIR

JET AIRWAYS
DELTA, AIR INDIA,
KLM, LUFTHANSA.
For Emergency
Call anytime at
847-673-3825
EARLY BIRD SALE!!!!
India $545
London $250

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

TAJ
INSURANCE SERVICES
*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available

Gurdawar S. Mann
Lic#0F34231

# ਬੇਅੰਤ ਸਿੰਘ ਦੀ ਮੌਤ ਮਨੁੱਖੀ ਬੰਬ ਨਾਲ ਹੋਈ-ਰਾਜੋਆਣਾ

**ਸੁਰੱਖਿਆ ਕਰਕੇ ਦੋਸ਼ੀ ਨੂੰ ਅਗਲੀ ਪੇਸ਼ੀ ਸੈਸ਼ਨ ਕੋਰਟ 'ਚ ਭੁਗਤਣ ਦੇ ਆਦੇਸ਼**

**ਚੰਡੀਗੜ੍ਹ :** ਪੰਜਾਬ ਸਰਕਾਰ ਵਲੋਂ ਹਾਈਕੋਰਟ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਬੀਤੀ 1 ਅਕਤੂਬਰ ਨੂੰ ਸ. ਬਲਵੰਤ ਸਿੰਘ ਰਾਜੋਆਣਾ ਨੂੰ ਡੀ.ਐਸ.ਪੀ. ਪਟਿਆਲਾ ਦੀ ਸੁਰੱਖਿਆ ਛੱਤਰੀ ਹੇਠ ਹਾਈਕੋਰਟ ਦੇ ਜਸਟਿਸ ਮਹਿਤਾਬ ਸਿੰਘ ਗਿੱਲ ਅਤੇ ਜਸਟਿਸ ਅਰਵਿੰਦ ਕੁਮਾਰ ਦੇ ਦੋਹਰੇ ਬੈਂਚ ਕੋਲ ਪੇਸ਼ ਕੀਤਾ ਗਿਆ। ਹਾਈਕੋਰਟ ਵਲੋਂ ਸ. ਬਲਵੰਤ ਸਿੰਘ ਨੂੰ ਆਪਣੇ ਕੇਸ ਦੀ ਪੈਰਵਾਈ ਕਰਨ ਲਈ ਵਕੀਲ (ਐਮੀਕਸ ਕਿਊਰੀ) ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਕੀਤੀ ਗਈ ਜੋ ਕਿ ਸ. ਬਲਵੰਤ ਸਿੰਘ ਵਲੋਂ ਇਹ ਕਹਿ ਕੇ ਠੁਕਰਾ ਦਿੱਤੀ ਗਈ ਕਿ ਮੈਨੂੰ ਆਪਣੇ ਕੀਤੇ 'ਤੇ ਕੋਈ ਅਫਸੋਸ ਨਹੀਂ ਹੈ, ਮੈਨੂੰ ਹਾਈਕੋਰਟ ਵਲੋਂ ਜੋ ਸਜ਼ਾ ਦਿੱਤੀ ਜਾਵੇਗੀ, ਮਨਜ਼ੂਰ ਹੈ। ਇਸ ਦੇ ਨਾਲ ਉਨ੍ਹਾਂ ਆਪਣਾ ਇਕ ਲਿਖਤੀ ਬਿਆਨ ਹਾਈਕੋਰਟ ਦੇ ਜਸਟਿਸ ਸਾਹਿਬਾਨ ਨੂੰ ਦਿੱਤਾ, ਜਿਸ ਵਿਚ ਇਹ ਲਿਖਿਆ ਸੀ ਕਿ ਮੈਨੂੰ ਇਥੋਂ ਦੇ ਨਿਆਂਇਕ ਸਿਸਟਮ 'ਤੇ ਭਰੋਸਾ ਨਹੀਂ ਹੈ।



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸ. ਬਲਵੰਤ ਸਿੰਘ ਰਾਜੋਆਣਾ ਨੇ ਹਾਈਕੋਰਟ ਵਿਚ ਆਪਣੇ ਲਿਖਤੀ ਬਿਆਨ ਰਾਹੀਂ ਦੱਸਿਆ ਕਿ ਬੇਅੰਤ ਸਿੰਘ ਦਾ ਕਤਲ ਮਨੁੱਖੀ ਬੰਬ ਨਾਲ ਹੀ ਕੀਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ 31 ਅਗਸਤ 1995 ਨੂੰ ਮੈਂ ਭਾਈ ਦਿਲਾਵਰ ਸਿੰਘ ਦੇ ਨਾਲ ਸੀ ਅਤੇ ਮੈਂ ਖੁਦ ਆਪਣੇ ਹੱਥਾਂ ਨਾਲ ਭਾਈ ਦਿਲਾਵਰ ਸਿੰਘ ਦੇ ਸਰੀਰ ਨਾਲ ਬੰਬ ਬੰਨ੍ਹਿਆ ਸੀ। ਆਪਣੇ ਲਿਖਤੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਦਿਲਾਵਰ ਸਿੰਘ ਸਿੱਖ ਕੌਮ ਦੀ ਆਜ਼ਾਦੀ ਦਾ ਸੂਰਜ ਹਨ ਤੇ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਤੋਂ ਮੁਨਕਰ ਲੋਕ ਇਸ ਸੂਰਜ ਤੇ ਲੱਗੇ ਹੋਏ ਇਕ ਗ੍ਰਹਿਣ ਵਾਂਗ ਹਨ। ਉਨ੍ਹਾਂ ਕਿਹਾ ਕਿ ਜੱਜ ਸਾਹਿਬ, ਸੀ.ਬੀ.ਆਈ. ਦਾ ਕਹਿਣਾ ਗਲਤ ਹੈ ਕਿ ਭਾਈ ਦਿਲਾਵਰ ਸਿੰਘ ਨੂੰ ਮਨੁੱਖੀ ਬੰਬ ਬਣਨ ਲਈ ਕਿਸੇ ਹੋਰ ਨੇ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜੱਜ ਸਾਹਿਬ ਉਸ ਸਮੇਂ ਦਿੱਲੀ ਦੀ ਕਾਂਗਰਸ ਸਰਕਾਰ ਨੇ ਸਿੱਖਾਂ ਦੀਆਂ ਰਾਜਨੀਤਿਕ ਪਾਰਟੀਆਂ ਵਲੋਂ ਲਗਾਏ ਗਏ ਧਰਮ ਯੁੱਧ ਮੋਰਚੇ ਦੌਰਾਨ ਸਿੱਖਾਂ ਦੀਆਂ ਜਾਇਜ਼ ਮੰਗਾਂ ਮੰਨਣ ਦੀ ਬਜਾਏ ਜੂਨ '84 ਤੇ ਨਵੰਬਰ '84 ਨੂੰ ਸਿੱਖ ਕੌਮ ਨਾਲ ਧੱਕਾ ਕੀਤਾ। ਪੰਜਾਬ ਦੀ ਧਰਤੀ 'ਤੇ ਹਜ਼ਾਰਾਂ ਹੀ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕ ਕੇ ਉਨ੍ਹਾਂ ਦਾ ਕਤਲ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਾੜ ਦਿੱਤਾ ਗਿਆ।

ਇਸ ਦੌਰਾਨ ਬੇਅੰਤ ਸਿੰਘ ਹੱਤਿਆਕਾਂਡ ਦੇ ਮੁੱਖ ਦੋਸ਼ੀ ਬਲਵੰਤ ਸਿੰਘ ਨੂੰ ਬੀਤੀ 29 ਸਤੰਬਰ ਨੂੰ ਮੰਗਲਵਾਰ ਐਕਸਪਲੋਸਿਵ ਐਕਟ ਦੇ ਇਕ ਮਾਮਲੇ ਵਿਚ ਰਾਜਪੁਰਾ ਕੋਰਟ ਵਿਚ ਡੀ.ਐਸ.ਪੀ.ਡੀ. ਅਸ਼ੀਸ਼ ਕਪੂਰ ਦੀ ਦੇਖਰੇਖ ਵਿਚ ਪੇਸ਼ ਕੀਤਾ ਗਿਆ। ਇਸ ਦੌਰਾਨ ਕੋਰਟ ਪੂਰੀ ਤਰ੍ਹਾਂ ਛਾਉਣੀ ਵਿਚ ਤਬਦੀਲ ਹੋ ਗਈ। ਪੇਸ਼ੀ ਭੁਗਤਣ ਤੋਂ ਬਾਅਦ ਬਲਵੰਤ ਸਿੰਘ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਂਦਾ ਹੋਇਆ ਗੱਡੀ ਵਿਚ ਜਾ ਚੜ੍ਹਿਆ।

## ਹਵਾਰਾ ਅਤੇ ਭਿਓਰਾ ਨੂੰ ਜ਼ਮਾਨਤ ਮਿਲੀ ਪਰ ਰਹਿਣਗੇ ਜੇਲ੍ਹ 'ਚ ਹੀ


**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਅਤੇ ਪਰਮਜੀਤ ਸਿੰਘ ਭਿਓਰਾ ਨੂੰ ਜ਼ਮਾਨਤ ਮਿਲ ਗਈ। ਇਹ ਜ਼ਮਾਨਤ ਉਨ੍ਹਾਂ ਨੂੰ ਜਨਵਰੀ 2004 ਵਿਚ ਹੋਏ ਬੁੜੈਲ ਜੇਲ੍ਹ ਤੋੜ ਕੇਸ ਵਿਚ ਮਿਲੀ ਹੈ। ਇਹ ਦੋਵੇਂ ਜੇਲ੍ਹ ਵਿਚ ਸੁਰੰਗ ਖੋਦ ਕੇ ਆਪਣੇ ਸਾਥੀ ਜਗਤਾਰ ਸਿੰਘ ਤਾਰਾ ਅਤੇ ਦੇਵੀ ਸਿੰਘ ਨਾਲ ਫਰਾਰ ਹੋ ਗਏ ਸਨ। ਤਾਰਾ ਅਤੇ ਦੇਵੀ ਨੂੰ ਅਜੇ ਪੁਲਿਸ ਨਹੀਂ ਫੜ ਸਕੀ ਅਤੇ ਉਹ ਫਰਾਰ ਹਨ। ਇਸ ਕੇਸ ਵਿਚ ਜ਼ਮਾਨਤ ਮਿਲਣ ਦੇ ਬਾਵਜੂਦ ਦੋਵੇਂ ਹਵਾਰਾ ਅਤੇ ਭਿਓਰਾ ਜੇਲ੍ਹ ਵਿਚ ਹੀ ਬੰਦ ਰਹਿਣਗੇ।



ਹਵਾਰਾ ਨੂੰ ਬੇਅੰਤ ਸਿੰਘ ਹੱਤਿਆਕਾਂਡ ਵਿਚ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ, ਜਦਕਿ ਭਿਓਰਾ ਇਸੇ ਕੇਸ ਵਿਚ ਵਿਚਾਰ ਅਧੀਨ ਹੈ। ਦੋਵਾਂ ਨੂੰ ਜ਼ਮਾਨਤ ਬੁੱਧਵਾਰ ਨੂੰ ਜੇਲ੍ਹ ਵਿਚ ਲੱਗੀ ਸਪੈਸ਼ਲ ਅਦਾਲਤ ਵਿਚ ਦਿੱਤੀ ਗਈ ਹੈ।

## ਸੱਜਣ ਖ਼ਿਲਾਫ਼ ਅਦਾਲਤੀ ਕਾਰਵਾਈ ਮੁੜ ਸ਼ੁਰੂ

**ਨਵੀਂ ਦਿੱਲੀ :** ਇਥੋਂ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਕਥਿਤ ਸ਼ਮੂਲੀਅਤ ਸਬੰਧੀ ਮਾਮਲੇ ਵਿਚ ਗਵਾਹਾਂ ਦੇ ਬਿਆਨ ਰਿਕਾਰਡ ਕਰਨ ਦੀ ਪ੍ਰਕਿਰਿਆ ਮੁੜ ਸ਼ੁਰੂ ਕਰ ਦਿੱਤੀ ਹੈ। ਬੀਤੀ 29 ਸਤੰਬਰ ਨੂੰ ਇਹ ਪ੍ਰਕਿਰਿਆ ਜਗਦੀਸ਼ ਕੌਰ ਤੋਂ ਸ਼ੁਰੂ ਹੋਈ, ਜਿਸ ਨੇ ਅਦਾਲਤ ਨੂੰ ਸਾਫ ਤੌਰ 'ਤੇ ਕਿਹਾ ਕਿ ਉਸ ਦਾ ਇਸ ਕਾਂਗਰਸੀ ਆਗੂ ਦੇ ਕਿਸੇ ਸਿਆਸੀ ਵਿਰੋਧੀ ਨਾਲ ਕੋਈ ਲੈਣ-ਦੇਣ ਨਹੀਂ। ਉਹ ਉਹੀ ਕੁਝ ਕਹਿ ਰਹੀ ਹੈ, ਜੋ ਉਸ ਨੇ ਦੇਖਿਆ ਹੈ। ਐਡੀਸ਼ਨਲ ਸੈਸ਼ਨ ਜੱਜ ਸੁਨੀਤਾ ਗੁਪਤਾ ਦੇ ਸਾਹਮਣੇ ਇਹ ਬਿਆਨ ਰਿਕਾਰਡ ਹੋ ਰਹੇ ਹਨ। ਗਵਾਹ ਨੂੰ ਸੁਆਲ-ਜੁਆਬ ਸੱਜਣ ਕੁਮਾਰ ਦੇ ਵਕੀਲ ਆਈ. ਯੂ. ਖਾਨ ਨੇ ਕੀਤੇ। ਇਸ ਦੌਰਾਨ ਬੀਤੀ 4 ਅਕਤੂਬਰ ਨੂੰ ਮਾਮਲੇ ਦਾ ਇਕ ਗਵਾਹ ਰਾਮ ਅਵਤਾਰ ਸ਼ਰਮਾ ਆਪਣੇ ਪਹਿਲਾਂ ਦਿੱਤੇ ਬਿਆਨਾਂ ਤੋਂ ਪਲਟ ਗਿਆ।



## Matrimonials

### ਕੰਨਿਆ ਦੀ ਲੋੜ

ਜੱਟ ਸਿੱਖ 25, ਕੱਦ 5'6", ਆਰ-1 ਵੀਜ਼ੇ 'ਤੇ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਜਾਤ-ਪਾਤ ਦੀ ਕੋਈ ਬੰਦਿਸ਼ ਨਹੀਂ। ਸੰਪਰਕ ਕਰੋ, ਫੋਨ: 209-233-5247, ਈਮੇਲ: meetjas123@gmail.com

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-351-5737, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

### ਵਰ ਦੀ ਲੋੜ

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, 30, 5'-2". Only serious inquiries, cast no bar: Singhb1@yahoo.com

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com


Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com


Law Office of Sim Kaur
725 30th Street, Suite 203, Sacramento, CA 95816
*Areas of Practice:*
*Business Law
*Business Formation
*Business Transactions
*Contracts Law
*Corporate Law
Ph:(209) 251-9375
Fax: (916) 596-1092
Email: SimKaur333@gmail.com



*Sim Kaur*

100% NCLEX-PN Pass Rate! SSF Campus January 2010 - March 2010 Hayward Campus January 2008 - March 2008
Job Placement Assistance!
Affordable Payment Plans!
NCP Career College & College of Nursing
Training students since 1993!
12 Month LVN Program
20 Day CNA Program
Full Time
Part Time
Days, Evenings & Weekends



Choose which one is right for you...Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Asiana Airlines Emirates Korean Air Singapore Airlines Cathay Pacific Lufthansa China Airlines
We Also Offer Notary Service

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਅਯੁੱਧਿਆ ਮੁੱਦੇ ਦੇ ਹੱਲ ਲਈ ਸਾਲਸੀ ਕੋਸ਼ਿਸ਼ਾਂ ਸ਼ੁਰੂ, ਕਈ ਨਵੇਂ ਝਮੇਲੇ

**ਅਯੁੱਧਿਆ:** ਅਲਾਹਾਬਾਦ ਹਾਈ ਕੋਰਟ ਵਲੋਂ ਫੈਸਲੇ ਸੁਣਾਏ ਜਾਣ ਤੋਂ ਤਿੰਨ ਦਿਨਾਂ ਬਾਅਦ ਅਯੁੱਧਿਆ ਵਿਵਾਦ ਨੂੰ ਅਦਾਲਤ ਤੋਂ ਬਾਅਦ ਸੁਲਝਾਉਣ ਦੀਆਂ ਨਵੇਂ ਸਿਰੇ ਤੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਮਲਕੀਅਤੀ ਦੇ ਮੁਕੱਦਮਿਆਂ ਦੀਆਂ ਮੁੱਖ ਧਿਰਾਂ 'ਚੋਂ ਇਕ ਮੁਹੰਮਦ ਹਾਸ਼ਿਮ ਅੰਸਾਰੀ ਨੇ ਕਿਸੇ ਬਿਹਤਰ ਹੱਲ ਦੀ ਸੰਭਾਵਨਾ ਤਲਾਸ਼ਣ ਲਈ ਬੀਤੀ 3 ਅਕਤੂਬਰ ਨੂੰ ਹਨੂਮਾਨਗੜ੍ਹੀ ਦੇ ਮਹੰਤ ਗਿਆਨ ਦਾਸ ਨਾਲ ਮੁਲਾਕਾਤ ਕੀਤੀ। ਦਾਸ ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਵੀ ਹਨ। ਮਹੰਤ ਗਿਆਨ ਦਾਸ ਨੇ ਗੱਲਬਾਤ ਦੇ ਵੇਰਵੇ ਦੱਸਣ ਤੋਂ ਇਨਕਾਰ ਕਰ ਦਿੱਤਾ ਪਰ 90 ਸਾਲਾ ਅੰਸਾਰੀ ਨੇ ਕਿਹਾ, "ਸੁੰਨੀ ਸੈਂਟਰਲ ਵਕਫ ਬੋਰਡ ਦੇ ਕਹਿਣ 'ਤੇ ਮੈਂ ਪਹਿਲਕਦਮੀ ਕੀਤੀ ਹੈ।" ਵਿਵਾਦਤ ਜ਼ਮੀਨ 'ਤੇ ਬਣੇ ਆਰਜ਼ੀ ਰਾਮ ਮੰਦਰ ਦੇ ਨੇੜਲੇ ਪ੍ਰਸਿੱਧ ਹਨੂਮਾਨਗੜ੍ਹੀ ਵਿਚ ਗਿਆਨ ਦਾਸ ਅਤੇ ਅੰਸਾਰੀ ਵਿਚਕਾਰ ਘੰਟਾ ਭਰ ਗੱਲਬਾਤ ਚੱਲੀ। ਗੱਲਬਾਤ 60 ਸਾਲ ਪੁਰਾਣੇ ਮੰਦਰ-ਮਸਜਿਦ ਵਿਵਾਦ ਨੂੰ ਸੁਲਝਾਉਣ ਦੇ ਢੰਗ-ਤਰੀਕਿਆਂ 'ਤੇ ਵੀ ਕੇਂਦਰਤ ਰਹੀ।

ਅੰਸਾਰੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, "ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਸਾਲਸ ਦੀ ਭੂਮਿਕਾ ਨਿਭਾਏਗੀ ਅਤੇ ਗਿਆਨ ਦਾਸ ਨਿਰਮੋਹੀ ਅਖਾੜਾ (ਵਿਵਾਦ ਦੀ ਇਕ ਹੋਰ ਮੁੱਖ ਧਿਰ) ਵਾਲਿਆਂ ਨਾਲ ਗੱਲਬਾਤ ਕਰਨਗੇ।" ਉਨ੍ਹਾਂ ਕਿਹਾ ਕਿ ਅਖਾੜਾ ਪ੍ਰੀਸ਼ਦ ਦੇ ਮੁਖੀ ਇਸ ਲਈ ਤਿਆਰ ਹਨ। ਉਨ੍ਹਾਂ ਕਿਹਾ, ਇਸ ਮੁੱਦੇ ਦਾ ਫੈਸਲਾ ਅਯੁੱਧਿਆ ਵਿਚ ਹੀ ਕੀਤਾ ਜਾਵੇਗਾ ਅਤੇ ਇਕ ਸੁਚੱਜੇ ਹੱਲ ਦਾ ਸਮਾਂ ਆ ਗਿਆ ਹੈ।" ਉਂਜ ਵਕਫ ਬੋਰਡ ਦੇ ਵਕੀਲ ਜ਼ਫਰਯਾਬ ਜਿਲਾਨੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕਿਸੇ ਪਹਿਲਕਦਮੀ ਦੀ ਕੋਈ ਇਤਲਾਹ ਨਹੀਂ ਹੈ।

ਵਿਸ਼ਨੂੰ ਭਗਤ ਨਿਰਮੋਹੀ ਅਖਾੜੇ ਨੂੰ ਹਾਈ ਕੋਰਟ ਨੇ ਅਯੁੱਧਿਆ ਵਿਚ ਵਿਵਾਦਤ ਜਗ੍ਹਾ 'ਚੋਂ ਇਕ ਤਿਹਾਈ ਹਿੱਸਾ ਦਿੱਤਾ ਸੀ। ਬਾਕੀ ਦੋ-ਤਿਹਾਈ ਹਿੱਸੇ ਵਿਚ ਵਕਫ ਬੋਰਡ ਅਤੇ ਰਾਮ ਲੱਲਾ ਟਰਸਟ ਦਾ ਹੱਕ ਮੰਨਿਆ ਗਿਆ ਸੀ। ਹਾਈ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਅੰਸਾਰੀ ਨੇ ਵਿਵਾਦ ਨੂੰ ਛੱਡ ਕੇ ਨਵੀਂ ਸ਼ੁਰੂਆਤ ਕਰਨ ਦਾ ਸੱਦਾ ਦਿੱਤਾ ਸੀ। ਉਨ੍ਹਾਂ ਦੇ ਇਸ ਵਿਚਾਰ ਦੀ ਨਿਰਮੋਹੀ ਅਖਾੜਾ ਦੇ 84 ਸਾਲਾ ਮੁਖੀ ਭਾਸਕਰ ਦਾਸ ਨੇ ਵੀ ਪ੍ਰੋੜਤਾ ਕੀਤੀ ਸੀ। ਜਿਲਾਨੀ ਨੇ ਕਿਹਾ ਕਿ ਉਨ੍ਹਾਂ ਬੋਰਡ ਦੇ ਚੇਅਰਮੈਨ ਜ਼ਫਰ ਅਹਿਮਦ ਫਾਰੂਕੀ ਨਾਲ ਗੱਲ ਕੀਤੀ ਹੈ ਜਿਨ੍ਹਾਂ ਇਸ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਅੰਸਾਰੀ ਨੂੰ ਕੋਈ ਗੱਲਬਾਤ ਸ਼ੁਰੂ ਕਰਨ ਲਈ ਕਿਹਾ ਸੀ। ਉਨ੍ਹਾਂ ਕਿਹਾ, "ਫਾਰੂਕੀ ਨੇ ਮੈਨੂੰ ਦੱਸਿਆ ਕਿ ਉਹ ਬੋਰਡ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰੇ ਬਗੈਰ ਕਿਸੇ ਵਿਅਕਤੀ ਨੂੰ ਅਧਿਕਾਰ ਨਹੀਂ ਦੇ ਸਕਦੇ।"

ਦੂਜੇ ਪਾਸੇ ਨਵੀਂ ਦਿੱਲੀ ਵਿਚ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਬੀਤੀ 1 ਅਕਤੂਬਰ ਨੂੰ ਕਿਹਾ ਹੈ ਕਿ ਅਯੁੱਧਿਆ ਸਬੰਧੀ ਅਲਾਹਾਬਾਦ ਹਾਈ ਕੋਰਟ ਦਾ ਫੈਸਲਾ 1992 'ਚ ਕੁਝ ਹਿੰਦੂ ਜਨੂੰਨੀਆਂ ਵਲੋਂ ਬਾਬਰੀ ਮਸਜਿਦ ਨੂੰ ਢਾਹੇ ਜਾਣਾ ਜਾਇਜ਼ ਕਰਾਰ ਦਿੱਤੇ ਜਾਣ ਦਾ ਆਧਾਰ ਨਹੀਂ ਬਣਦਾ। ਸ੍ਰੀ ਚਿਦੰਬਰਮ ਨੇ ਕਿਹਾ ਕਿ ਇਸ ਫੈਸਲੇ ਦਾ ਬਾਬਰੀ ਮਸਜਿਦ ਢਾਹੇ ਜਾਣ ਨਾਲ ਕੋਈ ਲਾਗਾ ਦੇਗਾ ਨਹੀਂ ਹੈ। ਜਸਟਿਸ ਲਿਬਰਹਾਨ ਕਮਿਸ਼ਨ ਦੇ ਮੁਤਾਬਕ ਇਹ ਪੂਰੀ ਤਰ੍ਹਾਂ ਅਸਵੀਕ੍ਰਿਤੀਯੋਗ ਸੀ ਤੇ ਇਹ ਇੰਜ ਹੀ ਰਹੇਗਾ। ਉਨ੍ਹਾਂ ਕਿਹਾ ਕਿ ਅਦਾਲਤ ਦਾ ਫੈਸਲਾ ਕਿਸੇ ਵੀ ਤਰ੍ਹਾਂ ਬਾਬਰੀ ਮਸਜਿਦ ਨੂੰ ਢਾਹੇ ਜਾਣ ਨੂੰ ਸਹੀ ਨਹੀਂ ਠਹਿਰਾਉਂਦਾ ਤੇ ਉਹ ਕਾਰਵਾਈ 'ਅਪਰਾਧਿਕ' ਹੀ ਰਹਿਣੀ ਹੈ।

ਜਦਕਿ ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੇ ਮੰਗ ਕੀਤੀ ਹੈ ਕਿ ਕੇਂਦਰ ਐਕਵਾਇਰ ਕੀਤੀ 67 ਏਕੜ ਜ਼ਮੀਨ ਰਾਮ ਮੰਦਰ ਦੀ ਉਸਾਰੀ ਲਈ ਦੇਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਇਸ ਸਬੰਧੀ ਚਿੱਠੀ ਲਿਖੀ ਹੈ। ਇਸੇ ਦੌਰਾਨ ਨਿਤਿਆ ਗੋਪਾਲਦਾਸ ਨੇ ਐਲਾਨ ਕੀਤਾ ਕਿ ਬੇਸ਼ੱਕ ਇਹ ਖੁਸ਼ੀ ਦੀ ਗੱਲ ਹੈ ਕਿ ਅਦਾਲਤ ਨੇ ਇਸ ਥਾਂ ਨੂੰ ਰਾਮ ਲੱਲਾ ਦੀ ਦੱਸਿਆ ਹੈ, ਪਰ ਰਾਮ ਲੱਲਾ ਦੀ ਜ਼ਮੀਨ ਵਿਚੋਂ ਇਕ ਹਿੱਸਾ ਮੁਸਲਮਾਨਾਂ ਨੂੰ ਦੇਣ ਵਿਚ ਕੋਈ ਤਰਕ ਨਹੀਂ ਹੈ। ਇਹ ਬਹਿਸ ਦਾ ਮੁੱਦਾ ਹੈ ਅਤੇ ਸੁਪਰੀਮ ਕੋਰਟ ਹੀ ਇਸ ਮਸਲੇ ਦਾ ਹੱਲ ਹੈ। ਉਨ੍ਹਾਂ ਦੇ ਵਿਚਾਰਾਂ ਨਾਲ ਦਿਗੰਬਰ ਅਖਾੜਾ ਦੇ ਮਹੰਤ ਸੁਰੇਸ਼ ਦਾਸ, ਵੀ.ਐਚ.ਪੀ. ਦੇ ਕੇਂਦਰੀ ਮੰਤਰੀ ਪੁਰਸ਼ੋਤਮ ਦਾਸ ਅਤੇ ਐਚ.ਪੀ. ਮਾਰਗਦਰਸ਼ਕ ਸਮਿਤੀ ਦੇ ਮੈਂਬਰ ਕੌਸ਼ਲ ਕਿਸ਼ੋਰ ਦਾਸ ਵਰਗੇ ਹੋਰ ਸੰਤ ਵੀ ਸਹਿਮਤ ਸਨ। ਸਾਰੇ ਕੱਟੜ ਆਗੂਆਂ ਦਾ ਕਹਿਣਾ ਹੈ ਕਿ ਅੱਜ ਦੇ ਫੈਸਲੇ ਨੇ ਪਹਿਲਾ ਮੀਲ ਪੱਥਰ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਇਸ ਸਥਾਨ ਨੂੰ ਭਗਵਾਨ ਰਾਮ ਦੀ ਜਨਮ ਭੂਮੀ ਮੰਨ ਲਿਆ ਗਿਆ ਹੈ ਤਾਂ ਮੁਸਲਮਾਨਾਂ ਨੂੰ ਹਿੱਸਾ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਜਲਦੀ ਹੀ ਰਾਮ ਜਨਮ ਭੂਮੀ ਸੈਂਟਰਲ ਕਮੇਟੀ ਦੀ ਮੀਟਿੰਗ ਅਗਲੀ ਕਾਨੂੰਨੀ ਨੀਤੀ ਤੈਅ ਕਰਨ ਲਈ ਸੱਦੀ ਜਾਵੇਗੀ।

ਉਧਰ ਸੁੰਨੀ ਵਕਫ ਬੋਰਡ ਨੇ ਬੀਤੀ 30 ਸਤੰਬਰ ਨੂੰ ਕਿਹਾ ਹੈ ਕਿ ਉਹ ਅਯੁੱਧਿਆ ਬਾਰੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਖਿਲਾਫ਼ ਸੁਪਰੀਮ ਕੋਰਟ ਜਾਵੇਗਾ। ਬੋਰਡ ਦੇ ਵਕੀਲ ਜ਼ਫਰਯਾਬ ਜਿਲਾਨੀ ਨੇ ਫੈਸਲੇ ਮਗਰੋਂ ਪੱਤਰਕਾਰਾਂ ਨੂੰ ਕਿਹਾ, "ਅਸੀਂ ਇਸ ਵਿਵਾਦਪੂਰਨ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਦੇ ਫੈਸਲੇ ਖਿਲਾਫ਼ ਅਪੀਲ ਕਰਾਂਗੇ। ਵਕਫ ਬੋਰਡ ਨੂੰ ਅਦਾਲਤ ਵਲੋਂ ਦਿੱਤੀ ਜਾ ਰਹੀ ਇਕ ਤਿਹਾਈ ਜ਼ਮੀਨ ਬਿਲਕੁਲ ਮਨਜ਼ੂਰ ਨਹੀਂ।"

ਉਨ੍ਹਾਂ ਕਿਹਾ ਕਿ ਬੋਰਡ ਜ਼ਮੀਨ 'ਤੇ ਆਪਣੀ ਮਲਕੀਅਤ ਦੇ ਹੱਕ ਨੂੰ ਨਹੀਂ ਛੱਡੇਗਾ ਤੇ ਅਦਾਲਤੀ ਲੜਾਈ ਜਾਰੀ ਰੱਖੇਗਾ। ਇਸ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਸ ਵਿਵਾਦ ਨੂੰ ਗੱਲਬਾਤ ਰਾਹੀਂ ਹੱਲ ਕਰਨ ਦੀ ਕੋਈ ਪੇਸ਼ਕਸ਼ ਆਉਂਦੀ ਹੈ ਤਾਂ ਉਸ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਨਾਬ ਜਿਲਾਨੀ ਮੁਤਾਬਕ, "ਜੇਕਰ ਤਜਵੀਜ਼ ਆਉਂਦੀ ਹੈ ਤਾਂ ਗੱਲਬਾਤ ਹੋ ਸਕਦੀ ਹੈ।"

## ਕੀ ਦੇਸ਼ ਰੱਬ ਆਸਰੇ ਚਲ ਰਿਹੈ- ਜਿਲਾਨੀ

**ਲਖਨਊ:** ਜ਼ਫਰਯਾਬ ਜਿਲਾਨੀ, ਉਤਰ ਪ੍ਰਦੇਸ਼ ਸੁੰਨੀ ਵਕਫ ਬੋਰਡ ਵਲੋਂ ਇਸ ਕੇਸ ਨੂੰ ਪਿਛਲੇ 24 ਸਾਲਾਂ ਤੋਂ ਪੂਰੀ ਦ੍ਰਿੜਤਾ ਨਾਲ ਲੜ ਰਹੇ ਹਨ। ਹੁਣ ਮਾਮਲਾ ਸੁਪਰੀਮ ਕੋਰਟ ਵਿਚ ਜਾ ਰਿਹਾ ਹੈ ਤੇ ਲਗਦਾ ਹੈ ਕਿ ਉਹ ਇਸ ਇਤਿਹਾਸਕ ਮਾਮਲੇ ਲਈ ਕਈ ਹੋਰ ਸਾਲ ਲੇਖੇ ਲਾਉਣਗੇ। ਜਨਾਬ ਜਿਲਾਨੀ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਹੋਣ ਦੇ ਨਾਲ-ਨਾਲ ਬਾਬਰੀ ਮਸਜਿਦ ਐਕਸ਼ਨ ਕਮੇਟੀ ਨਾਲ ਵੀ ਜੁੜੇ ਹੋਏ ਹਨ। ਲਖਨਊ ਵਿਚਲੇ ਜਿਲਾਨੀ ਦੇ ਘਰ ਵਿਚ ਉਨ੍ਹਾਂ ਨਾਲ 60 ਸਾਲਾਂ ਤੋਂ ਚੱਲ ਰਹੇ ਅਯੁੱਧਿਆ ਮਾਮਲੇ 'ਤੇ ਹੋਈ ਗੱਲਬਾਤ ਦੇ ਅਹਿਮ ਅੰਸ਼:

**ਅਲਾਹਾਬਾਦ ਹਾਈ ਕੋਰਟ ਦੇ ਫੈਸਲੇ 'ਤੇ ਤੁਹਾਡੀ ਕੀ ਪ੍ਰਤੀਕ੍ਰਿਆ ਹੈ?**

-ਇਸ ਫੈਸਲੇ ਵਿਚ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਦਾ ਆਧਾਰ 'ਵਿਸ਼ਵਾਸ ਤੇ ਆਸਥਾ' ਨੂੰ ਬਣਾਇਆ ਗਿਆ ਹੈ। ਜਸਟਿਸ ਸੁਧੀਰ ਅਗਰਵਾਲ ਨੇ ਕਿਹਾ, "ਇਹ ਐਲਾਨ ਕੀਤਾ ਜਾਂਦਾ ਹੈ ਕਿ ਤਿੰਨ ਗੁੰਬਦਾਂ ਵਾਲੇ ਸਥਾਨ ਦੇ ਵਿਚਲੇ ਗੁੰਬਦਾਂ ਵਾਲਾ ਹਿੱਸਾ ਜੋ ਵਿਵਾਦਗ੍ਰਸਤ ਹੈ, ਉਹ ਹਿੰਦੂਆਂ ਦੀ ਆਸਥਾ ਤੇ ਵਿਸ਼ਵਾਸ਼ ਮੁਤਾਬਕ ਭਗਵਾਨ ਰਾਮ ਦਾ ਜਨਮ ਸਥਾਨ ਹੈ ਤੇ ਇਸ ਵਿਚ ਹੋਰ ਕੋਈ ਦਖਲ ਨਹੀਂ ਦੇਵੇਗਾ।" ਜੱਜ ਦਾ ਇਹ ਐਲਾਨ ਅਜਿਹਾ ਹੈ ਜਿਸ ਅੱਗੇ ਕੋਈ ਵੀ ਸਬੂਤ ਬੇਕਾਰ ਹੈ ਤੇ ਨਾ ਹੀ ਕੋਈ ਸਬੂਤ ਹੈ। ਇਹ ਸਿਰਫ ਆਸਥਾ ਤੇ ਵਿਸ਼ਵਾਸ਼ 'ਤੇ ਆਧਾਰਤ ਫੈਸਲਾ ਹੈ ਕਿਉਂਕਿ 9 ਲੱਖ ਸਾਲ ਪਹਿਲਾਂ ਭਗਵਾਨ ਰਾਮ ਦਾ ਜਨਮ ਇੱਥੇ ਹੀ ਹੋਇਆ ਸੀ, ਉਸ ਬਾਰੇ ਕੋਈ ਭਰੋਸੇਯੋਗ ਜਾਣਕਾਰੀ ਨਹੀਂ ਹੈ। ਗਵਾਹਾਂ ਨੇ ਕਿਹਾ ਕਿ ਭਗਵਾਨ ਰਾਮ ਦਾ ਜਨਮ ਇੱਥੇ ਹੋਇਆ ਤੇ ਜੱਜ ਨੇ ਆਸਥਾ ਤੇ ਵਿਸ਼ਵਾਸ਼ ਨੂੰ ਧਿਆਨ ਵਿਚ ਰੱਖ ਕੇ ਫੈਸਲਾ ਸੁਣਾ ਦਿੱਤਾ। ਗਵਾਹਾਂ ਨੇ ਜੋ ਬਿਆਨ ਦਿੱਤੇ ਹਨ, ਉਸ ਮੁਤਾਬਕ ਭਗਵਾਨ ਰਾਮ ਦਾ ਜਨਮ 9 ਲੱਖ ਸਾਲ ਤੇ ਡੇਢ ਕਰੋੜ ਸਾਲ ਵਿਚਾਲੇ ਦਾ ਮੰਨਿਆ ਜਾ ਰਿਹਾ ਹੈ। ਗਵਾਹਾਂ ਵਿਚ ਉੱਘੇ ਧਾਰਮਿਕ ਆਗੂ ਸ੍ਰੀ ਜਗਤਗੁਰੂ ਰਾਮਾਨੰਦਚਾਰੀਆ ਸਵਾਮੀ ਰਾਮ ਭਦਰਾਚਾਰੀਆ (ਚਿਤਰਕੂਟ) ਸ਼ਾਮਲ ਹਨ। ਦੁਨੀਆਂ ਦੇ ਇਤਿਹਾਸਕਾਰ ਤੇ ਹਿੰਦੂ ਸਮਾਜ ਦੇ ਗਵਾਹ ਮੰਨਦੇ ਹਨ ਕਿ ਅੱਜ ਤੋਂ 2 ਲੱਖ ਸਾਲ ਪਹਿਲਾਂ ਧਰਤੀ ਦੇ ਕਿਸੇ ਹਿੱਸੇ 'ਤੇ ਮਨੁੱਖੀ ਸੱਭਿਅਤਾ ਨਹੀਂ ਸੀ।

ਸਤਿਕਾਰਯੋਗ ਜੱਜ ਨੇ ਇਹ ਗੱਲ ਕਹੀ ਹੈ ਕਿ ਵਿਵਾਦਗ੍ਰਸਤ ਇਮਾਰਤ ਕਿਸੇ ਮੰਦਰ ਨੂੰ ਢਾਹ ਕੇ ਉਸ ਉਪਰ ਖੜ੍ਹੀ ਕੀਤੀ ਗਈ ਹੈ, ਪਰ ਇਸ ਗੱਲ ਦੇ ਕੋਈ ਸਬੂਤ ਸਾਹਮਣੇ ਨਹੀਂ ਆਏ। ਜਿੱਥੋਂ ਤੱਕ ਭਾਰਤੀ ਪੁਰਾਤੱਤਵ ਵਿਭਾਗ ਦੀ ਰਿਪੋਰਟ ਦਾ ਸਵਾਲ ਹੈ, ਉਸ ਵਿਚ ਵੀ ਇਸ ਗੱਲ ਦਾ ਜ਼ਿਕਰ ਨਹੀਂ ਕਿ 1528 ਦੇ ਨੇੜੇ-ਤੇੜੇ ਕਦੇ ਕੋਈ ਮੰਦਰ ਢਾਹਿਆ ਗਿਆ, ਜਦ ਕਿ ਕਿਹਾ ਜਾਂਦਾ ਹੈ ਕਿ ਇਹ ਮਸਜਿਦ ਜਾਂ ਇਮਾਰਤ ਬਾਬਰ ਦੇ ਰਾਜ ਵੇਲੇ ਉਸਾਰੀ ਗਈ।

**ਤੁਸੀਂ ਸੁਪਰੀਮ ਕੋਰਟ ਦਾ ਦਰਵਾਜ਼ਾ ਕਦੋਂ ਖੜਕਾ ਰਹੇ ਹੋ ਤੇ ਤੁਹਾਡੀ ਮੁੱਖ ਦਲੀਲ ਕੀ ਹੋਵੇਗੀ?**

-ਪਟੀਸ਼ਨ ਦਾ ਕੱਚਾ ਖਾਕਾ 15 ਅਕਤੂਬਰ ਤੱਕ ਤਿਆਰ ਕਰ ਲਿਆ ਜਾਵੇਗਾ ਤੇ 16 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਆਲ ਇੰਡੀਆ ਪਰਸਨਲ ਲਾਅ ਬੋਰਡ ਦੀ ਮੀਟਿੰਗ ਵਿਚ ਉਸ 'ਤੇ ਵਿਚਾਰ ਕੀਤਾ ਜਾਵੇਗਾ। ਉਸ ਮਗਰੋਂ ਛੇਤੀ ਤੋਂ ਛੇਤੀ ਪਟੀਸ਼ਨ ਪਾਈ ਜਾਵੇਗੀ। ਸਾਡੀ ਮੁੱਖ ਦਲੀਲ ਇਹ ਹੋਵੇਗੀ ਕੀ ਇਸ ਮੁਲਕ ਵਿਚ ਕਾਨੂੰਨ ਦਾ ਰਾਜ ਹੈ ਤੇ ਇਥੇ ਸੰਵਿਧਾਨ ਮੁਤਾਬਕ ਸਭ ਚਲ ਰਿਹਾ ਹੈ ਜਾਂ ਫੇਰ ਸਭ ਵਿਸ਼ਵਾਸ਼ ਤੇ ਆਸਥਾ ਦੇ ਆਧਾਰ ਉਪਰ ਹੀ ਤੈਅ ਕੀਤਾ ਜਾਂਦਾ ਹੈ।

# ਅਯੁੱਧਿਆ ਬਾਰੇ ਬਿਆਨ 'ਤੇ ਮੁਲਾਇਮ ਦੀ ਆਲੋਚਨਾ




**ਲਖਨਊ :** ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਨੂੰ ਅਯੁੱਧਿਆ ਮਾਮਲੇ 'ਚ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਬਾਰੇ ਕੀਤੀ ਟਿੱਪਣੀ ਉਲਟੀ ਪੈ ਗਈ ਹੈ। ਉਨ੍ਹਾਂ ਇਹ ਟਿੱਪਣੀ ਮੁਸਲਮਾਨਾਂ ਦੀ ਹਮਦਰਦੀ ਲੈਣ ਲਈ ਕੀਤੀ ਸੀ, ਪਰ ਮੁਸਲਿਮ ਆਗੂਆਂ ਨੇ ਇਸ ਦੀ ਆਲੋਚਨਾ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਭਾਜਪਾ ਆਗੂਆਂ ਅਤੇ ਮੁਲਾਇਮ ਦੇ ਲੰਮਾ ਸਮਾਂ ਸਾਥੀ ਰਹੇ ਅਮਰ ਸਿੰਘ ਨੇ ਵੀ ਉਨ੍ਹਾਂ 'ਤੇ ਤਕੜਾ ਵਾਰ ਕੀਤਾ ਗਿਆ ਹੈ। ਸ੍ਰੀ ਯਾਦਵ ਨੇ ਕਿਹਾ ਸੀ ਕਿ ਅਦਾਲਤ ਦੇ ਫੈਸਲੇ ਮਗਰੋਂ ਮੁਸਲਮਾਨ 'ਠੱਗਿਆ ਮਹਿਸੂਸ' ਕਰ ਰਹੇ ਹਨ।

ਈਦਗਾਹ ਦੇ ਇਮਾਮ ਤੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਮੈਂਬਰ ਮੌਲਾਨਾ ਖਾਲਿਸ ਰਸ਼ੀਦ ਨੇ ਕਿਹਾ, "ਫੈਸਲੇ ਮਗਰੋਂ ਦੋਵਾਂ ਫਿਰਕਿਆਂ ਦੇ ਧਾਰਮਿਕ ਆਗੂਆਂ ਨੇ ਅਜਿਹਾ ਕੁਝ ਨਹੀਂ ਕਿਹਾ, ਜਿਸ ਨਾਲ ਦੇਸ਼ ਅੰਦਰ ਅਮਨ ਭੰਗ ਹੋਵੇ। ਅਸੀਂ ਅਜਿਹੇ ਕਿਸੇ ਸਿਆਸੀ ਬਿਆਨ ਦਾ ਸਵਾਗਤ ਨਹੀਂ ਕਰਾਂਗੇ, ਜੋ ਸ਼ਾਂਤੀ ਭੰਗ ਕਰਦਾ ਹੋਵੇ।" ਇਸਲਾਮੀ ਖੋਜ ਸੰਸਥਾ ਦਾਰੁਲ ਮੁਸੀਨੱਫੀਨ ਨੇ ਮੌਲਾਨਾ ਮੁਹੰਮਦ ਉਮਰ ਨੇ ਸ੍ਰੀ ਯਾਦਵ ਦੇ ਬਿਆਨ ਨੂੰ 'ਮੰਦਭਾਵਨਾ' ਵਾਲਾ ਕਰਾਰ ਦਿੱਤਾ। ਸ਼ੀਆ ਪਰਸਨਲ ਲਾਅ ਬੋਰਡ ਦੇ ਮੌਲਾਨਾ ਮੁਹੰਮਦ ਮਿਰਜ਼ਾ ਅਖਤਰ ਨੇ ਕਿਹਾ, "ਉਦੋਂ ਜਦੋਂ ਸਾਰਿਆਂ ਨੂੰ ਇਕਜੁੱਟ ਰੱਖਣ ਦੀ ਲੋੜ ਹੈ ਤਾਂ ਸ੍ਰੀ ਯਾਦਵ ਵਰਗੇ ਸੀਨੀਅਰ ਆਗੂ ਗੈਰ-ਜ਼ਿੰਮੇਵਾਰਾਨਾ ਬਿਆਨ ਦੇ ਰਹੇ ਹਨ। ਉੱਘੇ ਸ਼ੀਆ ਆਗੂ ਤੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਮੈਂਬਰ ਹਮੀਦੁਲ ਹਸਨ ਨੇ ਸਮਾਜਵਾਦੀ ਆਗੂ ਦੇ ਬਿਆਨ ਉਪਰ ਕੁਝ ਵੀ ਕਹਿਣ ਤੋਂ ਟਾਲਾ ਵੱਟਦਿਆਂ ਹਰ ਕਿਸੇ ਨੂੰ ਅਪੀਲ ਕੀਤੀ ਕਿ ਉਹ ਅਜਿਹਾ ਕੋਈ ਬਿਆਨ ਨਾ ਦੇਣ, ਜਿਸ ਨਾਲ ਭਾਈਚਾਰਕ ਸਾਂਝ ਦੀਆਂ ਤੰਦਾਂ ਟੁੱਟਣ। ਮੌਲਾਨਾ ਮੁਹੰਮਦ ਮੁਸ਼ਤਾਕ ਨੇ ਕਿਹਾ ਕਿ ਹਾਲੇ ਤਕ ਕਿਸੇ ਵੀ ਮੁਸਲਿਮ ਆਗੂ ਨੇ ਫੈਸਲੇ ਖਿਲਾਫ਼ ਬਿਆਨ ਨਹੀਂ ਦਿੱਤਾ।

ਉਧਰ ਸਮਾਜਵਾਦੀ ਪਾਰਟੀ ਦੇ ਸਾਬਕਾ ਨੇਤਾ ਅਮਰ ਸਿੰਘ ਨੇ ਕਿਹਾ ਹੈ ਕਿ ਮੁਲਾਇਮ ਸਿੰਘ ਵੋਟਾਂ ਲਈ ਅਦਾਲਤ ਦੀ ਤੌਹੀਨ ਕਰ ਰਹੇ ਹਨ। ਅਮਰ ਸਿੰਘ ਨੇ ਮੁਲਾਇਮ ਸਿੰਘ 'ਤੇ ਟਿੱਪਣੀਆਂ ਕਰਦਿਆਂ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਹੈਰਾਨੀ ਤਾਂ ਉਦੋਂ ਹੁੰਦੀ ਹੈ, ਜਦੋਂ ਅਯੁੱਧਿਆ ਵਿਚ ਤਾਬੜ ਤੋੜ ਰੌਲਾ ਪਾਉਣ ਵਾਲੇ ਆਗੂ ਸਾਕਸ਼ੀ ਮਹਾਰਾਜ ਨੂੰ ਰਾਜ ਸਭਾ ਵਿਚ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਿਸ਼ਨੂੰ ਹਰੀ ਡਾਲਮੀਆ ਦੇ ਫਰਜ਼ੰਦ ਸੰਜੇ ਡਾਲਮੀਆ ਨੂੰ ਰਾਜ ਸਭਾ ਵਿਚ, ਕਲਿਆਣ ਸਿੰਘ ਦੇ ਬੇਟੇ ਰਾਜਵੀਰ ਸਿੰਘ ਨੂੰ ਆਪਣੇ ਮੰਤਰੀ ਮੰਡਲ ਅਤੇ ਖੁਦ ਕਲਿਆਣ ਸਿੰਘ ਨੂੰ ਸਪਾ ਸਮਾਗਮ ਵਿਚ ਸ਼ਾਮਲ ਕਰਵਾਉਣ ਵਾਲੇ ਮੁਲਾਇਮ ਮੁਸਲਿਮ ਵੋਟਾਂ ਲਈ ਅਦਾਲਤ ਦੀ ਤੌਹੀਨ ਕਰਦੇ ਨਜ਼ਰ ਆਉਂਦੇ ਹਨ। ਦੂਜੇ ਪਾਸੇ ਭਾਜਪਾ ਆਗੂ ਵਿਨੇ ਕਟਿਆਰ ਨੇ ਇਸ ਸਬੰਧੀ ਮੁਲਾਇਮ ਸਿੰਘ ਨੂੰ ਮਾਫੀ ਮੰਗਣ ਲਈ ਕਿਹਾ ਹੈ।

## ਰੱਥ ਯਾਤਰਾ ਸਹੀ ਹੋਣ ਦੀ ਪੁਸ਼ਟੀ - ਅਡਵਾਨੀ



**ਨਵੀਂ ਦਿੱਲੀ :** ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ 'ਅਯੁੱਧਿਆ ਰੱਥ-ਯਾਤਰਾ' ਜਾਇਜ਼ ਸੀ ਅਤੇ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੇ ਵੀ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰਾਮ ਮੰਦਰ ਦੀ ਉਸਾਰੀ ਬਾਰੇ ਹੁਣ ਜੇ ਕੋਈ ਵਿਵਾਦ ਹੈ ਤਾਂ ਉਹ ਗੱਲਬਾਤ ਰਾਹੀਂ ਸੁਲਝਾਇਆ ਜਾਣਾ ਚਾਹੀਦਾ ਹੈ। ਰਾਮ ਮੰਦਰ ਦੀ ਉਸਾਰੀ ਵਾਸਤੇ 1989 ਵਿਚ ਰੱਥ-ਯਾਤਰਾ ਕਰਨ ਵਾਲੇ ਸ੍ਰੀ ਅਡਵਾਨੀ ਨੇ ਇਸ ਆਲੋਚਨਾ ਨੂੰ ਵੀ ਰੱਦ ਕਰ ਦਿੱਤਾ ਕਿ ਲੰਘੇ ਹਫਤੇ ਲਖਨਊ ਬੈਂਚ ਨੇ ਕਾਨੂੰਨ ਨਾਲੋਂ ਆਸਥਾ ਨੂੰ ਉਪਰ ਰੱਖਿਆ ਸੀ। ਉਨ੍ਹਾਂ ਕਿਹਾ ਕਿ ਇਹ ਕੇਵਲ 'ਕਾਨੂੰਨ ਵਲੋਂ ਆਸਥਾ ਕਾਇਮ' ਰੱਖਣ ਦਾ ਮਾਮਲਾ ਹੈ। ਉਨ੍ਹਾਂ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਦੇ ਇਸ ਸੁਝਾਅ ਦਾ ਸਮਰਥਨ ਕੀਤਾ ਕਿ ਮੁਸਲਮਾਨ ਫੈਜ਼ਾਬਾਦ ਵਿਚ ਆਪਣੀ ਮਸਜਿਦ ਸਰਯੂ ਦਰਿਆ ਦੇ ਕਿਨਾਰੇ ਬਣਾ ਸਕਦੇ ਹਨ।

ਰੱਥ-ਯਾਤਰਾ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਹ ਜਾਇਜ਼ ਸੀ, ਕਿਉਂਕਿ 1989 ਤੋਂ ਪਹਿਲਾਂ ਭਾਜਪਾ ਇਸ ਰਾਮ ਮੰਦਰ ਲਹਿਰ ਦਾ ਹਿੱਸਾ ਨਹੀਂ ਸੀ। ਉਨ੍ਹਾਂ ਕਿਹਾ ਕਿ ਦੋਵਾਂ ਭਾਈਚਾਰਿਆਂ ਨੂੰ ਆਪਸੀ ਸਲਾਹ-ਮਸ਼ਵਰੇ ਨਾਲ ਕੋਈ ਸਮਝੌਤਾ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਸ ਸਥਾਨ ਨੂੰ ਰਾਮ ਦਾ ਜਨਮ ਸਥਾਨ ਮੰਨਿਆ ਜਾਂਦਾ ਹੈ, ਉਥੇ ਰਾਮ ਮੰਦਰ ਬਣਨਾ ਚਾਹੀਦਾ ਹੈ ਤੇ ਇਹ ਕੰਮ ਸਿਰਫ ਅਦਾਲਤ ਦੇ ਫ਼ੈਸਲੇ ਕਾਰਨ ਨਹੀਂ, ਸਗੋਂ ਦੋਵਾਂ ਫਿਰਕਿਆਂ ਦੀ ਮਰਜ਼ੀ ਅਨੁਸਾਰ ਹੋਵੇ।

ਇਸ ਦੌਰਾਨ ਭਾਜਪਾ ਨੇ ਇਸ ਮੁੱਦੇ 'ਤੇ ਕੋਈ ਵੀ ਟਿੱਪਣੀ ਕਰਨੋਂ ਨਾਂਹ ਕਰ ਦਿੱਤੀ ਕਿ ਅਯੁੱਧਿਆ ਵਿਖੇ ਬਾਬਰੀ ਮਸਜਿਦ ਢਾਹੇ ਜਾਣ ਦੀ ਕਾਰਵਾਈ ਨੂੰ ਉਹ ਅਪਰਾਧ ਮੰਨਦੀ ਹੈ ਜਾਂ ਨਹੀਂ। ਭਾਜਪਾ ਦੇ ਮੁੱਖ ਬੁਲਾਰੇ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਅਦਾਲਤ ਆਪਣਾ ਕੰਮ ਕਰ ਰਹੀ ਹੈ ਤੇ ਉਹ ਢਾਂਚਾ ਬਾਬਰੀ ਮਸਜਿਦ ਦਾ ਨਹੀਂ, ਸਗੋਂ ਵਿਵਾਦਗ੍ਰਸਤ ਸੀ। ਉਨ੍ਹਾਂ ਕਿਹਾ ਕਿ ਕਾਨੂੰਨ ਆਪਣੇ ਢੰਗ ਨਾਲ ਕੰਮ ਕਰ ਰਿਹਾ ਹੈ ਅਤੇ ਇਸ ਬਾਰੇ ਵੀ ਫ਼ੈਸਲਾ ਹੋ ਜਾਵੇਗਾ। ਇਸੇ ਤਰ੍ਹਾਂ ਪੁਣੇ ਵਿਖੇ ਪਾਰਟੀ ਬੁਲਾਰੇ ਪ੍ਰਕਾਸ਼ ਜਾਵਦੇਕਰ ਨੇ ਕਿਹਾ ਕਿ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਹਿੰਦੂ ਅਤੇ ਮੁਸਲਿਮ ਭਾਈਚਾਰਿਆਂ ਦਰਮਿਆਨ ਕੋਈ ਸਮਝੌਤਾ ਕਰਵਾਉਣ ਲਈ ਕੇਂਦਰ ਨੂੰ ਪਹਿਲ ਕਰਨੀ ਚਾਹੀਦੀ ਹੈ। ਉਹ ਇਸ ਸਵਾਲ ਦਾ ਜਵਾਬ ਦੇਣੋਂ ਟਾਲਾ ਵੱਟ ਗਏ ਕਿ ਕੀ ਹੁਣ ਵੀ ਰਾਮ ਮੰਦਰ ਦਾ ਮੁੱਦਾ ਭਾਜਪਾ ਦੇ ਸਿਆਸੀ ਏਜੰਡੇ 'ਤੇ ਰਹੇਗਾ ਜਾਂ ਨਹੀਂ। ਉਧਰ ਕੋਲਕਾਤਾ ਵਿਖੇ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਵਿਨੇ ਕਟਿਆਰ ਨੇ ਕਿਹਾ ਕਿ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਨੂੰ ਸੰਸਦ ਵਿਚ ਬਿੱਲ ਲਿਆਉਣਾ ਚਾਹੀਦਾ ਹੈ।

# ਦਲਬੀਰ ਸਿੰਘ ਪੱਤਰਕਾਰ ਵਲੋਂ ਸਰਕਾਰ ਖਿਲਾਫ ਦਾਇਰ ਕੇਸ ਦਿਲਚਸਪ ਦੌਰ ਵਿਚ

**-ਪੰਜਾਬ ਟਾਈਮਜ਼ ਬਿਊਰੋ**



**ਫਿਲੌਰ :** ਉੱਘੇ ਪੱਤਰਕਾਰ ਅਤੇ ਖਾਲੜਾ ਮਿਸ਼ਨ ਕਮੇਟੀ ਦੇ ਸਰਪ੍ਰਸਤ ਪੱਤਰਕਾਰ ਦਲਬੀਰ ਸਿੰਘ ਵਲੋਂ ਸਿੱਖ ਸੰਘਰਸ਼ ਦੌਰਾਨ ਉਨ੍ਹਾਂ ਖਿਲਾਫ ਦਰਜ ਕੀਤੇ ਗਏ ਵੱਖ-ਵੱਖ ਝੂਠੇ ਕੇਸਾਂ ਕਾਰਨ ਕੀਤਾ ਗਿਆ ਹਰਜਾਨੇ ਦਾ ਕੇਸ ਦਿਲਚਸਪ ਦੌਰ ਵਿਚ ਦਾਖਲ ਹੋ ਗਿਆ ਹੈ। ਇਹ ਕੇਸ ਭਾਵੇਂ ਸ. ਦਲਬੀਰ ਸਿੰਘ ਪੱਤਰਕਾਰ ਜਾਤੀ ਤੌਰ 'ਤੇ ਲੜ ਰਹੇ ਹਨ ਪਰ ਇਸ ਦੇ ਨਾਲ 84ਵਿਆਂ ਦੇ ਦੌਰ ਵਿਚ ਸਿੱਖਾਂ ਖਿਲਾਫ ਸਮੂਹਿਕ ਰੂਪ ਵਿਚ ਵਾਪਰੇ ਭਾਣੇ ਚਰਚਾ ਦਾ ਵਿਸ਼ਾ ਬਣਨੇ ਸ਼ੁਰੂ ਹੋ ਗਏ ਹਨ। ਇਸ ਕੇਸ ਦੀ ਸੁਣਵਾਈ ਫਿਲੌਰ ਤਹਿਸੀਲ ਦੇ ਸੀਨੀਅਰ ਸਬ ਜੱਜ ਹਰਜੀਤ ਸਿੰਘ ਦੀ ਅਦਾਲਤ ਵਿਚ ਚੱਲ ਰਹੀ ਹੈ।

ਸ. ਦਲਬੀਰ ਸਿੰਘ ਅਨੁਸਾਰ ਖਾੜਕੂਵਾਦ ਦੇ ਦੌਰ ਵਿਚ ਉਨ੍ਹਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ। ਜਦੋਂ ਉਹ ਬਠਿੰਡਾ ਤੋਂ 'ਦ ਟ੍ਰਿਬਿਊਨ' ਦੇ ਸੀਨੀਅਰ ਸਟਾਫ ਕਾਰਸਪਾਂਡੈਂਟ ਸਨ ਤਾਂ ਉਨ੍ਹਾਂ ਦੇ ਖਿਲਾਫ 1984 ਵਿਚ ਤਤਕਾਲੀ ਸਰਕਾਰ ਨੇ ਐਨ ਐਸ ਏ ਲਗਾ ਦਿੱਤੀ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਖਿਲਾਫ ਕਤਲ ਦੇ ਤਿੰਨ ਝੂਠੇ ਕੇਸ ਦਰਜ ਕੀਤੇ ਗਏ ਅਤੇ ਇਥੋਂ ਤੱਕ ਕਿ ਉਨ੍ਹਾਂ ਦੀ ਪਤਨੀ ਨੂੰ ਗੈਰਕਾਨੂੰਨੀ ਹਿਰਾਸਤ ਵਿਚ ਰੱਖਕੇ ਪ੍ਰੇਸ਼ਾਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਦੀ ਜ਼ਮੀਨ ਵੀ ਸਰਕਾਰ ਵਲੋਂ ਕੁਰਕ ਕਰ ਲਈ ਗਈ ਸੀ।

ਬੀਤੀ 4 ਅਕਤੂਬਰ ਨੂੰ ਫਿਲੌਰ ਦੀ ਅਦਾਲਤ ਵਿਚ ਇਸ ਕੇਸ 'ਤੇ ਜ਼ਿਰ੍ਹਾ ਹੋਈ। ਯਾਦ ਰਹੇ ਦਲਬੀਰ ਸਿੰਘ ਵਲੋਂ ਇਸ ਕੇਸ ਵਿਚ ਭਾਵੇਂ ਪੰਜਾਬ ਦੇ ਮੁੱਖ ਸਕੱਤਰ ਅਤੇ ਜ਼ਿਲ੍ਹੇ ਦੇ ਪੁਲਸ ਮੁਖੀ ਨੂੰ ਸ਼ਾਮਲ ਕੀਤਾ ਗਿਆ ਸੀ ਪਰ ਸਰਕਾਰ ਦੀ ਤਰਫੋਂ ਸਿਰਫ ਥਾਣਾ ਮੁਖੀ ਹੀ ਪੇਸ਼ ਹੋਏ। ਇਸ ਦੌਰਾਨ ਸ. ਦਲਬੀਰ ਸਿੰਘ ਹੋਰਾਂ ਦੇ ਵਕੀਲ ਐਡਵੋਕੇਟ ਬਲਵੰਤ ਸਿੰਘ ਵਲੋਂ ਵਿਸਥਾਰ ਵਿਚ ਐਸ.ਐਚ.ਓ. ਨੂੰ ਸੁਆਲ ਕੀਤੇ ਗਏ।

ਐਸ.ਐਚ.ਓ. ਨੇ ਸਰਕਾਰ ਵਲੋਂ ਕਿਹਾ ਕਿ ਦਲਬੀਰ ਸਿੰਘ ਨੂੰ ਅੱਤਵਾਦੀ ਕਰਾਰ ਦੇਣਾ ਜਾਇਜ਼ ਸੀ ਅਤੇ ਹਾਲੇ ਵੀ ਸਰਕਾਰ ਉਨ੍ਹਾਂ ਨੂੰ 'ਅੱਤਵਾਦੀ' ਮੰਨਦੀ ਹੈ। ਇਸ ਦੇ ਬਾਵਜੂਦ ਐਸ ਐਚ ਓ ਸਾਹਿਬ ਵਿਰੋਧੀ ਵਕੀਲ ਦੇ ਸੁਆਲਾਂ ਦੇ ਜੁਆਬ ਦੇਣ ਵਿਚ ਅਸਮਰੱਥ ਰਹੇ। ਐਸ.ਐਚ.ਓ. ਨੇ ਇਕ ਸੁਆਲ ਦੇ ਜਵਾਬ ਵਿਚ ਕਿਹਾ ਕਿ ਨਾ ਤਾਂ ਉਹ ਦਲਬੀਰ ਸਿੰਘ ਨੂੰ ਨਿੱਜੀ ਤੌਰ 'ਤੇ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਖਿਲਾਫ ਮੁਕੱਦਮਿਆਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਹੈ।

ਐਸ.ਐਚ.ਓ. ਸਾਹਿਬ ਨੇ ਇਕ ਹੋਰ ਸੁਆਲ ਦੇ ਜਵਾਬ ਵਿਚ ਕਿਹਾ ਕਿ ਭਾਵੇਂ ਉਹ ਸਟੇਟ ਵਲੋਂ ਪੇਸ਼ ਹੋਏ ਹਨ ਪਰ ਦਲਬੀਰ ਸਿੰਘ ਖਿਲਾਫ ਦਰਜ ਹੋਏ ਮੁਕੱਦਮਿਆਂ, ਉਨ੍ਹਾਂ ਨੂੰ ਦਸ ਨੰਬਰੀ ਅਤੇ ਭਗੌੜਾ ਕਰਾਰ ਦੇਣ ਸੰਬੰਧੀ ਸਾਰਾ ਰਿਕਾਰਡ ਉਹ ਪੇਸ਼ ਨਹੀਂ ਕਰ ਸਕਦੇ ਕਿਉਂਕਿ ਇਹ ਗੁੰਮ ਹੋ ਚੁੱਕਾ ਹੈ। ਜ਼ਿਰ੍ਹਾ ਦੌਰਾਨ ਫੌਜ ਵਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ, ਉਸ ਦਿਨ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਹੋਣਾ, ਜਸਟਿਸ ਤਾਰਕੁੰਡੇ ਦੀ ਰਿਪੋਰਟ ਅਤੇ ਸ. ਜਸਵੰਤ ਸਿੰਘ ਖਾਲੜੇ ਦੇ ਕਤਲ ਤੋਂ ਇਲਾਵਾ ਹਜ਼ਾਰਾਂ ਲਾਵਾਰਸ ਲਾਸ਼ਾਂ ਦੇ ਮਾਮਲੇ ਦਾ ਵੀ ਜ਼ਿਕਰ ਆਇਆ। ਸ. ਦਲਬੀਰ ਸਿੰਘ ਦੇ ਵਕੀਲ ਵਲੋਂ ਜ਼ਿਰ੍ਹਾ ਨਾਲ ਇਸ ਸੰਬੰਧੀ ਰਿਪੋਰਟਾਂ ਵੀ ਨੱਥੀ ਕਰ ਦਿੱਤੀਆਂ ਗਈਆਂ ਹਨ। ਵਕੀਲ ਨੇ ਅਦਾਲਤ ਕੋਲ ਦਲੀਲ ਦਿੱਤੀ ਕਿ ਜਦੋਂ ਦਿੱਲੀ ਅਤੇ ਪੰਜਾਬ ਸਮੇਤ ਸਾਰੇ ਮੁਲਕ ਵਿਚ, ਇਕ ਲਾਕਾਨੂੰਨੀ ਫੈਲੀ ਹੋਈ ਸੀ, ਉਸ ਦੇ ਸਿੱਟੇ ਵਜੋਂ ਹੀ ਦਲਬੀਰ ਸਿੰਘ ਖਿਲਾਫ ਬੇਇਨਸਾਫੀਆਂ ਦਾ ਇਕ ਲੰਮਾ ਸਿਲਸਿਲਾ ਚੱਲਿਆ।

ਅਗਲੀ ਸੁਣਵਾਈ ਦੀ ਤਾਰੀਖ ਜੱਜ ਵਲੋਂ 21 ਅਕਤੂਬਰ ਤਹਿ ਕੀਤੀ ਗਈ ਹੈ। ਆਪਣੇ ਖਿਲਾਫ ਕੀਤੀ ਗਈ ਬੇਇਨਸਾਫੀ ਲਈ ਦਲਬੀਰ ਸਿੰਘ ਵਲੋਂ 50 ਲੱਖ ਰੁਪਏ ਦੇ ਹਰਜਾਨੇ ਦੀ ਮੰਗ ਕੀਤੀ ਗਈ ਹੈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਜਥੇਦਾਰ ਅਕਾਲ ਤਖਤ "ਸਰਵ ਪਿੱਤਰ ਸ਼ਰਧਾਂਜਲੀ" ਸਭਾ ਵਿਚ ਸ਼ਾਮਿਲ ਨਾ ਹੋਣ-ਸ਼ਰਨਾ**
-ਹੋਰ ਤੁਹਾਡੇ ਆਖੇ ਲੱਗ ਕੇ ਮਾਲਕਾਂ ਨੂੰ ਨਾਰਾਜ਼ ਕਰ ਲੈਣ?

***ਕਾਮਨਵੈਲਥ ਖੇਡਾਂ ਦੇ ਦਰਸ਼ਕਾਂ ਲਈ ਪ੍ਰਬੰਧਕਾਂ ਵਲੋਂ ਦਿਸ਼ਾ ਨਿਰਦੇਸ਼ ਜਾਰੀ**
-ਪਈ ਖੇਡ ਪਿੰਡ 'ਚ ਬਣੇ ਕਿਸੇ ਪੁਲ ਜਾਂ ਛੱਤ ਦੇ ਹੇਠਾਂ ਜਾਂ ਉਪਰ ਨਾ ਖਲੋਵੋ।

***ਹੁਣ ਨਸ਼ਿਆਂ ਵਿਰੁਧ ਜੇਹਾਦ ਛੇੜਾਂਗੇ-ਹਰਸਿਮਰਤ ਕੌਰ ਬਾਦਲ**
-ਤੇ ਸਿਆਸੀ ਲਾਹਾ ਲੱਟਣ ਤੋਂ ਬਾਦ ਇਹੀ ਮੁਹਿਮ "ਨੰਨ੍ਹੀ ਛਾਂ" ਵਾਂਗ ਸ਼੍ਰੋਮਣੀ ਕਮੇਟੀ ਆਪਨਾ ਲਵੇਗੀ, ਤਾਂ ਕਿ ਸਾਰੇ ਖਰਚੇ ਸ਼੍ਰੋਮਣੀ ਕਮੇਟੀ ਸਿਰ ਪਾਏ ਜਾ ਸਕਣ।

***77 ਹਜ਼ਾਰ ਕਰੋੜ ਖਰਚੀਲੀਆਂ ਖੇਡਾਂ ਦਾ ਭਲਾ ਭਾਰਤ ਨੂੰ ਕੀ ਲਾਭ?**
-ਭਾਰਤ ਨੂੰ ਨਾ ਸਹੀ, ਕੁਝ ਭਾਰਤੀਆਂ ਨੂੰ ਤਾਂ ਹੋਇਆ ਈ ਐ!

***ਪ੍ਰਕਾਸ਼ ਸਿੰਘ ਬਾਦਲ ਸਾਰੇ ਕੇਸਾਂ 'ਚੋਂ ਬਰੀ**
-ਜਿਸ ਕੀ ਲਾਠੀ, ਉਸ ਕੀ ਭੈਂਸ।

***ਰੱਬ ਗਰੀਬਾਂ ਦੇ ਨੇੜੇ ਹੁੰਦਾ ਹੈ**
-ਫਿਰ ਤਾਂ ਜ਼ਰੂਰ ਬਿਹਾਰ 'ਚ ਕਿਤੇ ਰਹਿੰਦਾ ਹੋਊ।

***ਹਜ਼ਾਰਾਂ ਭਾਰਤੀਆਂ ਨੂੰ ਨਾਜਾਇਜ਼ ਤੌਰ 'ਤੇ ਰਹਿਣਾ ਪੈ ਸਕਦੈ ਆਸਟ੍ਰੇਲੀਆ 'ਚ**
-ਅੱਗੇ ਤਾਂ ਸਾਰੇ ਫਿਆਂਸੇ ਵੀਜ਼ਿਆਂ 'ਤੇ ਈ ਆਉਂਦੇ ਹੋਣੇ ਐ?

## ਮਨਦੀਪ ਸਿੰਘ ਵਿਰੁਧ ਵੀ ਚੱਲੇਗਾ ਕੇਸ

**ਜਲੰਧਰ :** ਪੰਜਾਬ 'ਚ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਵਾਪਰੇ ਪੰਚਾਇਤ ਸਕੱਤਰ ਘੋਟਾਲੇ 'ਚ ਉਸ ਵੇਲੇ ਦੇ ਡਾਇਰੈਕਟਰ ਪੰਚਾਇਤ, ਆਈ.ਏ.ਐਸ. ਅਧਿਕਾਰੀ ਮਨਦੀਪ ਸਿੰਘ ਵਿਰੁਧ ਕਾਰਵਾਈ ਕਰਨ ਲਈ ਸੀ.ਬੀ.ਆਈ. ਨੂੰ ਕੇਂਦਰ ਸਰਕਾਰ ਤੋਂ ਪ੍ਰਵਾਨਗੀ ਮਿਲ ਗਈ ਹੈ। ਮਨਦੀਪ ਸਿੰਘ ਇਸ ਵੇਲੇ ਪੰਜਾਬ 'ਚ ਟਰਾਂਸਪੋਰਟ ਦੇ ਡਾਇਰੈਕਟਰ ਹਨ।

# ਭ੍ਰਿਸ਼ਟਾਚਾਰ ਕੇਸ ਵਿਚੋਂ ਬਾਦਲਕੇ ਬਰੀ, ਪੁਲਸੀਏ ਫਸੇ

**ਮੁਹਾਲੀ :** ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਬੀਤੀ 1 ਅਕਤੂਬਰ ਨੂੰ ਇਕ ਅਹਿਮ ਫੈਸਲਾ ਸੁਣਾਉਂਦਿਆਂ 7 ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ, ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਣੇ 10 ਵਿਅਕਤੀਆਂ ਨੂੰ ਭ੍ਰਿਸ਼ਟਾਚਾਰ, ਆਮਦਨ ਤੋਂ ਵਧ ਨਾਮੀ ਤੇ ਬੇਨਾਮੀ ਜਾਇਦਾਦ ਬਣਾਉਣ ਅਤੇ ਕਈ ਹੋਰ ਅਪਰਾਧਿਕ ਮਾਮਲਿਆਂ 'ਚੋਂ ਬਰੀ ਕਰ ਦਿੱਤਾ। ਇਸੇ ਨਾਲ ਅਦਾਲਤ ਨੇ ਮਾਮਲੇ ਦੇ ਤਫਤੀਸ਼ੀ ਅਫਸਰ ਤੇ ਉਸ ਸਮੇਂ ਦੇ ਐਸ.ਪੀ. (ਵਿਜੀਲੈਂਸ) ਸੁਰਿੰਦਰਪਾਲ ਸਿੰਘ ਵਿਰਕ ਅਤੇ ਮੌਜੂਦਾ ਆਈ.ਜੀ. ਬੀ.ਕੇ. ਉੱਪਲ ਅਤੇ ਹੋਰਨਾਂ ਅਧਿਕਾਰੀਆਂ ਖਿਲਾਫ ਮੁਕੱਦਮਾ ਚਲਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਸਪਸ਼ਟ ਕੀਤਾ ਹੈ ਕਿ ਕਿਸੇ ਮੁਲਜ਼ਮ ਖਿਲਾਫ ਠੋਸ ਸਬੂਤ ਸਾਹਮਣੇ ਨਹੀਂ ਆਏ ਅਤੇ ਨਾ ਹੀ ਵਿਜੀਲੈਂਸ ਪੇਸ਼ ਕਰ ਸਕੀ। ਵਿਜੀਲੈਂਸ ਨੂੰ ਫਿੱਟ ਲਾਹਨਤ ਪਾਉਂਦੇ ਹੋਏ ਕਿਹਾ ਕਿ ਉਸ ਨੇ ਗਲਤ ਤੱਥ ਪੇਸ਼ ਕਰਕੇ ਅਦਾਲਤ ਨੂੰ ਗੁੰਮਰਾਹ ਕੀਤਾ ਹੈ।

ਅਦਾਲਤ ਨੇ ਬਰੀ ਕੀਤੇ ਮੁਲਜ਼ਮਾਂ ਨੂੰ 50-50 ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਅਤੇ ਇੰਨੀ ਰਕਮ ਦੇ ਜ਼ਮਾਨਤੀ ਬਾਂਡ ਭਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਕਿਸੇ ਵਿਅਕਤੀ ਵਲੋਂ ਇਸ ਕੇਸ ਦੇ ਫੈਸਲੇ ਨੂੰ ਉਚ ਅਦਾਲਤ ਵਿਚ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਬਰੀ ਕੀਤੇ ਮੁਲਜ਼ਮਾਂ ਨੂੰ ਉਸ ਅਦਾਲਤ ਵਿਚ ਪੇਸ਼ ਹੋਣਾ ਪਵੇਗਾ। ਉਧਰ ਜਿਵੇਂ ਅਦਾਲਤ ਨੇ ਫੈਸਲਾ ਸੁਣਾਇਆ ਤਾਂ ਬਾਹਰ ਖੜ੍ਹੇ ਅਕਾਲੀ ਵਰਕਰਾਂ ਨੇ ਇਕ-ਦੂਜੇ ਨੂੰ ਮੁਬਾਰਕਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਬਾਦਲ ਪਿਉ-ਪੁੱਤਰ ਦਾ ਅਦਾਲਤ ਤੋਂ ਬਾਹਰ ਆਉਂਦਿਆਂ ਸਭ ਤੋਂ ਪਹਿਲਾਂ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਪਰਮਜੀਤ ਸਿੰਘ ਕਾਹਲੋਂ ਨੇ ਮੂੰਹ ਮਿੱਠਾ ਕਰਵਾਇਆ।

ਇਥੋਂ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ (ਸੀਨੀਅਰ ਡਿਵੀਜ਼ਨ) ਰਜਿੰਦਰ ਅਗਰਵਾਲ ਨੇ ਇਸ ਮਾਮਲੇ ਦੀ ਸੁਣਵਾਈ ਦੌਰਾਨ ਖੁੱਲ੍ਹੀ ਅਦਾਲਤ ਵਿਚ ਵਿਜੀਲੈਂਸ ਵਲੋਂ ਨਾਮਜ਼ਦ ਕੁੱਲ 15 ਵਿਚੋਂ 10 ਮੁਲਜ਼ਮਾਂ ਨੂੰ ਬਰੀ ਕਰਨ ਦੇ ਨਾਲ-ਨਾਲ ਪੰਜਾਬ ਦੇ 2 ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਸੁਰਿੰਦਰਪਾਲ ਸਿੰਘ ਵਿਰਕ ਅਤੇ ਇਸ ਕੇਸ ਦੇ ਸੁਪਰਵਾਈਜ਼ਰੀ ਅਫਸਰ ਬੀ.ਕੇ. ਉੱਪਲ (ਤਤਕਾਲੀ ਵਿਜੀਲੈਂਸ ਡੀ.ਆਈ.ਜੀ.) ਖਿਲਾਫ




ਅਪਰਾਧਿਕ ਸ਼ਿਕਾਇਤ ਸਬੰਧਤ ਅਦਾਲਤ ਵਿਚ ਦਾਇਰ ਕਰਨ ਦੇ ਹੁਕਮ ਸੁਣਾਏ ਹਨ ਤਾਂ ਜੋ ਉਨ੍ਹਾਂ ਖਿਲਾਫ ਅਦਾਲਤ ਨੂੰ ਗੁੰਮਰਾਹ ਕਰਨ ਅਤੇ ਸਿਆਸਤਦਾਨਾਂ ਵਿਰੁਧ ਝੂਠਾ ਮੁਕੱਦਮਾ ਦਾਇਰ ਕਰਨ ਦੇ ਦੋਸ਼ ਅਧੀਨ ਕਾਰਵਾਈ ਸ਼ੁਰੂ ਕੀਤੀ ਜਾ ਸਕੇ।

ਫੈਸਲਾ ਸੁਣਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਬਾਕੀ ਸੱਤ ਮੁਲਜ਼ਮ-ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਨਰੋਤਮ ਸਿੰਘ ਢਿੱਲੋਂ, ਹਰਬੰਸ ਲਾਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਓ.ਐਸ.ਡੀ. ਨਿਰਪਜੀਤ ਸਿੰਘ, ਦਰਸ਼ਨ ਸਿੰਘ, ਜਗਨੰਦਨ ਸਿੰਘ, ਪਵਿੱਤਰ ਸਿੰਘ ਅਤੇ ਗੁਰਵਿੰਦਰ ਸਿੰਘ ਅਦਾਲਤ ਵਿਚ ਹਾਜ਼ਰ ਸਨ, ਜਦੋਂ ਕਿ ਮੁੱਖ ਮੰਤਰੀ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਨੂੰ ਸਥਾਈ ਤੌਰ 'ਤੇ ਅਦਾਲਤ ਵਿਚ ਨਿੱਜੀ ਪੇਸ਼ੀ ਤੋਂ ਛੋਟ ਮਿਲੀ ਹੋਈ ਸੀ। ਇਸ ਕੇਸ ਵਿਚ ਪੰਜ ਮੁਲਜ਼ਮਾਂ ਨੂੰ ਅਦਾਲਤ ਵਲੋਂ ਭਗੌੜਾ ਕਰਾਰ ਦਿੱਤਾ ਹੋਇਆ ਹੈ, ਜਿਨ੍ਹਾਂ 'ਚ ਬਾਦਲ ਦੇ ਪਿਛਲੀ ਸਰਕਾਰ ਵਿਚ ਓ.ਐਸ.ਡੀ. ਰਹੇ ਹਰਦੀਪ ਸਿੰਘ ਭੰਵਰਾ, ਵਿੰਪੀ ਇੰਟਰਨੈਸ਼ਨਲ ਦਿੱਲੀ ਦੇ ਮਾਲਕ ਕੰਵਲਜੀਤ ਸਿੰਘ ਸਿੱਧੂ, ਪਿੰਕੀ ਗਰੋਵਰ, ਅਸ਼ਿਸ਼ ਕਪੂਰ ਅਤੇ ਸੁਖਬੀਰ ਸਿੰਘ ਬਾਦਲ ਦੇ ਪੀ.ਏ. ਕ੍ਰਿਸ਼ਨ ਕੁਮਾਰ ਸ਼ਾਮਲ ਹਨ। ਇਨ੍ਹਾਂ 'ਤੇ ਵਿਜੀਲੈਂਸ ਵਲੋਂ ਬਾਦਲ ਪਰਿਵਾਰ ਦੇ ਕਾਲੇ ਧੰਨ ਨੂੰ ਸਫੈਦ ਕਰਨ ਵਿਚ ਸਹਿਯੋਗ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਨ੍ਹਾਂ ਵਿਚੋਂ ਇਕੱਲੇ ਕੰਵਲਜੀਤ ਸਿੰਘ ਸਿੱਧੂ ਨੇ ਆਪਣੇ ਵਕੀਲ ਰਾਹੀਂ ਸਾਲ 2003 ਨੂੰ ਖਰੜ ਅਦਾਲਤ ਵਿਚ ਇਕ ਅਰਜ਼ੀ ਦਾਇਰ ਕਰਕੇ ਸਪਸ਼ਟ ਕੀਤਾ ਸੀ ਕਿ ਉਸ ਦਾ ਬਾਦਲਾਂ ਦਾ ਕੋਈ ਲੈਣ-ਦੇਣ ਨਹੀਂ ਹੈ।

ਯਾਦ ਰਹੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵਲੋਂ 24 ਜੂਨ, 2003 ਨੂੰ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਅਤੇ ਪੁੱਤਰ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਵਿਰੁਧ ਵੱਖ-ਵੱਖ ਧਾਰਾਵਾਂ ਅਧੀਨ ਆਮਦਨ ਤੋਂ ਵੱਧ ਨਾਮੀ ਤੇ ਬੇਨਾਮੀ ਜਾਇਦਾਦ ਬਣਾਉਣ ਦਾ ਮਾਮਲਾ ਮੁਹਾਲੀ ਦੇ ਫੇਜ਼-8 ਸਥਿਤ ਵਿਜੀਲੈਂਸ ਥਾਣੇ ਵਿਚ ਦਰਜ ਕੀਤਾ ਗਿਆ ਸੀ। ਇਸ ਮਾਮਲੇ ਦੀ ਸੁਣਵਾਈ ਪਹਿਲਾਂ ਖਰੜ ਅਤੇ ਫਿਰ ਰੂਪਨਗਰ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਚਲਦੀ ਰਹੀ ਪਰ ਸਾਲ 2006 ਵਿਚ ਜਦੋਂ ਮੁਹਾਲੀ ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ ਗਿਆ ਅਤੇ ਇਥੇ ਜ਼ਿਲ੍ਹਾ ਅਦਾਲਤ ਹੋਂਦ ਵਿਚ ਆ ਗਈ ਤਾਂ ਕੇਸ ਦੀ ਸੁਣਵਾਈ ਇਥਰ ਆ ਗਈ ਸੀ। ਮਾਮਲਾ ਦਰਜ ਹੋਣ ਤੋਂ ਕੁਝ ਦਿਨਾਂ ਬਾਅਦ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਉਸ ਸਮੇਂ ਰੂਪਨਗਰ ਦੀ ਅਦਾਲਤ ਵਿਚ ਆਤਮ-ਸਮਰਪਣ ਕਰ ਦਿੱਤਾ ਸੀ ਅਤੇ ਇਸ ਦੌਰਾਨ ਦੋਵੇਂ 9 ਦਿਨ ਪਟਿਆਲਾ ਦੀ ਸੈਂਟਰਲ ਜੇਲ੍ਹ ਵਿਚ ਬੰਦ ਰਹੇ ਸਨ। ਇਸ ਮਾਮਲੇ ਨੂੰ ਲੈ ਕੇ ਕੈਪਟਨ ਨੇ ਕੁਝ ਨਹੀਂ ਕਿਹਾ।

## ਬਾਦਲ ਪਰਿਵਾਰ ਦੇ ਪਾਸਪੋਰਟ ਰਿਲੀਜ਼


**ਮੁਹਾਲੀ:** ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਵਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਜਿਨ੍ਹਾਂ 10 ਵਿਅਕਤੀਆਂ ਨੂੰ ਪਹਿਲੀ ਅਕਤੂਬਰ ਨੂੰ ਬਰੀ ਕੀਤਾ ਗਿਆ ਸੀ, ਉਨ੍ਹਾਂ ਵਿਚੋਂ 7 ਵਿਅਕਤੀਆਂ ਨੂੰ ਬੀਤੀ 4 ਅਕਤੂਬਰ ਨੂੰ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ (ਸੀਨੀਅਰ ਡਵੀਜ਼ਨ) ਰਜਿੰਦਰ ਅਗਰਵਾਲ ਦੀ ਅਦਾਲਤ ਨੇ ਜ਼ਬਤ ਕੀਤੇ ਪਾਸਪੋਰਟ ਰਿਲੀਜ਼ ਕਰ ਦਿੱਤੇ। ਜਿਨ੍ਹਾਂ ਵਿਅਕਤੀਆਂ ਨੂੰ ਪਾਸਪੋਰਟ ਰਿਲੀਜ਼ ਕੀਤੇ ਗਏ ਉਨ੍ਹਾਂ ਵਿਚ ਸ੍ਰੀਮਤੀ ਸੁਰਿੰਦਰ ਕੌਰ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੇ ਓ.ਐਸ.ਡੀ. ਨਿਰਪਜੀਤ ਸਿੰਘ ਨਿੱਪੀ, ਹਰਬੰਸ ਲਾਲ, ਜਗਨੰਦਨ ਸਿੰਘ, ਦਰਸ਼ਨ ਸਿੰਘ ਤੇ ਪਵਿੱਤਰ ਸਿੰਘ ਸ਼ਾਮਲ ਹਨ ਜਦੋਂ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਨਰੋਤਮ ਸਿੰਘ ਢਿੱਲੋਂ ਅਤੇ ਗੁਰਵਿੰਦਰ ਸਿੰਘ ਗਰੇਵਾਲ ਕਿਸੇ ਕਾਰਨ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ। ਇਸ ਕਾਰਨ ਇਨ੍ਹਾਂ ਦੇ ਪਾਸਪੋਰਟ ਰਿਲੀਜ਼ ਨਹੀਂ ਕੀਤੇ ਗਏ।

ਅਦਾਲਤ ਵਲੋਂ ਸ੍ਰੀਮਤੀ ਬਾਦਲ ਅਤੇ ਹੋਰਨਾਂ ਵਿਅਕਤੀਆਂ ਨੂੰ ਉਨ੍ਹਾਂ ਦੇ ਪਾਸਪੋਰਟ 50-50 ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਅਤੇ ਇੰਨੀ ਰਕਮ ਦੇ ਜ਼ਮਾਨਤੀ ਬਾਂਡ ਭਰਨ ਮਗਰੋਂ ਜਾਰੀ ਕੀਤੇ ਗਏ। ਇਸੇ ਦੌਰਾਨ ਅਦਾਲਤ ਨੇ ਮਾਮਲੇ ਦੇ ਜਾਂਚ ਅਧਿਕਾਰੀ ਤੇ ਉਸ ਸਮੇਂ ਦੇ ਐਸ.ਪੀ. ਵਿਜੀਲੈਂਸ ਸੁਰਿੰਦਰਪਾਲ ਸਿੰਘ ਵਿਰਕ ਅਤੇ ਇਸ ਕੇਸ ਦੇ ਨਿਗਰਾਨ ਅਫਸਰ ਮੌਜੂਦਾ ਆਈ.ਜੀ.ਸ੍ਰੀ ਬੀ.ਕੇ. ਉਪਲ ਅਤੇ 2 ਹੋਰਨਾਂ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਗਲਤ ਤੱਥ ਪੇਸ਼ ਕਰਕੇ ਅਦਾਲਤ ਨੂੰ ਗੁੰਮਰਾਹ ਕੀਤਾ ਹੈ, ਇਸ ਲਈ ਕਿਉਂ ਨਾ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਸਿਖਿਆ ਸ਼ਾਸਤਰੀ ਅਤੇ ਏਸ਼ੀਆ ਖੇਡ ਮੈਡਲ ਜੇਤੂ ਡਾ. ਸਿੱਧੂ ਸੁਰਗਵਾਸ

**ਵਿੰਸਟਨ-ਸੈਲਮ, ਨਾਰਥ ਕੈਰੋਲਾਈਨਾ:** ਉਘੇ ਸਿਖਿਆ ਸ਼ਾਸਤਰੀ, ਪੌਧ ਵਿਗਿਆਨੀ, ਸਮਾਜ ਸੇਵੀ ਅਤੇ ਦੌੜਾਕ ਡਾ. ਭਾਗ ਸਿੰਘ ਸਿੱਧੂ ਬੀਤੀ 22 ਅਗਸਤ ਨੂੰ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ। ਡਾ. ਸਿੱਧੂ ਪਿਛਲੇ ਕੁਝ ਅਰਸੇ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ। ਉਹ 81 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਭਗਵਾਨ ਕੌਰ ਸਿੱਧੂ, ਪੁੱਤਰ ਡਾ. ਜਸਜੀਤ ਸਿੰਘ ਸਿੱਧੂ ਤੇ ਨੂੰਹ ਡਾ. ਗੁਰਿੰਦਰਜੀਤ ਕੌਰ ਸਿੱਧੂ (ਅਟਲਾਂਟਾ), ਧੀ ਡਾ. ਨਵਜੀਤ ਕੌਰ ਸਿੱਧੂ ਮਲਿਕ ਤੇ ਜਵਾਈ ਡਾ. ਰਾਜੇਸ਼ ਮਲਿਕ (ਚੈਪਲ ਹਿਲ, ਨਾਰਥ ਕੈਰੋਲਾਈਨਾ), ਚਾਰ ਪੋਤਰੇ-ਦੋਹਤਰੇ ਅਤੇ ਇਕ ਭੈਣ ਰਾਜਿੰਦਰ ਕੌਰ ਗਰੇਵਾਲ ਛੱਡ ਗਏ ਹਨ। ਡਾ. ਸਿੱਧੂ ਸ਼ਿਕਾਗੋ ਦੇ ਉਘੇ ਪਤਵੰਤੇ ਅਤੇ ਪੰਜਾਬ ਟਾਈਮਜ਼ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਡਾ. ਗੁਰਦਿਆਲ ਸਿੰਘ ਬਸਰਾਨ ਦੇ ਬਹਿਨੋਈ ਸਨ।

ਡਾ. ਭਾਗ ਸਿੰਘ ਸਿੱਧੂ ਦਾ ਜਨਮ 30 ਅਪਰੈਲ, 1929 ਨੂੰ ਪਿਤਾ ਮਿਲਖਾ ਸਿੰਘ ਅਤੇ ਮਾਂ ਬਚਨ ਕੌਰ ਸਿੱਧੂ ਦੇ ਘਰ ਲੁਧਿਆਣਾ ਜ਼ਿਲੇ ਦੇ ਪਿੰਡ ਚਕਰ ਵਿਚ ਹੋਇਆ। ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਜੀਵ ਵਿਗਿਆਨ (ਬਾਇਓਲੋਜੀ) ਵਿਚ ਬੀ.ਏ. ਕਰਨ ਉਪਰੰਤ ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਪੌਧ ਵਿਗਿਆਨ (ਬੋਟਨੀ) ਵਿਚ ਐਮ.ਏ. ਕੀਤੀ ਅਤੇ ਫਿਰ ਯੂਨੀਵਰਸਿਟੀ ਵਿਚ ਦੋ ਸਾਲ ਪੜ੍ਹਾਉਂਦੇ ਰਹੇ। ਸੰਨ 1957 ਵਿਚ ਉਨ੍ਹਾਂ ਨੂੰ ਰਾਕਫੈਲਰ ਫਾਊਂਡੇਸ਼ਨ ਦਾ ਸਕਾਲਰਸ਼ਿਪ ਮਿਲਿਆ ਅਤੇ ਉਨ੍ਹਾਂ ਨੇ ਕੌਰਨੀਅਲ ਯੂਨੀਵਰਸਿਟੀ ਤੋਂ ਪੌਧ ਵਿਗਿਆਨ ਵਿਚ ਪੀ ਐਚ ਡੀ ਦੀ ਡਿਗਰੀ ਹਾਸਲ ਕੀਤੀ।


ਡਾ. ਭਾਗ ਸਿੰਘ ਸਿੱਧੂ

ਡਾ. ਸਿੱਧੂ ਨੇ ਪੀ ਐਚ ਡੀ ਕਰਨ ਉਪਰੰਤ ਕਈ ਸਾਲ ਵਾਪਸ ਇੰਡੀਆ ਪਰਤ ਕੇ ਕੰਮ ਕੀਤਾ ਅਤੇ ਫਿਰ ਉਹ ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਲਈ ਕੰਮ ਕਰਦਿਆਂ ਪਲਾਂਟ ਬਰੀਡਿੰਗ ਮਾਹਿਰ ਵਜੋਂ ਫਿਲੀਪੀਨ ਚਲੇ ਗਏ। 1969 ਵਿਚ ਉਹ ਅਮਰੀਕਾ ਵਾਪਸ ਪਰਤ ਆਏ ਜਿਥੇ ਉਨ੍ਹਾਂ ਵਿੰਸਟਨ-ਸੈਲਮ ਸਟੇਟ ਯੂਨੀਵਰਸਿਟੀ ਵਿਚ ਅਧਿਆਪਕ ਵਜੋਂ ਕੰਮ ਕਰਨਾ ਅਰੰਭ ਕੀਤਾ ਅਤੇ 1993 ਵਿਚ ਉਹ ਜੀਵ ਵਿਗਿਆਨ ਦੇ ਪ੍ਰੋਫੈਸਰ ਵਜੋਂ ਰਿਟਾਇਰ ਹੋਏ। ਰਿਟਾਇਰਮੈਂਟ ਪਿਛੋਂ ਉਨ੍ਹਾਂ ਆਪਣਾ ਧਿਆਨ ਬਾਗਬਾਨੀ, ਸਮਾਜ ਸੇਵਾ, ਖੇਡਾਂ, ਦੁਨੀਆਂ ਦੇ ਸੈਰ-ਸਪਾਟੇ ਅਤੇ ਆਪਣੇ ਪਰਿਵਾਰ ਵੱਲ ਰੱਖਿਆ।

ਡਾ. ਸਿੱਧੂ ਨੇ ਨਾ ਸਿਰਫ ਇਕ ਵਿਗਿਆਨੀ ਅਤੇ ਸਿਖਿਆ ਸ਼ਾਸਤਰੀ ਵਜੋਂ ਹੀ ਮੱਲਾਂ ਮਾਰੀਆਂ ਸਗੋਂ ਖੇਡਾਂ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। 1953 ਦੀਆਂ ਏਸ਼ੀਆਈ ਖੇਡਾਂ ਵਿਚ ਉਨ੍ਹਾਂ ਭਾਰਤ ਦੀ ਨੁਮਾਇੰਦਗੀ ਕਰਦਿਆਂ ਰੇਸ ਵਾਕਿੰਗ ਵਿਚ ਮੈਡਲ ਜਿਤਿਆ ਅਤੇ ਨਾਲ ਹੀ ਰਿਕਾਰਡ ਵੀ ਕਾਇਮ ਕੀਤਾ। ਰਿਟਾਇਰਮੈਂਟ ਤੋਂ ਬਾਅਦ ਡਾ. ਸਿੱਧੂ ਨੇ ਫਿਰ ਮੁਕਾਬਲੇ ਦੀਆਂ ਖੇਡਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਨੇ ਕਈ ਕੌਮੀ ਅਤੇ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ। ਸੀਨੀਅਰ ਓਲੰਪਿਕਸ ਅਤੇ ਵਰਲਡ ਮਾਸਟਰਜ਼ ਗੇਮਜ਼ ਵਿਚ ਉਨ੍ਹਾਂ ਮੈਡਲ ਜਿੱਤੇ। ਸਮਾਜ ਸੇਵਾ ਵਿਚ ਹਿੱਸਾ ਪਾਉਂਦਿਆਂ ਉਨ੍ਹਾਂ ਆਪਣੇ ਪਿੰਡ ਵਿਚ ਖਾਲਸਾ ਸਕੂਲ ਕਾਇਮ ਕੀਤਾ। ਨਾਰਥ ਕੈਰੋਲਾਈਨਾ ਦੇ ਸਿੱਖ ਭਾਈਚਾਰੇ ਵਿਚ ਵੀ ਉਹ ਹਮੇਸ਼ਾ ਸਰਗਰਮ ਰਹੇ ਅਤੇ ਅਟਲਾਂਟਿਕ ਕੋਸਟ ਸਿੱਖ ਐਸੋਸੀਏਸ਼ਨ ਦੇ ਬਾਨੀ ਮੈਂਬਰਾਂ ਵਿਚੋਂ ਸਨ।

## ਮਾਨ ਵਲੋਂ ਪੰਜਾਬ ਦੇ ਮਸਲਿਆਂ ਸੰਬੰਧੀ ਪੱਤਰ



**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਸਮੇਤ ਪੰਜਾਬ ਦੇ ਸਾਰੇ ਵਰਗਾਂ ਨਾਲ ਸੰਬੰਧਿਤ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਪਰੀਮ ਕੋਰਟ ਨੂੰ ਪੱਤਰ ਲਿਖੇ ਹਨ। ਪਾਰਟੀ ਵਲੋਂ ਬੀਤੇ ਦਿਨੀਂ ਇਨ੍ਹਾਂ ਮੁੱਦਿਆਂ 'ਤੇ ਜਗਰਾਉਂ ਵਿਖੇ ਸੂਬਾ ਪੱਧਰ ਦੀ ਰੈਲੀ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਸ. ਮਾਨ ਅਤੇ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਨੇ ਕਿਹਾ ਹੈ ਕਿ ਆਜ਼ਾਦੀ ਦੇ 63 ਸਾਲ ਬਾਅਦ ਵੀ ਸਿੱਖ ਕੌਮ ਕੇਵਲ ਦਿਨ ਕਟੀ ਕਰ ਰਹੀ ਹੈ। ਦੇਸ਼ ਦੀਆਂ ਸਰਕਾਰਾਂ ਵਲੋਂ ਕੀਤੇ ਵਾਅਦਿਆਂ 'ਚੋਂ ਇਕ ਵੀ ਪੂਰਾ ਨਹੀਂ ਹੋਇਆ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਅਜੇ ਤੱਕ ਪੰਜਾਬ ਨੂੰ ਆਪਣੇ ਹੱਕ ਨਹੀਂ ਮਿਲੇ ਹਨ। ਸ. ਮਾਨ ਨੇ ਕਿਹਾ ਹੈ ਕਿ ਪੰਜਾਬੀ ਬੋਲਦੇ ਇਲਾਕੇ ਜਬਰੀ ਪੰਜਾਬ ਤੋਂ ਬਾਹਰ ਰੱਖੇ ਹੋਏ ਹਨ। ਅੰਤਰਰਾਸ਼ਟਰੀ ਕਾਨੂੰਨ ਮੁਤਾਬਿਕ ਪੰਜਾਬ ਦਾ ਪਾਣੀਆਂ 'ਤੇ ਹੱਕ ਬਣਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਧੱਕੇ ਨਾਲ ਪੰਜਾਬ ਦੇ ਜਲ ਸਰੋਤਾਂ, ਡੈਮਾਂ ਅਤੇ ਕੁਦਰਤੀ ਵਸੀਲਿਆਂ 'ਤੇ ਹਿੰਦ ਸਰਕਾਰ ਕਾਬਜ਼ ਹੋਈ ਬੈਠੀ ਹੈ।

ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਦਿੱਲੀ ਵਿਚ ਹੋਏ ਦੰਗਿਆਂ ਦਾ ਨੋਟਿਸ ਵੀ ਲਿਆ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਦੋਸ਼ੀਆਂ ਨੂੰ ਅਜੇ ਤੱਕ ਸਜ਼ਾ ਨਹੀਂ ਮਿਲੀ ਹੈ। ਪੰਜਾਬ ਦੇ ਨੌਜਵਾਨ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ ਦੌੜ ਰਹੇ ਹਨ ਅਤੇ ਰਾਜ ਵਿਚ ਨਸ਼ਿਆਂ ਦਾ ਕਾਰੋਬਾਰ ਆਏ ਦਿਨ ਵਧ ਰਿਹਾ ਹੈ। ਪਾਰਟੀ ਅਨੁਸਾਰ ਸਿੱਖਾਂ ਨੂੰ ਪਾਕਿਸਤਾਨ ਅੰਦਰ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦਾ ਅਧਿਕਾਰ ਅਜੇ ਤੱਕ ਨਹੀਂ ਮਿਲਿਆ ਹੈ। ਪਾਰਟੀ ਨੇ ਕਸ਼ਮੀਰ ਵਿਚ ਵਸਦੇ ਸਿੱਖਾਂ ਦੀ ਸਹੂਲਤ ਦਾ ਮਾਮਲਾ ਵੀ ਉਠਾਇਆ ਹੈ। ਇਸੇ ਤਰ੍ਹਾਂ ਫਰਾਂਸ ਵਿਚ ਪਗੜੀ ਦੇ ਮਾਮਲੇ ਅਤੇ ਹੋਰ ਮਾਮਲਿਆਂ 'ਤੇ ਕੇਂਦਰ ਵਲੋਂ ਕੋਈ ਆਵਾਜ਼ ਨਾ ਉਠਾਉਣ ਲਈ ਸਰਕਾਰ ਦੀ ਆਲੋਚਨਾ ਕੀਤੀ ਗਈ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪੰਜ ਸਾਲ ਬਾਅਦ ਸਮੇਂ ਸਿਰ ਕਰਵਾਈਆਂ ਜਾਣ। ਸ਼੍ਰੋਮਣੀ ਕਮੇਟੀ 'ਤੇ ਵੀ ਦਲ ਬਦਲੀ ਵਾਲਾ ਕਾਨੂੰਨ ਲਾਗੂ ਕੀਤਾ ਜਾਵੇ। ਪਾਰਟੀ ਨੇ ਡੇਰਾਵਾਦ ਦੇ ਪਸਾਰੇ ਅਤੇ ਜਾਤ ਦੇ ਆਧਾਰ 'ਤੇ ਮਰਦਮਸ਼ੁਮਾਰੀ ਦਾ ਸਖਤੀ ਨਾਲ ਵਿਰੋਧ ਕੀਤਾ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਵਧ ਰਹੀਆਂ ਹਨ। ਰਾਜ ਦੀਆਂ ਖੰਡ ਮਿੱਲਾਂ ਦੇ ਕਾਮਿਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਗਈ ਹੈ। ਇਸੇ ਦੌਰਾਨ ਪਾਰਟੀ ਆਗੂਆਂ ਨੇ ਸਾਂਝੇ ਬਿਆਨ ਵਿਚ ਜਗਰਾਉਂ ਰੈਲੀ ਲਈ ਮਿਲੇ ਭਰਵੇਂ ਹੁੰਗਾਰੇ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 9 ਅਕਤੂਬਰ 2010

ਪਾਣੀ ਦੀ ਅਸਲ ਤਾਕਤ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਇਸਦੇ ਵਹਿਣ ਵਿਚ ਕੋਈ ਅੜਿੱਕਾ ਆਉਂਦਾ ਹੈ। -ਜੌਨ ਵੌਲਫਗੈਂਗ ਵੌਨ ਗੋਥੇ

## ਮੰਦਰ-ਮਸਜਿਦ ਫੈਸਲਾ

60 ਸਾਲਾਂ ਬਾਅਦ 30 ਸਤੰਬਰ ਨੂੰ ਰਾਮ ਜਨਮ ਭੂਮੀ ਅਤੇ ਬਾਬਰੀ ਮਸਜਿਦ ਦੀ ਵਿਵਾਦਤ ਥਾਂ ਦੇ ਮਾਲਕਾਨਾ ਹੱਕ ਬਾਰੇ ਇਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ ਨੇ ਆਪਣਾ ਫੈਸਲਾ ਸੁਣਾ ਦਿੱਤਾ। ਬੈਂਚ ਦੇ ਤਿੰਨ ਜੱਜਾਂ-ਜਸਟਿਸ ਡੀ.ਵੀ. ਸ਼ਰਮਾ, ਜਸਟਿਸ ਐਸ. ਯੂ ਖਾਨ ਤੇ ਜਸਟਿਸ ਸੁਧੀਰ ਅਗਰਵਾਲ ਦੇ ਬੈਂਚ ਨੇ ਇਕਮੱਤ ਹੋ ਕੇ ਅਯੁੱਧਿਆ ਦੀ ਝਗੜੇ ਵਾਲੀ ਜ਼ਮੀਨ 'ਤੇ ਸੁੰਨੀ ਵਫ਼ਦ ਬੋਰਡ ਦਾ ਦਾਅਵਾ ਖਾਰਜ ਕਰ ਦਿੱਤਾ ਜਦਕਿ ਬਾਹਰੀ ਜ਼ਮੀਨ ਦੇ ਹਿੱਸੇ ਹਿੰਦੂ ਮਹਾਸਭਾ, ਨਿਰਮੋਹੀ ਅਖਾੜੇ ਅਤੇ ਸੁੰਨੀ ਵਕਫ਼ ਬੋਰਡ ਨੂੰ ਦੇਣ ਅਤੇ ਵਿਵਾਦਤ ਜ਼ਮੀਨ ਦੇ ਮੁੱਖ ਗੁੰਬਦ ਦੇ ਹੇਠਾਂ ਵਾਲੀ ਜ਼ਮੀਨ ਹਿੰਦੂ ਮਹਾਸਭਾ ਨੂੰ ਦੇਣ ਦਾ ਫੈਸਲਾ ਕੀਤਾ ਹੈ ਜਦਕਿ ਰਾਮ ਜਨਮ ਚਬੂਤਰਾ ਤੇ ਸੀਤਾ ਰਸੋਈ ਨਿਰਮੋਹੀ ਅਖਾੜੇ ਨੂੰ ਦਿੱਤੀ ਗਈ ਹੈ। ਬਾਹਰੀ ਜ਼ਮੀਨ ਦਾ ਇਕ ਹਿੱਸਾ ਸੁੰਨੀ ਵਕਫ਼ ਬੋਰਡ ਨੂੰ ਦੇ ਦਿੱਤਾ ਗਿਆ ਹੈ। 10 ਹਜ਼ਾਰ ਸਫਿਆਂ ਦੇ ਇਸ ਫੈਸਲੇ ਵਿਚ ਸਥਿਤੀ ਜਿਉਂ ਦੀ ਤਿਉਂ ਰੱਖਣ ਲਈ ਕਿਹਾ ਗਿਆ ਹੈ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਭਾਰਤੀ ਪੁਰਾਤਤਵ ਵਿਭਾਗ (ਏ. ਐਸ. ਆਈ.) ਦੀ ਰਿਪੋਰਟ ਦੇ ਸਿੱਟਿਆਂ ਨੂੰ ਆਧਾਰ ਬਣਾਇਆ। ਏ. ਐਸ. ਆਈ. ਮੁਤਾਬਕ ਮਸਜਿਦ ਦੀ ਆਪਣੀ ਜ਼ਮੀਨ ਨਹੀਂ ਸੀ ਤੇ ਇਹ ਕਿਸੇ ਮੰਦਰ ਵਰਗੇ ਢਾਂਚੇ ਦੀ ਨੀਂਹ ਉਪਰ ਬਣਾਈ ਗਈ ਸੀ। ਫੈਸਲਾ ਸੁਣਾਉਣ ਸਮੇਂ ਪੁਰਾਤਤਵ ਵਿਭਾਗ ਦੀ ਉਸ ਰਿਪੋਰਟ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਗਿਆ, ਜਿਸ ਵਿਚ ਖੁਦਾਈ ਦੌਰਾਨ ਸ਼ਿਵ ਤੇ ਪਾਰਵਤੀ ਦੀ ਤਸਵੀਰ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਫੈਸਲੇ ਨਾਲ ਜਿਥੇ ਰਾਮ ਮੰਦਿਰ ਦੇ ਮੁੱਦਈਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਨ੍ਹਾਂ ਨੇ ਇਸ ਨੂੰ ਦੀਵਾਲੀ ਦਾ ਤੋਹਫਾ ਆਖ ਕੇ ਖੁਸ਼ੀ ਮਨਾਈ ਹੈ, ਉਥੇ ਬਾਬਰੀ ਮਸਜਿਦ ਦੇ ਮੁੱਦਈ ਮੁਸਲਿਮ ਭਾਈਚਾਰੇ ਵਿਚ ਨਿਰਾਸ਼ਾ ਫੈਲੀ ਹੈ। ਫੈਸਲੇ ਪਿਛੋਂ ਸੁੰਨੀ ਬੋਰਡ ਦੇ ਵਕੀਲ ਜ਼ੁਫਰਯਾਬ ਗਿਲਾਨੀ ਨੇ ਕਿਹਾ ਹੈ ਕਿ ਫੈਸਲਾ ਕਿਸੇ ਦੀ ਜਿੱਤ-ਹਾਰ ਨਹੀਂ ਹੈ। ਦੂਜੇ ਪਾਸੇ ਕੱਟੜ ਹਿੰਦੂ ਜਥੇਬੰਦੀਆਂ ਨੇ ਇਸ ਨੂੰ ਕੌਮੀ ਸਵੈਮਾਣ ਦੀ ਜਿੱਤ ਐਲਾਨ ਕੀਤਾ ਹੈ।

ਅਦਾਲਤ ਦੇ ਇਸ ਫੈਸਲੇ ਉਤੇ ਵੱਖ ਵੱਖ ਧਿਰਾਂ ਵਲੋਂ ਵੱਖ ਵੱਖ ਰਾਏ ਦਿਤੀ ਜਾਏਗੀ। ਇਸ ਗੱਲ ਨੂੰ ਆਧਾਰ ਬਣਾ ਕੇ ਕਿ ਉਥੇ ਕਦੇ ਰਾਮ ਮੰਦਰ ਹੁੰਦਾ ਸੀ ਅਦਾਲਤ ਵਲੋਂ ਰਾਮ ਲੱਲਾ ਦੀਆਂ ਮੂਰਤੀਆਂ ਵਾਲੀ ਥਾਂ ਨੂੰ ਹਿੰਦੂ ਧਿਰਾਂ ਨੂੰ ਦਿੱਤੇ ਜਾਣ ਉਪਰ ਟਿੱਪਣੀ ਕੀਤੀ ਜਾਏਗੀ ਕਿ ਇਹ ਤਾਂ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਵਾਲੀ ਗੱਲ ਹੈ, ਇਸ ਤਰ੍ਹਾਂ ਤਾਂ ਕੱਲ੍ਹ ਨੂੰ ਹੋਰ ਬਹੁਤ ਸਾਰੀਆਂ ਥਾਵਾਂ ਬਾਰੇ ਵੀ ਕਿਹਾ ਜਾਏਗਾ। ਜੋ ਕੁਝ ਵਿਦੇਸ਼ੀ ਹਮਲਾਵਰ ਲੁੱਟ ਕੇ ਲੈ ਗਏ ਹਨ ਉਸ ਨੂੰ ਵਾਪਸ ਲਿਆਉਣ ਦੀ ਗੱਲ ਕੀਤੀ ਜਾਏਗੀ। ਇਹ ਵੀ ਸਹੀ ਹੈ ਕਿ ਆਦਰਸ਼ ਹਾਲਤਾਂ ਵਿਚ ਬਾਬਰੀ ਮਸਜਿਦ ਦੇ ਦਾਅਵੇ ਨੂੰ ਸਹੀ ਮੰਨਦਿਆਂ ਫੈਸਲਾ ਮੁਸਲਿਮ ਧਿਰਾਂ ਦੇ ਹੱਕ ਵਿਚ ਹੋਣਾ ਚਾਹੀਦਾ ਸੀ ਪਰ ਇਹ ਚੀਜ਼ਾਂ ਹਕੀਕੀ ਹਾਲਾਤ ਤੋਂ ਮੂੰਹ ਮੋੜਨ ਵਾਲੀ ਗੱਲ ਹੈ। ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਰਾਮ ਮੰਦਿਰ ਨਾਲ ਜੁੜੀਆਂ ਹੋਈਆਂ ਹਨ ਅਤੇ ਪਿਛਲੇ ਕੁਝ ਦਹਾਕਿਆਂ ਵਿਚ ਸਿਆਸੀ ਧਿਰਾਂ ਨੇ ਇਨ੍ਹਾਂ ਭਾਵਨਾਵਾਂ ਨੂੰ ਹੋਰ ਵੀ ਤਿੱਖਿਆਂ ਕੀਤਾ ਹੈ। 1992 ਵਿਚ ਮਸਜਿਦ ਦਾ ਢਾਹਿਆ ਜਾਣਾ ਵੀ ਇਸੇ ਦਾ ਹੀ ਨਤੀਜਾ ਸੀ। ਇਹ ਗੱਲ ਵੀ ਭੁਲਾਈ ਨਹੀਂ ਜਾਣੀ ਚਾਹੀਦੀ ਕਿ ਹਿੰਦੁਸਤਾਨ ਬੇਸ਼ਕ ਬਹੁਕੌਮੀ ਅਤੇ ਬਹੁਨਸਲੀ ਦੇਸ਼ ਹੈ ਫਿਰ ਵੀ 80% ਭਾਰਤੀ ਹਿੰਦੂ ਹੀ ਹਨ। ਸੰਵਿਧਾਨ ਵਿਚ ਬੇਸ਼ਕ ਭਾਰਤ ਦੇ ਧਰਮ ਨਿਰਪੇਖ ਦੇਸ਼ ਹੋਣ ਦੀ ਗੱਲ ਕੀਤੀ ਗਈ ਹੈ ਪਰ ਅਜ਼ਾਦੀ ਤੋਂ ਪਿਛੋਂ 63 ਸਾਲ ਬੀਤ ਜਾਣ 'ਤੇ ਵੀ ਲੋਕ ਧਰਮਾਂ, ਜਾਤਾਂ ਅਤੇ ਅਜਿਹੀਆਂ ਹੋਰ ਵੰਡੀਆਂ ਵਿਚ ਵੰਡੇ ਹੋਏ ਹਨ। ਅਜਿਹੇ ਵਿਚ ਜੱਜਾਂ ਲਈ ਇਹ ਇਕ ਬਹੁਤ ਔਖੀ ਘੜੀ ਸੀ। ਉਨ੍ਹਾਂ ਨਾ ਸਿਰਫ ਨਿਆਂ ਦੀ ਤੱਕੜੀ ਨੂੰ ਸਹੀ ਰੱਖਦਿਆਂ ਫੈਸਲਾ ਹੀ ਸਹੀ ਦੇਣਾ ਸੀ ਸਗੋਂ ਫੈਸਲੇ ਦੇ ਦੇਸ਼ ਲਈ ਨਿਕਲਣ ਵਾਲੇ ਨਤੀਜਿਆਂ ਨੂੰ ਵੀ ਧਿਆਨ ਵਿਚ ਰੱਖਣਾ ਸੀ। ਹਿੰਦੂ ਧਿਰਾਂ ਦਾ ਦਾਅਵਾ ਖਾਰਜ ਕਰਨ ਨਾਲ ਨਿਸ਼ਚੇ ਹੀ ਦੇਸ਼ ਵਿਚ ਬਹੁਤ ਵੱਡਾ ਵਬਾਲ ਖੜ੍ਹਾ ਹੋ ਸਕਦਾ ਸੀ। ਇੰਜ ਹੀ ਬਾਬਰੀ ਮਸਜਿਦ ਦਾ ਦਾਅਵਾ ਖਾਰਜ ਕਰਨ ਨਾਲ ਵੀ ਹੋ ਸਕਦਾ ਸੀ। ਜੱਜਾਂ ਨੇ ਆਪਣੀ ਤਰਫੋਂ ਸਿਆਣਪ ਦਿਖਾਉਂਦਿਆਂ ਇਸ ਮਾਮਲੇ ਦੀਆਂ ਤਿੰਨਾਂ ਧਿਰਾਂ ਨੂੰ ਬਰਾਬਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਹ ਵੀ ਸਹੀ ਹੈ ਕਿ ਇਨ੍ਹਾਂ ਤਿੰਨਾਂ ਧਿਰਾਂ ਵਿਚੋਂ ਦੋ ਧਿਰਾਂ ਹਿੰਦੂ ਹਨ ਅਤੇ ਫੈਸਲਾ ਹਿੰਦੂ ਹੱਕਾਂ ਦੇ ਹਿੱਤ ਵਿਚ ਵਧੇਰੇ ਹੈ। ਜੇ ਸਹੀ ਸੋਚ ਨਾਲ ਵੇਖਿਆ ਜਾਵੇ ਤਾਂ ਜੱਜਾਂ ਪਾਸ ਇਸ ਤੋਂ ਵੱਖਰਾ ਕੋਈ ਚਾਰਾ ਵੀ ਨਹੀਂ ਸੀ। ਫੈਸਲੇ ਤੋਂ ਐਨ ਪਹਿਲਾਂ ਕਿਸੇ ਵੀ ਤਰ੍ਹਾਂ ਦੇ ਫਿਰਕੂ ਫਸਾਦਾਂ ਦੇ ਪੇਸ਼ੇਨਜ਼ਰ ਨਾ ਸਿਰਫ਼ ਸਰਕਾਰ ਹੀ ਚਿੰਤਾ ਵਿਚ ਸੀ ਸਗੋਂ ਆਮ ਲੋਕ ਵੀ ਫ਼ਿਕਰਮੰਦ ਸਨ। ਇਹ ਤਸੱਲੀ ਦੀ ਗੱਲ ਹੈ ਕਿ ਇਲਾਹਬਾਦ ਹਾਈ ਕੋਰਟ ਦੇ ਫੈਸਲੇ ਉਪਰੰਤ ਸਮੁਚੇ ਤੌਰ ਤੇ ਅਮਨ-ਅਮਾਨ ਰਿਹਾ। ਕਿਸੇ ਵੀ ਧਿਰ ਨੇ ਕੋਈ ਗਰਮ ਰੁਖ ਅਪਨਾਉਣ ਤੋਂ ਗੁਰੇਜ ਕੀਤਾ। ਨਾਲ ਹੀ ਸੁਰੱਖਿਆ ਫੋਰਸਾਂ ਨੇ ਵੀ ਪੂਰੀ ਮੁਸ਼ਤੈਦੀ ਤੋ ਕੰਮ ਲਿਆ। ਜੱਜਾਂ ਨੇ ਫੈਸਲੇ ਵਿਚ ਸਥਿਤੀ ਨੂੰ ਤਿੰਨ ਮਹੀਨਿਆਂ ਤੱਕ ਜੈਸੇ ਥੇ ਰੱਖਣ ਦਾ ਹੁਕਮ ਦਿੱਤਾ ਹੈ। ਇਸ ਨਾਲ ਭਾਵਨਾਵਾਂ ਨੂੰ ਸ਼ਾਂਤ ਰੱਖਣ ਵਿਚ ਕੁਝ ਮਦਦ ਮਿਲੇਗੀ। ਬਾਬਰੀ ਮਸਜਿਦ ਵਾਲੀ ਧਿਰ ਨੇ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਜਾਣ ਦਾ ਫੈਸਲਾ ਕਰ ਲਿਆ ਹੈ। ਇਸ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵੀ ਐਲਾਨ ਕੀਤਾ ਹੈ ਕਿ ਉਹ ਸੁੰਨੀ ਵਕਫ਼ ਬੋਰਡ ਨੂੰ 33 ਫੀਸਦੀ ਹਿੱਸਾ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਜਾਣਗੇ। ਇੰਜ ਇਸ ਮਾਮਲੇ ਦੇ ਅਜੇ ਹੋਰ ਕਈ ਸਾਲ ਇਸੇ ਤਰ੍ਹਾਂ ਹੀ ਹਵਾ ਵਿਚ ਲਟਕਦੇ ਰਹਿਣ ਦੀ ਸੰਭਾਵਨਾ ਹੈ।

ਹੁਣ ਜਦੋਂ ਅਦਾਲਤ ਨੇ ਇਸ ਝਗੜੇ ਸੰਬੰਧੀ ਆਪਣਾ ਅੰਤਿਮ ਫੈਸਲਾ ਦੇ ਦਿੱਤਾ ਹੈ ਅਤੇ ਲਗਭਗ ਸਾਰੀਆਂ ਧਿਰਾਂ ਦਾ ਮਾਣ ਰੱਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਧਾਰਮਿਕ ਅਤੇ ਸਿਆਸੀ ਧਿਰਾਂ ਦਾ ਇਹ ਫਰਜ਼ ਜ਼ਰੂਰ ਬਣਦਾ ਹੈ ਕਿ ਉਹ ਫੈਸਲੇ ਦਾ ਮਾਣ ਰੱਖਣ ਅਤੇ ਫਿਰਕੂ ਇਕਸੁਰਤਾ ਬਣਾਈ ਰੱਖਣ। ਇਸੇ ਵਿਚ ਹੀ ਸਭ ਦਾ ਭਲਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨੀਲੀ ਛੱਤ ਵਾਲੇ ਦਾ ਨਿਆਂ!*

ਧਨ-ਧੌਂਸ ਦੇ ਨਾਲ 'ਸਚਿਆਰ' ਬਣਦੈ, ਕੂਫਰ ਤੋਲਦਾ ਫਿੱਟੀ ਹੋਈ ਮੱਤ ਵਾਲਾ।
ਲੁੱਟਾਂ ਲੁੱਟ ਕੇ ਬੁੱਧ ਮਲੀਨ ਹੋਈ, ਜਾਮਾ ਹੋਇ ਪਲੀਤ ਜਿਉਂ ਰੱਤ ਵਾਲਾ।
ਡੌਂਡੀ ਪਿੱਟਦੇ ਰਹਿਣ ਹਜ਼ਾਰ ਚਮਚੇ, ਕਪਟੀ ਬੰਦੇ ਨੂੰ ਕਹੀਏ ਕਿਉਂ ਪੱਤ ਵਾਲਾ।
ਜ਼ੁਲਮੋ-ਸਿਤਮ ਦੀ ਹੁੰਦੀ ਏ ਉਮਰ ਥੋੜ੍ਹੀ, ਵੈਰ ਹੁੰਦਾ ਏ ਖੁਦਾ ਤੇ ਅੱਤ ਵਾਲਾ।
ਫੇਰ ਕੋਈ ਚਤੁਰਾਈ ਨਾ ਚਲਦੀ ਏ, ਆਵੇ ਸੱਦਾ ਜਦ ਪਾਟੇ ਹੋਏ ਖਤ ਵਾਲਾ।
ਹੇਰਾ-ਫੇਰੀ ਕਰਕੇ ਜਦ ਕੋਈ 'ਕੇਸ' ਜਿੱਤੇ, ਫਿਰ ਇਨਸਾਫ ਕਰਦੈ ਨੀਲੀ ਛੱਤ ਵਾਲਾ!

# ਵਿਧਾਨ ਸਭਾ ਦੀਆਂ ਬੈਠਕਾਂ ਘਟਣ ਦਾ ਮਾੜਾ ਰੁਝਾਨ

**ਭਗਵਾਨ ਸਿੰਘ ਢਿੱਲੋਂ**

ਪੰਜਾਬ ਵਿਧਾਨ ਸਭਾ ਦੇ ਸੈਸ਼ਨਾਂ ਦੀਆਂ ਬੈਠਕਾਂ ਦਿਨੋ-ਦਿਨ ਘਟ ਰਹੀਆਂ ਹਨ। ਬੈਠਕਾਂ ਦੇ ਘਟਣ ਦਾ ਰੁਝਾਨ ਮਿਲੀਆਂ-ਜੁਲੀਆਂ ਸਰਕਾਰਾਂ ਦੇ ਬਣਨ ਤੋਂ ਬਾਅਦ ਹੋਂਦ ਵਿਚ ਆਇਆ ਕਿਉਂਕਿ ਮਿਲੀ-ਜੁਲੀ ਸਰਕਾਰ ਵਿਚ ਵਿਰੋਧੀ ਪਾਰਟੀ ਦੇ ਦਬਾਓ ਤੋਂ ਇਲਾਵਾ ਰਾਜ ਚਲਾ ਰਹੀਆਂ ਪਾਰਟੀਆਂ ਵਿਚ ਆਪਸੀ ਤਣਾਓ ਵੀ ਹੁੰਦੇ ਹਨ। ਇਨ੍ਹਾਂ ਹਾਲਾਤਾਂ ਵਿਚ ਸਰਕਾਰਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਵਿਧਾਨ ਸਭਾ ਦਾ ਕੰਮ ਘੱਟ ਤੋਂ ਘੱਟ ਬੈਠਕਾਂ ਵਿਚ ਮੁਕੰਮਲ ਕਰ ਲਿਆ ਜਾਵੇ।

ਭਾਰਤ ਦੇ ਸੰਵਿਧਾਨ ਅਧੀਨ 1952 ਵਿਚ ਪਹਿਲੀਆਂ ਆਮ ਚੋਣਾਂ ਹੋਈਆਂ। 1952 ਤੋਂ 1957 ਦੌਰਾਨ ਪਹਿਲੀ ਵਿਧਾਨ ਸਭਾ ਨੇ ਕੁਲ 202 ਬੈਠਕਾਂ ਕੀਤੀਆਂ, ਜਿਨ੍ਹਾਂ ਦੀ ਸਾਲਾਨਾ ਔਸਤ 40 ਤੋਂ ਵੱਧ ਬਣਦੀ ਹੈ। 1957 ਤੋਂ 1962 ਤੱਕ ਦੂਜੀ ਵਿਧਾਨ ਸਭਾ ਨੇ ਕੁਲ 215 ਬੈਠਕਾਂ ਕੀਤੀਆਂ, ਜਿਸ ਦੀ ਸਾਲਾਨਾ ਔਸਤ 43 ਬਣਦੀ ਹੈ। 1962 ਤੋਂ 1967 ਵਿਚ ਚੁਣੀ ਗਈ ਤੀਜੀ ਵਿਧਾਨ ਸਭਾ ਨੇ ਕੁਲ 253 ਬੈਠਕਾਂ ਕੀਤੀਆਂ, ਜਿਸ ਦੀ ਸਾਲਾਨਾ ਔਸਤ 50 ਤੋਂ ਉਪਰ ਬਣਦੀ ਹੈ। 1967 ਤੋਂ 1968 ਅਤੇ 1969 ਤੋਂ 1971 ਦੀਆਂ ਵਿਧਾਨ ਸਭਾਵਾਂ ਆਪਣਾ ਕਾਰਜ-ਕਾਲ ਪੂਰਾ ਨਹੀਂ ਕਰ ਸਕੀਆਂ ਅਤੇ ਇਸ ਦੌਰਾਨ ਬੈਠਕਾਂ ਦਾ ਰੁਝਾਨ ਕੁਝ ਘਟਿਆ, ਕਿਉਂਕਿ ਇਹ ਸਮਾਂ ਮਿਲੀਆਂ-ਜੁਲੀਆਂ ਸਰਕਾਰਾਂ ਦਾ ਸੀ। 1972 ਤੋਂ 1977 ਤੱਕ ਦੀਆਂ ਬੈਠਕਾਂ ਦਾ ਰੁਝਾਨ ਫਿਰ ਕੁਝ ਠੀਕ ਹੋਇਆ। 1977, 1980 ਅਤੇ 1985 'ਚ ਬਣੀਆਂ ਸਰਕਾਰਾਂ ਨੇ ਆਪਣਾ ਕਾਰਜਕਾਲ ਪੂਰਾ ਨਹੀਂ ਕੀਤਾ ਅਤੇ ਬੈਠਕਾਂ ਦੀ ਗਿਣਤੀ ਵੀ ਘਟਦੀ ਗਈ।

1992 ਤੋਂ 1997 ਤੱਕ ਦੇ ਸਮੇਂ ਵਿਚ ਭਾਵੇਂ ਸਰਕਾਰ ਕੋਲ ਵੱਡਾ ਬਹੁਮਤ ਸੀ, ਪਰ ਫਿਰ ਵੀ ਪੰਜ ਸਾਲਾਂ ਵਿਚ ਕੇਵਲ 121 ਬੈਠਕਾਂ ਹੋਈਆਂ। 1997 ਤੋਂ 2002 ਤੱਕ 95 ਅਤੇ 2002 ਤੋਂ 2007 ਤੱਕ ਦੇ ਸਮੇਂ ਵਿਚ ਕੇਵਲ 81 ਬੈਠਕਾਂ ਹੋਈਆਂ। ਇਸ ਸਮੇਂ ਦੌਰਾਨ ਭਾਵੇਂ ਇਕੱਲੀ ਪਾਰਟੀ ਦੀ ਸਰਕਾਰ ਸੀ, ਪਰ ਫਿਰ ਵੀ ਬੈਠਕਾਂ ਦਾ ਰੁਝਾਨ ਘਟਦਾ ਗਿਆ ਅਤੇ ਔਸਤ 16 ਹੀ ਬਣੀ। ਇਸ ਸਮੇਂ ਚੱਲ ਰਹੀ ਵਿਧਾਨ ਸਭਾ ਦਾ ਵੀ ਹਾਲ ਕੁਝ ਇਸ ਤਰ੍ਹਾਂ ਦਾ ਹੀ ਹੈ। 2007 ਵਿਚ 20 ਬੈਠਕਾਂ ਹੋਈਆਂ, 2008 ਅਤੇ 2009 ਵਿਚ 16-16 ਬੈਠਕਾਂ ਹੀ ਹੋਈਆਂ।

ਸਾਲ 1952 ਤੋਂ 1967 ਤੱਕ ਬਜਟ ਸੈਸ਼ਨ ਲਗਾਤਾਰ ਦੋ-ਦੋ ਮਹੀਨੇ ਚਲਦਾ ਸੀ ਅਤੇ ਆਮ ਤੌਰ 'ਤੇ ਸਾਲ ਵਿਚ 3 ਸੈਸ਼ਨ-ਬਜਟ, ਮਾਨਸੂਨ ਅਤੇ ਸਰਦ-ਰੁੱਤ ਸੈਸ਼ਨ ਹੁੰਦੇ ਸਨ। ਉਸ ਸਮੇਂ ਰਾਜਪਾਲ ਦੇ ਭਾਸ਼ਣ 'ਤੇ ਚਾਰ ਦਿਨ ਦੀ ਬਹਿਸ ਹੁੰਦੀ ਸੀ ਅਤੇ ਬਜਟ 'ਤੇ ਆਮ ਬਹਿਸ ਪੰਜ ਦਿਨ ਹੁੰਦੀ ਸੀ। ਇਸ ਤੋਂ ਬਾਅਦ ਗ੍ਰਾਂਟਾਂ ਲਈ ਮੰਗਾਂ 'ਤੇ ਸੱਤ-ਅੱਠ ਦਿਨ ਬਹਿਸ ਹੁੰਦੀ ਸੀ। ਮਹੱਤਵਪੂਰਨ ਵਿਭਾਗਾਂ ਦੀਆਂ ਮੰਗਾਂ ਬਹਿਸ ਅਤੇ ਵੋਟਿੰਗ ਵਾਸਤੇ ਇਕ-ਇਕ ਜਾਂ ਦੋ-ਦੋ ਕਰਕੇ ਰੱਖੀਆਂ ਜਾਂਦੀਆਂ ਸਨ ਅਤੇ ਇਸ ਤਰ੍ਹਾਂ ਇਨ੍ਹਾਂ ਮੰਗਾਂ 'ਤੇ ਛੇ-ਸੱਤ ਦਿਨ ਬਹਿਸ ਕਰਕੇ ਅਖੀਰਲੇ ਦਿਨ ਬਾਕੀ ਦੀਆਂ ਮੰਗਾਂ 'ਤੇ ਇਕੱਠੀ ਬਹਿਸ ਕੀਤੀ ਜਾਂਦੀ ਸੀ। ਫਿਰ ਐਪਰੋਪਰੀਏਸ਼ਨ ਬਿੱਲ 'ਤੇ ਵੀ ਇਕ ਦਿਨ ਦੀ ਬਹਿਸ ਹੁੰਦੀ ਸੀ। ਇਸ ਤਰ੍ਹਾਂ ਬਜਟ 'ਤੇ ਤਕਰੀਬਨ 13-14 ਦਿਨ ਬਹਿਸ ਲਈ ਮਿਲ ਜਾਂਦੇ ਸਨ ਅਤੇ ਬਹੁਤ ਸਾਰੇ ਮੈਂਬਰਾਂ ਨੂੰ ਬੋਲਣ ਦਾ ਮੌਕਾ ਮਿਲਦਾ ਸੀ, ਇਸ ਨਾਲ ਮੈਂਬਰ ਕਈ ਵਿਸ਼ਿਆਂ 'ਤੇ ਬੋਲਣ ਵਿਚ ਮਾਹਿਰ ਹੋ ਜਾਂਦੇ ਸਨ। ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਦੇ ਨਿਯਮ 168 (1) ਮੁਤਾਬਕ ਗ੍ਰਾਂਟਾਂ ਲਈ ਮੰਗਾਂ 'ਤੇ ਵੋਟਿੰਗ ਲਈ 15 ਦਿਨਾਂ ਤੱਕ ਦਾ ਸਮਾਂ ਰੱਖਿਆ ਜਾ ਸਕਦਾ ਹੈ। ਜੇਕਰ ਪੁਰਾਣੀ ਰਵਾਇਤ ਅਨੁਸਾਰ ਅੱਠ ਦਿਨ ਤੱਕ ਦਾ ਵੀ ਸਮਾਂ ਰੱਖ ਲਿਆ ਜਾਵੇ ਤਾਂ ਇਕੱਲੀ ਇਕੱਲੀ ਮਹੱਤਵਪੂਰਨ ਮੰਗਾਂ 'ਤੇ ਬਹਿਸ ਕੀਤੀ ਜਾ ਸਕਦੀ ਹੈ ਅਤੇ ਬਾਕੀ ਦੀਆਂ ਮੰਗਾਂ 'ਤੇ ਗਰੁੱਪਿੰਗ ਕਰਕੇ ਬਹਿਸ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਵਿਧਾਨ ਸਭਾ ਵਿਚ ਬਜਟ 'ਤੇ ਵਿਚਾਰ ਕਰਨ ਲਈ ਡਿਪਾਰਟਮੈਂਟਲੀ ਰੀਲੇਟਿਡ ਕਮੇਟੀਆਂ ਦੀ ਲੋੜ ਨਹੀਂ ਰਹਿੰਦੀ। ਅਜਿਹੀਆਂ ਕਮੇਟੀਆਂ ਸੰਸਦ ਵਿਚ ਮੌਜੂਦ ਹਨ।

ਅੱਜ-ਕੱਲ੍ਹ ਬਜਟ ਸੈਸ਼ਨ ਦੌਰਾਨ ਆਮ ਤੌਰ 'ਤੇ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਲਈ ਤਿੰਨ ਦਿਨ ਦਾ ਸਮਾਂ ਰੱਖਿਆ ਜਾਂਦਾ ਹੈ, ਬਜਟ 'ਤੇ ਆਮ ਬਹਿਸ ਲਈ ਵੀ ਤਿੰਨ ਦਿਨ ਰੱਖੇ ਜਾਂਦੇ ਹਨ ਅਤੇ ਗ੍ਰਾਂਟਾਂ ਲਈ ਮੰਗਾਂ 'ਤੇ ਦੋ ਦਿਨ ਹੀ ਰੱਖੇ ਜਾਂਦੇ ਹਨ। ਹਰਿਆਣਾ ਛੋਟੇ ਸੈਸ਼ਨ ਕਰਨ ਵਿਚ ਪੰਜਾਬ ਤੋਂ ਵੀ ਅੱਗੇ ਹੈ। ਹਿਮਾਚਲ ਵਿਧਾਨ ਸਭਾ ਦਾ ਵੀ ਅਜਿਹਾ ਹੀ ਹਾਲ ਹੈ।

ਭਾਵੇਂ ਕੇਂਦਰ ਵਿਚ ਵੀ ਅੱਜ-ਕਲ੍ਹ ਕਈ ਪਾਰਟੀਆਂ ਦੀਆਂ ਮਿਲ-ਜੁਲ ਕੇ ਸਰਕਾਰਾਂ ਬਣਦੀਆਂ ਹਨ ਪਰ ਸੰਸਦ ਦੇ ਸੈਸ਼ਨਾਂ 'ਤੇ ਰਾਜ ਵਿਧਾਨ ਸਭਾਵਾਂ ਵਾਂਗ ਸੁੰਗੜਨ ਦਾ ਅਸਰ ਨਜ਼ਰ ਨਹੀਂ ਆਉਂਦਾ। ਵਿਧਾਨ ਸਭਾਵਾਂ ਦੀਆਂ ਬੈਠਕਾਂ ਦੇ ਸੁੰਗੜਦੇ ਰੁਝਾਨ ਨੂੰ ਧਿਆਨ ਵਿਚ ਰੱਖ ਕੇ ਇਹ ਮਾਮਲਾ ਪ੍ਰੀਜ਼ਾਈਡਿੰਗ ਅਫ਼ਸਰਾਂ ਦੀ ਕਾਨਫਰੰਸ ਵਿਚ ਕਈ ਵਾਰ ਵਿਚਾਰਿਆ ਗਿਆ ਅਤੇ ਸ਼ਿਫਾਰਸ਼ ਕੀਤੀ ਗਈ ਹੈ ਕਿ ਸਾਲ ਵਿਚ ਘੱਟੋ-ਘੱਟ 40 ਬੈਠਕਾਂ ਕਰਨੀਆਂ ਲਾਜ਼ਮੀ ਕੀਤੀਆਂ ਜਾਣ ਤਾਂ ਕਿ ਮੈਂਬਰਾਂ ਨੂੰ ਵਿਧਾਨ ਸਭਾ ਵਿਚ ਆਏ ਹਰ ਮੁੱਦੇ 'ਤੇ ਵਿਸਥਾਰਪੂਰਵਕ ਬਹਿਸ ਵਿਚ ਹਿੱਸਾ ਲੈਣ ਦਾ ਮੌਕਾ ਮਿਲ ਸਕੇ। ਦੇਸ਼ ਵਿਚ ਸਾਰੀਆਂ ਰਾਜ ਵਿਧਾਨ ਸਭਾਵਾਂ ਨੂੰ ਕਿਹਾ ਗਿਆ ਕਿ ਉਹ ਆਪਣੇ-ਆਪਣੇ ਰੂਲਜ਼ ਆਫ ਪ੍ਰੋਸੀਜ਼ਰ ਵਿਚ ਅਜਿਹੀ ਤਜਵੀਜ਼ ਸ਼ਾਮਲ ਕਰਨ ਜਿਸ ਨਾਲ ਸਾਲ ਵਿਚ ਘੱਟੋ-ਘੱਟ ਬੈਠਕਾਂ ਕਰਨੀਆਂ ਜ਼ਰੂਰੀ ਕੀਤੀਆਂ ਜਾਣ। ਸਿੱਟੇ ਵਜੋਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਂਵਲੀ ਵਿਚ ਨਵਾਂ ਰੂਲ 14 (ਏ) ਸਾਲ 2006 ਵਿਚ ਸ਼ਾਮਲ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਕਿ ਇਕ ਵਿੱਤੀ ਸਾਲ ਵਿਚ ਤਿੰਨ ਸੈਸ਼ਨ ਹੋਣਗੇ ਅਰਥਾਤ ਬਜਟ ਸੈਸ਼ਨ, ਗਰਮ ਰੁੱਤ/ਮਾਨਸੂਨ ਸੈਸ਼ਨ ਅਤੇ ਸਰਦ ਰੁੱਤ ਸੈਸ਼ਨ ਅਤੇ ਇਨ੍ਹਾਂ ਦੀਆਂ ਕੁੱਲ ਬੈਠਕਾਂ ਦੀ ਗਿਣਤੀ 40 ਤੋਂ ਘੱਟ ਨਹੀਂ ਹੋਵੇਗੀ।

ਵੇਖਣ ਵਿਚ ਆਇਆ ਹੈ ਕਿ ਇਸ ਨਵੇਂ ਨਿਯਮ ਦੀ ਸਖ਼ਤੀ ਨਾਲ ਪਾਲਣਾ ਨਹੀਂ ਹੋ ਰਹੀ ਅਤੇ ਵਿਧਾਨ ਸਭਾ ਦੀਆਂ ਸਾਲਾਨਾ ਬੈਠਕਾਂ ਦੀ ਗਿਣਤੀ ਵਿਚ ਕੋਈ ਪ੍ਰਗਤੀ ਨਹੀਂ ਹੋਈ। ਜੇ ਸੰਵਿਧਾਨ ਦੇ ਅਨੁਛੇਦ 174 ਦੀ ਸੋਧ ਕਰਕੇ ਸਾਲਾਨਾ ਬੈਠਕਾਂ ਦੀ ਗਿਣਤੀ ਉਸ 'ਚ ਦਰਜ ਕਰ ਦਿੱਤੀ ਜਾਵੇ ਤਾਂ ਹੀ ਸਾਲ ਵਿਚ ਘੱਟੋ ਘੱਟ 40 ਬੈਠਕਾਂ ਦਾ ਟੀਚਾ ਪੂਰਾ ਕੀਤਾ ਜਾ ਸਕਦਾ ਹੈ।

# ਬਹੁਕੌਮੀ ਚੁਣੌਤੀਆਂ ਦੇ ਟਾਕਰੇ ਲਈ ਸਹਿਯੋਗ ਦੀ ਲੋੜ

**ਟਿਮੋਥੀ ਜੇ. ਰੋਇਮਰ**

ਅਮਰੀਕਾ ਦੇ ਦੱਖਣੀ ਤੱਟਾਂ 'ਤੇ ਪੰਜ ਸਾਲ ਪਹਿਲਾਂ ਆਇਆ ਸਮੁੰਦਰੀ ਤੂਫ਼ਾਨ ਕੈਟਰੀਨਾ ਮੁਲਕ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ ਕੁਦਰਤੀ ਆਫ਼ਤ ਸਾਬਤ ਹੋਇਆ। ਇਸ ਦੌਰਾਨ 1800 ਵਿਅਕਤੀ ਮਾਰੇ ਗਏ। ਬੀਤੇ ਅੱਸੀ ਸਾਲਾਂ ਦੌਰਾਨ ਅਮਰੀਕਾ ਵਿਚ ਸਮੁੰਦਰੀ ਤੂਫ਼ਾਨ ਕਾਰਨ ਹੋਇਆ ਇਹ ਸਭ ਤੋਂ ਵੱਡਾ ਜਾਨੀ ਨੁਕਸਾਨ ਸੀ। ਕੈਟਰੀਨਾ ਕਾਰਨ 81 ਅਰਬ ਡਾਲਰ ਦੀ ਜਾਇਦਾਦ ਦਾ ਨੁਕਸਾਨ ਹੋਇਆ। ਦਸ ਲੱਖ ਤੋਂ ਵੀ ਵੱਧ ਲੋਕ ਬੇਘਰ ਹੋਏ।

ਦੁਨੀਆਂ ਦੇ ਕੋਨੇ-ਕੋਨੇ ਵਿਚੋਂ ਅਮਰੀਕਾ ਨੂੰ ਮਦਦ ਲਈ ਪੇਸ਼ਕਸ਼ਾਂ ਆਈਆਂ। ਕੁਵੈਤ ਜਿਹੇ ਅਮੀਰ ਮੁਲਕਾਂ, ਬੰਗਲਾਦੇਸ਼ ਜਿਹੇ ਵਿਕਾਸਸ਼ੀਲ ਮੁਲਕਾਂ, ਇਤਿਹਾਸਕ ਭਾਈਵਾਲਾਂ ਦੱਖਣੀ ਕੋਰੀਆ ਅਤੇ ਇਜ਼ਰਾਈਲ ਨੇ ਮਦਦ ਦੀ ਪੇਸ਼ਕਸ਼ ਕੀਤੀ। ਇੱਥੋਂ ਤੱਕ ਕਿ ਵੈਨਜ਼ੂਏਲਾ ਨਾਲ ਅਮਰੀਕਾ ਦੇ ਤਣਾਅਪੂਰਨ ਸਬੰਧਾਂ ਦੇ ਬਾਵਜੂਦ ਇਸ ਨੇ ਵੀ ਮਾਲੀ ਅਤੇ ਤਕਨੀਕੀ ਮਾਹਰਾਂ ਦੀਆਂ ਸੇਵਾਵਾਂ ਮੁਹੱਈਆ ਕਰਨ ਦੀ ਪੇਸ਼ਕਸ਼ ਕੀਤੀ। ਭਾਰਤ ਵਲੋਂ ਵਿੱਤੀ ਸਹਾਇਤਾ ਅਤੇ ਲੋੜੀਂਦੀਆਂ ਵਸਤਾਂ ਦੀ ਸਪਲਾਈ ਦੀ ਪੇਸ਼ਕਸ਼ ਹੈਰਾਨੀਜਨਕ ਨਹੀਂ ਸੀ। ਭਾਰਤ ਨੇ 50 ਲੱਖ ਡਾਲਰ ਦੇਣ ਤੇ ਤਰਪਾਲਾਂ, ਕੰਬਲ ਅਤੇ ਹੋਰ ਰਾਹਤ ਸਮੱਗਰੀ ਭੇਜਣ ਦਾ ਐਲਾਨ ਕੀਤਾ। ਭਾਰਤੀ ਹਵਾਈ ਫ਼ੌਜ ਨੇ 13 ਸਤੰਬਰ, 2005 ਨੂੰ 25 ਟਨ ਰਾਹਤ ਸਮੱਗਰੀ ਅਮਰੀਕਾ ਪਹੁੰਚਾਈ।

ਅਮਰੀਕਾ ਨੇ ਇਸ ਸਾਲ ਹੇਤੀ ਵਿਚ ਆਏ ਭੂਚਾਲ ਸਮੇਂ ਫ਼ੌਜੀ ਸੇਵਾਵਾਂ ਦਿੱਤੀਆਂ। ਪਾਕਿਸਤਾਨ ਵਿਚ ਆਏ ਤਬਾਹਕੁਨ ਹੜ੍ਹਾਂ ਮੌਕੇ ਅਮਰੀਕਾ ਅਤੇ ਭਾਰਤ ਨੇ ਮਦਦ ਦੀ ਪੇਸ਼ਕਸ਼ ਕੀਤੀ। ਮੈਂ ਸੋਮਵਾਰ ਨੂੰ ਲੇਹ ਵਿਚ ਕੰਬਲ, ਬਿਸਤਰੇ ਅਤੇ ਹੋਰ ਰਾਹਤ ਸਮੱਗਰੀ ਪਹੁੰਚਾਉਣ ਲਈ ਉਥੋਂ ਦਾ ਦੌਰਾ ਕੀਤਾ। ਇਸ ਲਈ ਅਮਰੀਕੀ ਸਰਕਾਰ ਵਲੋਂ ਕੀਤੀ ਸਹਾਇਤਾ ਤੋਂ ਇਲਾਵਾ ਨਵੀਂ ਦਿੱਲੀ ਸਥਿਤ ਅਮਰੀਕਨ ਅੰਬੈਸੀ ਸਕੂਲ ਦੇ ਵਿਦਿਆਰਥੀਆਂ ਨੇ ਦਾਨ ਇਕੱਠਾ ਕਰਕੇ ਫੰਡ ਜੁਟਾਏ।

ਅੱਜ ਦੀ ਦੁਨੀਆਂ ਵਿਚ ਕੁਦਰਤੀ ਆਫ਼ਤਾਂ ਅਤੇ ਸੰਕਟ ਸਮੇਂ ਸਾਰੇ ਮੁਲਕਾਂ ਲਈ ਇਕ-ਦੂਜੇ ਦੀ ਮਦਦ ਕਰਨਾ ਲਾਜ਼ਮੀ ਹੋ ਗਿਆ ਹੈ। ਕਿਸੇ ਵੀ ਦੇਸ਼ ਵਿਚਲੀਆਂ ਬਹੁ-ਦੇਸ਼ੀ ਸਮੱਸਿਆਵਾਂ ਗੁਆਂਢੀ ਮੁਲਕਾਂ, ਖੇਤਰਾਂ ਅਤੇ ਦੁਨੀਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰ ਸਕਦੀਆਂ ਹਨ। ਪਾਕਿਸਤਾਨ ਵਿਚ ਆਏ ਹੜ੍ਹਾਂ ਕਾਰਨ ਵਿਕਾਸ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਸਕਦੀਆਂ ਸਨ। ਇਸ ਕਾਰਨ ਪਾਕਿਸਤਾਨ ਦੀ ਅਤਿਵਾਦੀਆਂ ਨਾਲ ਲੜਾਈ ਅਤੇ ਅਮਰੀਕਾ ਅਤੇ ਹੋਰ ਮੁਲਕਾਂ ਲਈ ਅਫ਼ਗ਼ਾਨਿਸਤਾਨ ਦੀ ਸਹਾਇਤਾ ਕਰਨੀ ਵੱਧ ਔਖੀ ਹੋ ਸਕਦੀ ਸੀ। ਪਾਕਿਸਤਾਨ ਨੂੰ ਸਹਾਇਤਾ ਦਿੱਤੇ ਬਿਨਾਂ ਅਮਰੀਕਾ, ਭਾਰਤ ਅਤੇ ਦੁਨੀਆਂ ਲਈ ਦੱਖਣੀ ਏਸ਼ੀਆ ਵਿਚ ਸ਼ਾਂਤੀ ਸਥਾਪਤ ਕਰਨਾ ਵੱਧ ਮੁਸ਼ਕਲ ਹੋਵੇਗਾ। ਮਾਨਵੀ ਸੰਕਟ ਸਮੇਂ ਦੂਜੇ ਮੁਲਕਾਂ ਦੀ ਮਦਦ ਦੀ ਲੋੜ ਨੂੰ ਸਮਝਦਿਆਂ ਅਮਰੀਕਾ ਅਤੇ ਭਾਰਤ ਤੀਜੀ ਦੁਨੀਆਂ ਦੇ ਮੁਲਕਾਂ ਨੂੰ ਸਾਂਝੀ ਸਹਾਇਤਾ ਦੇਣ ਦੇ ਖੇਤਰ ਵਿਚ ਦੁਵੱਲੇ ਸਬੰਧਾਂ ਦੇ ਵਿਸਥਾਰ ਲਈ ਕੰਮ ਕਰ ਰਹੇ ਹਨ। ਇਸ ਸਾਲ ਅਪਰੈਲ ਵਿਚ ਦੋਹਾਂ ਮੁਲਕਾਂ ਨੇ ਦੁਵੱਲੇ ਕੁਦਰਤੀ ਆਫ਼ਤ ਪ੍ਰਬੰਧਨ ਪ੍ਰਾਜੈਕਟ ਦੀ ਮਿਆਦ ਪੰਜ ਸਾਲ ਹੋਰ ਵਧਾ ਦਿੱਤੀ ਗਈ ਹੈ। ਇਸ ਪ੍ਰਾਜੈਕਟ ਤਹਿਤ ਦੋਵੇਂ ਮੁਲਕ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਵਾਲੇ ਅਦਾਰਿਆਂ ਦੀ ਸਮਰੱਥਾ ਵਧਾਉਣ ਦੇ ਖੇਤਰ ਵਿਚ ਛੇ ਸਾਲ ਇਕੱਠੇ ਕੰਮ ਕਰ ਚੁੱਕੇ ਹਨ। ਇਸ ਵਿਚ ਵਾਤਾਵਰਨ ਤਬਦੀਲੀ ਅਤੇ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੇ ਜਾਨੀ ਨੁਕਸਾਨ ਘੱਟ ਕਰਨ ਲਈ ਅਗਾਊਂ ਤਿਆਰੀ ਵੀ ਸ਼ਾਮਲ ਹੈ। ਕੁਦਰਤੀ ਆਫ਼ਤਾਂ ਤੋਂ ਇਲਾਵਾ ਅਤਿਵਾਦ, ਸਾਈਬਰ ਯੁੱਧਨੀਤੀ ਅਤੇ ਮਹਾਂਮਾਰੀਆਂ ਜਿਹੇ ਬਹੁਕੌਮੀ ਖ਼ਤਰਿਆਂ ਨਾਲ ਸਿੱਝਣ ਲਈ ਵੀ ਮੁਲਕ ਅਤੇ ਸਰਕਾਰਾਂ ਇਕ-ਦੂਜੇ ਨਾਲ ਸਹਿਯੋਗ ਕਰਨ। ਭਾਰਤ ਅਤੇ ਅਮਰੀਕਾ ਹਿੰਦ ਮਹਾਂਸਾਗਰ ਅਤੇ ਉਸ ਦੇ ਆਲੇ-ਦੁਆਲੇ ਦੇ ਪਾਣੀਆਂ ਵਿਚ ਮੁਕਤ ਲਾਂਘੇ ਨੂੰ ਸੁਰੱਖਿਅਤ ਰੱਖਣ, ਮਨੁੱਖੀ ਤਬਾਹੀ ਦੇ ਹਥਿਆਰਾਂ ਦੇ ਪਸਾਰ ਨੂੰ ਰੋਕਣ ਅਤੇ ਅਫ਼ਗ਼ਾਨਿਸਤਾਨ ਦੀ ਮੁੜ ਉਸਾਰੀ 'ਚ ਸਾਂਝੇ ਸੁਰੱਖਿਆ ਹਿੱਤਾਂ ਦੀ ਅਹਿਮੀਅਤ ਤੋਂ ਭਲੀ-ਭਾਂਤ ਜਾਣੂ ਹਨ। ਅਮਰੀਕਾ ਅਤੇ ਭਾਰਤ ਦਾ ਰਣਨੀਤਕ ਵਿਚਾਰ ਵਟਾਂਦਰੇ ਵਿਚ ਹੁੰਗਾਰਾ ਹਾਂਦਰੂ ਹੈ। ਅਗਸਤ ਵਿਚ ਅਤਿਵਾਦ ਖਿਲਾਫ਼ ਸਹਿਯੋਗ ਬਾਰੇ ਕੀਤੀ ਸੰਧੀ ਤਹਿਤ ਢੋਆ-ਢੁਆਈ, ਸਮੁੰਦਰੀ, ਸਰਹੱਦ, ਸਾਈਬਰ ਸੁਰੱਖਿਆ ਅਤੇ ਅਤਿਵਾਦੀਆਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਨੂੰ ਰੋਕਣ ਸਮੇਤ ਹੋਰ ਬਹੁਤ ਸਾਰੇ ਖੇਤਰਾਂ ਵਿਚ ਸਹਿਯੋਗ ਵਧਾਇਆ ਜਾਵੇਗਾ। ਅਸੀਂ ਪੂਰੀ ਦੁਨੀਆਂ ਦੇ ਸਾਂਝੇ ਰਣਨੀਤਕ ਹਿੱਤਾਂ ਦੀ ਸ਼ਨਾਖਤ ਕਰਨ ਲਈ ਕੰਮ ਕਰ ਰਹੇ ਹਾਂ। ਅਫ਼ਗ਼ਾਨਿਸਤਾਨ ਵਿਚ ਦੋਵੇਂ ਮੁਲਕ ਊਰਜਾ ਅਤੇ ਮਹਿਲਾ ਸਸ਼ਕਤੀਕਰਨ ਜਿਹੇ ਕਈ ਖੇਤਰਾਂ ਵਿਚ ਇਕੱਠੇ ਕੰਮ ਕਰਦੇ ਹੋਏ ਉਥੇ ਵਿਕਾਸ, ਖੁਸ਼ਹਾਲੀ ਅਤੇ ਸੁਰੱਖਿਆ ਯਕੀਨੀ ਬਣਾਉਣ ਵਿਚ ਮਦਦ ਦੀ ਕੋਸ਼ਿਸ਼ ਕਰ ਰਹੇ ਹਨ। ਦੁਨੀਆਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅਮਰੀਕਾ ਅਤੇ ਭਾਰਤ ਦੀਆਂ ਸਾਂਝੀਆਂ ਕੋਸ਼ਿਸ਼ਾਂ, ਸਮਰੱਥਾਵਾਂ ਅਤੇ ਨਿਪੁੰਨਤਾ ਦੀਆਂ ਖੇਤਰੀ ਰਣਨੀਤੀਆਂ ਦੀਆਂ ਥੋੜ੍ਹੀਆਂ ਜਿਹੀਆਂ ਮਿਸਾਲਾਂ ਹੀ ਹਨ। ਭਵਿੱਖ ਵਿਚ ਅਸੀਂ ਆਲਮੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੱਡੇ ਪੱਧਰ 'ਤੇ ਸਹਿਯੋਗ ਵਧਾਉਣ ਦੀ ਉਮੀਦ ਕਰਦੇ ਹਾਂ। ਇਸ ਵਿਚ ਆਲਮੀ ਪੱਧਰ 'ਤੇ ਅੰਨ ਸੁਰੱਖਿਆ ਮੁਹੱਈਆ ਕਰਵਾਉਣਾ, ਮਾਨਵੀ ਤਸਕਰੀ ਨੂੰ ਰੋਕਣਾ ਅਤੇ ਪੂਰੀ ਦੁਨੀਆਂ ਵਿਚ ਬਿਮਾਰੀਆਂ ਦੀ ਸ਼ਨਾਖਤ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਦੋਹਾਂ ਮੁਲਕਾਂ ਦੀਆਂ ਲੋੜਾਂ ਅਤੇ ਹੋਰਾਂ ਦੀ ਮਦਦ ਕਰਨ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਗੁਆਂਢੀਆਂ ਨੂੰ ਵੀ ਲਾਭ ਹੁੰਦਾ ਹੈ ਅਤੇ ਦੋਹਾਂ ਮੁਲਕਾਂ ਦੀ ਰਣਨੀਤਕ ਭਾਈਵਾਲੀ ਅਗਾਂਹ ਵਧਦੀ ਹੈ। ਦੂਜਿਆਂ ਦੀ ਮਦਦ ਸਿਰਫ਼ ਮੁਸ਼ਕਿਲ ਸਮੇਂ ਹੀ ਨਹੀਂ ਕੀਤੀ ਜਾਂਦੀ ਸਗੋਂ ਇਸ ਵਿਚ ਬਹੁਕੌਮੀ ਚੁਣੌਤੀਆਂ ਦਾ ਟਾਕਰਾ ਕਰਨਾ ਵੀ ਸ਼ਾਮਿਲ ਹੈ। ਕੋਈ ਵੀ ਦੇਸ਼ ਇਕੱਲਾ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਨਹੀਂ ਕਰ ਸਕਦਾ।

# ਰੂਸ-ਪਾਕਿਸਤਾਨ ਦੇ ਨਿੱਘੇ ਹੋ ਰਹੇ ਸੰਬੰਧਾਂ ਦਾ ਦੌਰ ਤੇ ਭਾਰਤੀ ਪਹੁੰਚ

**ਵਲਾਦੀਮੀਰ ਰਾਦੀਉਹਿਨ**

ਪਿਛਲੇ ਮਹੀਨੇ ਰੂਸ, ਅਫਗਾਨਿਸਤਾਨ, ਪਾਕਿਸਤਾਨ ਅਤੇ ਤਾਜਿਕਸਤਾਨ ਦੀ ਚਾਰ-ਧਿਰੀ ਸਿਖਰ ਬੈਠਕ ਰਾਸ਼ਟਰਪਤੀ ਦਮਿਤਰੀ ਮੇਦਵੇਦੇਵ ਵਲੋਂ ਕਾਲੇ ਸਾਗਰ ਦੇ ਸਿਹਤ ਕੇਂਦਰ ਸੋਚੀ ਵਿਚ ਬੁਲਾਈ ਗਈ ਸੀ। ਇਸੇ ਕਾਰਨ ਸਾਊਥ ਬਲਾਕ ਦੇ ਯੁੱਧਚਾਲਕਾਂ ਨੂੰ ਸੋਚਣ ਲਈ ਮਜਬੂਰ ਹੋਣਾ ਪਿਆ ਹੋਵੇਗਾ। ਭਾਰਤ ਦੇ ਦ੍ਰਿਸ਼ਟੀਕੋਣ ਤੋਂ ਮੁੱਖ ਨਤੀਜਾ ਇਹ ਸਾਹਮਣੇ ਆਇਆ ਸੀ ਕਿ ਮਾਸਕੋ ਨੇ ਇਸਲਾਮਾਬਾਦ ਅਤੇ ਨਵੀਂ ਦਿੱਲੀ ਨਾਲ ਆਪਣੇ ਸੰਬੰਧਾਂ ਵਿਚ ਸਾਵਾਂਪਣ ਲਿਆਉਣ ਲਈ ਇਕ ਫੈਸਲਾਕੁਨ ਮੋੜ ਕੱਟਿਆ ਹੈ। ਇਸ ਲਈ ਇਹ ਬਹੁਤੀ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਇਸ ਸਿਖਰ ਮਿਲਣੀ ਦੇ ਤਿੰਨ ਹਫਤਿਆਂ ਬਾਅਦ ਵੀ ਨਵੀਂ ਦਿੱਲੀ ਵਲੋਂ ਇਸ ਬਾਰੇ ਕੋਈ ਪ੍ਰਤੀਕਰਮ ਨਹੀਂ ਆਇਆ।

ਸੋਚੀ ਮੀਟਿੰਗ ਦਾ ਧਿਆਨ ਅਫਗਾਨਿਸਤਾਨ ਦੀ ਸਥਿਤੀ ਉਪਰ ਕੇਂਦਰਤ ਸੀ, ਪ੍ਰੰਤੂ ਇਸ ਨਾਲ ਮਾਸਕੋ ਨੂੰ ਇਹ ਮੌਕਾ ਵੀ ਮਿਲ ਗਿਆ ਕਿ ਉਹ ਇਸਲਾਮਾਬਾਦ ਨਾਲ ਆਪਣੇ ਸੰਬੰਧਾਂ 'ਚ ਮੋੜ ਬਾਰੇ ਨਵਾਂ ਯਤਨ ਕਰੇ। ਦਹਾਕਿਆਂਬੱਧੀ ਇਨ੍ਹਾਂ ਸੰਬੰਧਾਂ ਅੰਦਰ ਜ਼ਹਿਰ ਘੁਲਿਆ ਆ ਰਿਹਾ ਹੈ। ਪਹਿਲਾਂ ਇਹ ਠੰਢੀ ਜੰਗ ਵੇਲੇ ਪਾਕਿਸਤਾਨ ਵਲੋਂ ਸੋਵੀਅਤ ਯੂਨੀਅਨ ਵਿਰੁਧ ਅਮਰੀਕਾ ਦਾ ਸਾਥ ਦੇਣ ਕਾਰਨ ਸੀ ਅਤੇ ਫਿਰ ਅਫਗਾਨਿਸਤਾਨ ਵਿਚ ਸੋਵੀਅਤ ਫੌਜਾਂ ਵਿਰੁਧ ਮੁਜਾਹਦੀਨ ਦੀਆਂ ਕਾਰਵਾਈਆਂ ਨੂੰ ਸਥਾਨ ਦੇਣ ਕਾਰਨ ਅਤੇ ਇਸ ਤੋਂ ਬਾਅਦ ਚੇਚਨ ਬਾਗੀਆਂ ਨੂੰ ਸਿਖਲਾਈ ਦੇਣ ਵਿਚ ਮਦਦ ਦੇਣ ਕਾਰਨ ਸੀ।

ਮਾਸਕੋ ਵਲੋਂ ਬੀਤੇ ਦੀਆਂ ਤਲਖ ਯਾਦਾਂ ਨੂੰ ਭੁਲਾਉਣ ਤੋਂ ਬਾਅਦ ਵੀ ਇਸਲਾਮਾਬਾਦ ਨਾਲ ਸੰਬੰਧ ਨੀਵੇਂ ਪੱਧਰ 'ਤੇ ਹੀ ਰਹੇ। 2003 ਵਿਚ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੀ ਮਾਸਕੋ ਯਾਤਰਾ, ਜੋ ਕਿ 33 ਸਾਲਾਂ ਦੌਰਾਨ ਕਿਸੇ ਪਾਕਿਸਤਾਨੀ ਨੇਤਾ ਦੀ ਪਹਿਲੀ ਯਾਤਰਾ ਸੀ, ਨੇ ਕੁਝ ਸ਼ੰਕੇ ਦੂਰ ਕਰਨ ਵਿਚ ਮਦਦ ਕੀਤੀ ਸੀ ਪ੍ਰੰਤੂ ਇਹ ਕੋਈ ਨਿਰਨਾਇਕ ਮੋੜ ਨਾ ਕੱਟ ਸਕੀ। ਰੂਸ-ਪਾਕਿਸਤਾਨ ਸੰਬੰਧ ਮਾਸਕੋ ਦੇ ਭਾਰਤ ਨਾਲ ਸੰਬੰਧ ਹੀ ਤੈਅ ਕਰਦੇ ਰਹੇ।

ਸੋਚੀ ਇਕ ਮੋੜ ਸੀ। ਇਸ ਸਮੇਂ ਸ੍ਰੀ ਮੇਦਵੇਦੇਵ ਦੀ ਪਾਕਿਸਤਾਨੀ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨਾਲ ਸਿਖਰ ਵਾਰਤਾ ਦੇ ਦੌਰ ਵਿਚ ਅਸਧਾਰਨ ਨਿੱਘ ਵੇਖਣ ਨੂੰ ਮਿਲਿਆ। ਇਹ ਗੱਲ ਨੋਟ ਕਰਦਿਆਂ ਹੋਇਆਂ ਕਿ ਬੀਤੇ ਦੇ ਉਲਟ ਉਨ੍ਹਾਂ ਅਤੇ ਜਨਾਬ ਜ਼ਰਦਾਰੀ ਨੇ ਬਹੁਤ ਹੀ ਬਾਕਾਇਦਾ ਚਾਰ-ਵਾਰ ਸੰਬੰਧ ਸਥਾਪਤ ਕੀਤੇ ਅਤੇ ਉਹ ਰੁੱਝੇ ਰਹੇ ਇਕ ਵਧੀਆ ਰਾਜਨੀਤਕ ਵਾਰਤਾਲਾਪ ਵਿਚ। ਸ੍ਰੀ ਮੇਦਵੇਦੇਵ ਨੇ ਦੋਵਾਂ ਦੇਸ਼ਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਆਰਥਿਕ ਸੰਬੰਧ ਵੀ ਵਧਾਉਣ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਰੂਸ ਅਤੇ ਪਾਕਿਸਤਾਨ ਨੇ ਹਾਲੇ ਇਸ ਖੇਤਰ ਵਿਚ ਬਹੁਤੀ ਉਨਤੀ ਨਹੀਂ ਕੀਤੀ ਅਤੇ ਸੁਝਾਅ ਦਿੱਤਾ ਕਿ ਦੋਵੇਂ ਨੇਤਾ ਆਸ ਕਰਦੇ ਹਨ ਕਿ ਸਾਡੇ ਦੋ-ਪੱਖੀ ਆਰਥਿਕ ਮਿਲਵਰਤਣ ਅਤੇ ਵਿਕਾਸ ਦੇ ਮੌਕੇ ਵੀ ਵਧਣਗੇ ਅਤੇ ਚਾਰ-ਧਿਰੀ ਚੌਖਟੇ ਵਿਚ ਇਨ੍ਹਾਂ ਲਈ ਇਕੱਠੇ ਕੰਮ ਕਰਨ ਦੀਆਂ ਸੰਭਾਵਨਾਵਾਂ ਵੀ ਹਨ।

ਸ੍ਰੀ ਮੇਦਵੇਦੇਵ ਨੇ ਸ੍ਰੀ ਜ਼ਰਦਾਰੀ ਨੂੰ ਰੂਸ ਦਾ ਸਰਕਾਰੀ ਦੌਰਾ ਕਰਨ ਦਾ ਸੱਦਾ ਵੀ ਦਿੱਤਾ ਅਤੇ ਪਾਕਿਸਤਾਨੀ ਨੇਤਾ ਨੇ ਵੀ ਇਹੋ ਜਿਹਾ ਹੀ ਸੱਦਾ ਆਪਣੇ ਮੇਜ਼ਬਾਨ ਨੂੰ ਦਿੱਤਾ। ਸ੍ਰੀ ਜ਼ਰਦਾਰੀ ਨੇ ਵਿਸ਼ੇਸ਼ ਕਰਕੇ ਇਹ ਗੱਲ ਨੋਟ ਕੀਤੀ ਕਿ ਇਹ ਸ੍ਰੀ ਮੇਦਵੇਦੇਵ ਨਾਲ ਉਨ੍ਹਾਂ ਦੀ ਚੌਥੀ ਮੁਲਾਕਾਤ ਸੀ। ਆਪਸੀ ਵਾਰਤਾਲਾਪਾਂ ਦੀ ਇਹ ਲਾਮਿਸਾਲ ਤੀਬਰਤਾ ਸੀ, ਭਾਵੇਂ ਕਿ ਪਹਿਲੀਆਂ ਮੁਲਾਕਾਤਾਂ ਬਹੁ-ਧਿਰੀ ਮੌਕਿਆਂ 'ਤੇ ਹੀ ਹੋਈਆਂ ਸਨ। ਏਜੰਡੇ 'ਤੇ ਅੱਗੋਂ ਲਈ ਹੁਣ ਆਪਸੀ ਸਿਖਰ ਵਾਰਤਾ ਹੈ। ਜਨਾਬ ਮੇਦਵੇਦੇਵ ਦੇ ਵਿਦੇਸ਼ ਨੀਤੀ ਸਹਾਇਕ ਸਰਗੇਈ ਪ੍ਰਿਖੋਦਕੋ ਅਨੁਸਾਰ, "ਸਾਡੀ ਦਿਲਚਸਪੀ ਹੁਣ ਪਾਕਿਸਤਾਨੀ ਰਾਸ਼ਟਰਪਤੀ ਦੀ ਰੂਸ ਦੀ ਪੂਰੇ ਆਕਾਰ ਦੀ ਯਾਤਰਾ ਵਿਚ ਹੈ।"

ਪਾਕਿਸਤਾਨ ਲਈ ਇਕ ਹੋਰ ਲਾਭ ਇਹ ਹੋਇਆ ਕਿ ਸ੍ਰੀ ਮੇਦਵੇਦੇਵ ਨੇ ਸੋਚੀ ਵਿਚ ਇਸ ਗੱਲ ਲਈ ਹਰੀ ਝੰਡੀ ਦੇ ਦਿੱਤੀ ਕਿ ਇਸ ਮਹੀਨੇ ਇਸਲਾਮਾਬਾਦ ਵਿਚ ਰੂਸ-ਪਾਕਿਸਤਾਨ ਅੰਤਰ-ਸਰਕਾਰ ਕਮਿਸ਼ਨ, ਜੋ ਕਿ ਤਜਾਰਤ ਅਤੇ ਆਰਥਿਕ ਅਤੇ ਵਿਗਿਆਨਕ-ਤਕਨਾਲੋਜੀ ਮਿਲਵਰਤਣ ਬਾਰੇ ਹੋਵੇਗਾ, ਦਾ ਉਦਘਾਟਨ ਕੀਤਾ ਜਾਵੇਗਾ। ਦੋਵਾਂ ਦੇਸ਼ਾਂ ਨੇ ਇਹ ਸਾਂਝਾ ਕਮਿਸ਼ਨ ਸਥਾਪਤ ਕਰਨ ਦਾ ਫੈਸਲਾ 10 ਸਾਲ ਪਹਿਲਾਂ ਕੀਤਾ ਸੀ, ਪ੍ਰੰਤੂ ਹੁਣ ਤੱਕ ਮਾਸਕੋ ਨੇ ਇਸ ਨੂੰ ਸ਼ੁਰੂ ਕਰਨ 'ਚ ਅੜਿੱਕਾ ਹੀ ਡਾਹੀ ਰੱਖਿਆ ਸੀ।

ਮੇਦਵੇਦੇਵ-ਜ਼ਰਦਾਰੀ ਮੀਟਿੰਗ ਤੋਂ ਦੋ ਨਤੀਜੇ ਕੱਢੇ ਜਾ ਸਕਦੇ ਹਨ: ਪਹਿਲਾ ਇਹ ਕਿ ਰੂਸ-ਪਾਕਿਸਤਾਨ ਵਾਰਤਾਲਾਪ ਪਹਿਲੀ ਵਾਰ ਰਾਸ਼ਟਰਪਤੀ ਪੱਧਰ ਤੱਕ ਅੱਗੇ ਵਧੇ ਹਨ ਅਤੇ ਮਾਸਕੋ ਨੇ ਇਸਲਾਮਾਬਾਦ ਨਾਲ ਪੂਰੇ-ਸੂਰੇ ਸੰਬੰਧ ਵਿਕਸਤ ਕਰਨ ਵਿਚ ਆਪਣੀ ਝਿਜਕ 'ਤੇ ਕਾਬੂ ਪਾਇਆ ਹੈ। ਹੁਣ ਰੂਸ ਲਈ ਇੱਕੋ-ਇਕ ਝਿਜਕ ਪਾਕਿਸਤਾਨ ਨੂੰ ਹਥਿਆਰ ਵੇਚਣ ਬਾਰੇ ਹੈ, ਪ੍ਰੰਤੂ ਇਸ ਦੀਆਂ ਰੱਖਿਆ ਤਕਨਾਲੋਜੀਆਂ ਪਾਕਿਸਤਾਨ ਵਿਚ ਤੀਜੇ ਦੇਸ਼ਾਂ ਰਾਹੀਂ ਪਹਿਲਾਂ ਹੀ ਪਹੁੰਚ ਰਹੀਆਂ ਹਨ। ਯੂਕਰੇਨ ਨੇ ਵੱਡੇ ਜੰਗੀ ਟੈਂਕ 1990 ਵਿਚ ਪਾਕਿਸਤਾਨ ਨੂੰ ਸਪਲਾਈ ਕੀਤੇ ਸਨ, ਜਿਨ੍ਹਾਂ ਵਿਚ ਰੂਸ ਨਿਰਮਤ ਕੁੰਜੀਵਤ ਪ੍ਰਣਾਲੀਆਂ ਅਤੇ ਹਿੱਸੇ-ਪੁਰਜ਼ੇ ਹਨ। ਜਿਹੜੀ ਗੱਲ ਨੇ ਮਾਸਕੋ ਨੂੰ ਮੋੜਾ ਕੱਟਣ ਲਈ ਮਜਬੂਰ ਕੀਤਾ ਹੈ, ਉਹ ਇਹ ਅਹਿਸਾਸ ਹੈ ਕਿ ਪਾਕਿਸਤਾਨ ਨੂੰ ਇਸ ਖੇਤਰ ਦੀਆਂ ਸਮੱਸਿਆਵਾਂ ਦਾ ਹਿੱਸਾ ਨਾ ਸਮਝਣਾ ਇਸ ਖੇਤਰ ਵਿਚ ਰੂਸ ਵਲੋਂ ਵਡੇਰੀ ਭੂਮਿਕਾ ਨਿਭਾਉਣ ਵਿਚ ਸਹਾਇਤਾ ਨਹੀਂ ਕਰਦਾ। ਕਰੈਮਲਿਨ ਨੇ ਅੰਤ ਨੂੰ ਇਹ ਫੈਸਲਾ ਕੀਤਾ ਹੈ ਕਿ ਪਾਕਿਸਤਾਨ ਲਾਜ਼ਮੀ ਹੀ ਇਸ ਹੱਲ ਦਾ ਹਿੱਸਾ ਹੋਣਾ ਚਾਹੀਦਾ ਹੈ। ਪਾਕਿਸਤਾਨ, ਅਫਗਾਨਿਸਤਾਨ ਅਤੇ ਤਾਜਿਕਸਤਾਨ ਨਾਲ ਚੌਮੁਖੀ ਮਿਲਵਰਤਣ ਦਾ ਪੈਂਤੜਾ ਮਾਸਕੋ ਦੀ ਇਸ ਗੱਲ ਵਿਚ ਸਹਾਇਤਾ ਕਰੇਗਾ ਕਿ ਅਮਰੀਕੀ ਅਗਵਾਈ ਵਾਲੀਆਂ ਫੌਜਾਂ ਅਫਗਾਨਿਸਤਾਨ ਵਿਚੋਂ ਕੱਢ ਲਈਆਂ ਜਾਣ, ਪਾਕਿਸਤਾਨ ਨਾਲ ਸਾਂਝ ਪਾਈ ਜਾਵੇ, ਅਫਗਾਨਿਸਤਾਨ ਵਿਚ ਵਾਪਸ ਆਇਆ ਜਾਵੇ ਅਤੇ ਸਾਬਕਾ ਸੋਵੀਅਤ ਗਣਰਾਜਾਂ ਵਿਚ ਰੂਸੀ ਪਕੜ ਮਜ਼ਬੂਤ ਕੀਤੀ ਜਾਵੇ।




ਰੂਸ ਦ੍ਰਿੜ੍ਹਤਾ ਨਾਲ ਨਵਾਂ ਪੈਂਤੜਾ ਪਿਛਲੇ ਇਕ ਸਾਲ ਤੋਂ ਪੱਕਾ ਕਰਦਾ ਆ ਰਿਹਾ ਹੈ। ਸ੍ਰੀ ਮੇਦਵੇਦੇਵ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਨੇਤਾਵਾਂ ਨਾਲ ਪਹਿਲੀ ਮੁਲਾਕਾਤ ਪਿਛਲੀਆਂ ਗਰਮੀਆਂ ਵਿਚ ਯੇਕਾਤ੍ਰਿਨਬਰਗ ਵਿਚ ਸ਼ੰਘਾਈ ਮਿਲਵਰਤਣ ਜਥੇਬੰਦੀ ਦੇ ਸਾਲਾਨਾ ਸਿਖਰ ਸਮਾਗਮ ਦੌਰਾਨ ਕੀਤੀ ਸੀ। ਉਨ੍ਹਾਂ ਦੀ ਦੁਸ਼ਾਂਬੇ ਵਿਚ ਦੂਜੀ ਮੀਟਿੰਗ ਵਿਚ ਇਹ ਤਿੰਨ-ਧਿਰੀ ਮੁਲਾਕਾਤ ਵਧਾ ਕੇ ਚਾਰ-ਧਿਰੀ ਬਣਾ ਦਿੱਤੀ ਗਈ ਅਤੇ ਤਾਜਿਕਸਤਾਨ ਨੂੰ ਇਸ ਵਿਚ ਸ਼ਾਮਲ ਕਰ ਲਿਆ ਗਿਆ, ਜਿਸ ਦੀ ਅਫਗਾਨਿਸਤਾਨ ਨਾਲ ਕੋਈ 1200 ਕਿਲੋਮੀਟਰ ਸਰਹੱਦ ਲਗਦੀ ਹੈ।

ਸੋਚੀ ਵਿਚ ਪਾਸ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਦਹਿਸ਼ਤਵਾਦ ਅਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀਆਂ ਸਮੱਸਿਆਵਾਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਜਿਹੜੀਆਂ ਕਿ ਰੂਸ ਲਈ ਇਕ ਗੰਭੀਰ ਸਰੋਕਾਰ ਦਾ ਸਰੋਤ ਹਨ ਪ੍ਰੰਤੂ ਇਹ ਸਾਂਝੀਆਂ ਆਰਥਕ ਯੋਜਨਾਵਾਂ ਹੀ ਸਨ, ਜਿਹੜੀਆਂ ਸਿਖਰ ਵਾਰਤਾ ਦੇ ਏਜੰਡੇ ਵਿਚ ਭਾਰੂ ਰਹੀਆਂ। ਰੂਸ ਵਲੋਂ ਸਮੇਂ-ਸਮੇਂ ਬਣਾਈਆਂ ਗਈਆਂ ਯੋਜਨਾਵਾਂ ਹੀ ਸਨ ਜਿਹੜੀਆਂ ਸਿਖਰ ਮਿਲਣੀ ਦੇ ਏਜੰਡੇ ਵਿਚ ਛਾਈਆਂ ਰਹੀਆਂ। ਰੂਸ ਲੰਮੇ ਸਮੇਂ ਤੋਂ ਬਣਾਈਆਂ ਗਈਆਂ ਖੇਤਰੀ ਢਾਂਚਾਗਤ ਯੋਜਨਾਵਾਂ 'ਚ ਸ਼ਾਮਲ ਹੋਣ ਲਈ ਸਹਿਮਤ ਹੋ ਗਿਆ ਹੈ, ਜਿਹੜੀਆਂ ਕੇਂਦਰੀ ਏਸ਼ੀਆ ਤੋਂ ਅਫਗਾਨਿਸਤਾਨ ਰਾਹੀਂ ਪਾਕਿਸਤਾਨ ਤੱਕ ਇਕ ਟਰਾਂਸਪੋਰਟ ਕੋਰੀਡੋਰ ਬਣਾਉਣ ਨਾਲ ਵੀ ਸੰਬੰਧਿਤ ਹਨ ਅਤੇ ਊਰਜਾ ਪੈਦਾ ਕਰਨ ਨਾਲ ਵੀ।

ਇਕ ਯੋਜਨਾ ਵਿਚ ਸੀ ਏ ਐਸ ਏ-1000 (ਕੇਂਦਰੀ ਏਸ਼ੀਆ, ਦੱਖਣੀ ਏਸ਼ੀਆ) ਵਿਚ ਬਿਜਲੀ ਪੱਖੋਂ ਅਮੀਰ ਕਿਰਗਿਜ਼ਸਤਾਨ ਅਤੇ ਤਾਜਿਕਸਤਾਨ ਤੋਂ ਅਫਗਾਨਿਸਤਾਨ ਅਤੇ ਪਾਕਿਸਤਾਨ ਨੂੰ ਬਿਜਲੀ ਦੀ ਬਰਾਮਦ ਕਰਨਾ ਸ਼ਾਮਿਲ ਹੈ। ਰੂਸ ਕੇਂਦਰੀ ਏਸ਼ੀਆਈ ਗਣਰਾਜਾਂ ਵਿਚ ਅਜਿਹੇ ਪਣ-ਬਿਜਲੀ ਪਲਾਂਟ ਤਿਆਰ ਕਰਨ ਵਿਚ ਸਹਾਇਤਾ ਕਰਨ ਲਈ ਤਿਆਰ ਹੈ, ਜਿਹੜੇ ਇਸ ਪ੍ਰਾਜੈਕਟ ਲਈ ਬਿਜਲੀ ਸਪਲਾਈ ਕਰਨਗੇ। ਸੰਸਾਰ ਬੈਂਕ, ਏਸ਼ੀਆਈ ਵਿਕਾਸ ਬੈਂਕ ਅਤੇ ਇਸਲਾਮੀ ਵਿਕਾਸ ਬੈਂਕ ਪਹਿਲਾਂ ਹੀ ਅਫਗਾਨਿਸਤਾਨ ਅਤੇ ਪਾਕਿਸਤਾਨ ਤੱਕ ਬਿਜਲੀ ਦੀਆਂ ਤਾਰਾਂ ਵਿਛਾਉਣ ਵਿਚ ਮਦਦ ਦੇਣ ਲਈ ਸਹਿਮਤ ਹੋ ਗਏ ਹਨ। ਦੂਜੀ ਯੋਜਨਾ ਹੈ ਸੜਕੀ ਅਤੇ ਰੇਲ ਲਾਈਨ ਵਿਛਾਉਣ ਦੀ, ਜੋ ਤਾਜਿਕਸਤਾਨ ਤੋਂ ਅਫਗਾਨਿਸਤਾਨ ਰਾਹੀਂ ਪਾਕਿਸਤਾਨ ਤੱਕ ਜਾਏਗੀ। ਇਸ ਨਾਲ ਸੰਬੰਧਤ ਦੇਸ਼ਾਂ ਨੂੰ ਇਕ ਯੁੱਧ-ਨੀਤਕ ਲਾਭ ਹੋਵੇਗਾ। ਪਾਕਿਸਤਾਨ ਨੂੰ ਇਸ ਨਾਲ ਕੇਂਦਰੀ ਏਸ਼ੀਆ ਅਤੇ ਰੂਸ ਦੀਆਂ ਮੰਡੀਆਂ ਤੱਕ ਸਿੱਧੀ ਪਹੁੰਚ ਮਿਲ ਜਾਏਗੀ, ਜਦੋਂ ਕਿ ਤਾਜਿਕਸਤਾਨ ਅਤੇ ਰੂਸ ਦੀ ਪਾਕਿਸਤਾਨੀ ਬੰਦਰਗਾਹਾਂ ਤੱਕ ਰਸਾਈ ਹੋ ਜਾਏਗੀ। ਚੀਨ ਨੂੰ ਵੀ ਇਸ ਨਾਲ ਲਾਭ ਹੋਣ ਵਾਲਾ ਹੈ।

ਬਰਾਕ ਓਬਾਮਾ ਪ੍ਰਸ਼ਾਸਨ ਕੋਲ ਅਫਗਾਨਿਸਤਾਨ ਅਤੇ ਪਾਕਿਸਤਾਨ ਦੋਵਾਂ ਲਈ ਹੀ ਖੇਤਰੀ ਯੁੱਧਚਾਲ ਹੈ ਅਤੇ ਰੂਸ ਇਸ ਖੇਤਰ ਵਿਚ ਦੂਜੇ ਦੇਸ਼ਾਂ ਨਾਲ ਰਲ ਕੇ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦਾ ਹੈ। ਜਿਹੜੀਆਂ ਆਰਥਿਕ ਯੋਜਨਾਵਾਂ ਰੂਸ, ਪਾਕਿਸਤਾਨ, ਅਫਗਾਨਿਸਤਾਨ ਅਤੇ ਤਾਜਿਕਸਤਾਨ ਨੇ ਸਾਂਝੇ ਤੌਰ 'ਤੇ ਪੇਸ਼ ਕੀਤੀਆਂ ਹਨ, ਭਾਰਤ ਉਨ੍ਹਾਂ ਤੋਂ ਸਿਧਾਂਤਕ ਤੌਰ 'ਤੇ ਲਾਭ ਪ੍ਰਾਪਤ ਕਰ ਸਕਦਾ ਹੈ। ਕੁਝ ਰੂਸੀ ਵਿਸ਼ਲੇਸ਼ਣਕਾਰਾਂ ਨੇ ਤਾਂ ਇਹ ਸੁਝਾਅ ਵੀ ਦਿੱਤਾ ਹੈ ਕਿ ਰੂਸ ਸ਼ਾਇਦ ਭਾਰਤ ਨੂੰ ਵੀ ਇਸ ਗੱਠਜੋੜ ਵਿਚ ਸ਼ਾਮਲ ਕਰਨ ਦਾ ਯਤਨ ਕਰੇ। ਇਹ ਸੰਭਾਵਨਾ ਇਸ ਕਰ ਕੇ ਬਹੁਤ ਦੂਰ ਦੀ ਜਾਪਦੀ ਹੈ, ਕਿਉਂਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਦਰਮਿਆਨ ਸੰਬੰਧਾਂ ਦੀ ਚਲੰਤ ਹਾਲਤ ਹੀ ਕੁਝ ਅਜਿਹੀ ਹੈ ਕਿ ਪਾਕਿਸਤਾਨ ਨੇ ਭਾਰਤੀ ਬਰਾਮਦਾਂ ਨੂੰ ਆਪਣੇ ਇਲਾਕੇ ਵਿਚੋਂ ਦੀ ਲੰਘਣ ਦੇਣ ਵਿਰੁਧ ਅੜਿੱਕਾ ਡਾਹ ਰੱਖਿਆ ਹੈ।

ਸੋਚੀ ਸਿਖਰ ਸੰਮੇਲਨ ਨੇ ਭਾਰਤ ਦੀਆਂ ਆਸਾਂ ਉਦੋਂ ਮੱਧਮ ਕਰ ਦਿੱਤੀਆਂ, ਜਦੋਂ ਉਸ ਨੂੰ ਯੁੱਧਚਾਲਕ ਪਕੜ ਤਾਜਿਕਸਤਾਨ ਵਿਚ ਪ੍ਰਾਪਤ ਨਹੀਂ ਹੋਈ। ਭਾਰਤ ਅਤੇ ਰੂਸ ਨੇ ਆਇਨੀ ਹਵਾਈ ਅੱਡੇ ਨੂੰ ਸਾਂਝੇ ਤੌਰ 'ਤੇ ਵਰਤਣ ਦੀ ਯੋਜਨਾ ਬਣਾਈ ਸੀ, ਜਿਸ ਨੂੰ ਮੁਰੰਮਤ ਕਰਨ ਵਿਚ ਭਾਰਤ ਨੇ ਮਦਦ ਕੀਤੀ ਸੀ, ਪ੍ਰੰਤੂ ਹੁਣ ਉਥੇ ਭਾਰਤ ਦੀ ਮੌਜੂਦਗੀ ਸ਼ੱਕੀ ਜਾਪਦੀ ਹੈ, ਜਿਸ ਦਾ ਕਾਰਨ ਹੋਂਦ ਵਿਚ ਆ ਰਿਹਾ ਰੂਸ-ਅਫਗਾਨਿਸਤਾਨ-ਪਾਕਿਸਤਾਨ-ਤਾਜਿਕਸਤਾਨ ਗੱਠਜੋੜ ਹੈ। ਬਿਨਾਂ ਸ਼ੱਕ ਭਾਰਤ ਰੂਸ ਦਾ ਨਿਕਟ-ਮਿੱਤਰ ਵੀ ਬਣਿਆ ਰਹੇਗਾ ਅਤੇ ਯੁੱਧ-ਨੀਤਕ ਭਾਈਵਾਲ ਵੀ, ਪ੍ਰੰਤੂ ਇਸ ਨੂੰ ਨਵੀਂ ਰੂਸ-ਪਾਕਿਸਤਾਨ ਦੋਸਤੀ ਨਾਲ ਨਿਭਣ ਦੀ ਜਾਚ ਤਾਂ ਸਿੱਖਣੀ ਹੀ ਪਵੇਗੀ, ਜਿਵੇਂ ਕਿ ਰੂਸ ਨੇ ਭਾਰਤ ਦੇ ਅਮਰੀਕਾ ਨਾਲ ਸੰਬੰਧਾਂ ਬਾਰੇ ਸਿੱਖੀ ਹੈ।

# ਸੋਨੀਆ ਦੀ ਰਣਨੀਤੀ ਨਾਲ ਕਾਂਗਰਸ 'ਚ ਆਈ ਹੈ ਨਵੀਂ ਊਰਜਾ

**ਗੁਰਲਾਭ ਸਿੰਘ ਬਠਿੰਡਾ**

ਸ੍ਰੀਮਤੀ ਸੋਨੀਆ ਗਾਂਧੀ ਦੇ ਲਗਾਤਾਰ ਚੌਥੀ ਵਾਰ ਕਾਂਗਰਸ ਦੀ ਪ੍ਰਧਾਨ ਬਣਨ ਤੋਂ ਬਾਅਦ ਉਨ੍ਹਾਂ ਦੇ ਪ੍ਰਧਾਨਗੀ ਦੇ ਸਮੇਂ ਕਾਂਗਰਸ ਦੀ ਸਥਿਤੀ ਉਤੇ ਵਿਚਾਰ ਤੋਂ ਪਹਿਲਾਂ ਪਿਛਲੇ ਪੰਜਾਹ ਸਾਲਾਂ ਵਿਚ ਕਾਂਗਰਸ ਦੇ ਪ੍ਰਧਾਨਾਂ ਬਾਰੇ ਜਾਣਕਾਰੀ ਦੇਣੀ ਵੀ ਜ਼ਰੂਰੀ ਹੈ। ਸੰਨ 1947 ਵਿਚ ਕਾਂਗਰਸ ਦੇ ਪ੍ਰਧਾਨ ਸਨ ਆਚਾਰੀਆ ਜੇ ਬੀ ਕ੍ਰਿਪਲਾਨੀ। ਉਸ ਤੋਂ ਬਾਅਦ 1948 ਤੋਂ 49 ਤੱਕ ਡਾ. ਪੱਟਾਭੀ ਸੀਤਾ ਰਮੱਈਆ, ਸੰਨ 1950 ਵਿਚ ਸ੍ਰੀ ਪ੍ਰਸ਼ੋਤਮ ਦਾਸ ਟੰਡਨ, 1951 ਤੋਂ 1954 ਤੱਕ ਪੰਡਤ ਜਵਾਹਰ ਲਾਲ ਨਹਿਰੂ, 1955 ਤੋਂ 1958 ਤੱਕ ਸ੍ਰੀ ਯੂ ਐਨ ਧੀਬਰ, 1959 'ਚ ਸ੍ਰੀਮਤੀ ਇੰਦਰਾ ਗਾਂਧੀ, 1960 ਤੋਂ 1963 ਤੱਕ ਸ੍ਰੀ ਨੀਲਮ ਸੰਜੀਵਾ ਰੈਡੀ, 1968 ਤੋਂ 69 ਤੱਕ ਸ੍ਰੀ ਐਮ ਨਿਜਲਿੰਗੱਪਾ, 1970 ਤੋਂ 71 ਤੱਕ ਸ੍ਰੀ ਜਗਜੀਵਨ ਰਾਮ, 1972 ਤੋਂ 1974 ਤੱਕ ਡਾ. ਸ਼ੰਕਰ ਦਿਆਲ ਸ਼ਰਮਾ, 1975 ਤੋਂ 77 ਤੱਕ ਸ੍ਰੀ ਦੇਵ ਕਾਂਤ ਬਰੂਆ, 1978 ਤੋਂ 1984 ਤੱਕ ਸ੍ਰੀਮਤੀ ਇੰਦਰਾ ਗਾਂਧੀ, 1985 ਤੋਂ 1991 ਤੱਕ ਸ੍ਰੀ ਰਾਜੀਵ ਗਾਂਧੀ, 1992 ਤੋਂ 1995 ਤੱਕ ਸ੍ਰੀ ਪੀ ਵੀ ਨਰਸਿਮਹਾ ਰਾਓ, 1996 ਤੋਂ 1997 ਤੱਕ ਸ੍ਰੀ ਸੀਤਾ ਰਾਮ ਕੇਸਰੀ, 1998 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਸ੍ਰੀਮਤੀ ਸੋਨੀਆ ਗਾਂਧੀ ਪ੍ਰਧਾਨ ਚਲੇ ਆ ਰਹੇ ਹਨ।

ਹੁਣ ਸ੍ਰੀਮਤੀ ਸੋਨੀਆ ਗਾਂਧੀ ਦੇ 12 ਸਾਲਾਂ ਦੇ ਸਮੇਂ ਨੂੰ ਲੈਂਦੇ ਹਾਂ। 3 ਸਤੰਬਰ ਦੀ ਸ਼ਾਮ ਦਾ ਸਮਾਂ ਸੀ। ਦਿੱਲੀ ਵਿਚ ਥੋੜ੍ਹੀ ਬਾਰਸ਼ ਹੋ ਰਹੀ ਸੀ। ਕਾਂਗਰਸ ਦੇ ਮੁੱਖ ਦਫਤਰ 24-ਅਕਬਰ ਰੋਡ ਵਿਖੇ ਕਾਂਗਰਸ ਪਾਰਟੀ ਦੇ ਨੇਤਾਵਾਂ ਤੇ ਵਰਕਰਾਂ ਦਾ ਵੱਡਾ ਹਜੂਮ ਜਮ੍ਹਾਂ ਸੀ। ਢੋਲ-ਨਗਾਰੇ ਵੱਜ ਰਹੇ ਸਨ। ਆਤਿਸ਼ਬਾਜ਼ੀਆਂ ਛੱਡੀਆਂ ਜਾ ਰਹੀਆਂ ਸਨ। ਜਸ਼ਨ ਮਨਾਏ ਜਾ ਰਹੇ ਸਨ। ਸੋਨੀਆ ਗਾਂਧੀ ਦੇ ਲਗਾਤਾਰ ਚੌਥੀ ਵਾਰ ਕਾਂਗਰਸ ਦੀ ਵਾਗਡੋਰ ਸੰਭਾਲਣ ਦੇ ਮੌਕੇ ਕੀਤੇ ਗਏ ਪ੍ਰੋਗਰਾਮ ਵਿਚ ਕਾਂਗਰਸੀਆਂ ਦਾ ਹੌਸਲਾ ਵੇਖਣ ਲਾਇਕ ਸੀ। ਸਾਰੇ ਇਕ ਆਵਾਜ਼ ਵਿਚ 'ਸੋਨੀਆ ਗਾਂਧੀ-ਜ਼ਿੰਦਾਬਾਦ' ਦੇ ਨਾਹਰੇ ਲਾ ਰਹੇ ਸਨ। ਕੀ ਨੇਤਾ, ਕੀ ਵਰਕਰ, ਜਿਵੇਂ ਹੀ ਚੋਣ ਅਫਸਰ ਸ੍ਰੀ ਆਸਕਰ ਫਰਨਾਂਡੇਜ਼ ਨੇ ਕਾਂਗਰਸ ਪ੍ਰਧਾਨ ਦੇ ਰੂਪ ਵਿਚ ਸੋਨੀਆ ਗਾਂਧੀ ਦੇ ਮੁੜ ਚੁਣੇ ਜਾਣ ਦਾ ਐਲਾਨ ਕੀਤਾ, ਪੂਰਾ ਮਾਹੌਲ ਤਾੜੀਆਂ ਨਾਲ ਗੂੰਜ ਉਠਿਆ। ਗਰਜਾਂ ਪਾਉਂਦੇ ਬੱਦਲਾਂ ਤੇ ਤੇਜ਼ ਪੈ ਰਹੇ ਮੀਂਹ ਦੀ ਉਦੋਂ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਸੀ। ਸਭ ਸੋਨੀਆ ਨੂੰ ਵਧਾਈਆਂ ਦੇਣ ਲਈ ਉਮਡ ਪਏ। ਮੌਸਮ ਦੀ ਬੇਰੁਖੀ 'ਤੇ ਟਿੱਪਣੀ ਕਰਦੇ ਹੋਏ ਮੰਚ ਦੇ ਸੰਚਾਲਕ ਸ੍ਰੀ ਜਨਾਰਧਨ ਦਿਵੇਦੀ ਨੇ ਇਹ ਫਿਕਰੇ ਕਹੇ ਕਿ ਜਦੋਂ ਮੌਸਮ ਖਰਾਬ ਹੋਵੇ, ਉਦੋਂ ਅੱਗੇ ਵਧਣ ਦਾ ਮਜ਼ਾ ਕੁਝ ਹੋਰ ਹੀ ਹੁੰਦਾ ਹੈ ਤੇ ਕਾਂਗਰਸ ਦੀ ਇਹ ਲੰਮੇ ਸਮੇਂ ਤੋਂ ਪਰੰਪਰਾ ਰਹੀ ਹੈ।



ਦੂਸਰੇ ਪਾਸੇ ਕਾਂਗਰਸੀਆਂ ਦਾ ਧੰਨਵਾਦ ਕਰਦੇ ਹੋਏ ਸੋਨੀਆ ਗਾਂਧੀ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਦਾ ਅਹੁਦਾ ਮੇਰੇ ਲਈ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੈ। ਕਾਂਗਰਸ ਦੇਸ਼ ਦੇ ਸਾਰੇ ਕੋਨਿਆਂ ਤੱਕ ਹਰ ਵਰਗ ਤੇ ਹਰ ਪੀੜ੍ਹੀ ਦੀਆਂ ਇੱਛਾਵਾਂ ਦੀ ਪ੍ਰਤੀਕ ਰਹੀ ਹੈ। ਮੈਂ ਆਪਣੇ ਫਰਜ਼ਾਂ ਦੀ ਪਾਲਣਾ ਕਰਦੀ ਹੋਈ ਜੋ ਕੁਝ ਵੀ ਕਰ ਸਕੀ ਹਾਂ, ਉਹ ਇਸੇ ਅਹਿਸਾਸ ਦੀ ਵਜ੍ਹਾ ਕਰ ਕੇ ਹੋ ਸਕਿਆ ਹੈ। ਇਕ ਵਾਰ ਫੇਰ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਦੀ ਪ੍ਰਧਾਨ ਚੁਣੇ ਜਾਣ 'ਤੇ ਮੈਂ ਸਾਰੇ ਕਾਂਗਰਸੀਆਂ ਦਾ ਹਾਰਦਿਕ ਧੰਨਵਾਦ ਕਰਦੀ ਹਾਂ। ਇਸ ਦੇ ਨਾਲ ਹੀ ਉਨ੍ਹਾਂ ਕਾਂਗਰਸ ਦੇ ਨੇਤਾਵਾਂ ਤੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਆਓ, ਅਸੀਂ ਸਾਰੇ ਮਿਲ ਕੇ ਆਪਣੇ ਮਹਾਨ ਸੰਗਠਨ ਦਾ ਝੰਡਾ ਬੁਲੰਦ ਕਰੀਏ।

ਅੱਜ ਤੋਂ ਕਰੀਬ ਬਾਰਾਂ ਸਾਲ ਪਹਿਲਾਂ 24 ਮਾਰਚ, 1998 ਨੂੰ ਜਦੋਂ ਸੋਨੀਆ ਗਾਂਧੀ ਨੇ ਕਾਂਗਰਸ ਦੀ ਕਮਾਨ ਸੰਭਾਲੀ ਸੀ ਤਾਂ ਕਾਂਗਰਸ ਕਰੀਬ-ਕਰੀਬ ਮਰਨ ਕਿਨਾਰੇ ਪਹੁੰਚ ਚੁੱਕੀ ਸੀ। ਹਾਲਾਂਕਿ ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਜਿਵੇਂ-ਕਿਵੇਂ ਗੰਢ-ਤੁਪ ਨਾਲ ਕੇਂਦਰ ਵਿਚ ਉਸ ਦੀ ਸਰਕਾਰ ਜ਼ਰੂਰ ਚੱਲ ਰਹੀ ਸੀ ਪਰ ਆਏ ਦਿਨ ਸੰਗਠਨ ਦੀ ਹਾਲਤ ਭੈੜੀ ਤੋਂ ਭੈੜੀ ਹੁੰਦੀ ਜਾ ਰਹੀ ਸੀ। ਮਜ਼ਬੂਤ ਅਗਵਾਈ ਦੀ ਘਾਟ ਉਸ ਨੂੰ ਬੁਰੀ ਤਰ੍ਹਾਂ ਰੜਕ ਰਹੀ ਸੀ। ਅਜਿਹੇ ਸਮੇਂ ਵਿਚ ਸੋਨੀਆ ਦੇ ਹੱਥ ਕਾਂਗਰਸ ਦੀ ਅਗਵਾਈ ਆਈ। ਸ਼ੁਰੂਆਤੀ ਪਲ ਉਨ੍ਹਾਂ ਲਈ ਭਾਵੇਂ ਸੁਖਾਲੇ ਨਹੀਂ ਸਨ, ਪਰ ਸਮੇਂ ਦੇ ਨਾਲ ਉਹ ਨਾ ਸਿਰਫ ਕਾਂਗਰਸ ਨੂੰ ਦੁਬਾਰਾ ਜਿਉਂਦਾ ਕਰਨ ਵਿਚ ਕਾਮਯਾਬ ਹੋਏ, ਬਲਕਿ ਦੇਸ਼ ਦੀ ਰਾਜਨੀਤੀ ਵਿਚ ਉਨ੍ਹਾਂ ਨੇ ਆਪਣਾ ਇਕ ਖਾਸ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਇਸ ਆਲੋਚਨਾ ਦੀ ਕੋਈ ਪਰਵਾਹ ਨਾ ਕੀਤੀ ਕਿ ਉਨ੍ਹਾਂ ਨੂੰ ਰਾਜਨੀਤੀ ਦਾ ਓ ਅ ਵੀ ਪਤਾ ਨਹੀਂ, ਉਨ੍ਹਾਂ ਦੀ ਭਾਸ਼ਾ, ਉਨ੍ਹਾਂ ਦਾ ਜੀਵਨ ਢੰਗ ਅਤੇ ਭਾਰਤ ਪ੍ਰਤੀ ਉਨ੍ਹਾਂ ਦੀ ਸਮਝ ਊਣੀ-ਪੌਣੀ ਹੈ। ਪਹਿਲੀ ਵਾਰ ਪ੍ਰਧਾਨ ਬਣਨ ਸਮੇਂ ਸੋਨੀਆ ਦੇ ਚਿਹਰੇ ਦੇ ਹਾਵ-ਭਾਵ ਜਿਨ੍ਹਾਂ ਨੂੰ ਯਾਦ ਹੋਣਗੇ, ਉਹ ਨਹੀਂ ਭੁੱਲ ਸਕਦੇ ਕਿ ਉਸ ਦੇ ਭਵਿੱਖ ਵਿਚ ਅਜਿਹਾ ਕੁਝ ਕਰ ਗੁਜ਼ਰਨ ਦੇ ਸੰਕੇਤ ਮੌਜੂਦ ਸਨ।


ਪਿਛਲੇ 12 ਸਾਲਾਂ ਵਿਚ ਸ੍ਰੀਮਤੀ ਸੋਨੀਆ ਗਾਂਧੀ ਨੇ ਪਾਰਟੀ ਵਿਚ ਆਪਣੀ ਰਣਨੀਤੀ ਨਾਲ ਨਵੀਂ ਊਰਜਾ ਦਾ ਸੰਚਾਰ ਕੀਤਾ ਹੈ। ਇਸੇ ਊਰਜਾ ਦਾ ਹੀ ਨਤੀਜਾ ਹੈ ਕਿ ਲਗਾਤਾਰ ਦੋ ਲੋਕ ਸਭਾ ਚੋਣਾਂ ਵਿਚ ਕਾਂਗਰਸ ਕੇਂਦਰ ਵਿਚ ਸੱਤਾ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਰਹੀ। ਬੜੇ ਵੱਡੇ ਪੱਧਰ ਦੇ ਖੱਬੀ ਖਾਨ ਨੇਤਾਵਾਂ ਦੀ ਫੌਜ ਵਾਲੀ ਭਾਜਪਾ ਨੂੰ ਧਰਤੀ ਦੇ ਦਰਸ਼ਨ ਕਰਾ ਦਿੱਤੇ ਤੇ ਕਾਂਗਰਸ ਜਿਸ ਤਰ੍ਹਾਂ ਅੱਗੇ ਵਧ ਰਹੀ ਹੈ, ਉਸ ਨਾਲ ਉਸ ਦੀ ਆਉਣ ਵਾਲੇ ਸਮੇਂ ਵਿਚ ਸੱਤਾ 'ਤੇ ਦਾਅਵੇਦਾਰੀ ਨੂੰ ਸਿਰੇ ਤੋਂ ਖਾਰਜ ਨਹੀਂ ਕੀਤਾ ਜਾ ਸਕਦਾ।

ਸੋਨੀਆ ਗਾਂਧੀ ਦੀ ਅਗਵਾਈ ਵਿਚ ਪਾਰਟੀ ਲਗਾਤਾਰ ਅੱਗੇ ਵਧ ਰਹੀ ਹੈ ਅਤੇ ਜੇਕਰ ਅਜੇ ਵੀ ਵਿਰੋਧੀ ਧਿਰ ਨਵੇਂ ਸਿਰੇ ਤੋਂ ਰਾਜਨੀਤੀ ਵਿਚ ਉਸਾਰੂ ਬਦਲਾਓ ਨਹੀਂ ਲਿਆਉਂਦੀ ਤਾਂ ਉਸ ਦੇ ਹੱਥ ਅੱਗੋਂ ਵੀ ਨਿਰਾਸ਼ਾ ਹੀ ਲੱਗੇਗੀ। ਸੋਨੀਆ ਗਾਂਧੀ ਭਾਵੇਂ ਵਿਦੇਸ਼ ਵਿਚ ਜਨਮੀ ਹੈ, ਵਿਦੇਸ਼ੀ ਸਭਿਆਚਾਰ ਵਿਚ ਪਲ ਕੇ ਜਵਾਨ ਹੋਈ ਹੈ, ਭਾਰਤ ਆਉਣ ਤੋਂ ਪਹਿਲਾਂ ਉਨ੍ਹਾਂ ਦਾ ਰਾਜਨੀਤੀ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਰਿਹਾ, ਪਰ ਸਮੇਂ ਦੇ ਨਾਲ-ਨਾਲ ਉਨ੍ਹਾਂ ਨੇ ਰਾਜਨੀਤੀ ਦਾ ਬੜੀ ਸੂਖਮਤਈ ਨਾਲ ਅਧਿਐਨ ਕੀਤਾ ਹੈ ਤੇ ਉਸ ਨੂੰ ਇਕ ਨਵੀਂ ਦਿਸ਼ਾ ਤੇ ਦਸ਼ਾ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ। ਅੱਜ ਜੇਕਰ ਉਹ ਆਪਣੇ ਵਰਕਰਾਂ ਨੂੰ ਕਾਂਗਰਸ ਦਾ ਝੰਡਾ ਉਚਾ ਰੱਖਣ ਦੇ ਸੱਦੇ ਦੇ ਰਹੀ ਹੈ ਤਾਂ ਇਸਦੇ ਪਿੱਛੇ ਵੀ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਅਜਿਹਾ ਹੋਵੇਗਾ ਵੀ।

ਸੋਨੀਆ ਦੇ ਅਗਵਾਈ ਸੰਭਾਲਣ ਤੋਂ ਬਾਅਦ ਪਾਰਟੀ ਨੇ ਆਪਣੀ ਦਿੱਖ ਵਿਚ ਸੁਧਾਰ ਕੀਤਾ ਹੈ। ਚੌਥੀ ਵਾਰ ਪਾਰਟੀ ਪ੍ਰਧਾਨ ਬਣਨ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਸੋਨੀਆ ਨੇ ਵਰਕਰਾਂ ਨੂੰ ਵੀ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਪਾਰਟੀ ਸੱਤਾ ਵਿਚ ਹੋਵੇ ਜਾਂ ਨਾ ਹੋਵੇ, ਉਨ੍ਹਾਂ ਨੂੰ ਸਮਾਜ ਦੇ ਹਰ ਵਰਗ ਲਈ ਕੰਮ ਕਰਨ ਦੀ ਆਪਣੀ ਜ਼ਿੰਮੇਵਾਰੀ ਨਹੀਂ ਭੁੱਲਣੀ ਚਾਹੀਦੀ। ਪਰ ਇਥੇ ਖਾਸ ਗੱਲ ਇਹ ਵੀ ਹੈ ਕਿ ਸੋਨੀਆ ਗਾਂਧੀ ਨੂੰ ਨੇੜੇ ਆ ਰਹੇ ਉਨ੍ਹਾਂ ਲੋਕਾਂ ਤੋਂ ਦੂਰੀ ਬਣਾਉਣ ਦੀ ਵੀ ਜ਼ਰੂਰਤ ਹੈ, ਜੋ ਪਾਰਟੀ ਨੂੰ ਰਸਾਤਲ ਤੱਕ ਪਹੁੰਚਾਉਣ ਦੇ ਦੋਸ਼ੀ ਰਹੇ ਹਨ। ਇਹ ਇਹੋ ਜਿਹੇ ਨੇਤਾ ਹਨ ਜੋ ਜ਼ਮੀਨ ਤੋਂ ਕੋਹਾਂ ਦੂਰ ਰਹੇ ਹਨ। ਨਾ ਉਨ੍ਹਾਂ ਕੋਲ ਸਹੀ ਦ੍ਰਿਸ਼ਟੀ ਹੈ ਤੇ ਨਾ ਹੀ ਦੇਸ਼ ਦੀ ਰਾਜਨੀਤੀ ਦੀ ਜ਼ਮੀਨੀ ਸਮਝ। ਉਹ ਕੇਵਲ ਚਮਚਾਗਿਰੀ ਦੇ ਜ਼ਰੀਏ ਹੀ ਸੰਗਠਨ ਤੇ ਸੱਤਾ ਵਿਚ ਖਾਸ ਥਾਵਾਂ 'ਤੇ ਬਿਰਾਜਮਾਨ ਹੋ ਜਾਂਦੇ ਹਨ। ਉਨ੍ਹਾਂ ਦਾ ਜ਼ਿਆਦਾ ਸਮਾਂ ਆਪਣੇ ਕੱਦ ਨੂੰ ਵਧਾਉਣ ਤੇ ਸੰਗਠਨ ਵਿਚ ਖਾਸ ਥਾਂ 'ਤੇ ਆਪਣੇ ਆਦਮੀਆਂ ਨੂੰ ਜੁਗਤ ਰਾਹੀਂ ਫਿੱਟ ਕਰਵਾਉਣ 'ਤੇ ਹੀ ਖਰਚ ਹੁੰਦਾ ਹੈ।

# ਕਲੀ ਅੰਦਰ ਨਾਨਕਾ ਜਿੰਨਾ ਦਾ ਅਉਤਾਰ...!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਚੰਡੀਗੜ੍ਹ ਦੇ ਨਾਲ ਵਸਦਾ ਸ਼ਹਿਰ ਮੋਹਾਲੀ, ਜਿਸ ਦਾ ਕਾਗਜ਼ੀ-ਪੱਤਰੀਂ ਨਾਂ ਹੈ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜੋ ਕਿ ਦਸਵੇਂ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਦੇ ਮੁਬਾਰਕ ਨਾਮ 'ਤੇ ਰੱਖਿਆ ਗਿਆ ਸੀ। ਘੁੱਗ ਵਸਦੇ ਇਸ ਸ਼ਹਿਰ ਦੀ ਇਕ ਆਲੀਸ਼ਾਨ ਤਿੰਨ ਮੰਜ਼ਲੀ ਕੋਠੀ। ਅਮੀਰ ਸਰਦਾਰਾਂ ਦੇ ਇਸ ਘਰ ਵਿਚ ਸਫਾਈ ਕਰਨ ਵਾਲੀ ਇਕ ਗਰੀਬਣੀ ਔਰਤ ਰੋਜ਼ ਦੀ ਤਰ੍ਹਾਂ ਸਵੇਰ ਦੇ ਟਾਈਮ ਇਸ ਕੋਠੀ ਅੱਗੇ ਜਾ ਖੜ੍ਹੀ ਹੋਈ। ਅੱਗੇ ਤਾਂ ਅੰਦਰ ਵੜਨ ਲਈ ਉਸ ਨੂੰ ਘੰਟੀ ਦਾ ਬਟਨ ਨੱਪਣਾ ਪੈਂਦਾ ਸੀ ਜਾਂ ਗੇਟ ਖੜਕਾਉਣਾ ਪੈਂਦਾ ਸੀ ਪਰ ਅੱਜ ਗੇਟ ਚੁਪੱਟ ਖੁੱਲ੍ਹਾ ਪਿਆ ਸੀ। ਗੱਡੀ ਦੇ ਟਾਇਰਾਂ ਦੀਆਂ ਘਾਸਾਂ ਦੇਖ ਕੇ ਉਸ ਨੇ ਅੰਦਾਜ਼ਾ ਲਾਇਆ ਕਿ ਵੱਡੇ ਸਰਦਾਰ ਜੀ ਕਿਸੇ ਜ਼ਰੂਰੀ ਕੰਮ ਸੁਵਖਤੇ ਹੀ ਨਿਕਲ ਗਏ ਹੋਣਗੇ। ਗੇਟ ਬੰਦ ਕਰਕੇ ਉਹ ਅੰਦਰ ਵਲ ਤੁਰ ਪਈ। ਅੱਜ ਟੀ.ਵੀ. 'ਤੇ ਚੱਲ ਰਹੇ ਕੀਰਤਨ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਸ਼ਾਇਦ ਬੀਬੀ ਜੀ ਢਿੱਲੇ-ਮੱਠੇ ਹੋਣਗੇ ਜਾਂ ਫਿਰ ਉਹ ਸਰਦਾਰ ਜੀ ਦੇ ਨਾਲ ਹੀ ਚਲੇ ਗਏ ਹੋਣਗੇ। ਨਿਆਣੇ ਕਿੱਥੇ ਕੀਰਤਨ ਸੁਣਦੇ ਹਨ... ਉਹ ਤਾਂ ਦਸ ਦਸ ਵਜੇ ਤੱਕ ਆਪੋ-ਆਪਣੇ ਕਮਰਿਆਂ 'ਚ ਸੁੱਤੇ ਰਹਿੰਦੇ ਹਨ। ਬੀਬੀ ਜੀ 'ਵਾਜ਼ਾਂ ਮਾਰ ਮਾਰ ਜਗਾਉਂਦੇ ਹੁੰਦੇ ਨੇ।

ਮਨ ਹੀ ਮਨ ਇਨ੍ਹਾਂ ਦਲੀਲਾਂ ਵਿਚ ਉਲਝੀ ਕੰਮ ਵਾਲੀ ਔਰਤ ਨੇ ਸ਼ੋਸ਼ਪੰਜ ਜਿਹੀ ਵਿਚ ਡਰਾਇੰਗ ਰੂਮ ਦਾ ਦਰਵਾਜ਼ਾ ਖੋਲ੍ਹਿਆ। ਅੰਦਰ ਵੜਦਿਆਂ ਸਾਰ ਜੋ ਦ੍ਰਿਸ਼ ਉਹਦੇ ਸਾਹਮਣੇ ਆਇਆ, ਉਸ ਵਲ ਦੇਖਦਿਆਂ ਉਹਦਾ ਮੂੰਹ ਅੱਡਿਆ ਰਹਿ ਗਿਆ। ਖੂਨ ਨਾਲ ਲੱਥ-ਪੱਥ ਕਾਰਪੇਟ ਤੇ ਮੂਧੇ ਮੂੰਹ ਡਿੱਗੀ ਪਈ ਫਿੱਸੇ ਹੋਏ ਸਿਰ ਵਾਲੀ ਬੀਬੀ ਜੀ ਦੀ ਲਾਸ਼...।

ਕੰਮ ਵਾਲੀ ਜ਼ਨਾਨੀ ਪਾਗਲਾਂ ਵਾਂਗ ਚੀਕਾਂ ਮਾਰਦੀ ਬਾਹਰ ਵਲ ਦੌੜੀ। ਉਸਨੂੰ ਸੁੱਝੇ ਕੁਝ ਨਾ ਕਿ ਉਹ ਕੀ ਕਹਿ ਕੇ ਸ਼ੋਰ ਮਚਾਵੇ। ਰੋਂਦੀ-ਕੁਰਲਾਉਂਦੀ, ਡਿਗਦੀ-ਢਹਿੰਦੀ ਨੇ ਗੁਆਂਢੀਆਂ ਦਾ ਗੇਟ ਖੜਕਾਇਆ। ਉਸਦਾ ਚੀਕ-ਚਿਹਾੜਾ ਸੁਣ ਕੇ ਆਂਢ-ਗੁਆਂਢ ਦੇ ਹੋਰ ਲੋਕ ਵੀ ਸਰਦਾਰਾਂ ਦੀ ਕੋਠੀ ਵਲ ਭੱਜੇ ਆਏ। ਘਬਰਾਈ ਹੋਈ ਔਰਤ ਦੇ ਮੂੰਹੋਂ 'ਖੂਨ-ਖੂਨ' ਸੁਣ ਕੇ, ਪੁਲਿਸ ਬੁਲਾ ਲਈ ਗਈ।

ਮੁਹੱਲੇ ਦੇ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿਚ ਪੁਲਿਸ ਅਫਸਰਾਂ ਨੇ ਕੋਠੀ ਦੀ ਛਾਣ-ਬੀਣ ਸ਼ੁਰੂ ਕੀਤੀ। ਅੰਦਰ ਇਕੱਲੀ ਬੀਬੀ ਜੀ ਹੀ ਨਹੀਂ, ਸਗੋਂ ਹੋਰ ਵੀ ਭਾਣੇ ਵਰਤੇ ਹੋਏ ਸਨ। ਇਕ ਕਮਰੇ ਵਿਚ ਸਰਦਾਰ ਜੀ ਦੀ ਲਾਸ਼ ਖੂਨ ਨਾਲ ਲਥਪਥ ਪਈ ਸੀ। ਦੂਜੇ ਕਮਰੇ ਵਿਚ ਉਨ੍ਹਾਂ ਦਾ ਬਜ਼ੁਰਗ ਬਾਪ ਢੇਰੀ ਹੋਇਆ ਪਿਆ ਸੀ। ਨਾਲ ਦੇ ਕਮਰੇ ਵਿਚ ਬੀਬੀ ਜੀ ਦੀ 'ਪਲੱਸ-ਟੂ' ਕਰ ਰਹੀ ਨੌਜਵਾਨ ਧੀ ਦੀ ਲਾਸ਼ ਵੀ ਲਹੂ ਦੇ ਛੱਪੜ ਵਿਚ ਪਈ ਸੀ।

ਚੌਹਾਂ ਦੇ ਹੀ ਸਿਰ ਭੰਨੇ ਪਏ ਸਨ, ਜਿਵੇਂ ਮਾਰਨ ਵਾਲੇ ਨੇ ਬੇ-ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਹੋਵੇ। ਕੋਲ ਹੀ ਸੋਫੇ ਉਪਰ ਖੂਨ ਨਾਲ ਲਿਬੜੀ ਲੋਹੇ ਦੀ ਰਾਡ ਪਈ ਸੀ। ਹਮਲਾਵਰ ਨੇ



ਸ਼ਾਇਦ ਇਸੇ ਰਾਡ ਨੂੰ ਹਥਿਆਰ ਵਜੋਂ ਵਰਤਿਆ ਹੋਵੇਗਾ। ਇਹ ਦਰਦਨਾਕ ਦ੍ਰਿਸ਼ ਸਭ ਤੋਂ ਪਹਿਲਾਂ ਦੇਖਣ ਵਾਲੀ ਉਸ 'ਕੰਮ ਵਾਲੀ' ਔਰਤ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇੰਜ ਇਸ ਚੌਹਰੇ ਕਤਲ ਕਾਂਡ ਦੀ ਜਾਂਚ ਪੜਤਾਲ ਸ਼ੁਰੂ ਹੋ ਗਈ।

ਭੈਅ-ਭੀਤ ਕਰ ਦੇਣ ਵਾਲੀ ਇਹ ਅਪਰਾਧ ਕਥਾ ਇਥੋਂ ਤੱਕ ਪੜ੍ਹ ਕੇ ਪਾਠਕਾਂ ਨੇ ਅੰਦਾਜ਼ਾ ਲਾਇਆ ਹੋਵੇਗਾ ਕਿ ਇਹ ਅਮੀਰ ਪਰਿਵਾਰ ਕਿਸੇ ਖੂੰਖਾਰ ਲੁਟੇਰੇ ਗ੍ਰੋਹ ਦਾ ਸ਼ਿਕਾਰ ਬਣਿਆ ਹੋਵੇਗਾ। ਕਈਆਂ ਨੂੰ ਇਸ ਕਤਲ-ਕਾਂਡ ਵਿਚ ਨੌਕਰਾਣੀ ਦਾ ਹੱਥ ਹੋਣ ਦੀ ਸ਼ੱਕ ਵੀ ਪਈ ਹੋਵੇਗੀ। ਪਰ ਸਥਾਨਕ ਪੁਲਿਸ ਦੀ ਮੁਢਲੀ ਜਾਂਚ ਨੇ ਅਜਿਹੇ ਸਾਰੇ ਸ਼ੱਕ-ਸ਼ੁਬ੍ਹੇ ਦੂਰ ਕਰ ਦਿੱਤੇ। ਇਸ ਖੂਨੀ-ਕਾਰੇ ਪਿਛਲੇ ਰਹੱਸ ਬਾਰੇ ਪੜ੍ਹ-ਸੁਣ ਕੇ ਸਿਰ ਚਕਰਾਉਂਦਾ ਹੈ... ਕੰਬਣੀ ਛਿੜਦੀ ਹੈ ਅਤੇ ਕਲੇਜਾ ਮੂੰਹ ਨੂੰ ਆਉਂਦਾ ਹੈ। ਦਿਲਾਂ 'ਤੇ ਹੱਥ ਰੱਖ ਕੇ ਇਸ ਭਿਆਨਕ ਕਾਰੇ ਦੇ ਹੋਰ ਤੱਥਾਂ ਬਾਰੇ ਵੀ ਪੜ੍ਹ ਲਓ।

ਇਸ ਅਭਾਗੇ ਟੱਬਰ ਵਿਚ ਕਿਸੇ ਵੇਲੇ ਜਿਹੜੇ ਪੁੱਤ ਜੰਮੇ ਦੀਆਂ ਬੀਬੀ ਜੀ ਅਤੇ ਸਰਦਾਰ ਜੀ ਨੇ ਚਾਈਂ-ਚਾਈਂ ਵਧਾਈਆਂ ਲਈਆਂ ਹੋਣਗੀਆਂ, ਲੋਹੜੀ ਵੰਡੀ ਹੋਏਗੀ, ਉਸੇ ਲਾਡਲੇ ਦੇ ਪਿਸਤੌਲ ਦੀਆਂ ਗੋਲੀਆਂ, ਦੋਹਾਂ ਦੀ ਜਾਨ ਦਾ ਖੌਅ ਬਣ ਗਈਆਂ। ਬਾਬਾ ਜੀ ਨੇ ਜਿਸ ਪੋਤਰੇ ਦੇ ਜਨਮ ਮੌਕੇ 'ਵਧੀ ਵੇਲ' ਦੀਆਂ ਮੁਬਾਰਕਾਂ ਕਬੂਲਦਿਆਂ ਲਾਗੀਆਂ ਅਤੇ ਗਰੀਬ-ਗੁਰਬਿਆਂ ਦੀਆਂ ਝੋਲੀਆਂ ਭਰੀਆਂ ਹੋਣਗੀਆਂ, ਉਸੇ ਪੋਤਰੇ ਹੱਥੋਂ ਰਾਡਾਂ ਨਾਲ ਮੂੰਹ ਭੰਨਾਉਂਦਿਆਂ ਬਾਬਾ ਵੀ ਅਣਿਆਈ ਮੌਤੇ ਮਾਰਿਆ ਗਿਆ। ਨਿੱਕੀ ਭੈਣ, ਜੋ ਕਦੇ ਸਿਹਰੇ ਸਜਾਈ ਜਾਂਦੇ ਆਪਣੇ ਵੀਰ ਦੀਆਂ ਵਾਗਾਂ ਫੜ ਕੇ ਪਿੱਛੇ-ਪਿੱਛੇ ਘੋੜੀਆਂ ਗਾਉਣ ਦੀਆਂ ਰੀਝਾਂ ਪੂਰੀਆਂ ਕਰਨੀਆਂ ਲੋਚਦੀ ਹੁੰਦੀ ਸੀ, ਅੱਜ ਉਸੇ ਵੀਰ ਦੇ ਕੁਲਹਿਣੇ ਹੱਥ ਕੁਆਰੀ ਕੰਜਕ ਭੈਣ ਦੇ ਖੂਨ ਨਾਲ ਰੰਗੇ ਗਏ।

ਦਾਦੇ, ਮਾਂ-ਬਾਪ ਅਤੇ ਭੈਣ ਕੋਲੋਂ ਇਹੋ ਜਿਹਾ ਕਿਹੜਾ ਕਸੂਰ ਹੋ ਗਿਆ ਜਿਸ ਦੀ ਉਨ੍ਹਾਂ ਨੂੰ ਇਤਨੀ ਸਖਤ ਸਜ਼ਾ ਦੇ ਦਿੱਤੀ ਗਈ? ਉਹ ਕਿਹੜਾ ਕਾਰਨ ਬਣਿਆ ਜਿਸ ਨੇ ਇਕ ਇਨਸਾਨ ਨੂੰ ਹੈਵਾਨ ਬਣਾ ਦਿੱਤਾ? ਘਰ ਦਾ ਚਿਰਾਗ ਹੀ ਜਿੰਨ-ਭੂਤਨਿਆਂ ਵਾਂਗੂੰ ਆਦਮ-ਬੋ, ਆਦਮ-ਬੋ ਕਰਦਾ ਚੌਹ ਜੀਆਂ ਦਾ ਹਤਿਆਰਾ ਕਿਉਂ ਬਣ ਗਿਆ? ਇਨ੍ਹਾਂ ਸਵਾਲਾਂ ਦੇ ਉਤਰ ਪੁਲਿਸ ਅਧਿਕਾਰੀਆਂ ਵਲੋਂ ਬੜੀ ਬਰੀਕ-ਬੀਨੀ ਨਾਲ ਕੀਤੀ ਗਈ ਜਾਂਚ-ਪੜਤਾਲ ਵਿਚੋਂ ਲੱਭ ਕੇ ਤੀਏ-ਤਰਾਵ੍ਹਆਂ ਦੇ ਦਿਲਾਂ ਨੂੰ ਵੀ ਹੌਲ ਪੈਂਦੇ ਹਨ।

ਇਨ੍ਹਾਂ ਚਾਰੇ ਬੇਦੋਸ਼ੇ ਜੀਆਂ ਦੇ ਕਾਤਲ ਮੁੰਡੇ ਨੂੰ ਉਹੀ ਦੌਰਾ ਪਿਆ, ਜਿਸਦਾ ਸ਼ਿਕਾਰ ਅਜੋਕੀ ਛੋਕਰ-ਖੇਲ੍ਹ ਬਹੁ-ਗਿਣਤੀ ਵਿਚ ਬਣੀ ਹੀ ਹੋਈ ਹੈ। ਮਾਂ-ਬਾਪ ਸੌ-ਸੌ ਜ਼ਫ਼ਰ ਜਾਲ ਕੇ ਆਪਣੇ ਪੁੱਤਰਾਂ ਨੂੰ ਮਹਿੰਗੇ ਤੋਂ ਮਹਿੰਗੇ ਸਕੂਲਾਂ, ਕਾਲਜਾਂ ਜਾਂ ਹੋਰ ਉਚ-ਵਿਦਿਅਕ ਅਦਾਰਿਆਂ ਵਿਚ ਵਿਦਿਆ-ਪ੍ਰਾਪਤੀ ਲਈ ਭੇਜਦੇ ਹਨ। ਮਾਪਿਆਂ ਨੇ ਅਜਿਹੇ ਬੱਚਿਆਂ 'ਤੇ ਸੌ-ਸੌ ਉਮੀਦਾਂ ਰੱਖੀਆਂ ਹੁੰਦੀਆਂ ਹਨ। ਲੇਕਿਨ ਇੱਜ਼ਤਦਾਰ ਮਾਪਿਆਂ ਨੂੰ ਉਦੋਂ ਹੱਥਾਂ-ਪੈਰਾਂ ਦੀਆਂ ਪੈ ਜਾਂਦੀਆਂ ਹਨ, ਜਦੋਂ ਉਨ੍ਹਾਂ ਦੇ ਲਾਡਲੇ- ਲਾਡਲੀਆਂ, ਕੋਈ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਘਰੇ ਲਿਆਉਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਵਿਆਹ ਕਰਵਾਉਣ ਦੇ 'ਫੈਸਲੇ' ਸੁਣਾ ਦਿੰਦੇ ਹਨ। ਆਮ ਤੌਰ 'ਤੇ ਬੇ-ਮੁਹਾਰੀ ਜਵਾਨੀ ਦੇ ਅਜਿਹੇ ਫੈਸਲੇ 'ਰੁਪਏ ਕਾਮੇ ਦੋਸਤੀ' ਵਾਲੇ ਹੀ ਹੁੰਦੇ ਹਨ ਜਿਨ੍ਹਾਂ 'ਤੇ ਰਜ਼ਾਮੰਦੀ ਪ੍ਰਗਟਾਉਣ ਤੋਂ ਸੁਭਵਾਨ ਮਾਪੇ ਹਿਚਕਚਾਉਂਦੇ ਹਨ। ਬੱਸ ਇੱਥੋਂ ਹੀ ਕਲੇਸ਼ ਦਾ ਮੁੱਢ ਬੱਝ ਜਾਂਦਾ ਹੈ ਜੋ ਕਈ ਵਾਰ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ।

ਏਹੀ ਕੁਝ ਮੋਹਾਲੀ ਦੇ ਇਸ ਕਰਮਾਂ ਮਾਰੇ ਪਰਿਵਾਰ ਨਾਲ ਹੋਇਆ। ਕੁਝ ਅਪੁਸ਼ਟ ਖ਼ਬਰਾਂ ਅਨੁਸਾਰ ਮੁੰਡਾ ਆਪਣੇ ਨਾਲ ਪੜ੍ਹਦੀ 'ਸਾਥਣ' ਦੀ ਫਰਮਾਇਸ਼ ਅਨੁਸਾਰ ਆਪਣੀ ਪਹਿਲੀ ਕਾਰ ਦੀ ਥਾਂ ਕੋਈ ਹੋਰ ਮਹਿੰਗੀ ਗੱਡੀ ਖਰੀਦਣਾ ਚਾਹੁੰਦਾ ਸੀ। ਨਾਲ ਹੀ ਇਸ ਸਾਥਣ ਨਾਲ ਵਿਆਹ ਕਰਾਉਣ ਲਈ ਮਾਪਿਆਂ 'ਤੇ ਜ਼ੋਰ ਪਾ ਰਿਹਾ ਸੀ। ਦੋਹਾਂ ਮੰਗਾਂ ਬਾਰੇ ਮਾਂ-ਬਾਪ ਦੀ ਆਨਾ-ਕਾਨੀ ਦੇਖ ਕੇ ਮੁੰਡੇ ਨੂੰ ਕ੍ਰੋਧ ਦਾ ਦੂਸਰਾ ਜਿੰਨ ਵੀ ਆ ਚਿੰਬੜਿਆ, ਇਸ਼ਕ ਵਾਲਾ ਭੂਤ ਤਾਂ ਉਹਦੇ 'ਤੇ ਪਹਿਲੋਂ ਹੀ ਸਵਾਰ ਸੀ। ਸੌ ਦੋ-ਭੂਤਨਿਆਂ ਨੇ ਰਲ ਕੇ ਖੂਨ ਦੀ ਹੋਲੀ ਖੇਡਦਿਆਂ, ਵਸਦੇ-ਰਸਦੇ ਟੱਬਰ ਨੂੰ ਖ਼ਾਕ ਵਿਚ ਮਿਲਾ ਦਿੱਤਾ।

ਮੋਹਾਲੀ ਤੋਂ ਹੀ ਇਕ ਪੱਤਰਕਾਰ ਮਿੱਤਰ ਨੇ ਇਹ ਲਹੂ-ਭਿੱਜਾ ਵੇਰਵਾ ਦਿੰਦਿਆਂ ਆਖਿਆ ਕਿ ਰਾਜਧਾਨੀ ਦੇ ਨੱਕ ਹੇਠ ਹੋਣ ਕਾਰਨ ਅਤੇ ਕਤਲੋ-ਗਾਰਤ ਵਿਚ ਬਹੁਤੇ ਜੀਆਂ ਦੀ ਜਾਹ-ਜਾਂਦੀ ਹੋਣ ਸਦਕਾ ਮੀਡੀਏ ਵਿਚ ਇਹ ਦੁਖਦਾਈ ਖ਼ਬਰ ਪ੍ਰਮੁੱਖਤਾ ਨਾਲ ਛਾਈ ਰਹੀ। ਵਰਨਾ ਪੰਜਾਬੀ ਅਖ਼ਬਾਰਾਂ ਤਾਂ ਰੋਜ਼ਾਨਾ ਹੀ ਐਸੀਆਂ ਹੈਰਤ-ਅੰਗੇਜ਼ ਘਟਨਾਵਾਂ ਨਾਲ ਭਰੀਆਂ ਰਹਿੰਦੀਆਂ ਹਨ ਜੋ ਕਿ ਪੰਜਾਬ ਦੇ ਵਿਰਸੇ 'ਤੇ ਕਲੰਕ ਹੀ ਕਹੀਆਂ ਜਾ ਸਕਦੀਆਂ ਹਨ। ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਮੁੰਡੇ-ਕੁੜੀਆਂ ਵਲੋਂ ਮਨਮਰਜ਼ੀ ਦੇ ਰਿਸ਼ਤੇ ਗੰਢਣ ਦੀ ਗੱਲ ਤੋਂ ਅਗਾਂਹ ਟੱਪਦਿਆਂ, ਹੁਣ ਇਹ ਲੀਹ ਪਵਿੱਤਰ ਰਿਸ਼ਤਿਆਂ ਦੀ ਮਿੱਟੀ ਪਲੀਤ ਵੀ ਕਰਨ ਲੱਗ ਪਈ ਹੈ। ਹੁਣ ਪਿੰਡਾਂ ਦੇ ਮੁੰਡੇ-ਕੁੜੀਆਂ, ਗਲੀ-ਗੁਆਂਢ ਵਿਚ ਹੀ ਅਣ-ਕਿਆਸੀਆਂ ਖੁੱਲ੍ਹਾਂ ਮਾਨਣ ਦੇ ਕੁਰਾਹ ਤੁਰ ਪਏ ਹਨ।

ਸਮਾਜਿਕ ਮਰਿਆਦਾ ਦੀ ਤੋੜ-ਭੰਨ ਅਤੇ ਪੰਜਾਬ ਦੇ ਅਣਖੀਲੇ ਸਭਿਆਚਾਰ 'ਤੇ ਚੜ੍ਹਦੇ ਜਾਂਦੇ ਬੇ-ਗੈਰਤੀ ਦੇ ਰੰਗ ਤੋਂ ਚਿੰਤਾਤੁਰ ਹੋਏ ਇਸ ਪੱਤਰਕਾਰ ਭਰਾ ਨੇ ਇਸ ਮਸਲੇ ਵਿਚ ਕਾਨੂੰਨਨ-ਪੁਸ਼ਤਪਨਾਹੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਅਦਾਲਤੀ ਹੁਕਮ 'ਤੇ ਪੰਜਾਬ ਸਰਕਾਰ ਨੇ ਹਰੇਕ ਜ਼ਿਲ੍ਹਾ ਸਦਰ ਮੁਕਾਮ 'ਤੇ 'ਪ੍ਰੋਟੈਕਸ਼ਨ ਹੋਮਜ਼' ਸਥਾਪਤ ਕੀਤੇ ਹਨ। ਜਿੱਥੇ ਘਰੋਂ ਭੱਜ ਕੇ ਵਿਆਹ ਕਰਵਾਉਣ ਵਾਲੇ 'ਜੋੜੇ' ਰੈਣ-ਬਸੇਰਾ ਕਰ ਸਕਣਗੇ। ਮਤਲਬ ਕਿ ਖੱਜਲ ਖੁਆਰੀ ਅਤੇ ਬਦਨਾਮੀ ਵਾਲਾ ਇਹ ਰਾਹ ਚੁਣਨ ਲਈ ਅੱਲ੍ਹੜ ਮੁੰਡੇ-ਕੁੜੀਆਂ ਦੀ ਹੌਂਸਲਾ ਅਫਜ਼ਾਈ ਕਾਨੂੰਨ ਤੇ ਸਰਕਾਰ 'ਰਲ ਕੇ' ਕਰਨਗੇ। ਇਸ ਪੱਤਰਕਾਰ ਨੇ ਇਹ ਵੀ ਕਿਹਾ ਕਿ ਸਾਰੇ ਮੀਡੀਏ ਨੂੰ ਅਣਖਾਂ ਖਾਤਰ ਕੀਤੇ ਗਏ ਕਤਲ ਤਾਂ ਨਜ਼ਰ ਆਉਂਦੇ ਹਨ ਪਰ ਛੋਕਰਖਾਨੇ ਵਲੋਂ ਮਾਂ-ਪਿਓ ਦੀਆਂ ਸੱਧਰਾਂ ਦੇ ਕਤਲ ਕਦੇ ਨਜ਼ਰ ਨਹੀਂ ਆਉਂਦੇ। ਫਿਰ ਉਸ ਕਿਹਾ, ਮੈਂ ਇਹ ਨਹੀਂ ਕਹਿੰਦਾ ਕਿ ਤਥਾ ਕਥਿਤ ਅਣਖ ਲਈ ਕਿਸੇ ਧੀ ਪੁੱਤ ਦਾ ਕਤਲ ਕਰਨਾ ਜਾਇਜ਼ ਹੈ। ਮਾਪਿਆਂ ਨੂੰ ਵੀ ਧੀ ਪੁੱਤ ਦੀ ਸੁਣਨੀ ਚਾਹੀਦੀ ਹੈ।

ਪੰਜਾਬ ਦੇ ਧਾਰਮਿਕ ਰੰਗਣ ਵਾਲੇ ਸਮਾਜਿਕ ਤਾਣੇ-ਬਾਣੇ ਵਿਚ ਇਨ੍ਹਾਂ ਸਰਕਾਰੀ ਪ੍ਰੋਟੈਕਸ਼ਨ ਹੋਮਜ਼ ਵਿਚ ਰਹਿਣ ਵਾਲੇ 'ਪ੍ਰਾਹੁਣਿਆਂ' ਦੇ ਭਵਿੱਖ ਬਾਰੇ ਚਰਚਾ ਕਰਦਿਆਂ ਮੋਹਾਲੀ ਵਾਲਾ ਬੁੱਧੀਜੀਵੀ ਪੱਤਰਕਾਰ ਮੈਨੂੰ ਪੁੱਛਣ ਲੱਗਾ, "ਪਿੰਡਾਂ-ਸ਼ਹਿਰਾਂ ਦੇ ਆਮ ਜਨ-ਸਧਾਰਨ ਪਰਿਵਾਰਾਂ ਵਿਚ ਜੰਮੇ-ਪਲੇ ਨਿਆਣੇ ਵੀ ਬੇ-ਮੁਹਾਰੇ ਹੋ ਕੇ ਨਿਰਲੱਜਪੁਣੇ ਦਾ ਸ਼ਿਕਾਰ ਹੋਈ ਜਾ ਰਹੇ ਹਨ। ਖਾਂਦੇ-ਪੀਂਦੇ ਪਰਿਵਾਰਾਂ ਦੇ ਮੁੰਡੇ-ਕੁੜੀਆਂ ਮੋਹਾਲੀ ਕਤਲ ਕਾਂਡ ਜਿਹੇ ਕਾਰੇ ਕਰ ਰਹੇ ਹਨ। ਫਿਰ ਭਲਾ ਇਨ੍ਹਾਂ 'ਪ੍ਰੋਟੈਕਸ਼ਨ ਹੋਮਜ਼' ਵਿਚ ਪੈਦਾ ਹੋਣ ਵਾਲੀ ਔਲਾਦ ਦੀ 'ਵਰਾਇਟੀ' ਕਿਹੋ ਜਿਹੀ ਹੋਵੇਗੀ?"

"ਇਸ ਸਵਾਲ ਦਾ ਜਵਾਬ ਤਾਂ ਬਾਬਾ ਗੁਰੂ ਨਾਨਕ ਜੀ ਪੰਜ ਸਦੀਆਂ ਪਹਿਲਾਂ ਹੀ ਦੇ ਗਏ ਹਨ," ਮੇਰੀ ਇਹ ਗੱਲ ਸੁਣ ਕੇ, ਗੁਰਬਾਣੀ ਬਾਰੇ ਬਹੁਤੀ ਜਾਣਕਾਰੀ ਨਾ ਰੱਖਣ ਵਾਲਾ ਪੱਤਰਕਾਰ ਹੈਰਾਨ ਹੁੰਦਿਆਂ ਬੋਲਿਆ, "ਉਸ ਰੂਹਾਨੀ ਪੈਗੰਬਰ ਨੇ ਇਸ ਵਿਸ਼ੇ 'ਤੇ ਵੀ ਲਿਖਿਆ ਹੋਇਐ?" "ਹਾਂ, ਬਿਲਕੁਲ, ਗੁਰੂ ਬਾਬਾ ਜੀ ਨੇ ਲਿਖਿਆ ਹੋਇਆ ਹੈ ਕਿ ਕਲੀ-ਕਾਲ ਦੇ ਝੰਬੇ ਹੋਏ ਸਮਿਆਂ ਵਿਚ ਜਿੰਨ-ਭੂਤਨੇ ਪੈਦਾ ਹੋਣਗੇ। ਪੁੱਤ ਭੂਤਨਾ, ਧੀ ਚੁੜੇਲ ਅਤੇ ਇਨ੍ਹਾਂ ਦੀ ਜਨਨੀ (ਔਰਤ) ਜਿੰਨ-ਭੂਤਨਿਆਂ ਦੀ 'ਸਿਰਦਾਰ' ਹੋਵੇਗੀ।

ਕਲੀ ਅੰਦਰ ਨਾਨਕਾ ਜਿੰਨਾ ਦਾ ਅਉਤਾਰ।
ਪੁਤ ਜਿਨੂਰਾ ਧੀ ਜਿਨੂਰੀ, ਜੋਰੂ ਜਿੰਨਾ ਦਾ ਸਿਕਦਾਰ।

# ਨੌਜਵਾਨਾਂ ਦੀ ਸਿਆਸੀ ਦੁਰਵਰਤੋਂ ਸਮਾਜਿਕ ਵਿਗਾੜ ਲਈ ਜ਼ਿੰਮੇਵਾਰ

-ਪ੍ਰੋ. ਰਾਕੇਸ਼ ਰਮਨ

ਪੰਜਾਬ ਦੇ ਸੱਤਾਧਾਰੀ ਸਿਆਸੀ ਦਲਾਂ ਦੇ ਪ੍ਰਭਾਵ ਹੇਠਲੇ ਨੌਜਵਾਨ ਆਮ ਕਰਕੇ ਦੋ ਤਰ੍ਹਾਂ ਦੇ ਹਨ। ਇਕ ਉਹ ਜਿਹੜੇ ਸੱਤਾਧਾਰੀ ਸਿਆਸਤਦਾਨਾਂ ਦੀ ਸੰਤਾਨ ਹਨ। ਇਹ ਸਿੱਧੇ ਹੀ ਸੱਤਾਧਾਰੀ ਸਿਆਸੀ ਦਲਾਂ ਦੇ ਪ੍ਰਭਾਵ ਹੇਠ ਹੁੰਦੇ ਹਨ। ਕੋਈ ਵਿਰਲੀ-ਟਾਵੀਂ ਮਿਸਾਲ ਵੀ ਮਿਲਣੀ ਔਖੀ ਹੈ, ਜਦੋਂ ਇਨ੍ਹਾਂ ਦਲਾਂ ਦੇ ਸਿਆਸਤਦਾਨਾਂ ਦੀ ਸੰਤਾਨ ਨੇ ਆਪਣੇ ਮਾਂ-ਬਾਪ ਦੀ ਸਿਆਸਤ ਤੋਂ ਕੋਈ ਵੱਖਰਾ ਸਿਧਾਂਤਕ ਰਾਹ ਅਖਤਿਆਰ ਕੀਤਾ ਹੋਵੇ। ਇਨ੍ਹਾਂ ਵਿਚ ਵਧ ਤੋਂ ਵਧ ਜੇਕਰ ਕੋਈ ਤਬਦੀਲੀ ਆਈ ਵੀ ਹੈ, ਉਹ ਕੇਵਲ ਕਾਂਗਰਸੀ ਤੋਂ ਅਕਾਲੀ ਜਾਂ ਅਕਾਲੀ ਤੋਂ ਕਾਂਗਰਸੀ ਬਣਨ ਤੱਕ ਹੀ ਸੀਮਿਤ ਰਹੀ ਹੈ। ਕਹਿਣ ਤੋਂ ਭਾਵ ਇਹ ਹੈ ਕਿ ਪਿਤਾ-ਪੁਰਖੀ ਰਾਜਨੀਤੀ ਕਰਨ ਵਾਲੇ ਨੌਜਵਾਨ ਸਿਧਾਂਤ ਦੀ ਥਾਂ ਸੱਤਾ ਨੂੰ ਤਰਜੀਹ ਦਿੰਦੇ ਹੋਏ। ਜੇਕਰ ਵਿਸ਼ੇਸ਼ ਸਥਿਤੀ ਪੈਦਾ ਹੋ ਜਾਵੇ, ਕਿਸੇ ਦੂਜੀ ਸੱਤਾ ਵਿਚ ਆ ਚੁੱਕੀ ਜਾਂ ਆ ਸਕਣ ਵਾਲੀ ਪਾਰਟੀ ਦੀ ਸਰਪ੍ਰਸਤੀ ਹੇਠ ਜਾਣ ਨੂੰ ਹੀ ਬਿਹਤਰ ਸਮਝਦੇ ਹਨ। ਸੱਤਾਧਾਰੀ ਸਿਆਸੀ ਦਲਾਂ ਦੀ ਸਰਪ੍ਰਸਤੀ ਵਿਚ ਰਹਿਣ ਵਾਲੇ ਦੂਜੀ ਕਿਸਮ ਦੇ ਨੌਜਵਾਨ ਰੱਜੇ-ਪੁੱਜੇ ਧਨਾਢ ਘਰਾਂ ਨਾਲ ਸਬੰਧ ਰੱਖਣ ਵਾਲੇ ਹੁੰਦੇ ਹਨ। ਇਨ੍ਹਾਂ ਦਾ ਮਾਟੋ ਆਮ ਕਰਕੇ ਇਨ੍ਹਾਂ ਦੀਆਂ ਵੱਡੀਆਂ-ਵੱਡੀਆਂ ਮਹਿੰਗੀਆਂ ਗੱਡੀਆਂ ਦੇ ਪਿਛਲੇ ਸ਼ੀਸ਼ੇ 'ਤੇ ਲਿਖਿਆ ਹੁੰਦਾ ਹੈ, 'ਵੱਡਿਆਂ ਘਰਾਂ ਦੇ ਕਾਕੇ, ਨਾ ਫਿਕਰ ਨਾ ਫਾਕੇ'। ਇਹ ਮਾਟੋ ਸਪਸ਼ਟ ਭਾਂਤ ਦਰਸਾਉਂਦਾ ਹੈ ਕਿ ਇਹ ਹਰ ਤਰ੍ਹਾਂ ਦੀ ਚਿੰਤਾ ਤੋਂ ਮੁਕਤ ਹੁੰਦੇ ਹਨ ਅਤੇ ਇਨ੍ਹਾਂ ਕੋਲ ਕਿਸੇ ਚੀਜ਼ ਦੀ ਘਾਟ ਨਹੀਂ ਹੁੰਦੀ। ਸੱਤਾਧਾਰੀ ਸਿਆਸੀ ਦਲਾਂ ਦੇ ਪ੍ਰਭਾਵ ਜਾਂ ਸਰਪ੍ਰਸਤੀ ਹੇਠ ਰਹਿਣ ਵਾਲੇ ਕੁਝ ਅਪਰਾਧੀ ਕਿਸਮ ਦੇ ਨੌਜਵਾਨ ਵੀ ਹੁੰਦੇ ਹਨ, ਜਿਨ੍ਹਾਂ ਦਾ ਪਰਿਵਾਰਕ ਪਿਛੋਕੜ ਨਾ ਤਾਂ ਸਿਆਸੀ ਹੁੰਦਾ ਹੈ ਅਤੇ ਨਾ ਹੀ ਵੱਡਿਆਂ ਘਰਾਂ ਵਾਲਾ। ਇਹ ਨੌਜਵਾਨ ਸੱਤਾਧਾਰੀ ਸਿਆਸੀ ਸਰਪ੍ਰਸਤੀ ਨੂੰ ਆਪਣੇ ਸੁਰੱਖਿਆ ਕਵਚ ਵਜੋਂ ਵਰਤਦੇ ਹਨ।

ਹੁਣ, ਵਿਚਾਰਨ ਵਾਲੀ ਗੱਲ ਇਹ ਹੈ ਕਿ ਸੱਤਾਧਾਰੀ ਸਿਆਸੀ ਦਲਾਂ ਦੀ ਸਰਪ੍ਰਸਤੀ ਹੇਠਲੇ ਨੌਜਵਾਨ ਸਿਆਸਤ ਤੇ ਸਮਾਜ ਵਿਚ ਕੀ ਭੂਮਿਕਾ ਨਿਭਾਉਂਦੇ ਹਨ। ਉਪਰ ਬਿਆਨ ਕੀਤੇ ਕ੍ਰਮ ਅਨੁਸਾਰ ਹੀ ਇਨ੍ਹਾਂ ਨੌਜਵਾਨਾਂ ਦੀਆਂ ਤਿੰਨ ਪਰਤਾਂ ਹਨ। ਸਭ ਤੋਂ ਉਪਰਲੀ ਪਰਤ ਬਾਕੀ ਨੌਜਵਾਨਾਂ ਅਤੇ ਸੱਤਾ 'ਤੇ ਕਾਬਜ਼ ਸਿਆਸਤਦਾਨਾਂ ਦਰਮਿਆਨ ਕੜੀ ਦਾ ਕੰਮ ਕਰਦੀ ਹੈ। ਸ਼ਾਇਦ ਇਹੋ ਇਸ ਕਿਸਮ ਦੇ ਨੌਜਵਾਨਾਂ ਦਾ ਮੁੱਖ ਕਾਰਜ ਹੈ ਤੇ ਇਸ ਨੂੰ ਇਹ ਸਹਿਜੇ ਹੀ ਕਰ ਲੈਂਦੇ ਹਨ, ਕਿਉਂਕਿ ਸੱਤਾ 'ਤੇ ਕਾਬਜ਼ ਸਿਆਸਤਦਾਨ ਆਮ ਕਰਕੇ ਇਨ੍ਹਾਂ ਦੇ ਮਾਂ-ਬਾਪ ਹੀ ਹੁੰਦੇ ਹਨ ਜਾਂ ਫਿਰ ਇਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ। ਸੱਤਾਧਾਰੀ ਸਿਆਸਤਦਾਨ ਵੀ ਆਪਣੇ ਪੁੱਤਾਂ-ਧੀਆਂ ਰਾਹੀਂ ਹੀ ਬਾਕੀ ਨੌਜਵਾਨ ਵਰਗ ਤੱਕ ਰਸਾਈ ਕਰਦੇ ਹਨ ਤੇ ਲੋੜ ਪੈਣ 'ਤੇ ਇਨ੍ਹਾਂ ਦੀ ਸੱਜਰੀ ਊਰਜਾ ਦੀ ਭਰਪੂਰ ਵਰਤੋਂ ਕਰਦੇ ਹਨ। ਇਸ ਵਿਧੀ ਦਾ ਨਾ ਕੇਵਲ ਇਹ ਸਿਆਸੀ ਲਾਹਾ ਹੀ ਲੈਂਦੇ ਹਨ, ਸਗੋਂ ਆਪਣੇ ਪੁੱਤਾਂ-ਧੀਆਂ ਨੂੰ ਇਸ (ਵਿਧੀ) ਰਾਹੀਂ ਸਿਆਸੀ ਖੇਤਰ ਵਿਚ ਸਥਾਪਤ ਵੀ ਕਰਦੇ ਹਨ।

ਦੂਜੀ ਤੇ ਤੀਜੀ ਕਿਸਮ ਦੇ ਨੌਜਵਾਨ ਸੱਤਾਧਾਰੀ ਸਿਆਸੀ ਦਲਾਂ ਲਈ ਸ਼ਕਤੀ ਪ੍ਰਦਰਸ਼ਨ ਦਾ ਕੰਮ ਦਿੰਦੇ ਹਨ। ਇਨ੍ਹਾਂ ਸਿਆਸੀ ਦਲਾਂ ਦੇ ਜਲਸੇ-ਜਲੂਸਾਂ ਸਮੇਂ ਇਹੋ ਭੀੜ ਜੁਟਾਉਂਦੇ ਤੇ ਕਈ ਵਾਰ ਭੀੜ ਬਣਦੇ ਵੀ ਹਨ। ਲੀਡਰਾਂ ਦੇ ਅੱਗੇ-ਅੱਗੇ ਇਨ੍ਹਾਂ ਦੇ ਮੋਟਰਸਾਈਕਲਾਂ, ਜਿਪਸੀਆਂ, ਲੰਡੀਆਂ ਜੀਪਾਂ ਆਦਿ ਦੇ ਸ਼ੋਰ ਮਚਾਉਂਦੇ ਹੋਏ ਕਾਫ਼ਲੇ ਧੂੜਾਂ ਪੁੱਟਦੇ ਹਨ। ਵਿੱਦਿਅਕ ਸੰਸਥਾਵਾਂ ਵਿਚ ਸੱਤਾ ਦੇ ਰੋਅਬ ਰਾਹੀਂ ਆਮ ਵਿਦਿਆਰਥੀਆਂ ਉਪਰ ਦਬਦਬਾ ਕਾਇਮ ਰੱਖਦੇ ਹਨ ਤੇ ਕਈ ਵਾਰ ਤਾਂ ਸੰਸਥਾ ਦੇ ਪ੍ਰਸ਼ਾਸਨ ਤੱਕ ਨੂੰ ਆਪਣੇ ਹੱਥ 'ਚ ਲੈਣ ਦਾ ਯਤਨ ਕਰਦੇ ਹਨ। ਮਨਮਰਜ਼ੀ ਦੇ ਫ਼ੈਸਲੇ ਕਰਵਾਉਣਾ, ਸੰਸਥਾ ਜਾਂ ਚੌਗਿਰਦੇ ਦੇ ਮਾਹੌਲ ਨੂੰ ਆਪਣੀ ਇੱਛਾ ਅਨੁਸਾਰ ਢਾਲਣਾ ਇਨ੍ਹਾਂ ਨੌਜਵਾਨਾਂ ਦਾ ਸੁਭਾਅ ਹੀ ਬਣਾ ਜਾਂਦਾ ਹੈ। ਇਨ੍ਹਾਂ ਨੌਜਵਾਨਾਂ ਦੀਆਂ ਆਪਹੁਦਰੀਆਂ ਦੀਆਂ ਖ਼ਬਰਾਂ ਅਕਸਰ ਮੀਡੀਆ ਵਿਚ ਗੂੰਜਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਇਨ੍ਹਾਂ ਦੀਆਂ ਕਾਰਵਾਈਆਂ ਇਨ੍ਹਾਂ ਦੇ ਸਰਪ੍ਰਸਤਾਂ ਨੂੰ ਵੀ ਬੜੀ ਕਸੂਤੀ ਸਥਿਤੀ ਵਿਚ ਫਸਾ ਦਿੰਦੀਆਂ ਹਨ। ਪਾਰਟੀਆਂ ਦੇ ਜਨਤਕ ਬਿੰਬ ਨੂੰ ਇਨ੍ਹਾਂ ਦੀਆਂ ਆਪਹੁਦਰੀਆਂ ਗ਼ੈਰ-ਸਮਾਜੀ ਗਤੀਵਿਧੀਆਂ ਵਿਗਾੜਦੀਆਂ ਹਨ। ਭਾਵੇਂ ਕਿ ਸੱਤਾਧਾਰੀ ਪਾਰਟੀਆਂ ਸੱਤਾ ਦੇ ਨਸ਼ੇ ਵਿਚ ਇਸ ਦੀ ਬਹੁਤੀ ਚਿੰਤਾ ਨਹੀਂ ਕਰਦੀਆਂ ਤੇ ਜ਼ਿਆਦਾ ਮਾਮਲੇ ਰਫ਼ਾ-ਦਫ਼ਾ ਹੀ ਕਰ ਦਿੱਤੇ ਜਾਂਦੇ ਹਨ। ਸੱਤਾਧਾਰੀ ਸਿਆਸੀ ਪਾਰਟੀਆਂ ਤਾਂ ਆਪਣੇ ਨੁਕਸਾਨ ਦੀ ਭਰਪਾਈ ਕਈ ਹੋਰ ਤਰੀਕਿਆਂ, ਜਿਵੇਂ ਕਿ ਧਨ ਦੀ ਵਰਤੋਂ ਆਦਿ ਨਾਲ ਕਰ ਲੈਂਦੀਆਂ ਹਨ, ਪ੍ਰੰਤੂ ਆਪਣੇ ਦੁਆਰਾ ਵਿਗਾੜੇ ਹੋਏ ਨੌਜਵਾਨਾਂ ਵਲੋਂ ਜੋ ਨੁਕਸਾਨ ਸਮਾਜ ਦਾ ਜਾਂ ਕਦਰਾਂ-ਕੀਮਤਾਂ ਦਾ ਕੀਤਾ ਜਾਂਦਾ ਹੈ, ਜਾਂ ਫਿਰ ਜੋ ਨੁਕਸਾਨ ਮਾਨਸਿਕ ਤਵਾਜ਼ਨ ਵਿਗੜ ਜਾਣ 'ਤੇ ਖੁਦ ਇਨ੍ਹਾਂ ਨੌਜਵਾਨਾਂ ਦਾ ਹੁੰਦਾ ਹੈ, ਉਸ ਦੀ ਭਰਪਾਈ ਹੋਣੀ ਬਹੁਤ ਮੁਸ਼ਕਲ ਹੁੰਦੀ ਹੈ। ਸਮਾਜ ਗਲਤ ਰੁਝਾਨਾਂ ਦੀ ਗ੍ਰਿਫ਼ਤ ਵਿਚ ਆ ਜਾਂਦਾ ਹੈ, ਜਿਸ ਦੇ ਕਾਰਨ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਹਨ। ਜਦੋਂ ਕਿਸੇ ਭਾਰੂ ਦਲ ਦੇ ਯੂਥ ਆਗੂ ਦੇ ਕਤਲ ਆਦਿ ਦੀ ਘਟਨਾ ਵਾਪਰਦੀ ਹੈ ਤਾਂ ਪਹਿਲੀ ਨਜ਼ਰੇ ਇਹ ਇਕ ਹਮਦਰਦੀ ਦਾ ਮਾਮਲਾ ਪ੍ਰਤੀਤ ਹੁੰਦਾ ਹੈ ਅਤੇ ਹੋਣਾ ਵੀ ਚਾਹੀਦਾ ਹੈ, ਪ੍ਰੰਤੂ ਜਦੋਂ ਹਿੰਸਕ ਵਾਰਦਾਤ ਦੇ ਕਾਰਨ ਸਾਹਮਣੇ ਆਉਂਦੇ ਹਨ ਤਾਂ ਮਾਮਲਾ ਨਾ ਕੇਵਲ ਗੰਭੀਰ ਜਾਪਣ ਲਗਦਾ ਹੈ, ਸਗੋਂ ਉਹ (ਮਾਮਲਾ) ਸਮਾਜਿਕ ਤੇ ਰਾਜਨੀਤਕ ਸੰਦਰਭਾਂ ਵਿਚ ਰੱਖ ਕੇ ਵਿਚਾਰੇ ਜਾਣ ਦੀ ਮੰਗ ਵੀ ਕਰਨ ਲਗਦਾ ਹੈ। ਇਨ੍ਹਾਂ ਸੰਦਰਭਾਂ ਦਾ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸੱਤਾ ਦੀ ਵਰਤੋਂ ਰਾਹੀਂ ਉਪਰੋਕਤ ਭਾਂਤ ਦੇ ਨੌਜਵਾਨਾਂ ਪਾਸੋਂ ਉਹੀ ਕੰਮ ਕਰਵਾਏ ਜਾਣੇ ਚਾਹੀਦੇ ਹਨ ਜਾਂ ਸੱਤਾ ਦੀ ਸ਼ਹਿ 'ਤੇ ਇਨ੍ਹਾਂ ਨੂੰ ਉਹੀ ਕੰਮ ਕਰਨੇ ਚਾਹੀਦੇ ਹਨ, ਜੋ ਇਹ ਹੁਣ ਕਰ ਰਹੇ ਹਨ?

ਮੁਕਤਸਰ ਦੇ ਨੌਜਵਾਨ ਅਕਾਲੀ ਆਗੂ ਨਾਲ ਜੋ ਕੁਝ ਵਾਪਰਿਆ ਹੈ ਅਤੇ ਅਜਿਹਾ ਦੁਖਾਂਤ ਵਾਪਰਨ ਉਪਰੰਤ ਘਟਨਾ ਦੇ ਪਿਛੋਕੜ ਦਾ ਜੋ ਖੁਲਾਸਾ ਮੀਡੀਏ 'ਚ ਹੋਇਆ ਹੈ, ਉਹ ਸਭ ਉਸੇ ਸਿਆਸੀ ਸਭਿਆਚਾਰ ਦਾ ਸਿੱਟਾ ਹੈ, ਜਿਸ ਨੂੰ ਸੱਤਾਧਾਰੀ ਦਲਾਂ ਦਿਆਂ ਨੇਤਾਵਾਂ ਨੇ ਖੁਦ ਆਪਣੇ ਸੌੜੇ ਸਿਆਸੀ ਹਿੱਤਾਂ ਖਾਤਰ ਪੈਦਾ ਕੀਤਾ ਹੈ। ਇਹ ਨੇਤਾ, ਜਿਵੇਂ ਕਿ ਉਪਰ ਵੀ ਚਰਚਾ ਕੀਤੀ ਜਾ ਚੁੱਕੀ ਹੈ, ਨੌਜਵਾਨਾਂ ਨੂੰ ਰਾਜਨੀਤਕ ਖੇਤਰ ਵਿਚ ਸਾਰਥਕ ਭੂਮਿਕਾ ਨਿਭਾਉਣ ਲਈ ਲੋੜੀਂਦੀ ਸੇਧ ਦੇਣ ਦੀ ਥਾਂ ਇਨ੍ਹਾਂ ਦੀ ਹੁੱਲੜਬਾਜ਼ੀ ਨੂੰ ਹੀ ਵਧੇਰੇ ਪਸੰਦ ਕਰਦੇ ਹਨ। ਇਨ੍ਹਾਂ ਨੌਜਵਾਨਾਂ ਵਿਚ ਗਲਤ ਰੁਝਾਨ ਪਨਪਦੇ ਰਹਿੰਦੇ ਹਨ, ਜਿਹੜੇ ਕਿ ਅਕਸਰ ਹੀ ਗ਼ੈਰ-ਇਖਲਾਕੀ ਹੁੰਦੇ ਹਨ, ਪ੍ਰੰਤੂ ਇਨ੍ਹਾਂ ਦੇ ਸਿਆਸੀ ਸਰਪ੍ਰਸਤ ਮੂਕ ਦਰਸ਼ਕ ਬਣੇ ਰਹਿੰਦੇ ਹਨ। ਯੂਥ ਅਕਾਲੀ ਆਗੂ ਦੇ ਕਤਲ ਕਾਂਡ ਨਾਲ ਜਿਸ ਅਸ਼ਲੀਲ ਵੀਡੀਓ ਦੀ ਚਰਚਾ ਜੁੜੀ ਹੋਈ ਹੈ, ਉਹ ਇਕ ਅਜਿਹਾ ਹੀ ਗ਼ੈਰ ਇਖਲਾਕੀ ਮਾਮਲਾ ਹੈ ਤੇ ਸੱਤਾਧਾਰੀ ਦਲਾਂ ਦੀ ਸਰਪ੍ਰਸਤੀ ਹੇਠਲੇ ਨੌਜਵਾਨਾਂ ਨਾਲ ਅਨੇਕਾ ਹੀ ਹੋਰ ਵੀ ਅਜਿਹੇ ਮਾਮਲੇ ਜੁੜੇ ਹੋਏ ਹਨ।

ਨੌਜਵਾਨਾਂ ਨੂੰ ਘਾਤਕ ਰੁਝਾਨਾਂ ਤੇ ਗ਼ੈਰ-ਇਖਲਾਕੀ ਕੰਮਾਂ ਤੋਂ ਬਚਾਉਣ ਲਈ ਸੱਤਾ 'ਚ ਬਣੇ ਹੋਏ ਤੇ ਸੱਤਾ 'ਚ ਆਉਣ ਦੀ ਸੰਭਾਵਨਾ ਰੱਖਣ ਵਾਲੇ ਸਿਆਸੀ ਦਲਾਂ ਦੀ ਲੀਡਰਸ਼ਿਪ ਨੂੰ ਆਪਣੀ ਭੂਮਿਕਾ ਵਧੇਰੇ ਜ਼ਿੰਮੇਵਾਰੀ ਨਾਲ ਨਿਭਾਉਣੀ ਪਵੇਗੀ। ਆਪਣਾ ਸਿਆਸੀ ਸਭਿਆਚਾਰ ਤੇ ਸਿਆਸੀ ਸ਼ੈਲੀ ਬਦਲਣੀ ਹੋਵੇਗੀ। ਨੌਜਵਾਨਾਂ ਨੂੰ ਸਿਆਸੀ ਸੱਤਾ ਹਾਸਲ ਕਰਨ ਦਾ ਮਾਤਰ ਸਾਧਨ ਖਿਆਲ ਕਰਨ ਵਾਲੀ ਸੋਚ ਦਾ ਤਿਆਗ ਕਰਨਾ ਹੋਵੇਗਾ। ਨੌਜਵਾਨਾਂ ਨੂੰ ਸੱਤਾ ਦੀ ਸ਼ਹਿ ਦੇਣ ਦੀ ਥਾਂ 'ਰਾਜਸੀ ਪ੍ਰੇਰਨਾਵਾਂ' ਦੇਣੀਆਂ ਹੋਣਗੀਆਂ ਤਾਂ ਕਿ ਉਹ ਆਪਣੀ ਊਰਜਾ ਨੂੰ ਉਸਾਰੂ ਪਾਸੇ ਲਗਾ ਸਕਣ। ਜ਼ਰੂਰੀ ਨਹੀਂ ਕਿ ਵੱਡਿਆਂ ਘਰਾਂ ਦੇ ਬੱਚਿਆਂ ਨੇ ਕੇਵਲ ਵਿਗੜਨਾ ਹੀ ਹੁੰਦਾ ਹੈ, ਸਗੋਂ ਇਨ੍ਹਾਂ ਵਿਚੋਂ ਕਈ ਸ਼ਾਨਦਾਰ ਸ਼ਖ਼ਸੀਅਤਾਂ ਵਿਚ ਢਲਣ ਦੀ ਯੋਗਤਾ ਤੇ ਸੰਭਾਵਨਾ ਰੱਖਣ ਵਾਲੇ ਵੀ ਹੁੰਦੇ ਹਨ। ਲੋੜ ਇਨ੍ਹਾਂ ਸੰਭਾਵਨਾਵਾਂ ਦੇ ਸਾਕਾਰ ਹੋਣ ਲਈ ਢੁਕਵਾਂ ਮਾਹੌਲ ਤਿਆਰ ਕਰਨ ਦੀ ਹੈ।

# ਲੁਧਿਆਣਾ ਵਿਚ ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ

**ਲੁਧਿਆਣਾ:** ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਤੋਂ ਪੰਜਾਬੀ ਅਖਬਾਰ 'ਪੰਜਾਬ ਮੇਲ' ਕੱਢਣ ਵਾਲੇ ਸ. ਗੁਰਜਤਿੰਦਰ ਸਿੰਘ ਰੰਧਾਵਾ ਕੇਵਲ ਇਕ ਅਖਬਾਰ ਦੇ ਸੰਪਾਦਕ ਹੀ ਨਹੀਂ ਹਨ, ਬਲਕਿ ਇਕ ਸਿਰੜੀ ਤੇ ਬੁਲੰਦ ਹੌਸਲੇ ਵਾਲੇ ਇਨਸਾਨ ਵੀ ਹਨ ਜਿਨ੍ਹਾਂ ਨੇ ਆਪਣੇ ਵਿਰਸੇ, ਸਭਿਆਚਾਰ ਤੇ ਮਹਿਮਾਨ ਨਿਵਾਜੀ ਨੂੰ ਨਹੀਂ ਛੱਡਿਆ। ਇਹ ਸ਼ਬਦ ਸ਼ੁੱਕਰਵਾਰ ਸ਼ਾਮ ਇਥੇ ਪੰਜਾਬੀ ਭਵਨ ਵਿਚ ਸ਼ਹਿਰ ਦੀਆਂ ਸਮਾਜਿਕ, ਸਭਿਆਚਾਰਕ ਤੇ ਪੱਤਰਕਾਰੀ ਸੰਸਥਾਵਾਂ ਵਲੋਂ ਸਾਂਝੇ ਤੌਰ 'ਤੇ ਪਰਵਾਸੀ ਪੱਤਰਕਾਰ ਸ. ਗੁਰਜਤਿੰਦਰ ਸਿੰਘ ਰੰਧਾਵਾ ਦੇ ਮਾਣ ਵਿਚ ਰੱਖੇ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬੀ ਸਹਿਤ ਅਕੈਡਮੀ ਦੇ ਪ੍ਰਧਾਨ ਸ. ਗੁਰਭਜਨ ਸਿੰਘ ਗਿੱਲ ਨੇ ਪ੍ਰਗਟਾਏ।



ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਿਸ਼ਵ ਪੰਜਾਬੀ ਸਭਿਆਚਾਰਕ ਮੰਚ ਦੇ ਪ੍ਰਧਾਨ ਜਗਦੇਵ ਸਿੰਘ ਜੱਸੋਵਾਲ ਨੇ ਕਿਹਾ ਕਿ ਸ. ਰੰਧਾਵਾ ਨੇ ਆਪਣੀ ਸਿਰੜੀ ਸੋਚ ਤੇ ਕਲਮ ਸਦਕਾ ਜਿੱਥੇ ਆਪਣਾ ਲੋਹਾ ਮੰਨਵਾਇਆ ਹੈ, ਉਥੇ ਨਾਲ ਹੀ ਆਪਣੀ ਵੱਖਰੀ ਪਹਿਚਾਣ ਬਣਾ ਕੇ ਸਮੁੱਚੇ ਪੰਜਾਬ ਦਾ ਨਾਮ ਵੀ ਰੌਸ਼ਨ ਕੀਤਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਪੰਜਾਬ ਦੇ ਇਸ ਮਹਾਨ ਸਪੂਤ 'ਤੇ ਮਾਣ ਕਰਨਾ ਚਾਹੀਦਾ ਹੈ।

ਇਸ ਸਮਾਗਮ ਵਿਚ ਸਾਬਕਾ ਮੰਤਰੀ ਮਲਕੀਅਤ ਸਿੰਘ ਦਾਖਾ, ਸ੍ਰੀ ਕ੍ਰਿਸ਼ਨ ਕੁਮਾਰ ਬਾਵਾ, ਮਨਜੀਤ ਸਿੰਘ ਖਾਲਸਾ, ਨਿਰਮਲ ਜੌੜਾ, ਸ. ਪ੍ਰੀਤਮ ਸਿੰਘ ਭਰੋਵਾਲ, ਪ੍ਰਗਟ ਸਿੰਘ ਗਰੇਵਾਲ, ਪੱਤਰਕਾਰ ਮੇਜਰ ਸਿੰਘ, ਜਗਰੂਪ ਸਿੰਘ ਜਰਖੜ ਨੇ ਸ. ਰੰਧਾਵਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਘੇ ਲੇਖਕ ਤੇ ਫੋਟੋ ਜਰਨਲਿਸਟ ਜਨਮੇਜਾ ਸਿੰਘ ਜੌਹਲ ਨੇ ਕਿਹਾ ਕਿ ਸ. ਰੰਧਾਵਾ ਇਕ ਸੰਘਰਸ਼ਸ਼ੀਲ ਵਿਅਕਤੀ ਹੈ ਜਿਸ ਨੇ ਆਪਣੀ ਅੱਡਰੀ ਪਹਿਚਾਣ ਕਾਇਮ ਕਰਨ ਲਈ ਕਾਫੀ ਲੰਬੀ ਜਦੋਜਹਿਦ ਕੀਤੀ ਹੈ ਅਤੇ ਮਿਆਰੀ ਪੱਧਰ ਦੀ ਪੰਜਾਬੀ ਅਖਬਾਰ ਪੰਜਾਬ ਮੇਲ ਸ਼ੁਰੂ ਕਰਕੇ ਆਪਣੀ ਕਲਮ ਦਾ ਲੋਹਾ ਮਨਾਉਣ ਵਿਚ ਵੀ ਸਫਲਤਾ ਪ੍ਰਾਪਤ ਕੀਤੀ।

ਪੱਤਰਕਾਰ ਸ. ਰੰਧਾਵਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੇਸ਼ੱਕ ਮੈਂ ਅਮਰੀਕਾ ਵੱਸ ਰਿਹਾ ਹਾਂ, ਪਰ ਮੇਰਾ ਮੋਹ ਹਮੇਸ਼ਾਂ ਆਪਣੇ ਵਤਨ ਦੀ ਮਿੱਟੀ ਅਤੇ ਯਾਰਾਂ-ਦੋਸਤਾਂ ਨਾਲ ਹੈ। ਸ. ਰੰਧਾਵਾ ਨੇ ਕਿਹਾ ਕਿ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਲੁਧਿਆਣਾ ਦੀਆਂ ਸੰਸਥਾਵਾਂ ਮੈਨੂੰ ਇੰਨਾ ਵੱਡਾ ਮਾਣ ਦੇ ਰਹੀਆਂ ਹਨ ਜਿਸ ਦੇ ਮੈਂ ਅਜੇ ਕਾਬਲ ਵੀ ਨਹੀਂ ਹਾਂ। ਸਮਾਗਮ ਵਿਚ ਮਾਸਟਰ ਸਾਧੂ ਸਿੰਘ ਗਰੇਵਾਲ, ਬਾਬਾ ਫਰੀਦ ਫਾਉਂਡੇਸ਼ਨ ਇੰਟਰਨੈਸ਼ਨਲ ਵਲੋਂ ਪ੍ਰੀਤਮ ਸਿੰਘ ਭਰੋਵਾਲ, ਗੁਰਦੀਪ ਸਿੰਘ ਲੀਲ, ਹੀਰਾ ਭਰੋਵਾਲ, ਬਾਬਾ ਬੰਦਾ ਸਿੰਘ ਬਹਾਦਰ ਅੰਤਰ ਰਾਸ਼ਟਰੀ ਮੰਚ ਵਲੋਂ ਕੇ.ਕੇ. ਬਾਵਾ, ਰਵਿੰਦਰ ਰੰਗੂਵਾਲ, ਕੰਵਲਜੀਤ ਸਿੰਘ ਸ਼ੰਕਰ, ਜਰਖੜ ਖੇਡਾਂ ਤੇ ਇੰਟਰਨੈਸ਼ਨਲ ਪੰਜਾਬੀ ਸਭਿਆਚਾਰ ਸੁਸਾਇਟੀ ਵਲੋਂ ਜਗਰੂਪ ਸਿੰਘ ਜਰਖੜ ਸੁਰਿੰਦਰ ਸਿੰਘ ਕੂਨਰ, ਸਭਿਆਚਾਰਕ ਸੱਥ ਪੰਜਾਬ ਵਲੋਂ ਜਸਮੇਰ ਸਿੰਘ ਢੱਟ, ਰਣਬੀਰ ਸਿੰਘ ਮਹਿਮੀ, ਕਮਲਜੀਤ ਨੀਲੋਂ, ਬੁੱਧ ਸਿੰਘ ਨੀਲੋਂ, ਲਕਸ਼ਮਨ ਦਰਾਵੜ ਤੇ ਡੀ.ਐਸ. ਪ੍ਰਧਾਨ ਨੇ ਸ. ਗੁਰਜਤਿੰਰ ਸਿੰਘ ਰੰਧਾਵਾ ਨੂੰ ਦੁਸ਼ਾਲੇ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ।


ਬੇ-ਏਰੀਆ ਕਾਲਜ ਆਫ ਨਰਸਿੰਗ
...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!
* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ
BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888
3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888
ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।
www.bayareacollege.net



San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ
ਜਿੰਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ ਪੰਜਾਬੀ ਰੇਡੀਓ ਉਸ ਉਪਰ ਹੁਣ ਵੀ ਸੁਣਿਆ ਜਾ ਸਕਦਾ ਹੈ
ਪੰਜਾਬੀ ਰੇਡੀਓ
Punjabi RADIO
ON THE AIR
Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।
24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25
ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਹਰ ਰੋਜ ਸਵੇਰ 9.00 ਵਜੇ ਅਤੇ ਸ਼ਾਮ 9.00 ਵਜੇ ਪੰਜਾਬ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com
ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ
ਸਪੈਸ਼ਲ ਟਾਕ ਸ਼ੋਅ ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ
ਸਪੈਸ਼ਲ ਪ੍ਰੋਗਰਾਮ
ਭਾਈ ਤਾਰੂ ਸਿੰਘ ਜੀ
8 ਅਕਤੂਬਰ 2010 ਨੂੰ
ਸ਼ਹੀਦ ਭਾਈ ਜਿੰਦਾ ਅਤੇ ਸੁਖਾ
9 ਅਕਤੂਬਰ 2010 ਨੂੰ
Talk Show by Bhai Karamjit Singh
ਪੰਜਾਬੀ ਰੇਡੀਓ Sacramento ਅਤੇ Bakersfield Area ਵਿਚ Nov.1st, 2010 ਨੂੰ ਸ਼ੁਰੂ ਹੋ ਰਿਹਾ ਹੈ। ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ
ਅਕਤੂਬਰ 7, 8, 9 ਅਤੇ 10 ਨੂੰ ਤੁਸੀਂ ਰੇਡੀਓ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਵੀ ਪ੍ਰਾਪਤ ਕਰ ਸਕਦੇ ਹੋ, ਭਾਈ ਖੁਸ਼ਮਿੰਦਰ ਸਿੰਘ ਜੀ ਪਾਸੋਂ
Bay Area ਵਿਚ ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ
Royal Fabrics - Union City, 510.429.0122 • Singh Video - Santa Clara, 408.746.0758 • Mckee Liquors - San Jose, 408.929.1111
Bhai Khushminder Singh, 408.406.9135 • Roshni Fabrics & Grocery - Union City, 510.487.514 • Kash Fabrics - Hayward, 510.538.1138
ਹੋਰ ਜਾਣਕਾਰੀ ਲਈ Phone : 408.722.7698
Email: punjabiradiousa@yahoo.com
3750 McKee Road, # B, San Jose CA 95127

# ਸੈਕਰਾਮੈਂਟੋ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ 11ਵਾਂ ਸਫਲ ਮੇਲਾ

**ਸੈਕਰਾਮੈਂਟੋ:** ਭਾਰਤ ਦੀ ਆਜ਼ਾਦੀ ਲਈ ਲੱਖ ਤਸੀਹੇ ਸਹਿਣ ਅਤੇ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦੇਣ ਵਾਲੇ ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਦੀ ਯਾਦ ਤਾਜ਼ਾ ਕਰਨ ਲਈ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ ਵਲੋਂ ਲੰਘੇ ਐਤਵਾਰ ਇਕ ਮੇਲਾ
















ਇਥੇ ਐਸ ਈ ਐਸ ਹਾਲ ਵਿਚ ਕਰਵਾਇਆ ਗਿਆ। ਇਸ ਵਾਰ ਦਾ ਇਹ 11ਵਾਂ ਮੇਲਾ ਬੱਬਰ ਲਹਿਰ ਦੇ ਯੋਧਿਆਂ ਬਾਬੂ ਬੰਤਾ ਸਿੰਘ, ਮਾਸਟਰ ਮੋਤਾ ਸਿੰਘ, ਕਰਮ ਸਿੰਘ ਐਡੀਟਰ, ਧੰਨਾ ਸਿੰਘ ਬਹਿਬਲਪੁਰ ਅਤੇ ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਸਮਰਪਿਤ ਕੀਤਾ ਗਿਆ ਸੀ। ਮੇਲੇ ਵਿਚ ਜਿਥੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕੀਤਾ ਗਿਆ ਉਥੇ ਆਏ ਮਹਿਮਾਨਾਂ ਦੇ ਮਨੋਰੰਜਨ ਲਈ ਗੀਤ-ਸੰਗੀਤ ਦਾ ਵੀ ਪ੍ਰਬੰਧ ਸੀ।

ਇਥੇ ਇਹ ਜ਼ਿਕਰਯੋਗ ਹੈ ਕਿ ਇੰਡੋ ਅਮੈਰਿਕਨ ਕਲਚਰਲ ਸੁਸਾਇਟੀ ਹੀ ਕੈਲੀਫੋਰਨੀਆ ਦੀ ਪਹਿਲੀ ਸੰਸਥਾ ਸੀ ਜਿਸ ਨੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਲਾਉਣਾ ਅਰੰਭ ਕੀਤਾ ਅਤੇ ਅੱਜ ਕੈਲੀਫੋਰਨੀਆ ਦੇ ਕਈ ਸ਼ਹਿਰਾਂ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਲੱਗਦੇ ਹਨ। ਸੈਕਰਾਮੈਂਟੋ ਵਿਚ ਹੀ 1913 ਵਿਚ ਗਦਰੀ ਬਾਬਿਆਂ ਨੇ ਇਕੱਤਰ ਹੋ ਕੇ ਵੱਖ ਵੱਖ ਜਥਿਆਂ ਵਿਚ ਭਾਰਤ ਪਹੁੰਚ ਕੇ ਅੰਗਰੇਜ਼ ਹਕੂਮਤ ਵਿਰੁਧ ਹਥਿਆਰਬੰਦ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਸੀ।

ਮੇਲੇ ਦੇ ਅਰੰਭ ਤੋਂ ਪਹਿਲਾਂ ਸੰਸਥਾ ਦੇ ਮੈਂਬਰ ਅਤੇ ਆਏ ਪਤਵੰਤੇ ਮਹਿਮਾਨ ਇਥੇ ਡਾਊਨ ਟਾਊਨ ਸੈਕਰਾਮੈਂਟੋ ਵਿਚ ਗਦਰੀ ਬਾਬਿਆਂ ਦੀਆਂ ਸਮਾਧਾਂ ਉਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਗਏ। ਕੋਈ ਤਿੰਨ ਵਜੇ ਦੇ ਕਰੀਬ ਐਸ ਈ ਐਸ ਹਾਲ ਵਿਚ ਮੇਲੇ ਦਾ ਅਰੰਭ ਹੋਇਆ। ਸਭ ਤੋਂ ਪਹਿਲਾਂ ਕਰਮਜੀਤ ਕੰਗ ਅਤੇ ਕਿਰਪਾਲ ਸਿੰਘ ਸੰਧੂ ਨੇ ਦੋ ਤਲਵਾਰਾਂ ਵਾਲਾ ਗਦਰੀ ਬਾਬਿਆਂ ਦਾ ਝੰਡਾ ਝੁਲਾਇਆ।

ਮੇਲੇ ਨੂੰ ਸੰਬੋਧਨ ਕਰਦਿਆਂ ਅਮਰਜੀਤ ਸਿੰਘ ਸੂਫੀ ਅਤੇ ਨਰਿੰਦਰਪਾਲ ਸਿੰਘ ਹੁੰਦਲ ਨੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਉਤੇ ਚਾਨਣਾ ਪਾਇਆ ਅਤੇ ਇਸ ਗੱਲ ਉਤੇ ਅਫਸੋਸ ਜਾਹਰ ਕੀਤਾ ਕਿ ਅੱਜ ਜਿਹੜਾ ਭਾਰਤ ਸਾਹਮਣੇ ਆਇਆ ਹੈ ਇਹ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਨਹੀਂ ਹੈ। ਗਦਰੀ ਬਾਬਿਆਂ ਨੇ ਸੁਪਨਾ ਲਿਆ ਸੀ ਕਿ ਅਜਿਹਾ ਸਮਾਜ ਸਿਰਜਿਆ ਜਾਏਗਾ ਜਿਥੇ ਹਰ ਕਿਸੇ ਨੂੰ ਬਰਾਬਰ ਦੇ ਹੱਕ ਮਿਲ ਸਕਣਗੇ, ਸਿਸਟਮ ਰਿਸ਼ਵਤਖੋਰੀ ਤੋਂ ਮੁਕਤ ਹੋਵੇਗਾ ਅਤੇ ਹਰ ਲੋੜਵੰਦ ਨੂੰ ਇਨਸਾਫ ਮਿਲੇਗਾ। ਆਜ਼ਾਦੀ ਦੀ ਲੜਾਈ ਵੇਲੇ ਦੇ ਗੱਦਾਰਾਂ ਦਾ ਜ਼ਿਕਰ ਕਰਦਿਆਂ ਬੁਲਾਰਿਆਂ ਨੇ ਆਖਿਆ ਕਿ ਜੋ ਲੋਕ ਇਸ ਵੇਲੇ ਸੱਤਾ ਉਤੇ ਕਾਬਜ਼ ਹਨ ਉਨ੍ਹਾਂ ਵਿਚ ਅਜਿਹੇ ਗੱਦਾਰਾਂ ਦੀ ਕੋਈ ਕਮੀ ਨਹੀਂ ਜਿਹੜੇ ਸਿਰਫ ਆਪਣੇ ਸਵਾਰਥੀ ਹਿੱਤਾਂ ਲਈ ਹੀ ਸਿਆਸਤ ਵਿਚ ਆਏ ਹਨ। ਸੰਸਥਾ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਅਤੇ ਡਾਇਰੈਕਟਰ ਕਸ਼ਮੀਰ ਸਿੰਘ ਕਾਂਗਣਾ ਨੇ ਵੀ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਉਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਸਭਨਾਂ ਨੂੰ ਯਤਨ ਕਰਨ ਦਾ ਸੱਦਾ ਦਿੱਤਾ। ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮਨੋਰਥ ਜਿਥੇ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ ਉਥੇ ਸਾਡੀ ਅਜੋਕੀ ਪੀੜੀ ਨੂੰ ਆਪਣੇ ਵਿਰਸੇ ਨਾਲ ਜੋੜਨਾ ਵੀ ਹੈ।





ਮੇਲੇ ਦੇ ਸਭਿਆਚਾਰਕ ਹਿੱਸੇ ਦਾ ਅਰੰਭ ਮੰਚ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਇਹ ਸ਼ੇਅਰ ਕਹਿ ਕੇ ਕੀਤਾ, "ਆਜ਼ਾਦੀ ਦੇ ਸ਼ਹੀਦਾਂ ਨੂੰ ਫਤਿਹ ਬੁਲਾ ਲਈਏ, ਆਓ ਉਨ੍ਹਾਂ ਦੇ ਨਾਂ ਦਾ ਪੱਥਰ ਕੋਈ ਲਾ ਦਈਏ।" ਅਤੇ ਫਿਰ ਆਪਣੇ ਜ਼ਮਾਨੇ ਦੇ ਮਹਾਨ ਗਾਇਕ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਰਾਜ ਬਰਾੜ ਨੇ "ਲੱਖ ਵਾਰ ਮੈਂ ਕਰਦਾ ਪ੍ਰਣਾਮ ਸ਼ਹੀਦਾਂ ਨੂੰ, ਮੇਰਾ ਰਸਤਾ ਰੋਕ ਨਾ ਗੋਰੀਏ" ਗੀਤ ਗਾ ਕੇ ਮਾਹੌਲ ਨੂੰ ਦੇਸ਼ ਭਗਤੀ ਦੇ ਰੰਗ ਵਿਚ ਰੰਗ ਦਿੱਤਾ। ਉਪਰੰਤ ਜੀਵਨ ਰੱਤੂ ਅਤੇ ਜੋਗਾ ਸਿੰਘ ਕਾਫਰ ਨੇ ਦੇਸ਼ ਭਗਤੀ ਦੇ ਗੀਤ ਸੁਣਾਏ, ਪੰਮੀ ਮਾਨ ਦੇ ਨਿਰਦੇਸ਼ਨ ਹੇਠ ਤਿਆਰ ਕੀਤਾ ਗਿਆ ਆਦਰਸ਼ ਗਰੁਪ ਡਾਂਸ ਉਸ ਦੀਆਂ ਬੇਟੀਆਂ ਨੇ ਪੇਸ਼ ਕੀਤਾ। ਜੇ ਐਸ ਜੱਗਾ ਨੇ ਪੰਜਾਬੀਆਂ ਦਾ ਢੋਲ ਵੱਜਦਾ, ਸੁਲਤਾਨ ਅਖਤਰ ਨੇ ਜੋਬਨ ਰੁੱਤੇ ਬਾਬਲਾ, ਪੱਗ ਦੀ ਸ਼ਾਨ ਸਰਦਾਰੀ ਗੀਤ ਗਾ ਕੇ ਅਤੇ ਪੰਮੀ ਮਾਨ ਤੇ ਪੂਨਮ ਮਲਹੋਤਰਾ ਨੇ ਇਕ ਦੋਗਾਣਾ ਪੇਸ਼ ਕਰਕੇ ਹਾਜ਼ਰੀ ਲਵਾਈ।



ਤਰਲੋਕ ਸਿੰਘ ਨੇ ਆਜ਼ਾਦ ਜਲੰਧਰੀ ਦਾ ਇਕ ਗੀਤ ਪੇਸ਼ ਕਰਕੇ ਰੰਗ ਬੰਨ੍ਹਿਆ। "ਛੱਲੇ-ਮੁੰਦੀਆਂ" ਗੀਤ ਨਾਲ ਜਾਣੇ ਜਾਂਦੇ ਗਾਇਕ ਸੁਖਵਿੰਦਰ ਪੰਛੀ ਨੇ "ਸਦਾ ਸੂਰਮੇ ਜੀਊਂਦੇ ਰਹਿੰਦੇ ਮਰਦੇ ਨਹੀਂ।" ਅਤੇ ਇਕ ਦੋ ਹੋਰ ਗੀਤ ਆਪਣੀ ਬੁਲੰਦ ਆਵਾਜ਼ ਵਿਚ ਗਾ ਕੇ ਮੇਲੇ ਦਾ ਰੰਗ ਨਿਖਾਰਿਆ।

ਵਿਰਸੇ ਦੇ ਵਾਰਿਸ ਨਾਂ ਦੀ ਪੰਜਾਬੀ ਗੱਭਰੂਆਂ ਦੀ ਇਕ ਟੀਮ ਨੇ ਭੰਗੜਾ ਪੇਸ਼ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਸ ਤੋਂ ਬਾਅਦ ਮੇਲੇ ਦੇ ਮੁੱਖ ਕਲਾਕਾਰ ਬਲਜੀਤ ਮਾਲਵਾ ਨੇ ਸਭਿਆਚਾਰਕ ਗੀਤ ਨੀ ਕੁੜੀਓ ਤੁਸੀਂ ਕਾਹਦੀਆਂ ਪੰਜਾਬਣਾਂ, ਇੰਨਾ ਲਾਡ ਨਾ ਲਡਾ ਮਾਏ, ਮੌਜਾਂ ਭੁੱਲਣੀਆਂ ਨਾ ਬਾਪੂ ਵੇਲੇ ਦੀਆਂ ਗਾ ਕੇ ਸਰੋਤਿਆਂ ਦੀ ਭਰਪੂਰ ਦਾਦ ਖੱਟੀ।

ਮਾਣ ਸਨਮਾਨ ਦੇ ਦੌਰ ਵਿਚ ਦਲਵਿੰਦਰ ਸਿੰਘ ਧੂਤ ਤੇ ਦੇਵਾ ਸਿੰਘ ਧੂਤ, ਜਸਵਿੰਦਰ ਬੰਗਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਜਸਪ੍ਰੀਤ ਸਿੰਘ ਅਟਾਰਨੀ, ਅਮਰੀਕ ਸਿੰਘ ਪਰਹਾਰ ਅਤੇ ਜਸਵੰਤ ਸਿੰਘ ਸ਼ਾਦ ਤੋਂ ਇਲਾਵਾ ਸਾਰੇ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਮਾਣ ਸਨਮਾਨ ਕੀਤਾ ਗਿਆ। ਮਾਣ ਸਨਮਾਨ ਦੇ ਕਾਰਜ ਵਿਚ ਹੱਥ ਵਟਾਉਣ ਵਾਲਿਆਂ ਵਿਚ ਸੁਮਿਤਰ ਉਪਲ, ਕਸ਼ਮੀਰ ਸਿੰਘ ਕਾਂਗਣਾ, ਸਰਪੰਚ ਜਰਨੈਲ ਸਿੰਘ, ਰਛਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਕਮਲ ਬੰਗਾ, ਪਰਗਣ ਸਿੰਘ ਬੈਂਸ, ਸਵਰਨ ਸਿੰਘ ਗਿੱਲ, ਅਵਤਾਰ ਸਿੰਘ ਦੁਸਾਂਝ, ਸੁਖਚੈਨ ਸਿੰਘ, ਜਸਵਿੰਦਰ ਸਿੰਘ ਸੰਧੂ, ਗੁਰਦਿਆਲ ਚੰਦ, ਪਰਮਜੀਤ ਸਿੰਘ ਸੰਧੂ, ਗਿਆਨ ਸਿੰਘ ਬਿਲਗਾ, ਵਲਵਿੰਦਰ ਬੰਕਾ ਅਤੇ ਗੁਰਜੀਤ ਸਿੰਘ ਧਾਲੀਵਾਲ ਦੇ ਨਾਂ ਸ਼ਾਮਲ ਸਨ। ਇਸ ਮੌਕੇ ਹਾਜ਼ਰ ਪਤਵੰਤੇ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਓਂਕਾਰ ਸਿੰਘ ਬਿੰਦਰਾ, ਇੰਦਰਜੀਤ ਸਿੰਘ ਗਰੇਵਾਲ, ਸ਼ੈਰਿਫ ਕਪੂਰ, ਜਸਵਿੰਦਰ ਸਿੰਘ, ਸੈਮ ਚਾਹਲ ਅਤੇ ਮਨਜੀਤ ਸਿੰਘ ਐਮ ਏ ਦੇ ਨਾਂ ਸ਼ਾਮਲ ਹਨ। ਸੰਸਥਾ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਆਏ ਮਹਿਮਾਨਾਂ ਲਈ ਚਾਹ-ਪਾਣੀ ਅਤੇ ਖਾਣ-ਪੀਣ ਦਾ ਪ੍ਰਬੰਧ ਬਲਜਿੰਦਰ ਸਿੰਘ ਭੱਟੀ (ਗੁਰੂ ਇੰਡੀਆ ਕੁਜ਼ੀਨ) ਵਲੋਂ ਕੀਤਾ ਗਿਆ। ਸਾਊਂਡ ਸਿਸਟਮ

*(ਬਾਕੀ ਸਫਾ 20 'ਤੇ)*

















## ਜਾਅਲੀ ਕਹਾਣੀਆਂ ਸਹਾਰੇ ਸਿਆਸੀ ਪਨਾਹ ਦੁਆਉਣ ਵਾਲੇ ਵਕੀਲਾਂ ਨੂੰ ਸਜ਼ਾ

**ਸੈਕਰਾਮੈਂਟੋ:** ਸੈਕਰਾਮੈਂਟੋ ਦੀ ਇਕ ਅਦਾਲਤ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉਤੇ ਅਮਰੀਕਾ ਵਿਚ ਦਰਜਨਾਂ ਲੋਕਾਂ ਨੂੰ ਸਿਆਸੀ ਸ਼ਰਨ ਦਿਵਾਉਣ ਦੇ ਮਾਮਲੇ ਵਿਚ ਪੰਜਾਬੀ ਮੂਲ ਦੇ ਤਿੰਨ ਵਕੀਲਾਂ ਨੂੰ ਸਜ਼ਾ ਸੁਣਾਈ ਹੈ।

ਅਦਾਲਤ ਵਲੋਂ ਸੁਣਾਏ ਗਏ ਫੈਸਲੇ ਅਨੁਸਾਰ 33 ਸਾਲਾ ਮਨਜੀਤ ਕੌਰ ਰਾਏ ਨੂੰ ਢਾਈ ਸਾਲ, 39 ਸਾਲਾ ਜੱਗਪ੍ਰੀਤ ਸਿੰਘ ਸੇਖੋਂ ਨੂੰ 9 ਸਾਲ ਅਤੇ ਉਸ ਦੇ ਭਰਾ 42 ਸਾਲਾ ਜਗਦੀਪ ਸਿੰਘ ਸੇਖੋਂ ਨੂੰ 5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਹ ਸੈਨ ਫਰਾਂਸਿਸਕੋ ਵਿਚ ਸੇਖੋਂ ਐਂਡ ਸੇਖੋਂ ਨਾਂ ਹੇਠ ਲਾਅ ਫਰਮ ਚਲਾਉਂਦੇ ਸਨ। ਇਸਤਗਾਸਾ ਪੱਖ ਅਨੁਸਾਰ ਇਨ੍ਹਾਂ ਤਿੰਨਾਂ ਵਕੀਲਾਂ ਨੇ ਦੋ ਉਲੱਥਾਕਾਰਾਂ ਦੀ ਮਦਦ ਨਾਲ ਝੂਠੀਆਂ ਕਹਾਣੀਆਂ ਘੜ ਘੜ ਕੇ ਆਪਣੇ ਮੁਵੱਕਿਲਾਂ ਨੂੰ ਸਿਆਸੀ ਪਨਾਹ ਦੁਆਈ। ਇਨ੍ਹਾਂ ਪੰਜਾਂ ਨੂੰ ਜੂਨ ਮਹੀਨੇ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਲੱਥਾਕਾਰਾਂ ਵਿਚੋਂ ਇਕ 43 ਸਾਲਾ ਆਸਿਫ ਕਾਜ਼ਾ ਨੂੰ ਅਜੇ ਸਜ਼ਾ ਸੁਣਾਈ ਜਾਣੀ ਹੈ। ਇਕ ਹੋਰ ਉਲੱਥਾਕਾਰ ਲੂਸੀਆਨਾ ਹਰਮਥ ਨੂੰ ਚਾਰ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ।

# ਜਗਰਾਉਂ ਦੇ ਨਵੇਂ ਜੁਡੀਸ਼ਲ ਕੰਪਲੈਕਸ ਦਾ ਉਦਘਾਟਨ ਛੇਤੀ

**ਜਗਰਾਉਂ:** ਇਥੇ ਬਣ ਰਹੇ ਨਵੇਂ ਜੁਡੀਸ਼ਲ ਕੰਪਲੈਕਸ ਦੇ ਉਦਘਾਟਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਲੁਧਿਆਣਾ ਦੇ ਜ਼ਿਲਾ ਅਤੇ ਸੈਸ਼ਨ ਜੱਜ ਸ੍ਰੀ ਐਸ ਪੀ ਬਾਂਗੜ ਨੇ ਜੁਡੀਸ਼ਲ ਕੰਪਲੈਕਸ ਦਾ ਦੌਰਾ ਕੀਤਾ। ਕੰਪਲੈਕਸ ਦਾ ਉਦਘਾਟਨ ਬਹੁਤ ਜਲਦ ਹੋਣ ਵਾਲਾ ਹੈ। ਇਸ ਮੌਕੇ ਸ੍ਰੀ ਬਾਂਗੜ ਦਾ ਸਵਾਗਤ ਇਥੇ ਨਿਯੁਕਤ ਵਧੀਕ ਸੈਸ਼ਨ ਜੱਜ ਸ੍ਰੀ ਜੇ ਐਸ ਮਰੋਕ, ਜੱਜ ਮੈਡਮ ਹਰੀਸ਼ ਅਤੇ ਸਿਵਲ ਜੱਜ ਰਵੀਇੰਦਰ ਸਿੰਘ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਜੋਤੀ ਸਰੂਪ ਸਹਿਗਲ ਦੀ ਅਗਵਾਈ ਹੇਠ ਵਕੀਲਾਂ ਨੇ ਕੀਤਾ। ਸੀਨੀਅਰ ਜੱਜ ਸ੍ਰੀ ਮਰੋਕ ਨੇ ਜੱਜ ਬਾਂਗੜ ਨੂੰ ਜੁਡੀਸ਼ਲ ਕੰਪਲੈਕਸ ਬਾਰੇ ਵੇਰਵੇ ਦਿੱਤੇ।

ਬਾਅਦ ਵਿਚ ਸੈਸ਼ਨ ਜੱਜ ਬਾਂਗੜ ਬਾਰ ਰੂਮ ਵਿਚ ਵੀ ਗਏ ਅਤੇ ਇਸ ਦੀ ਸਾਜ ਸਜਾਵਟ ਦੀ ਸ਼ਲਾਘਾ ਕੀਤੀ। ਇਸ ਮੌਕੇ ਸ੍ਰੀ ਜੇ ਐਸ ਮਰੋਕ ਅਤੇ ਸ੍ਰੀ ਸਹਿਗਲ ਨੇ ਜੱਜ ਬਾਂਗੜ ਨੂੰ ਦੱਸਿਆ ਕਿ ਬਾਰ ਰੂਮ ਲਈ ਸਾਰੇ ਫਰਨੀਚਰ ਦਾ ਖਰਚਾ ਸੀਨੀਅਰ ਐਡਵੋਕੇਟ ਸ੍ਰੀ ਜੋਗਿੰਦਰ ਸਿੰਘ ਗਿੱਲ ਦੇ ਅਮਰੀਕਾ ਰਹਿੰਦੇ ਭਤੀਜੇ ਜਸਵਿੰਦਰ (ਜੱਸੀ) ਗਿੱਲ ਨੇ ਆਪਣੇ ਦਾਦਾ ਜੀ ਸ੍ਰੀ ਕਰਤਾਰ ਸਿੰਘ ਗਿੱਲ ਦੀ ਯਾਦ ਵਿਚ ਦਿੱਤਾ ਹੈ। ਜੱਜ ਬਾਂਗੜ ਨੇ ਇਸ ਉਪਰਾਲੇ ਤੋਂ ਪ੍ਰਭਾਵਿਤ ਹੋ ਕੇ ਬਾਰ ਰੂਮ ਦੇ ਬਾਹਰ ਲੱਗੀ ਯਾਦਗਾਰੀ ਪਲੇਟ ਦੇ ਸਾਹਮਣੇ ਖੜ੍ਹੇ ਹੋ ਕੇ ਤਸਵੀਰ ਵੀ ਖਿਚਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਵਕੀਲ ਐਸ ਐਸ ਦਿਓਲ, ਪ੍ਰਿਥੀ ਝਾਂਜੀ, ਅਭੈਰਾਜ ਸਿੰਘ ਗਿੱਲ, ਜੋਰਾਵਰ ਸਿੰਘ ਵਿਰਕ, ਮੁਖਤਿਆਰ ਸਿੰਘ ਗਰਚਾ, ਪਰਮਿੰਦਰਪਾਲ ਸਿੰਘ, ਅਸ਼ਵਨੀ ਅਤਰੇ, ਰਾਕੇਸ਼ ਬੇਰੀ, ਇਮਰੋਜ ਚਾਹਲ, ਅਵਤਾਰ ਸਿੰਘ ਖਹਿਰਾ, ਗੁਰਤੇਜ ਸਿੰਘ ਗਿੱਲ, ਮਹਿੰਦਰ ਸਿੰਘ ਬੁੱਟਰ ਅਤੇ ਵਿਜੇ ਬਾਂਸਲ ਹਾਜ਼ਰ ਸਨ।




*ਤਸਵੀਰ ਵਿਚ ਮਾਣਯੋਗ ਸੈਸ਼ਨ ਜੱਜ ਸ੍ਰੀ ਬਾਂਗੜ ਦੇ ਨਾਲ ਜੱਜ ਜੇ ਐਸ ਮਰੋਕ, ਮੈਡਮ ਹਰੀਸ਼, ਸ੍ਰੀ ਰਵੀਇੰਦਰ ਸਿੰਘ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜੋਤੀ ਸਰੂਪ ਸਹਿਗਲ, ਜੋਗਿੰਦਰ ਸਿੰਘ ਗਿੱਲ ਐਡਵੋਕੇਟ, ਰਾਜਿੰਦਰ ਸਿੰਘ ਚਾਹਲ ਐਡਵੋਕੇਟ ਅਤੇ ਬਾਰ ਦੇ ਸਕੱਤਰ ਵਿਸ਼ਾਲ ਸ਼ਰਮਾ ਦਿਖਾਈ ਦੇ ਰਹੇ ਹਨ*










# ਸੈਕਰਾਮੈਂਟੋ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ

*(ਸਫਾ 18 ਦੀ ਬਾਕੀ)*

ਦਾ ਪ੍ਰਬੰਧ ਸੁਰੇਸ਼ ਕੁਮਾਰ ਦਾ ਸੀ ਜਦੋਂਕਿ ਤਸਵੀਰਾਂ ਖਿੱਚਣ ਦਾ ਕੰਮ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਕਰ





ਰਹੇ ਸਨ।

ਇਸ ਮੌਕੇ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਇਕ ਨੁਮਾਇਸ਼ ਵੀ ਲਾਈ ਗਈ। ਇਸ ਨੁਮਾਇਸ਼ ਵਿਚ ਗਦਰੀ ਬਾਬਿਆਂ ਵਲੋਂ ਵਰਤੀਆਂ ਗਈਆਂ ਰਿਕਾਰਡਿੰਗ ਮਸ਼ੀਨਾਂ ਵੀ ਰੱਖੀਆਂ ਗਈਆਂ ਸਨ ਜਿਨ੍ਹਾਂ ਵਿਚ ਦਰਸ਼ਕ ਖਾਸ ਦਿਲਚਸਪੀ ਦਿਖਾ ਰਹੇ ਸਨ। ਮੇਲੇ ਨੂੰ ਨੇਪਰੇ ਚਾੜਨ ਵਿਚ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਅਤੇ ਵਿਰਸਾ ਸੰਭਾਲ ਸੁਸਾਇਟੀ ਨੇ ਵਿਸ਼ੇਸ਼ ਸਹਿਯੋਗ ਦਿੱਤਾ।

M.K. Nijjar DDS
Ruchi Nijjar DDS
*Laser Dentistry*
*No shots, No Drill, No Pain.*
*Family Dentistry*
*Cosmetic Dentistry*
*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*
510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*



Rehal's
woodwork
specializes in:
Box beds
Custom cabinets
Entertainment centers and more
Avtar Rehal : (209) 535 - 4652
Juginder Rehal : (209) 585 - 8982
Gurpreet Rehal : (209) 277 - 1585
WWW.REHALSWOODWORK.COM




433 Industrial Dr. Ste J Livingston, CA 95334

G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranteed!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇੱਕੋ ਜਗ੍ਹਾ ਤੇ

ਵਾਰਡ ਨੰਬਰ 7 ਤੋਂ
ਸਿਟੀ ਕਾਊਂਸਲ ਲਈ ਉਮੀਦਵਾਰ
ਰਸਲ ਜਾਹਨਸਨ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ
ਬੇਕਰਸਫੀਲਡ ਵਿੱਚ ਰਸਲ ਜਾਹਨਸਨ ਦਾ ਏਰੀਆ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਜ਼ਿਪ ਕੋਡ 93313 ਅਤੇ 93307 ਵਿੱਚ ਪੈਂਦਾ ਹੈ ਜੋ ਕਿ ਗੁਰਦੁਆਰਾ ਗੁਰੂ ਅੰਗਦ ਦਰਬਾਰ ਨਾਲ ਲਗਦਾ ਹੈ

VOTE NOVEMBER 2nd

Russell Johnson
CITY COUNCIL WARD 7
RussellJohnsonForCouncil.com
LEADERSHIP AND QUAILIFCATIONS

VISION AND PRIORITIES
- Improve Public Safety
- Keep the City Fiscally Sound
- Promote Jobs and Business Growth

LEADERSHIP
- President/Owner, Common Sense Consulting
- Former Chief of Staff to Supervisor Mike Maggard (2007-2009)
- Catalog Sales Manager, Ameripride Uniform Services (2005-2006)
- District Representative, State Senator 18th District (2002-2005)

COMMUNITY COMMITMENTS
- Bakersfield Planning Commission (2005-2009)
- Bakersfield Breakfast Rotary
- Board member Boys and Girls Club of Kern County



Paid for by Russell Johnson for council 2010
ID # 1325514
P.O. Box 2664, Bakersfield CA 93303
Ph : (661) 203-1838
Email : russjohnson77@yahoo.com





ਇਮੀਗ੍ਰੇਸ਼ਨ ਮਸਲਾ ਹੈ?
ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ

We only practice Immigration Law
Cases published in the 9th Circuit Court of Appeals

Law Office of Inna Lipkin
Over 11 years of experience
By appointment only


ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ
ਧਰਮ ਪਾਲ ਸ਼ਰਮਾ
ਫੋਨ:510-410-8382

*For appointment call*
Tel:415-672-3261
Fax: 650-364-3988

www.innalipkinimmigrationattorney.com
1690 Woodside Rd., Ste. 103, Redwood City, CA 94061



Are Worries Keeping You Awake?
Watch Your Business Any Time Any Place.




ATTENTION
Business Owners!!
Are You Worried About Your Business When You`re Not There?

ALL-IN-ONE



ਆਪਣੇ ਘਰ ਜਾਂ ਬਿਜ਼ਨਸ 'ਤੇ
ਸਿਕਿਉਰਟੀ ਸਿਸਟਮ
ਲਵਾਓ ਅਤੇ ਨਿਸ਼ਚਿੰਤ ਹੋ ਜਾਓ



Watch your business from anywhere on
iPhone
with our new technology

ਵਾਜਬ ਕੀਮਤ, ਸਹੀ ਕੰਮ

Financing & Lease Options For 12, 24, 36 Months Available.

DVR UNLIMITED
Call : 1-800-780-0032, www.dvrunlimited.com

Chevron, Denny's, Shell, QuikStop, 7 Eleven, Valero, am pm, Quiznos Sub, 76, Holiday Inn, La Quinta Inns & Suites, Jack in the box, Comfort Inn, Burger King

# ਯੂਨਾਈਟਿਡ ਸਪੋਰਟਸ ਕਲੱਬ (ਕੈਲੀਫੋਰਨੀਆ)

## ਧੰਨਵਾਦ! ਧੰਨਵਾਦ!! ਕਬੱਡੀ ਕੱਪ 2010 ਧੰਨਵਾਦ! ਧੰਨਵਾਦ!!

ਯੂਨਾਈਟਿਡ ਸਪੋਰਟਸ ਕਲੱਬ ਉਨ੍ਹਾਂ ਸਭ ਖਿਡਾਰੀਆਂ, ਖੇਡ ਪ੍ਰੇਮੀਆਂ, ਖੇਡ ਪ੍ਰੋਮੋਟਰਾਂ ਅਤੇ ਸਪਾਂਸਰਾਂ ਦਾ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਨੇ ਹੇਵਰਡ ਵਿਚ 25 ਸਤੰਬਰ ਨੂੰ ਕਰਵਾਏ ਗਏ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਸਾਨੂੰ ਭਰਪੂਰ ਸਮਰਥਨ ਦਿੱਤਾ। ਉਨ੍ਹਾਂ ਦੇ ਸਹਿਯੋਗ ਬਿਨਾਂ ਇਹ ਕਬੱਡੀ ਕੱਪ ਕਾਮਯਾਬ ਨਹੀਂ ਸੀ ਹੋ ਸਕਣਾ।

ਇਸ ਕਬੱਡੀ ਮੇਲੇ ਦੌਰਾਨ ਜੇ ਕਿਸੇ ਵੀ ਸੱਜਣ ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ ਹੋਈ ਹੋਵੇ ਤਾਂ ਅਸੀਂ ਆਪ ਜੀ ਕੋਲੋਂ ਮੁਆਫੀ ਚਾਹੁੰਦੇ ਹਾਂ। ਅਸੀਂ ਆਪ ਜੀ ਨਾਲ ਵਾਅਦਾ ਕਰਦੇ ਹਾਂ ਕਿ ਭਵਿੱਖ ਵਿਚ ਵੀ ਤੁਹਾਡੇ ਸਹਿਯੋਗ ਨਾਲ ਰਹਿ ਗਈਆਂ ਕਮੀਆਂ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਉਚ ਪੱਧਰੀ ਕਬੱਡੀ ਕੱਪ ਕਰਵਾਵਾਂਗੇ ਜਿਸ ਵਿਚ ਦਰਸ਼ਕਾਂ ਦੇ ਬੈਠਣ ਵਾਸਤੇ ਪਹਿਲ ਦੇ ਆਧਾਰ 'ਤੇ ਸੀਟਾਂ ਮੁਹੱਈਆ ਕਰਾਂਗੇ। ਕਬੱਡੀ ਦੇ ਹੋਰ ਵੀ ਨਾਮੀ ਖਿਡਾਰੀ ਸੱਦਾਂਗੇ ਅਤੇ ਧੁੱਪ ਛਾਂ ਦਾ ਖਿਆਲ ਰੱਖਦੇ ਹੋਏ ਕਿਸੇ ਵਧੀਆ ਸਟੇਡੀਅਮ ਵਿਚ ਜਾਂ ਕੈਨੇਡਾ ਵਾਂਗ ਇਨਡੋਰ ਸਟੇਡੀਅਮ ਵਿਚ ਖੇਡਾਂ ਕਰਵਾਵਾਂਗੇ। ਆਪ ਸਭ ਦਾ ਸਾਥ ਸਾਡੇ ਨਾਲ ਰਹੇਗਾ, ਸਾਨੂੰ ਇਹੋ ਉਮੀਦ ਹੈ।





## ਸਾਡੇ ਮਾਣਯੋਗ ਦਾਨੀ ਸੱਜਣ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਬੱਡੀ ਕੱਪ ਨੇਪਰੇ ਚੜ੍ਹਿਆ

### Plattinum Sponsor

Amolak S Gakhal, Iqbal S Gakhal, Palwinder Gakhal
Jugraj and Narinder S. Sahota (Ist Prize)
Kuldeep Singh (Buta) – Sacramento (2nd Prize)
Kuldip S. Dhaliwal (3rd Prize)
Makhan S. Bains & Giani Ravinder Singh
Gurdawar S. Mann & Kuldip S. Mann
Diamond Transportation-Stockton
Gurdev S. Sohal- Sacramento
Radio Chardi Kala-Fremont
Randhir S. Nijjar
Paramjit S. Lidhar
Tut Brothers –Watsonville
Mangal S. Bhandal-Watsonville
Kulwant S. Nijjar
Davinder S. Rania & Raja
Northern Sports Club
Gurdial S. Dhillon
Raj Bhanot- Hindhu Mandir, Sunnyvale
Lashar Brothers
Amarjeet S. Sangha
Baljit S. Sahota
Raghbir S Gakhal( Kala Gakhal)
LTA Brothers TruckingTurlock
RSI -Insurance
Western Trucking
Indo-American Senior Center

### Gold Sponsor

Jassi Gill (Golden Reality)
Kuldip S. Dhaliwal
Santa Clara Sports Club
Dalwinder S. Padda
Amaritpal S. Nijjar
Surinder Pal S. Nijjar
Gill Insurance- Cruthers
Surjit S. Sandhu (SS Trucking)
Sewa Singh Sidhwan Dona
Pal Singh Sahota
Mohinder S. Kaler
Brij Mohan-Classic Reality
Granite Gallery
Stop & Shop (Vikarm Singh)
Inderjit S. Thind
Surinder S. Atwal
Rajinder S. Randhawa, American Asso Inc.
American Reality and Business Corp
Balbir S. Bhatia
Avtar S. Saran
Major S. Brar
Amrik Chand CPA
Bhupinder S. Parmar
Avtar S. Bains- Salinas
Balwinder Singh USA Towing (Salinas)

### *Silver Sponsor*

Bains Accountancy Corp, Gurjinderpal S Rai, Jagtar S. Sran, Harvinder S. Dhaliwal, Davinder Singh Channa, Harbhajan S. Gakhal, Pritam S. Grewal, Sarwan Singh- Stockton, Tirth S. Sahota, Kala Tracy, Joga S. Gakhal, Pritam S. Grewal (Jodhan Mansooran), Surjit Singh Nijjar, Paramjit S. Khera- Folsom, Sunny Kumar (Al Liquor & Food Mart), Harbhajan S. Gakhal, Balraj Singh- San Jose, Sukhi Ghuman- Bakersfield, Amar Kooner- USI Network, Gurdev S. Nahal- Sacramento, Rana Kahlon- Commissioner, Manjit Singh & Mehanga S. Sarpanch, Sucha Ram Bharta, Randhir S. Kang, Joga Singh & Ajitpal S. Shergill, Sohan Singh Gakhal, Major S. Gakhal, Jagga Gakhal -Econo Liqour, Paramjit S. Sandhu- Head Coach, Kabal S. Tut, Bhinder S. Sandhu, Baljog S. Sandhu, Dilbagh S. Sandhu, Ravinderjit S. Sandhu- Gandhi, Mr. Basti Danshmanda, Bakhtawar S. Gakhal, Raghbir S. Shergill, Surjit S. Nijjar, Mangal S. Dhillon, Gurmeet Singh Khalsa, Avtar S. Harry, Kuljeet S. Rai, Ram Murti, Jagtar Singh, Dalwinder S. Dhoot, Kulwinder S Sangha, Dharmpal Mahi, AAA Car Repair & Body Shop, Gurdarshan (Garry) Grewal, Kesar S. Gosal, Baldeep S Hundal, Pardeep S. Dhillon, Gurdeep S. Dhillon, Satwinder S. Atwal, Tirth S. Sall, Surjit S. Nijjar, Dalwinder S. Gill, Rashpal S. Buttar, Mandir Singh, Harnek S. Sanghera, Sarabjit S. Dhaliwal, Lali Dhaliwal, Satpal Singh Sarpanch, Pargan S. Padda, Surinder S. Dhillon, Dhanna Bhalwan, Dalvir S. Hothi, Bharpur Singh Jarg, Bhupinder (Bob) Dhillon, Hardev Singh Takhar, Surjit Surjit S. Bains, Avtar Singh Tari, Shankar Singh, Jarnail S Mann, Saroay Investment Reality, Gwp Holdings LLC, C& C Liqour (Sabi)

# United Sports Club, California

33372 Palomino Com., Fremont, CA 94555, Ph:510-468-9381 or e-mail:2gsmann@gmail.com

# ਆਪਣੇ ਸਮੇਂ ਦਾ ਮਹਾਨ ਧਾਵੀ
# ਸਰਵਣ ਸਿੰਘ ਬੱਲ

**ਪਿਛਲੇ ਦਿਨੀਂ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਹੇਵਰਡ ਦੇ ਕੈਲ ਸਟੇਟ ਸਟੇਡੀਅਮ ਵਿਚ ਯਾਦਗਾਰੀ ਕਬੱਡੀ ਮੇਲਾ ਕਰਵਾਇਆ ਗਿਆ। ਆਪਣੇ ਸਮੇਂ ਦੇ ਮਹਾਨ ਕਬੱਡੀ ਖਿਡਾਰੀ ਅਤੇ ਹੁਣ ਰਿਟਾਇਰਡ ਡਿਸਟ੍ਰਿਕਟ ਕੋਚ ਸ. ਸਰਵਣ ਸਿੰਘ ਬੱਲ ਉਚੇਚਾ ਮੁੱਖ ਮਹਿਮਾਨ ਵਜੋਂ ਪਹੁੰਚੇ। ਉਹ ਕਰੀਬ ਹਫਤਾ ਭਰ ਕੈਲੀਫੋਰਨੀਆ ਰੁਕੇ। ਇਸ ਦੌਰਾਨ ਸ. ਗੁਰਦਾਵਰ ਸਿੰਘ ਮਾਨ ਨੇ ਪੰਜਾਬ ਟਾਈਮਜ਼ ਦੀ ਤਰਫੋਂ ਉਨ੍ਹਾਂ ਨਾਲ ਇਕ ਮੁਲਾਕਾਤ ਕੀਤੀ। ਪੇਸ਼ ਹਨ ਇਸ ਮੁਲਾਕਾਤ ਦੇ ਕੁਝ ਅੰਸ਼:**

**ਸਵਾਲ–** ਬੱਲ ਸਾਹਿਬ, ਆਪਣੇ ਪਿਛੋਕੜ ਅਤੇ ਆਪਣੇ ਖੇਡ ਜ਼ਮਾਨੇ ਬਾਰੇ ਕੁਝ ਦੱਸੋ?

**ਜਵਾਬ–** ਮੈਂ ਜ਼ਿਲਾ ਕਪੂਰਥਲਾ ਦੇ ਛੋਟੇ ਜਿਹੇ ਪਿੰਡ ਰਮੀਦੀ ਤੋਂ ਹਾਂ। ਪਿੰਡ ਦੀ ਸੱਥ ਵਿਚ ਕਬੱਡੀ ਖੇਡਣ ਪਿਛੋਂ ਕਰੀਬ 1955-56 ਵਿਚ ਮੈਂ ਪਿੰਡ ਪੱਧਰ ਤੋਂ ਉਪਰ ਉਠ ਕੇ ਜ਼ਿਲੇ ਦੀ ਟੀਮ ਵਿਚ ਖੇਡਣਾ ਸ਼ੁਰੂ ਕੀਤਾ। ਫਿਰ ਸਕੂਲਾਂ-ਕਾਲਜਾਂ ਵਿਚੋਂ ਦੀ ਹੁੰਦਾ ਹੋਇਆ ਨੈਸ਼ਨਲ ਟੀਮ ਵਿਚ ਪਹੁੰਚਿਆ। 1967-68 ਤੱਕ ਕਰੀਬ 10-11 ਸਾਲ ਅੱਵਲ ਦਰਜੇ ਦੀ ਕਬੱਡੀ ਖੇਡੀ।

**ਸਵਾਲ–** ਤੁਹਾਡੇ ਸਮੇਂ ਦੇ ਕੁਝ ਵੱਡੇ ਖਿਡਾਰੀ?

**ਜਵਾਬ–** ਤੋਖੀ ਮਾਨਾਗੜ੍ਹੀਆ, ਮਹਿੰਦਰ ਬੋਲਾ, ਸਾਧ ਅੰਬਰਸਰੀਆ ਅਤੇ ਤੋਖੀ ਅੰਬਾਲੀਆ ਵੱਡੇ ਖਿਡਾਰੀ ਸਨ।

**ਸਵਾਲ–** ਸੁਣਿਐ ਤੁਸੀਂ ਵੀ ਆਪਣੇ ਵੇਲੇ ਦੇ ਬਹੁਤ ਵੱਡੇ ਰੇਡਰ ਸਉ?

**ਜਵਾਬ–** ਹਾਂ ਕਬੱਡੀ ਖੇਡਦਿਆਂ ਧਾਵੀ ਵਜੋਂ ਵਾਹਿਗੁਰੂ ਦੀ ਮਿਹਰ ਨਾਲ ਮੇਰੀ ਵੀ ਚੰਗੀ ਝੰਡੀ ਰਹੀ ਹੈ। ਜਿਥੋਂ ਤੱਕ ਮੈਨੂੰ ਯਾਦ ਹੈ, ਕਬੱਡੀ ਖੇਡਦਿਆਂ ਮੈਨੂੰ ਸਿਰਫ ਤਿੰਨ ਜੱਫੇ ਲੱਗੇ ਜਿਨ੍ਹਾਂ ਵਿਚੋਂ ਇਕ ਜੱਫਾ ਮਹਿੰਦਰ ਬੋਲੇ ਨੇ ਸਾਹਮਣੇ ਹੋ ਕੇ ਲਾਇਆ ਅਤੇ ਦਰਸ਼ਕਾਂ ਦੀ ਵਾਹ ਵਾਹ ਵੀ ਰੱਜ ਕੇ ਖੱਟੀ।

**ਸਵਾਲ–** ਆਪਣੇ ਖਿਡਾਰੀ ਜੀਵਨ ਦੀ ਕੋਈ ਅਭੁੱਲ ਯਾਦ?

**ਜਵਾਬ–** ਜੂਨ 1958 ਦੀ ਗੱਲ ਹੈ, ਹਿਮਾਚਲ ਦੇ ਚੈਲ ਪਹਾੜੀ ਸੈਰ ਕੇਂਦਰ ਵਿਚ ਖੇਡ ਮੇਲਾ ਸੀ। ਉਦੋਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਇਸ ਮੇਲੇ ਵਿਚ ਪਹੁੰਚੇ ਹੋਏ ਸਨ। ਸੈਮੀਫਾਈਨਲ ਭਾਵੇਂ ਅਸੀਂ ਜਿੱਤ ਗਏ ਪਰ ਮੇਰੇ ਗਿੱਟੇ ਉਤੇ ਸੱਟ ਲੱਗ ਗਈ। ਡਿਪਟੀ ਕਮਿਸ਼ਨਰ ਸਾਹਿਬ ਬੜੇ ਪ੍ਰੇਸ਼ਾਨ ਹੋਏ ਕਿ ਹੁਣ ਇਹ ਖੇਡ ਨਹੀਂ ਸਕੇਗਾ ਅਤੇ ਅਸੀਂ ਹਾਰ ਜਾਵਾਂਗੇ। ਪਰ ਹੋਇਆ ਇਹ ਕਿ ਮੇਰੇ ਸੱਟ ਲੱਗਣ ਦਾ ਲਾਗੇ ਹੀ ਇਕ ਟੈਂਟ ਵਿਚ ਠਹਿਰੇ ਹੋਏ ਪਹਿਲਵਾਨ ਦਾਰਾ ਸਿੰਘ ਨੂੰ ਪਤਾ ਲੱਗਾ। ਉਸ ਨੇ ਕਾਹਲੀ ਨਾਲ ਲੱਠੇ ਦਾ ਕੱਪੜਾ ਮੰਗਵਾਇਆ ਅਤੇ ਆਇਓਡੈਕਸ ਨਾਲ ਮਾਲਿਸ਼ ਕਰਕੇ ਘੁੱਟ ਕੇ ਬੰਨ ਦਿੱਤਾ। ਉਪਰ ਪਾਣੀ ਪਾ ਕੇ ਕੱਪੜੇ ਨੂੰ ਗਿੱਲਾ ਕਰ ਦਿੱਤਾ। ਇਸ ਨਾਲ ਥੋੜ੍ਹੇ ਸਮੇਂ ਮਗਰੋਂ ਪਾਣੀ ਸੁੱਕ ਗਿਆ ਅਤੇ ਕੱਪੜੇ ਨੇ ਪਲਸਤਰ ਦਾ ਕੰਮ ਕੀਤਾ। ਸੋਜ ਤੋਂ ਬਚਾਅ ਹੋ ਗਿਆ। ਮੈਂ ਬਿਨਾਂ ਕਿਸੇ ਮੁਸ਼ਕਿਲ ਦੇ ਖੇਡ ਸਕਿਆ ਅਤੇ ਅਸੀਂ ਮੈਚ ਜਿੱਤ ਗਏ। ਕੈਰੋਂ ਸਾਹਿਬ ਅਤੇ ਪੰਡਤ ਨਹਿਰੂ ਬੜੇ ਪ੍ਰਭਾਵਿਤ ਹੋਏ। ਸਟੇਜ ਉਤੇ ਉਚੇਚਾ ਬੁਲਾ ਕੇ ਬੜਾ ਮਾਣ ਸਤਿਕਾਰ ਦਿੱਤਾ।



*ਸ. ਸਰਵਣ ਸਿੰਘ ਬੱਲ*

**ਸਵਾਲ–** ਅਕਸਰ ਇਹ ਗੱਲ ਕਹੀ ਜਾਂਦੀ ਹੈ ਕਿ ਕੈਰੋਂ ਸਰਵਣ ਦੀ ਮੱਝ ਸੀ। ਤੁਸੀਂ ਕੀ ਕਹੋਗੇ?

**ਜਵਾਬ–** ਚੈਲ ਵਾਲੇ ਟੂਰਨਾਮੈਂਟ ਤੋਂ ਬਾਅਦ ਅਸੀਂ ਆਪਣੇ ਪਿੰਡ ਟੂਰਨਾਮੈਂਟ ਕਰਵਾਇਆ। ਉਥੇ ਵੀ ਕੈਰੋਂ ਸਾਹਿਬ ਮੁੱਖ ਮਹਿਮਾਨ ਸਨ ਅਤੇ ਉਨ੍ਹਾਂ ਇਨਾਮ ਵੰਡੇ। ਉਹ ਸਾਡੀ ਖੇਡ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਆਪਣੇ ਪਿੰਡ ਚੈਂਪੀਅਨਸ਼ਿਪ ਰੱਖ ਦਿੱਤੀ। ਅਸੀਂ ਬੜੇ ਸਖਤ ਮੁਕਾਬਲਿਆਂ ਵਿਚੋਂ ਦੀ ਹੁੰਦੇ ਹੋਏ ਫਾਈਨਲ ਵਿਚ ਰੋਹਤਕ ਨਾਲ ਭਿੜੇ ਅਤੇ ਜਿੱਤ ਹਾਸਲ ਕੀਤੀ। ਇਨਾਮ ਵਜੋਂ ਸਾਨੂੰ ਬਰੀਫਕੇਸ ਦਿੱਤੇ ਗਏ। ਪਿੰਡ ਦੇ ਇਕ ਬਜ਼ੁਰਗ ਨੇ ਮੇਰਾ ਬਰੀਫਕੇਸ ਖਾਲੀ ਦੇਖ ਕੇ ਕੈਰੋਂ ਸਾਹਿਬ ਨੂੰ ਟਿੱਚਰ ਕੀਤੀ, "ਭਾਊ, ਅੱਜ ਤੈਨੂੰ ਇਹ ਸੂਟਕੇਸ ਭਰ ਕੇ ਦੇਣਾ ਚਾਹੀਦਾ ਸੀ, ਤੂੰ ਖਾਲੀ ਦਿੱਤਾ।" ਇਸ ਤੋਂ ਬਾਅਦ ਕੈਰੋਂ ਸਾਹਿਬ ਨੇ ਦਸਾਂ ਦਿਨਾਂ ਦੇ ਅੰਦਰ ਅੰਦਰ ਡੀ ਸੀ ਨੂੰ ਆਰਡਰ ਕਰ ਦਿਤੇ ਅਤੇ ਡੀ ਸੀ ਸਾਹਿਬ ਮੇਰੇ ਘਰ ਮੱਝ ਬੰਨ੍ਹ ਗਏ। ਇਸ ਪਿਛੋਂ ਆਮ ਲੋਕ ਕਹਿਣ ਲੱਗ ਪਏ, ਕੈਰੋਂ ਸਰਵਣ ਦੀ ਮੱਝ ਹੈ।

**ਸਵਾਲ–** ਬੱਲ ਸਾਹਿਬ, ਤੁਸੀਂ ਇਕ ਗਜ਼ਟਿਡ ਅਫਸਰ ਵੀ ਰਹੇ ਹੋ, ਉਸ ਬਾਰੇ ਕੁਝ ਦੱਸੋ?

**ਜਵਾਬ–** ਮੇਰੀ ਖੇਡ ਤੋਂ ਖੁਸ਼ ਹੋ ਕੇ ਪੰਜਾਬ ਸਰਕਾਰ ਨੇ ਸਾਰੇ ਕਾਨੂੰਨ ਪਾਸੇ ਰੱਖ ਕੇ ਮੇਰਾ ਵਜ਼ੀਫਾ ਲਾਇਆ ਕਿਉਂਕਿ ਕਬੱਡੀ ਦੀ ਪਹਿਚਾਣ ਰਾਸ਼ਟਰੀ ਖੇਡਾਂ ਦੇ ਮੁਕਾਬਲੇ ਬਿਲਕੁਲ ਨਹੀਂ ਸੀ। ਪਰ ਫਿਰ ਵੀ ਮੈਂ ਪਹਿਲਾ ਖਿਡਾਰੀ ਸੀ ਜਿਸ ਦਾ ਵਜ਼ੀਫਾ ਲਾਇਆ ਗਿਆ। ਖੇਡਾਂ ਦੀ ਬਿਹਤਰੀ ਲਈ ਮੈਂ ਪਹਿਲਾ ਖਿਡਾਰੀ ਸੀ ਜਿਸ ਨੂੰ ਡਿਸਟ੍ਰਿਕਟ ਕੋਚ ਲਾਇਆ ਗਿਆ। ਬਾਅਦ ਵਿਚ ਮੈਂ ਨੈਸ਼ਨਲ ਕੋਚ ਵੀ ਬਣਿਆ ਅਤੇ 1996 'ਚ ਮੈਂ ਰਿਟਾਇਰ ਹੋਇਆ।

**ਸਵਾਲ–** ਤੁਹਾਡੇ ਵੇਲਿਆਂ ਦਾ ਕੋਈ ਹੋਰ ਖਿਡਾਰੀ ਉਚ ਅਹੁਦੇ 'ਤੇ ਪਹੁੰਚਿਆ?

**ਜਵਾਬ–** ਸੰਨ 1963 ਵਿਚ ਇਲਾਹਾਬਾਦ 'ਚ ਕੌਮੀ ਪੱਧਰ 'ਤੇ ਖੇਡਦਿਆਂ ਸਾਡਾ ਮੁਕਾਬਲਾ ਮਹਾਰਾਸ਼ਟਰ ਦੀ ਟੀਮ ਨਾਲ ਹੋਇਆ। ਇਸ ਟੀਮ ਵਿਚ ਸ਼ਰਦ ਯਾਦਵ ਮਹਾਰਾਸ਼ਟਰ ਦੀ ਟੀਮ ਵਿਚ ਖੇਡਿਆ। ਸ਼ਰਦ ਯਾਦਵ ਬਾਅਦ ਵਿਚ ਮਹਾਰਾਸ਼ਟਰ ਦਾ ਮੁੱਖ ਮੰਤਰੀ ਬਣਿਆ ਅਤੇ ਕੇਂਦਰੀ ਮੰਤਰੀ ਵੀ।

**ਸਵਾਲ–** ਵਿਦੇਸ਼ ਆਉਣ-ਜਾਣ ਦਾ ਸਬੱਬ ਕਿਵੇਂ ਬਣਿਆ?

**ਜਵਾਬ–** 1972-73 ਵਿਚ ਮਹਿੰਦਰ ਮੌੜ ਦੇ ਸੱਦੇ ਉਤੇ ਪਹਿਲੀ ਵਾਰ ਇੰਗਲੈਂਡ ਪੰਜਾਬ ਸਰਕਾਰ ਦੀ ਤਰਫੋਂ ਕਬੱਡੀ ਟੀਮ ਲੈ ਕੇ ਪਹੁੰਚਿਆ। ਉਦੋਂ ਕਬੱਡੀ ਦੀ ਪਹਿਚਾਣ ਅਜੇ ਬਹੁਤੀ ਨਾ ਬਣੀ ਹੋਣ ਕਰਕੇ ਅੰਬੈਸੀ ਨੇ ਵੀਜ਼ਾ ਦੇਣ ਲੱਗਿਆਂ ਬਹੁਤ ਖੱਜਲ ਖੁਆਰ ਕੀਤਾ ਪਰ ਫਿਰ ਵਿਦੇਸ਼ ਮੰਤਰੀ ਸਵਰਨ ਸਿੰਘ ਨੇ ਆਪ ਅੰਬੈਸੀ ਨਾਲ ਰਾਬਤਾ ਕਾਇਮ ਕਰਕੇ ਵੀਜ਼ੇ ਦੁਆਏ। ਇੰਗਲੈਂਡ ਤੋਂ ਪਿਛੋਂ 1975 ਵਿਚ ਸਿੰਗਾਪੁਰ ਤੇ 1990 ਵਿਚ ਪਹਿਲੀ ਵਾਰ ਕੈਨੇਡਾ ਟੀਮ ਲੈ ਕੇ ਪਹੁੰਚੇ। 1991 ਵਿਚ ਸ. ਦੀਦਾਰ ਸਿੰਘ ਬੈਂਸ ਦੇ ਸੱਦੇ ਉਤੇ ਟੀਮ ਲੈ ਕੇ ਅਮਰੀਕਾ ਆਏ। ਵੈਸੇ ਪਾਕਿਸਤਾਨ, ਆਸਟਰੇਲੀਆ ਅਤੇ ਬੰਗਲਾਦੇਸ਼ ਵੀ ਟੀਮਾਂ ਲੈ ਕੇ ਜਾਣ ਦਾ ਮੌਕਾ ਮਿਲਿਆ ਹੈ।

**ਸਵਾਲ–** ਯੂਨਾਈਟਿਡ ਸਪੋਰਟਸ ਕਲੱਬ ਦੇ ਕਬੱਡੀ ਮੇਲੇ ਵਿਚ ਸ਼ਾਮਲ ਹੋ ਕੇ ਕਿਵੇਂ ਲੱਗਾ?

**ਜਵਾਬ–** ਵੈਸੇ ਕਬੱਡੀ ਮੇਲਿਆਂ ਵਿਚ ਮੁੱਖ ਮਹਿਮਾਨ ਬਣਨ ਦਾ ਪਹਿਲਾਂ ਵੀ ਕਈ ਵਾਰ ਸਬੱਬ ਬਣਿਆ ਪਰ ਜੋ ਖੁਸ਼ੀ ਇਸ ਮੇਲੇ ਵਿਚ ਸ਼ਾਮਲ ਹੋ ਕੇ ਮਿਲੀ ਉਸ ਦਾ ਵਰਣਨ ਕਰਨਾ ਸੰਭਵ ਨਹੀਂ। ਸਮੁੱਚੇ ਕਲੱਬ ਅਤੇ ਖਾਸ ਕਰ ਇਸ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਮੇਰੀ ਜੋ ਆਓ-ਭਗਤ ਕੀਤੀ, ਉਹ ਤਾਂ ਹਮੇਸ਼ਾ ਯਾਦ ਰਹੇਗੀ ਹੀ ਪਰ ਇਸ ਕਬੱਡੀ ਮੇਲੇ ਦਾ ਪ੍ਰਬੰਧ ਅਤੇ ਇਸ ਵਿਚ ਹੋਏ ਮੈਚ ਵੀ ਵਾਕਿਆ ਹੀ ਕਾਬਲੇ ਤਾਰੀਫ ਸਨ। ਮੇਲੇ ਵਿਚ ਸ਼ਾਮਲ ਹੋਏ ਖਿਡਾਰੀ, ਪ੍ਰੋਮੋਟਰ ਅਤੇ ਦਰਸ਼ਕ-ਸਾਰੇ ਹੀ ਵਧਾਈ ਦੇ ਪਾਤਰ ਹਨ।

**ਸਵਾਲ–** ਖਿਡਾਰੀਆਂ ਨੂੰ ਕੋਈ ਸੁਨੇਹਾ?

**ਜਵਾਬ–** ਖਿਡਾਰੀ ਨਸ਼ੇ-ਪੱਤੇ ਤੋਂ ਦੂਰ ਰਹਿਣ। ਖੇਡ ਨੂੰ ਖੇਡ ਭਾਵਨਾ ਨਾਲ ਖੇਡਣ ਨਾ ਕਿ ਸਿਰਫ ਜਿੱਤਣ ਤੇ ਹਰਾਉਣ ਲਈ। ਪ੍ਰਬੰਧਕ ਵੀ ਖੇਡਾਂ ਖੇਡ ਪ੍ਰੇਮ ਕਰਕੇ ਕਰਵਾਉਣ ਨਾ ਕਿ ਸਿਰਫ ਆਪਣੀ ਬੱਲੇ ਬੱਲੇ ਕਰਵਾਉਣ ਲਈ। ਖੇਡ ਤੇ ਖੇਡ ਪ੍ਰਬੰਧ ਚੰਗੇ ਹੋਣਗੇ ਤਾਂ ਬੱਲੇ ਬੱਲੇ ਆਪੇ ਹੀ ਹੋ ਜਾਏਗੀ।










# ਮੁੱਦਾ ਮੰਦਰ ਦਾ ਨਹੀਂ ਭਵਿੱਖ 'ਚ ਲੱਗਣ ਵਾਲੇ ਚੜ੍ਹਾਵੇ ਦੇ ਢੇਰਾਂ ਦਾ

**ਜਤਿੰਦਰ ਪਨੂੰ**

ਸਤੰਬਰ ਦੀ ਤੀਹ ਤਰੀਕ ਦੀ ਸਵੇਰ ਵੇਲੇ ਹਰ ਕੋਈ ਇਸ ਗੱਲੋਂ ਘੱਟ ਜਾਂ ਵੱਧ ਫਿਕਰਮੰਦ ਸੀ ਕਿ ਅੱਜ ਦੀ ਸ਼ਾਮ ਪਤਾ ਨਹੀਂ ਕਿਹੋ ਜਿਹੀ ਹੋਵੇਗੀ? ਕੇਂਦਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਵਲੋਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਦੀ ਜਿੰਨੀ ਜਾਣਕਾਰੀ ਦਿੱਤੀ ਜਾ ਰਹੀ ਸੀ, ਉਸ ਨਾਲ ਚਿੰਤਾ ਘੱਟ ਹੋਣ ਦੀ ਥਾਂ ਹੋਰ ਵੀ ਲੁਕਵੇਂ ਸਹਿਮ ਦਾ ਮਾਹੌਲ ਬਣਦਾ ਮਹਿਸੂਸ ਕੀਤਾ ਜਾ ਰਿਹਾ ਸੀ। ਕਾਰਨ ਇੱਕੋ ਸੀ ਕਿ ਬਾਬਰੀ ਮਸਜਿਦ ਅਤੇ ਰਾਮ ਜਨਮ ਭੂਮੀ ਵਾਲੇ ਝਗੜੇ ਦਾ ਅਦਾਲਤੀ ਹੁਕਮ ਉਸ ਦਿਨ ਆਉਣਾ ਸੀ। ਕੇਂਦਰ ਦੇ ਆਗੂ ਭਾਵੇਂ ਸਾਰੀਆਂ ਪਾਰਟੀਆਂ ਦੇ ਕਹਿੰਦੇ ਸਨ ਕਿ ਉਹ ਅਦਾਲਤੀ ਫੈਸਲੇ ਦਾ ਸਤਿਕਾਰ ਕਰਨਗੇ ਪਰ ਕੁਝ ਪਾਰਟੀਆਂ ਅੰਦਰਲੇ ਹੇਠਲੇ ਆਗੂ ਇਹ ਕਹਿਣ ਤੱਕ ਵੀ ਚਲੇ ਜਾਂਦੇ ਸਨ ਕਿ ਫੈਸਲਾ ਆਉਣ 'ਤੇ ਹੀ ਉਹ ਇਸ ਬਾਰੇ ਕੁਝ ਕਹਿਣਗੇ। ਏਦਾਂ ਦੇ ਵੀ ਸਨ, ਜਿਹੜੇ ਇਹ ਨਹੀਂ ਸਨ ਕਹਿੰਦੇ ਕਿ ਉਹ ਫੈਸਲਾ ਨਹੀਂ ਮੰਨਣਗੇ, ਪਰ ਇਹ ਵੀ ਕਹੀ ਜਾਂਦੇ ਸਨ ਕਿ ਆਪਣੇ ਧਰਮ ਦੇ ਹਿੱਤ ਵਿਚ ਉਹ ਜੋ ਵੀ ਜ਼ਰੂਰੀ ਹੋਇਆ, ਕਰਨ ਲਈ ਤਿਆਰ ਹਨ। ਆਪੋ-ਆਪਣੇ ਮਨ ਵਿਚ ਉਹ ਕੀ ਧਾਰ ਕੇ ਬੈਠੇ ਸਨ, ਇਹ ਤਾਂ ਕੋਈ ਨਹੀਂ ਜਾਣਦਾ ਪਰ ਭਰੋਸਾ ਕਿਸੇ ਨੂੰ ਨਹੀਂ ਸੀ ਕਿ ਇਹ ਦਿਨ ਸੁੱਖ ਸ਼ਾਂਤੀ ਦਾ ਜ਼ਾਮਨ ਬਣ ਜਾਵੇਗਾ।

ਅਦਾਲਤੀ ਹੁਕਮ ਉਹ ਆਇਆ, ਜਿਸ ਦਾ ਕਿਸੇ ਨੂੰ ਕਿਆਸ ਵੀ ਨਹੀਂ ਸੀ। ਕਿਸੇ ਵੀ ਧਿਰ ਨੂੰ ਇਹ ਹੁਕਮ ਕੁਹਾੜੇ ਦੀ ਸੱਟ ਵਰਗਾ ਨਹੀਂ ਲੱਗਾ ਤੇ ਕੋਈ ਧਿਰ ਇਹ ਨਹੀਂ ਕਹਿ ਸਕਦੀ ਕਿ ਸਾਰਾ ਕੁਝ ਉਸੇ ਦੀ ਝੋਲੀ ਪੈ ਗਿਆ ਹੈ। ਵੱਡੇ ਸੰਤੁਲਨ ਵਾਲੇ ਇਸ ਹੁਕਮ ਨਾਲ ਕਈ ਗੱਲਾਂ ਉਤੇ ਇੱਕੋ ਵੇਲੇ ਮੋਹਰ ਲਾ ਦਿੱਤੀ ਗਈ। ਯਥਾਰਥ ਦਾ ਖਿਆਲ ਵੀ ਕੁਝ ਹੱਦ ਤੱਕ ਰੱਖ ਲਿਆ ਤੇ ਮਾਨਸਿਕਤਾ ਦਾ ਵੀ। ਫੈਸਲਾ ਇਹ ਤਿੰਨਾਂ ਜੱਜਾਂ ਦੀ ਸਰਬ ਸੰਮਤੀ ਦਾ ਨਹੀਂ ਸੀ ਤੇ ਇਕ ਜੱਜ ਦਾ ਤਾਂ ਬਹੁਤ ਸਾਰੇ ਸਵਾਲਾਂ 'ਤੇ ਦੂਜਿਆਂ ਦੋਵਾਂ ਨਾਲੋਂ ਮੀਲਾਂ ਦਾ ਪਾੜਾ ਸੀ। ਫਿਰ ਵੀ ਕੁਝ ਗੱਲਾਂ ਦੀ ਸਰਬਸੰਮਤੀ ਤੇ ਕੁਝ 'ਤੇ ਦੋ-ਇਕ ਦੀ ਬਹੁ-ਸੰਮਤੀ ਨਾਲ ਮਾਮਲਾ ਮੁੱਕਣ ਦਾ ਰਾਹ ਖੁੱਲ੍ਹ ਗਿਆ। ਹੁਣ ਭਾਵੇਂ ਕੁਝ ਧਿਰਾਂ ਇਹ ਕਹਿ ਰਹੀਆਂ ਹਨ ਕਿ ਉਹ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣਗੀਆਂ, ਇਹ ਉਨ੍ਹਾਂ ਦਾ ਕਾਨੂੰਨੀ ਹੱਕ ਵੀ ਹੈ ਪਰ ਉਥੇ ਪਹੁੰਚ ਕੇ ਵੀ ਇਸ ਤੋਂ ਵੱਖਰੇ ਮੋੜ ਦੀ ਆਸ ਘੱਟ ਹੀ ਜਾਪਦੀ ਹੈ।

ਇਹ ਗੱਲ ਦੋ ਜੱਜ ਸਾਹਿਬਾਨ ਨੇ ਮੰਨ ਲਈ ਕਿ ਝਗੜੇ ਵਾਲੀ ਇਸ ਥਾਂ ਦੀ ਮਾਲਕੀ ਦਾ ਪੁਖਤਾ ਸਬੂਤ ਕੋਈ ਵੀ ਧਿਰ ਪੇਸ਼ ਨਹੀਂ ਕਰ ਸਕੀ। ਬਾਬਰੀ ਮਸਜਿਦ ਨੂੰ ਬਾਬਰ ਨੇ ਬਣਾਇਆ ਹੋਵੇ ਜਾਂ ਉਸ ਦੇ ਕਿਸੇ ਅਹਿਲਕਾਰ ਨੇ ਜਾਂ ਫਿਰ ਉਸ ਤੋਂ ਬਾਅਦ ਦੇ ਕਿਸੇ ਬਾਬਰ-ਭਗਤ ਨੇ, ਪਰ ਇਹ ਗੱਲ ਸਾਫ ਹੈ ਕਿ ਉਹ ਬਣੀ ਉਸ ਜ਼ਮੀਨ 'ਤੇ ਸੀ, ਜਿਸ ਦੀ ਮਾਲਕੀ ਮੁਲਕ ਦੇ ਬਾਦਸ਼ਾਹ ਵਜੋਂ ਤਾਂ ਭਾਵੇਂ ਬਾਬਰ ਦੀ ਮੰਨੀ ਜਾਵੇ, ਉਂਜ ਉਸ ਦੀ ਜਾਂ ਉਸ ਦੇ ਕਿਸੇ ਪੈਰੋਕਾਰ ਦੀ ਕਾਨੂੰਨੀ ਮਾਲਕੀ ਨਹੀਂ ਸੀ। ਜੇ ਇਹ ਗੱਲ ਸਾਫ ਹੈ ਤਾਂ ਇਹ ਵੀ ਕਿ ਦੂਜੀ ਧਿਰ ਵੀ ਏਦਾਂ ਦਾ ਦਾਅਵਾ ਨਹੀਂ ਕਰ ਸਕਦੀ। ਇਹੋ ਜਿਹੇ ਮੌਕੇ ਫਿਰ ਆਮ ਅਦਾਲਤੀ ਅਤੇ ਪੰਚਾਇਤੀ ਰੁਖ ਇਹ ਹੀ ਹੁੰਦਾ ਹੈ ਕਿ ਉਥੇ ਕਬਜ਼ਾ ਫਲਾਣੀ ਧਿਰ ਦਾ ਹੈ, ਪਰ ਏਥੇ ਇਹ ਵੀ ਝਗੜੇ ਦਾ ਮੁੱਦਾ ਸੀ। ਰਾਮਲੱਲਾ ਦੀ ਮੂਰਤੀ ਪਰਗਟ ਹੋਈ ਦੱਸ ਕੇ 23 ਦਸੰਬਰ, 1949 ਨੂੰ ਰੱਖੀ ਗਈ ਸੀ, ਉਸਤੋਂ ਪਹਿਲਾਂ ਉਥੇ ਨਹੀਂ ਸੀ। ਇਸ ਕਰ ਕੇ ਇਹ ਕਬਜ਼ਾ ਵੀ ਮੰਨਿਆ ਜਾਂਦਾ ਤਾਂ ਸੱਠ ਸਾਲ ਦਾ ਬਣਦਾ ਸੀ, ਜਦ ਕਿ 1992 ਵਿਚ ਮਸਜਿਦ ਢਾਹੇ ਜਾਣ ਤੱਕ ਰਾਮਲੱਲਾ ਦੀ ਮੂਰਤੀ ਉਥੇ ਹੋਣ ਦੇ ਬਾਵਜੂਦ ਮੁਸਲਮਾਨ ਵੀ ਜਾਂਦੇ ਰਹੇ ਸਨ, ਇਸ ਕਰ ਕੇ ਪੱਕਾ ਕਬਜ਼ਾ ਕਿਸੇ ਦਾ ਨਹੀਂ ਸੀ। ਦੋ ਜੱਜਾਂ ਨੇ ਇਹ ਵੀ ਮੰਨ ਲਿਆ ਕਿ ਉਥੇ ਵਿਵਾਦ ਦੇ ਬਾਵਜੂਦ ਹਿੰਦੂ ਤੇ ਮੁਸਲਮਾਨ ਦੋਵੇਂ ਧਿਰਾਂ ਵਾਲੇ ਪੂਜਾ ਕਰਨ ਜਾਂ ਨਮਾਜ਼ ਪੜ੍ਹਨ ਜਾਇਆ ਕਰਦੇ ਸਨ। ਜਦੋਂ ਕਬਜ਼ੇ ਦੀ ਗੱਲ ਵੀ ਕਿਸੇ ਦੇ ਪੱਖ ਵਿਚ ਨਾ ਜਾਂਦੀ ਹੋਵੇ, ਓਦੋਂ ਇਹ ਵੇਖ ਲਿਆ ਗਿਆ ਜਾਪਦਾ ਹੈ ਕਿ ਬਾਬਰ ਤੋਂ ਰਾਮ ਜੀ ਦਾ ਯੁੱਗ ਪਹਿਲਾਂ ਦਾ ਸੀ ਤੇ ਉਸ ਦੀ ਮੂਰਤੀ ਵੀ ਹੁਣ ਕਿਉਂਕਿ ਉਥੇ ਪਈ ਹੈ, ਇਸ ਲਈ ਉਸ ਗੁੰਬਦ ਵਾਲਾ ਥਾਂ ਉਸੇ ਦੀ ਮਾਲਕੀ ਮੰਨ ਲਈ ਜਾਵੇ। ਅਸਲ ਵਿਚ ਜੱਜ ਸਾਹਿਬਾਨ ਨੇ ਕੀ ਸੋਚਿਆ, ਇਹ ਉਹ ਜਾਣਦੇ ਹੋਣਗੇ, ਪਰ ਅਸੀਂ ਇਸ ਗੱਲ ਨੂੰ ਫੈਸਲੇ ਦਾ ਆਧਾਰ ਮੰਨਣ ਦਾ ਕਾਰਨ ਇਸ ਤੋਂ ਵੀ ਸਮਝਦੇ ਹਾਂ ਕਿ ਜਦੋਂ ਇਹ ਮੰਨ ਲਿਆ ਕਿ ਉਥੇ ਮਸਜਿਦ ਕਿਸੇ ਮੰਦਰ ਦੇ ਖੰਡਰਾਂ 'ਤੇ ਬਣਾਈ ਗਈ ਸੀ ਤਾਂ ਉਹ ਦਲੀਲ ਵੀ ਇਸੇ ਪੱਖ ਵਿਚ ਜਾਂਦੀ ਹੈ। ਮੱਤਭੇਦ ਤਾਂ ਖੰਡਰਾਂ 'ਤੇ ਮਸਜਿਦ ਬਣਾਉਣ ਵਾਲੀ ਗੱਲ ਬਾਰੇ ਵੀ ਜੱਜ ਸਾਹਿਬਾਨ ਵਿਚ ਸਨ, ਕਿਉਂਕਿ ਦੋ ਜੱਜਾਂ ਦੀ ਰਾਏ ਇਹ ਸੀ ਕਿ ਮੰਦਰ ਢਾਹ ਕੇ ਮਸਜਿਦ ਬਣਾਈ ਗਈ ਜਦਕਿ ਤੀਜੇ ਦੀ ਰਾਏ ਵਿਚ ਪਹਿਲਾਂ ਦੇ ਢੱਠੇ ਹੋਏ ਕਿਸੇ ਮੰਦਰ ਦੇ ਖੰਡਰ 'ਤੇ ਬਣਾ ਦਿੱਤੀ ਗਈ ਸੀ। ਏਨੇ ਮੱਤਭੇਦ ਦੇ ਬਾਵਜੂਦ ਇਸ ਗੱਲ ਬਾਰੇ ਤਿੰਨਾਂ ਦੀ ਇਕ ਰਾਏ ਸੀ ਕਿ ਰਾਮਲੱਲਾ ਦੀ ਮੂਰਤੀ ਜਿਸ ਵਿਚਕਾਰਲੇ ਗੁੰਬਦ ਵਾਲੀ ਥਾਂ ਮੌਜੂਦ ਹੈ, ਉਹ ਥਾਂ ਰਾਮ ਜੀ ਦੇ ਪੈਰੋਕਾਰਾਂ ਨੂੰ ਦੇ ਦਿੱਤੀ ਜਾਵੇ।

ਦੂਜਾ ਸਵਾਲ ਸੀ ਰਾਮ ਚਬੂਤਰਾ ਅਤੇ ਸੀਤਾ ਰਸੋਈ ਦੇ ਨਾਲ-ਨਾਲ ਭੰਡਾਰ ਘਰ ਵਾਲੀ ਥਾਂ ਦਾ, ਜਿਸ ਬਾਰੇ ਦੋ ਹਿੰਦੂ ਧਿਰਾਂ ਦੀ ਵੀ ਇਕ ਰਾਏ ਨਹੀਂ ਸੀ ਤੇ ਉਹ ਵੱਖੋ-ਵੱਖ ਕੇਸ ਲੜ ਰਹੀਆਂ ਸਨ। ਜੱਜ ਸਾਹਿਬਾਨ ਨੇ ਉਹ ਥਾਂ ਨਿਰਮੋਹੀ ਅਖਾੜੇ ਨੂੰ ਦੇ ਦਿੱਤੀ ਤੇ ਫੈਸਲੇ ਦਾ ਆਧਾਰ ਫਿਰ ਲੰਮੇ ਸਮੇਂ ਦੇ ਉਸ ਕਬਜ਼ੇ ਨੂੰ ਬਣਾਇਆ ਗਿਆ, ਜੋ 1855 ਤੋਂ ਚਲਿਆ ਆ ਰਿਹਾ ਸੀ। ਅੰਗਰੇਜ਼ਾਂ ਦੇ ਰਾਜ ਵਿਚ ਉਸ ਅਖਾੜੇ ਨੇ ਇਹ ਕਬਜ਼ਾ ਕਿਵੇਂ ਕੀਤਾ, ਇਸ ਬਾਰੇ ਵੀ ਕਈ ਗੱਲਾਂ ਪ੍ਰਚੱਲਤ ਹਨ। ਹਰ ਕੋਈ ਆਪਣੀ ਦਲੀਲ ਦੇ ਰਿਹਾ ਹੈ। ਹੁਣ ਨਿਰਮੋਹੀ ਅਖਾੜੇ ਵਾਲੇ ਅਯੁੱਧਿਆ ਦੇ ਮੁਸਲਿਮ ਭਾਈਚਾਰੇ ਨਾਲ ਸਹਿਹੋਂਦ ਦੀਆਂ ਗੱਲਾਂ ਕਰਦੇ ਹਨ ਤੇ ਇਹ ਚੰਗੀ ਗੱਲ ਹੈ ਪਰ ਇਹ ਸਾਰਾ ਕੁਝ ਮੁੱਢ ਤੋਂ ਹੀ ਇੰਜ ਨਹੀਂ ਸੀ। ਜੇ ਇੰਜ ਹੁੰਦਾ ਤਾਂ ਫਿਰ ਝਗੜਾ ਹੀ ਕੋਈ ਨਹੀਂ ਸੀ ਹੋਣਾ। ਸਾਨੂੰ ਥੋੜ੍ਹਾ-ਬਹੁਤ ਨਿਰਮੋਹੀ ਅਖਾੜੇ ਦੇ ਕਬਜ਼ੇ ਵਾਲੇ ਸਾਲ ਤੇ ਉਸ ਦੇ ਅੱਗੇ-ਪਿੱਛੇ ਦਾ ਹਾਲਾਤ ਦਾ ਵੀ ਚੇਤਾ ਕਰਨਾ ਚਾਹੀਦਾ ਹੈ।

1849 ਵਿਚ ਪੰਜਾਬ ਦੇ ਗਵਰਨਰ ਹੈਨਰੀ ਲਾਰੈਂਸ ਸਮੇਤ ਬਹੁ-ਸੰਮਤੀ ਅੰਗਰੇਜ਼ ਅਫਸਰਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਲਾਹੌਰ ਦਰਬਾਰ ਦੇ ਖਾਤਮੇ ਦਾ ਫੁਰਮਾਨ ਜਾਰੀ ਕਰ ਕੇ ਫਿਰ ਸਭ ਤੋਂ ਤਕੜੀ ਮੰਨੀ ਜਾਂਦੀ ਅਵਧ ਦੀ ਰਿਆਸਤ ਵਲ ਨਿਸ਼ਾਨਾ ਸੇਧਿਆ ਸੀ। ਜਿਹੜੀ ਫੌਜ ਨੂੰ ਅੱਗੇ ਲਾ ਕੇ ਉਨ੍ਹਾਂ ਨੇ ਰਾਜਾ ਸ਼ੇਰ ਸਿੰਘ ਤੇ ਉਸ ਦੇ ਪਿਤਾ ਚਤਰ ਸਿੰਘ ਅਟਾਰੀ ਵਿਰੁਧ ਆਖਰੀ ਲੜਾਈ ਵਿਚ ਫੈਸਲਾਕੁਨ ਜਿੱਤ ਜਿੱਤੀ ਸੀ, ਉਸ ਵਿਚ ਅਵਧ ਦੀ ਫੌਜ ਵੀ ਸ਼ਾਮਲ ਸੀ। ਡਲਹੌਜ਼ੀ ਕਿਸੇ ਵੀ ਮਜ਼ਬੂਤ ਰਿਆਸਤ ਨੂੰ ਰਹਿਣ ਨਹੀਂ ਸੀ ਦੇਣਾ ਚਾਹੁੰਦਾ, ਇਸੇ ਲਈ ਉਸਨੇ ਅਵਧ ਦੀਆਂ ਕੁਝ ਫੌਜੀ ਕੰਪਨੀਆਂ ਨੂੰ ਸਿੱਖਾਂ ਨਾਲ ਲੜਾਈ ਪਿੱਛੋਂ ਝਟਕਾ ਦੇ ਦਿੱਤਾ ਸੀ। ਉਸੇ ਸਮੇਂ ਦੌਰਾਨ ਅਯੁੱਧਿਆ ਵਿਚ ਤੇ ਕੁਝ ਹੋਰਨੀਂ ਥਾਈਂ ਕੁਝ ਲੋਕ ਅੱਗੇ ਲਾ ਕੇ ਉਸ ਨੇ ਏਦਾਂ ਦੇ ਹਾਲਾਤ ਪੈਦਾ ਕੀਤੇ ਸਨ, ਜਿਨ੍ਹਾਂ ਕਾਰਨ ਦੋ ਫਿਰਕਿਆਂ ਦੇ ਲੋਕਾਂ ਨੂੰ ਆਪੋ ਵਿਚ ਉਂਜ ਹੀ ਭਿੜਾਇਆ ਜਾਵੇ, ਜਿਵੇਂ ਲਾਹੌਰ ਵਿਚ ਹਿੰਦੂਆਂ, ਮੁਸਲਮਾਨਾਂ ਦੇ ਆਪਸੀ ਹੀ ਨਹੀਂ, ਸਿੱਖਾਂ ਨਾਲ ਵੀ ਤੇ ਅੱਗੋਂ ਸਿੱਖਾਂ ਦੇ ਸਿੱਖਾਂ ਨਾਲ ਵੀ ਮੱਤਭੇਦ ਪੈਦਾ ਕਰ ਦਿੱਤੇ ਸਨ। ਸਿੱਖਾਂ ਦੇ ਸਭ ਤੋਂ ਵੱਡੇ ਰਾਜ ਲਾਹੌਰ ਦਰਬਾਰ ਨਾਲ ਇਕ ਸੰਧੀ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਪਹਿਲੀ ਲੜਾਈ ਮਗਰੋਂ 1846 ਵਿਚ ਕਰਕੇ ਸਿਰਫ ਤਿੰਨ ਸਾਲ ਪਿੱਛੋਂ ਉਹ ਸੰਧੀ ਤੋੜਨ ਦਾ ਬਹਾਨਾ ਪੈਦਾ ਕੀਤਾ ਗਿਆ ਸੀ। ਅਵਧ ਦੀ ਰਿਆਸਤ ਨਾਲ ਏਦਾਂ ਦੀ ਸੰਧੀ ਉਸ ਤੋਂ ਵੀ ਅੱਧੀ ਸਦੀ ਪਹਿਲਾਂ ਦੀ ਕੀਤੀ ਹੋਈ ਸੀ ਤੇ ਉਸ ਦੇ ਬਦਲੇ ਈਸਟ ਇੰਡੀਆ ਕੰਪਨੀ ਨੂੰ ਮੋਟੀ ਰਕਮ ਵੀ ਹਰ ਸਾਲ ਮਿਲ ਰਹੀ ਸੀ, ਪਰ ਡਲਹੌਜ਼ੀ ਉਸ ਨੂੰ ਵੀ ਹੜੱਪਣ ਤੁਰ ਪਿਆ। ਕੋਸ਼ਿਸ਼ ਉਸ ਦੀ ਇਹ ਸੀ ਕਿ ਹਿੰਦੂ-ਮੁਸਲਿਮ ਫਸਾਦ ਕਰਵਾ ਕੇ ਦਖਲ ਦੇਣ ਦੇ ਹਾਲਾਤ ਪੈਦਾ ਕੀਤੇ ਜਾਣ ਪਰ ਇਹ ਨੌਬਤ ਆਉਣ ਤੋਂ ਪਹਿਲਾਂ ਹੀ ਇਹੋ ਜਿਹੇ ਹਾਲਾਤ ਬਣ ਗਏ ਕਿ ਆਪੋ ਵਿਚ ਲੜਨ ਦੀ ਬਜਾਏ ਲੋਕ ਮੋਢੇ ਨਾਲ ਮੋਢਾ ਜੋੜ ਕੇ ਵਿਦੇਸ਼ੀ ਹਕੂਮਤ ਵਿਰੁਧ ਹਥਿਆਰ ਚੁੱਕ ਤੁਰੇ ਸਨ। ਜਿਹੜੇ ਦੰਗੇ ਉਦੋਂ ਡਲਹੌਜ਼ੀ ਨਹੀਂ ਸੀ ਕਰਵਾ ਸਕਿਆ, ਉਹ ਉਸ ਤੋਂ ਪਿੱਛੇ ਦੇ ਬਰਤਾਨਵੀ ਹਾਕਮ ਵੀ ਕਰਵਾਉਣ ਲੱਗੇ ਰਹੇ ਸਨ।

ਭਾਰਤ ਦੀ ਆਜ਼ਾਦੀ ਵੇਲੇ ਇਸ ਨੂੰ ਇਕ ਸੱਟ ਦੇਸ਼ ਦੀ ਵੰਡ ਵਾਲੀ ਪਈ ਸੀ ਤੇ ਉਹਦੇ ਪਿੱਛੇ ਵੀ ਬਰਤਾਨਵੀ ਹਾਕਮਾਂ ਦੀ ਇਹੋ ਨੀਤੀ ਸੀ ਕਿ ਇਹੋ ਜਿਹੇ ਹਾਲਾਤ ਬਣਾ ਕੇ ਜਾਓ ਕਿ ਸਥਾਨਕ ਆਗੂ ਰਾਜ ਸੰਭਾਲ ਨਾ ਸਕਣ ਤੇ ਕੁਝ ਧਿਰਾਂ ਕੋਲੋਂ ਦਖਲ ਦਾ ਸੱਦਾ ਦਿਵਾ ਕੇ ਦੋਬਾਰਾ ਆਉਣ ਦਾ ਰਾਹ ਖੁੱਲ੍ਹਾ ਰੱਖਿਆ ਜਾਵੇ। ਦਸੰਬਰ 1949 ਵਿਚ ਰਾਮਲੱਲਾ ਦੀ ਮੂਰਤੀ ਉਥੇ ਰੱਖਣ ਦੀ ਗੱਲ ਤੋਂ ਹੁਣ ਤੱਕ ਇਨਕਾਰ ਕਰ ਕੇ ਜਿਹੜੇ ਲੋਕ ਮੂਰਤੀ ਦੇ ਪਰਗਟ ਹੋਣ ਦੀ ਦਲੀਲ ਪੇਸ਼ ਕਰਦੇ ਰਹੇ ਸਨ, ਹੁਣ ਅਦਾਲਤ ਦੇ ਮੂਰਤੀ ਉਦੋਂ ਰੱਖੀ ਕਹੇ ਜਾਣ 'ਤੇ ਇਸ ਵਿਰੁਧ ਬੋਲ ਨਹੀਂ ਸਕੇ, ਕਿਉਂਕਿ ਗੱਲ ਵੀ ਅਸਲ ਵਿਚ ਇਹੋ ਸੀ। ਸਿਰਫ ਇਹੋ ਨਹੀਂ, ਇਹ ਵੀ ਸੀ ਕਿ ਮੂਰਤੀ ਨੂੰ ਰੱਖਣ ਵਾਲਾ ਕੰਮ ਜਿਸ ਜ਼ਿਲ੍ਹਾ ਅਧਿਕਾਰੀ ਦੀ ਮਦਦ ਨਾਲ ਸਿਰੇ ਚਾੜ੍ਹਿਆ ਗਿਆ ਸੀ, ਉਸ ਨੂੰ ਸਮਾਂ ਪਾ ਕੇ ਇਹ ਕੰਮ ਕਰਾਉਣ ਵਾਲੀ ਪਾਰਟੀ ਨੇ ਪਾਰਲੀਮੈਂਟ ਦਾ ਮੈਂਬਰ ਵੀ ਬਣਾਇਆ ਸੀ ਤੇ ਇਹ ਕੰਮ ਉਸ ਦੀ ਇਸੇ ਸੇਵਾ ਨੂੰ ਸਨਮਾਨ ਦੇਣ ਵਾਸਤੇ ਕੀਤਾ ਗਿਆ ਸੀ। ਜਦੋਂ ਕੁਝ ਲੋਕਾਂ ਦੇ ਆਪਸ ਵਿਚ ਮੱਤਭੇਦ ਪੈਦਾ ਹੋ ਗਏ ਤਾਂ ਉਨ੍ਹਾਂ ਨੇ ਇਸ ਦਾ ਖੁਲਾਸਾ ਵੀ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਦੀ ਹੁਣ ਜਾ ਕੇ ਪੁਸ਼ਟੀ ਹੋ ਗਈ ਹੈ।

ਫਿਰ ਉਹ ਪੜਾਅ ਆਇਆ ਜਦੋਂ ਉਥੇ ਸਥਿਤ ਬਾਬਰੀ ਮਸਜਿਦ ਦਾ ਢਾਂਚਾ ਭੜਕਾਏ ਹੋਏ ਲੋਕਾਂ ਦੀ ਭੀੜ ਨੇ ਢਾਹ ਦਿੱਤਾ। ਜਿਸ ਲੀਡਰ ਨੇ ਇਸੇ ਮੰਤਵ ਲਈ ਕਿ ਬਾਬਰੀ ਮਸਜਿਦ ਦੀ ਥਾਂ 'ਤੇ ਹੀ ਰਾਮ ਮੰਦਰ ਬਣਾਉਣਾ ਹੈ, ਇਸ ਨਾਹਰੇ ਹੇਠ ਰੱਥ-ਯਾਤਰਾ ਕੱਢੀ ਸੀ ਕਿ 'ਕਸਮ ਰਾਮ ਕੀ ਖਾਤੇ ਹੈਂ, ਮੰਦਿਰ ਵਹੀਂ ਬਨਾਏਂਗੇ', ਮਸਜਿਦ ਢਾਹ ਦਿੱਤੇ ਜਾਣ ਤੋਂ ਕਈ ਸਾਲਾਂ ਬਾਅਦ ਦੇਸ਼ ਦਾ ਡਿਪਟੀ ਪ੍ਰਧਾਨ ਮੰਤਰੀ ਬਣ ਕੇ ਉਹੀ ਲੀਡਰ ਇਹ ਕਹਿਣ ਲੱਗ ਪਿਆ ਕਿ 'ਉਹ ਦਿਨ ਮੇਰੇ ਜੀਵਨ ਦਾ ਸਭ ਤੋਂ ਸੋਗੀ ਦਿਨ ਸੀ।' ਉਸ ਨੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਉਹ ਇਕ ਘਟਨਾ ਜਾਂ ਦੁਰਘਟਨਾ ਕਾਰਨ ਵਾਪਰ ਗਿਆ, ਅਸਲ ਵਿਚ ਮਸਜਿਦ ਢਾਹੁਣ ਦਾ ਇਰਾਦਾ ਨਹੀਂ ਸੀ। ਪਰ ਇਹ ਗੱਲ ਲੁਕਾ ਗਿਆ ਕਿ ਜੇ ਮਸਜਿਦ ਢਾਹੁਣੀ ਨਹੀਂ ਸੀ, ਫਿਰ 'ਮੰਦਿਰ ਵਹੀਂ ਬਨਾਏਂਗੇ' ਵਾਲੀ ਸਹੁੰ ਮੁੜ-ਮੁੜ ਦੁਹਰਾਉਣ ਦੀ ਕੀ ਲੋੜ ਸੀ? ਹੋਇਆ ਉਹ ਵੀ ਸਾਰਾ ਕੁਝ ਇਕ ਗਿਣੀ-ਮਿਥੀ ਸਕੀਮ ਦੇ ਅਧੀਨ ਸੀ। ਉਸ ਰਾਜ ਦਾ ਮੁੱਖ ਮੰਤਰੀ ਕਲਿਆਣ ਸਿੰਘ ਉਨ੍ਹਾਂ ਦੀ ਆਪਣੀ ਪਾਰਟੀ ਭਾਜਪਾ ਦਾ ਸੀ ਤੇ ਪੁਲਿਸ ਅਤੇ ਸਿਵਲ ਦਾ ਸਾਰਾ ਅਮਲਾ-ਫੈਲਾ ਉਥੇ ਉਹੀ ਲਾਇਆ ਗਿਆ ਸੀ, ਜਿਹੜਾ ਇਸ 'ਕਾਰ-ਸੇਵਾ' ਵਿਚ ਰੋਕ ਪਾਉਣ ਦੀ ਥਾਂ ਅੜਿੱਕੇ ਦੂਰ ਕਰਨ ਦਾ ਕੰਮ ਕਰੇ। ਜ਼ਿਲ੍ਹੇ ਦੇ ਪੁਲਿਸ ਮੁਖੀ ਸਮੇਤ ਕਈ ਅਧਿਕਾਰੀ ਸਮਾਂ ਪਾ ਕੇ ਭਾਰਤੀ ਜਨਤਾ ਪਾਰਟੀ ਦੀਆਂ ਬਖਸ਼ੀਆਂ ਸਰਕਾਰੀ ਪਦਵੀਆਂ ਦਾ ਸੁੱਖ ਐਵੇਂ ਨਹੀਂ ਸਨ ਮਾਣਦੇ ਰਹੇ। ਉਸ ਵਕਤ ਬਰਖਾਸਤ ਕੀਤਾ ਮੁੱਖ ਮੰਤਰੀ ਕਲਿਆਣ ਸਿੰਘ ਜਿੰਨਾ ਚਿਰ ਭਾਜਪਾ ਵਿਚ ਰਿਹਾ, ਉਸ ਨੇ ਮੂੰਹ ਬੰਦ ਰੱਖਿਆ ਪਰ ਜਦੋਂ ਅਟਲ ਬਿਹਾਰੀ ਵਾਜਪਾਈ ਨਾਲ ਪੈਦਾ ਹੋਏ ਮੱਤਭੇਦਾਂ ਕਾਰਨ ਬਾਹਰ ਹੋ ਗਿਆ ਤਾਂ ਉਸ ਨੇ ਸੰਘ ਪਰਿਵਾਰ ਸਮੇਤ ਸਾਰਿਆਂ ਦਾ ਰੋਲ ਪੱਤਰਕਾਰਾਂ ਮੂਹਰੇ ਰੱਖ ਦਿੱਤਾ ਸੀ। ਕੁਝ ਸਮੇਂ ਬਾਅਦ ਜਦੋਂ ਉਹ ਭਾਜਪਾ ਵਿਚ ਪਰਤ ਗਿਆ, ਉਸ ਨੂੰ ਫਿਰ ਪਰਦੇ ਪਾਉਣ ਦੀ ਭੂਮਿਕਾ ਨਿਭਾਉਣੀ ਪਈ ਸੀ ਤੇ ਹੁਣ ਉਹ ਫਿਰ ਸੜਕ ਸਵਾਰ ਹੋਇਆ ਫਿਰਦਾ ਹੈ ਪਰ ਸੱਚ ਆਪਣੀ ਥਾਂ ਕਾਇਮ ਹੈ।

ਇਸ ਵੇਲੇ ਸਾਰੀ ਸਥਿਤੀ ਬਦਲ ਚੁੱਕੀ ਹੈ। ਹੁਣ ਝਗੜਾ ਹਿੰਦੂ-ਮੁਸਲਿਮ ਧਿਰਾਂ ਵਿਚਾਲੇ ਬਾਹਲਾ ਨਹੀਂ ਰਿਹਾ। ਨਵਾਂ ਮੋੜ ਇਹ ਆਇਆ ਹੈ ਕਿ ਜਿਹੜੀ ਥਾਂ ਰਾਮਲੱਲਾ ਦੇ ਨਾਂ 'ਤੇ ਛੱਡੀ ਗਈ ਹੈ, ਉਸ 'ਤੇ ਕਬਜ਼ੇ ਲਈ ਕੁਝ ਹਿੰਦੂ ਧਿਰਾਂ ਆਪੋ ਵਿਚ ਆਹਮੋ-ਸਾਹਮਣੇ ਖੜਨ ਤੁਰ ਪਈਆਂ ਹਨ। ਫੈਸਲਾ ਇਹ ਆਇਆ ਹੈ ਕਿ ਤੀਸਰਾ ਹਿੱਸਾ ਜ਼ਮੀਨ ਸੁੰਨੀ ਵਕਫ ਬੋਰਡ ਨੂੰ ਛੱਡ ਦਿੱਤੀ ਜਾਣੀ ਹੈ ਤੇ ਏਨਾ ਹਿੱਸਾ ਹੀ ਨਿਰਮੋਹੀ ਅਖਾੜੇ ਲਈ ਵੀ ਛੱਡਿਆ ਜਾਣਾ ਹੈ ਪਰ ਜਿਹੜਾ ਹਿੱਸਾ 'ਰਾਮਲੱਲਾ' ਦੇ ਨਹੀਂ, 'ਰਾਮਲੱਲਾ ਬਿਰਾਜਮਾਨ' ਦੇ ਨਾਂ ਛੱਡਿਆ ਗਿਆ ਹੈ ਤੇ ਉਸ ਦੀ ਥਾਂ 'ਰਾਮਲੱਲਾ ਦਾ ਦੋਸਤ' ਬਣੇ ਬੰਦੇ ਦੇ ਪੱਖ ਵਿਚ ਕੀਤਾ ਗਿਆ ਹੈ, ਉਹ ਹੁਣ ਝਗੜੇ ਦਾ ਮੁੱਦਾ ਬਣ ਗਿਆ ਹੈ। ਨਿਰਮੋਹੀ ਅਖਾੜੇ ਵਾਲੇ ਉਂਜ ਤਾਂ 'ਨਿਰ-ਮੋਹ', ਅਰਥਾਤ ਕਿਸੇ ਦੁਨਿਆਵੀ ਤੱਤ ਨਾਲ ਮੋਹ ਨਾ ਕਰਨ ਵਾਲੇ ਅਖਵਾਉਂਦੇ ਹਨ, ਪਰ ਇਸ ਮਾਮਲੇ ਵਿਚ ਉਹ ਵੀ ਕਹਿੰਦੇ ਹਨ ਕਿ ਇਸ ਹਿੱਸੇ ਵਿਚ ਇਕ ਹੋਰ ਕੇਸ ਵਿਚ ਪਹਿਲਾਂ ਹੀ ਉਨ੍ਹਾਂ ਦਾ ਹੱਕ ਮੰਨਿਆ ਜਾ ਚੁੱਕਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਕਹਿੰਦੀ ਸੀ ਕਿ ਉਸ ਦੀ ਅਗਵਾਈ ਬਾਰੇ ਅਖਾੜੇ ਦੀ ਸਹਿਮਤੀ ਹੈ ਪਰ ਅਖਾੜਾ ਇਸ ਗੱਲ ਨੂੰ ਸਾਫ ਰੱਦ ਕਰਨ ਤੁਰ ਪਿਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਕ 'ਰਾਮ ਜਨਮ ਭੂਮੀ ਨਿਆਸ' ਦੀ ਸਥਾਪਨਾ ਕੀਤੀ ਹੋਈ ਹੈ ਜਿਸ ਦੀ ਅਗਵਾਈ ਹੇਠ ਏਥੇ ਮੰਦਰ ਬਣਾਉਣ ਦੀ ਉਸ ਦੀ ਯੋਜਨਾ ਹੈ ਪਰ ਅਖਾੜਾ ਇਹ ਸ਼ਰਤ ਰੱਖ ਬੈਠਾ ਹੈ ਕਿ ਮਾਲਕੀ ਸਾਡੀ ਹੈ, ਮੰਦਰ ਬਣਾਉਣਾ ਹੈ ਤਾਂ ਸਾਡੇ ਝੰਡੇ ਹੇਠ ਬਣੇਗਾ। ਵੇਖਣ ਨੂੰ ਇਹ ਸਾਧਾਰਨ ਗੱਲ ਹੀ ਜਾਪਦੀ ਹੈ ਕਿ ਬਣਾਉਣਾ ਤਾਂ ਮੰਦਰ ਹੀ ਹੈ ਭਾਵੇਂ ਕਿਸੇ ਦੇ ਝੰਡੇ ਹੇਠ ਬਣ ਜਾਵੇ ਪਰ ਇਹ ਏਨਾ ਸੌਖਾ ਸਵਾਲ ਨਹੀਂ। ਅੱਖ ਤਾਂ ਸਾਰਿਆਂ ਦੀ ਉਸ ਭਵਿੱਖ 'ਤੇ ਹੈ, ਜਿਸ ਵਿਚ ਉਸ ਮੰਦਰ ਵਿਚ ਰਾਮ-ਭਗਤਾਂ ਦੇ ਕਾਫਲੇ ਦਰਸ਼ਨਾਂ ਲਈ ਆਉਣੇ ਹਨ ਤੇ ਚੜ੍ਹਾਵਾ ਕਰੋੜਾਂ ਨਹੀਂ, ਅਰਬਾਂ ਤੱਕ ਦਾ ਚੜ੍ਹਨਾ ਹੈ। ਮਾਇਆ ਆਪਣੇ ਆਪ ਵਿਚ ਏਨੀ ਕਹਿਰਵਾਨ ਹੈ ਕਿ ਭਰਾਵਾਂ ਹੱਥੋਂ ਭਰਾਵਾਂ ਦੇ ਕਤਲ ਵੀ ਕਰਵਾ ਦੇਂਦੀ ਹੈ ਤੇ ਮਾਂ-ਬਾਪ ਦੇ ਵੀ, ਇਹ ਤਾਂ ਫਿਰ ਇਕ ਦੂਜੇ ਦੇ ਸਕੇ-ਸੋਧਰੇ ਤੱਕ ਨਹੀਂ ਲੱਗਦੇ।

ਸਤੰਬਰ ਦੀ ਉਹ ਤੀਹ ਤਰੀਕ ਲੰਘ ਗਈ, ਜਿਸ ਨੇ ਸਭ ਦੇ ਸਾਹ ਸੁਕਾ ਰੱਖੇ ਸਨ, ਇਕਦਮ ਬਦਲ ਚੁੱਕੇ ਜਿਹੜੇ ਹਾਲਾਤ ਦੀ ਥੋੜ੍ਹੀ-ਬਹੁਤ ਚਰਚਾ ਅਸੀਂ ਕੀਤੀ ਹੈ, ਇਹ ਉਦੋਂ ਦੇ ਹਨ ਜਦੋਂ ਹਾਲੇ ਇਸ ਕੇਸ ਦੇ ਫੈਸਲੇ ਨੂੰ ਕਿਸੇ ਧਿਰ ਨੇ ਸੁਪਰੀਮ ਕੋਰਟ ਦੀ ਸਰਦਲ ਤੱਕ ਨਹੀਂ ਪੁਚਾਇਆ। ਹਾਈਕੋਰਟ ਵਿਚ ਕੇਸ ਲੜਨ ਤੱਕ ਜਿਹੜੀਆਂ ਧਿਰਾਂ ਧਰਮ ਦੇ ਝੰਡੇ ਹੇਠ ਲਗਭਗ ਇਕੱਠੀਆਂ ਖੜੋਤੀਆਂ ਲੱਭਦੀਆਂ ਸਨ, ਚੁਣੌਤੀ ਦੇਣ ਲਈ ਮਿਲੇ ਤਿੰਨ ਮਹੀਨੇ ਦਾ ਵਕਤ ਵੀ ਪੂਰਾ ਨਹੀਂ ਕਰ ਸਕੀਆਂ ਤੇ ਖਹਿਬੜ ਪਈਆਂ ਹਨ। ਤਿੰਨ ਮਹੀਨੇ ਹੋਰ ਲੰਘ ਲੈਣ ਦਿਓ, ਖੱਖੜੀਆਂ ਦਾ ਖਿਲਾਰਾ ਹੋਰ ਖਿਲਰਿਆ ਨਜ਼ਰ ਆਵੇਗਾ। ਅਸੀਂ ਪੰਜਾਬ ਵਿਚ ਅੰਮ੍ਰਿਤਸਰ ਦੇ ਦੁਰਗਿਆਨਾ ਮੰਦਰ ਤੋਂ ਲੈ ਕੇ ਜਲੰਧਰ ਵਿਚਲੇ ਸੋਢਲ ਮੰਦਰ ਤੇ ਕਈ ਹੋਰ ਥਾਈਂ ਚੜ੍ਹਾਵੇ ਤੋਂ ਲੜਦੇ ਪ੍ਰਬੰਧਕ ਵੇਖੇ ਹੋਏ ਹਨ। ਜਿੱਥੇ ਗੰਗਾ ਇਸ਼ਨਾਨ ਗਏ ਤਿਆਗੀ ਸਾਧੂਆਂ ਦੇ ਟੋਲੇ ਇਕ ਦੂਜੇ ਤੋਂ ਪਹਿਲਾਂ ਡੁਬਕੀ ਲਾਉਣ ਖਾਤਰ ਇਕ ਦੂਜੇ ਦੇ ਸਿਰਾਂ ਵਿਚੋਂ ਲਹੂ ਦੀਆਂ ਧਾਰਾਂ ਵਗਾ ਦਿੰਦੇ ਹਨ, ਉਥੇ ਮਾਇਆ ਦੇ ਮੋਹ ਵਿਚ ਵੀ 'ਨਿਰਮੋਹੀ' ਲੋਕ ਇਕ ਦੂਜੇ ਤੋਂ ਪਿੱਛੇ ਕਿਉਂ ਰਹਿਣਾ ਚਾਹੁਣਗੇ?

# ਪ੍ਰਿੰਸ ਚਾਰਲਸ ਤੇ ਰਾਜਕੁਮਾਰੀ ਕੈਮਿਲਾ ਦਾ ਪਟਿਆਲੇ 'ਚ ਸ਼ਾਹੀ ਸਵਾਗਤ

**ਪਟਿਆਲਾ:** ਬ੍ਰਿਟੇਨ ਦੇ ਯੁਵਰਾਜ ਚਾਰਲਸ ਅਤੇ ਉਨ੍ਹਾਂ ਦੀ ਪਤਨੀ ਕੈਮਿਲਾ ਪਾਰਕਰ ਬੀਤੀ 4 ਅਕਤੂਬਰ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦੇ ਮਹਿਮਾਨ ਵਜੋਂ ਇਥੇ ਨਿਊ ਮੋਤੀ ਬਾਗ ਪੈਲੇਸ ਪਹੁੰਚੇ। ਦੋਵਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਅਤੇ ਪੰਜਾਬ ਸਰਕਾਰ ਵਲੋਂ ਲੋਕ ਸੰਪਰਕ ਮੰਤਰੀ ਸ. ਸੇਵਾ ਸਿੰਘ ਸੇਖਵਾਂ ਸਮੇਤ ਕਈ ਪ੍ਰਸ਼ਾਸਨਿਕ ਅਧਿਕਾਰੀ ਸਵਾਗਤ ਲਈ ਖੜ੍ਹੇ ਸਨ।

ਸ੍ਰੀਮਤੀ ਪ੍ਰਨੀਤ ਕੌਰ, ਸ. ਸੇਖਵਾਂ ਅਤੇ ਮੇਅਰ ਅਜੀਤਪਾਲ ਸਿੰਘ ਕੋਹਲੀ ਨੇ ਗੁਲਦਸਤਾ ਭੇਟ ਕਰਕੇ ਕੈਮਿਲਾ ਪਾਰਕਰ ਦਾ ਸਵਾਗਤ ਕੀਤਾ। ਮੋਤੀ ਬਾਗ ਵਿਚ ਸਿੱਖ ਰੈਜੀਮੈਂਟ ਦੇ ਬੈਂਡ ਨੇ ਉਨ੍ਹਾਂ ਦਾ ਸ਼ਾਹੀ ਅੰਦਾਜ਼ 'ਚ ਸਵਾਗਤ ਕੀਤਾ। ਸ਼ਾਹੀ ਜੋੜੇ ਦੀ ਆਮਦ ਨੂੰ ਲੈ ਕੇ ਸੁਰੱਖਿਆ ਪ੍ਰਬੰਧ ਕਾਫੀ ਸਖ਼ਤ ਸਨ। ਬਾਅਦ ਦੁਪਹਿਰ ਹੀ ਨਿਊ ਮੋਤੀ ਮਹਿਲ ਨੂੰ ਜਾਣ ਵਾਲੇ ਸਾਰੇ ਮੁੱਖ ਮਾਰਗਾਂ ਨੂੰ ਬੰਦ ਕਰ ਦਿੱਤਾ ਗਿਆ ਅਤੇ ਸ਼ਾਹੀ ਜੋੜਾ ਅੱਗੜ-ਪਿੱਛੜ ਨਿਊ ਮੋਤੀ ਬਾਗ ਪੈਲੇਸ ਵਿਚ ਪਹੁੰਚਿਆ। ਉਨ੍ਹਾਂ ਨਾਲ ਆਪਣੇ ਸੁਰੱਖਿਆ ਗਾਰਡ ਵੀ ਸਨ। ਇਸ ਤੋਂ ਪਹਿਲਾਂ ਵੀ ਪ੍ਰਿੰਸ ਚਾਰਲਸ ਅਤੇ ਕੈਮਿਲਾ ਪਾਰਕਰ ਪਟਿਆਲਾ ਆ ਚੁੱਕੇ ਹਨ ਪ੍ਰੰਤੂ ਸ਼ਾਹੀ ਸ਼ਹਿਰ ਦੇ ਲੋਕਾਂ ਵਿਚ ਇੰਗਲੈਂਡ ਦੀ ਸ਼ਾਹੀ ਜੋੜੀ ਨੂੰ ਦੇਖਣ ਲਈ ਖਾਸੀ ਉਤਸੁਕਤਾ ਸੀ। ਲੋਕਾਂ ਨੇ ਕੋਠਿਆਂ 'ਤੇ ਚੜ੍ਹ ਕੇ ਵੀ ਸ਼ਾਹੀ ਜੋੜੀ ਦੇ ਦੀਦਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੀ ਇਹ ਹਸਰਤ ਪੂਰੀ ਨਾ ਹੋ ਸਕੀ।

ਇਸ ਤੋਂ ਪਹਿਲਾਂ ਚਾਰਲਸ ਨੇ ਫਤਹਿਗੜ੍ਹ ਜ਼ਿਲ੍ਹੇ ਦੇ ਪਿੰਡ ਹੰਸਾਲੀ ਵਿਖੇ ਸ. ਸੁਖਚੈਨ ਸਿੰਘ ਗਿੱਲ ਦੇ ਫਾਰਮ ਹਾਊਸ ਦਾ ਦੌਰਾ ਕਰਨ ਮੌਕੇ ਕਿਸਾਨਾਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਹ ਪੰਜਾਬ ਅੰਦਰ ਨਵੀਂ ਤਕਨੀਕ ਨੈਟ ਹਾਊਸ ਰਾਹੀਂ ਕੀਤੀ ਜਾ ਰਹੀ ਖੇਤੀ ਅਤੇ ਜੈਵਿਕ ਖੇਤੀ ਬਾਰੇ ਤਜਰਬੇ ਸਾਂਝੇ ਕਰਨ ਆਏ ਹਨ। ਉਨ੍ਹਾਂ ਨੂੰ ਗਿੱਲ ਫਾਰਮ ਦੇ ਮਾਲਕ ਸੁਖਚੈਨ ਸਿੰਘ ਅਤੇ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਚੇਅਰਮੈਨ ਡਾ. ਜੀ.ਐਸ. ਕਾਲਕਟ ਨੇ ਦੱਸਿਆ ਕਿ ਨੈਟ ਹਾਊਸ ਖੇਤੀ ਵਿਚ ਕਿਸਾਨ ਇਕ ਕਨਾਲ ਦੇ ਵਿਚੋਂ ਲਗਪਗ 60 ਹਜ਼ਾਰ ਤੋਂ ਲੈ ਕੇ 80 ਹਜ਼ਾਰ ਰੁਪਏ ਤਕ ਬੇਮੌਸਮੀ ਸਬਜ਼ੀਆਂ ਉਗਾ ਕੇ ਕਮਾ ਰਹੇ ਹਨ ਅਤੇ ਅਜਿਹੇ ਨੈਟ ਹਾਊਸ ਪੰਜਾਬ ਭਰ ਵਿਚ 800 ਦੇ ਕਰੀਬ ਹਨ। ਇਸ ਮੌਕੇ ਜੈਵਿਕ ਖੇਤੀ ਨਾਲ ਤਿਆਰ ਕਣਕ, ਦਾਲਾਂ ਤੇ ਸਬਜ਼ੀਆਂ ਜਿਨ੍ਹਾਂ ਦੀ ਪ੍ਰਦਰਸ਼ਨੀ ਪੰਜਾਬ ਦੇ ਕੋਨੇ ਕੋਨੇ ਵਿਚੋਂ ਆ ਕੇ ਕਿਸਾਨਾਂ ਨੇ ਹੰਸਾਲੀ ਵਿਖੇ ਗਿੱਲ ਫਾਰਮ ਵਿਚ ਲਗਾਈ ਸੀ, ਨੂੰ ਵੀ ਬਹੁਤ ਰੀਝ ਨਾਲ ਤੱਕਿਆ। ਉਸ ਮੌਕੇ ਚਾਰਲਸ ਦੀ ਖੁਸ਼ੀ ਦੀ ਹੱਦ ਨਾ ਰਹੀ ਜਦੋਂ ਉਨ੍ਹਾਂ ਨੇ ਗੁਲਾਬ ਤੋਂ ਤਿਆਰ ਕੀਤਾ ਇਤਰ ਦੇਖਿਆ ਜੋ ਇਕ ਬਠਿੰਡੇ ਦੇ ਕਿਸਾਨ ਵਲੋਂ ਤਿਆਰ ਕੀਤਾ ਸੀ। ਇਸ ਕਿਸਾਨ ਨੇ ਦੱਸਿਆ ਕਿ ਇਸ ਇਤਰ ਦੀ ਇੱਕ ਲਿਟਰ ਦੀ ਕੀਮਤ ਲਗਪਗ 10 ਲੱਖ ਰੁਪਏ ਹੈ ਅਤੇ ਉਸ ਕਿਸਾਨ ਵਲੋਂ ਸ਼ਹਿਜ਼ਾਦਾ ਚਾਰਲਸ ਨੂੰ ਇਕ ਸ਼ੀਸ਼ੀ ਗੁਲਾਬ ਤੋਂ ਤਿਆਰ ਕੀਤੇ ਇਤਰ ਦੀ ਭੇਟ ਕੀਤੀ ਗਈ।




ਪਿੰਡ ਹੰਸਾਲੀ ਵਿਖੇ ਸ. ਸੁਖਚੈਨ ਸਿੰਘ ਗਿੱਲ ਦੇ ਫਾਰਮ ਹਾਊਸ ਵਿਚ ਪ੍ਰਿੰਸ ਚਾਰਲਸ

ਪ੍ਰਿੰਸ ਚਾਰਲਸ ਚੰਡੀਗੜ੍ਹ ਵੀ ਗਏ ਜਿਥੇ ਉਨ੍ਹਾਂ ਸੈਕਟਰ 33 ਵਿਚ ਪੰਜਾਬ ਊਰਜਾ ਵਿਕਾਸ ਅਥਾਰਿਟੀ ਦੇ ਦਫਤਰ ਦਾ ਦੌਰਾ ਵੀ ਕੀਤਾ। ਉਹ ਬਿਲਡਿੰਗ ਦੇ ਵਿਕੋਲਿਤਰੇ ਡਿਜ਼ਾਇਨ ਤੋਂ ਬਹੁਤ ਪ੍ਰਭਾਵਿਤ ਹੋਏ। ਉਹ ਭਾਰਤੀ ਯੁਵਾ ਸ਼ਕਤੀ ਟਰਸਟ ਵਲੋਂ ਕਰਵਾਏ ਗਏ ਇਕ ਸਮਾਗਮ ਵਿਚ ਵੀ ਸ਼ਾਮਲ ਹੋਏ ਜਿਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਵੀ ਪਹੁੰਚੇ ਹੋਏ ਸਨ।

## ਇਤਿਹਾਸ-ਕਿੱਥੋਂ ਚਲਿਆ ਤੇ ਕਿੱਥੇ ਆ ਪੁੱਜਾ

# ਰਾਮ ਮੰਦਰ-ਬਾਬਰੀ ਮਸਜਿਦ



### ਮੰਦਰ-ਮਸਜਿਦ ਦਾ ਇਤਿਹਾਸ

ਬਾਬਰੀ ਮਸਜਿਦ ਵਿਵਾਦ ਦੀ ਸ਼ੁਰੂਆਤ ਉਦੋਂ ਹੋਈ ਜਦੋਂ 1527 ਵਿਚ ਮੁਗਲ ਹਮਲਾਵਰ ਬਾਬਰ ਨੇ ਚਿਤੌੜ ਦੇ ਰਾਣਾ ਸਾਂਗਾ ਨੂੰ ਸੀਕਰੀ ਦੇ ਸਥਾਨ 'ਤੇ ਹਰਾ ਦਿੱਤਾ ਅਤੇ ਵਾਪਸ ਜਾਂਦਾ ਹੋਇਆ ਆਪਣੇ ਕਮਾਂਡਰ ਮੀਰ ਬਾਕੀ ਤਾਸ਼ਕੰਦੀ ਨੂੰ ਆਪਣੀ ਛਤਰ-ਛਾਇਆ ਵਿਚ ਹਿੰਦੋਸਤਾਨ ਦਾ ਪ੍ਰਸ਼ਾਸਕ ਨਿਯੁਕਤ ਕਰ ਗਿਆ। ਇਸੇ ਮੀਰ ਬਾਕੀ ਨੇ 1528 ਵਿਚ ਬਾਬਰੀ ਮਸਜਿਦ ਦਾ ਨਿਰਮਾਣ ਕਰਵਾਇਆ।

ਰਾਣਾ ਸਾਂਗਾ ਦੀ ਹਾਰ ਤੋਂ ਬਾਅਦ ਬਾਬਰ ਦੇ ਸੈਨਾਪਤੀ ਮੀਰ ਬਾਕੀ ਤਾਸ਼ਕੰਦੀ ਨੇ ਜਿੱਤੇ ਹੋਏ ਸਾਰੇ ਖੇਤਰਾਂ ਵਿਚ ਮੁਗਲ ਪ੍ਰਸ਼ਾਸਨ ਦੀਆਂ ਜੜ੍ਹਾਂ ਮਜ਼ਬੂਤ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸੇ ਉਮੀਦ ਨਾਲ ਉਸ ਨੇ ਅਯੁੱਧਿਆ ਵਿਚ ਬਾਬਰੀ ਮਸਜਿਦ ਦਾ ਨਿਰਮਾਣ ਕਰਵਾਇਆ ਕਿਉਂਕਿ ਇਹ ਉਸ ਸਮੇਂ ਤਕ ਜਿੱਤੇ ਹੋਏ ਮੁਗਲ ਖੇਤਰ ਦੇ ਲਗਭਗ ਕੇਂਦਰ ਵਿਚ ਸਥਿਤ ਸੀ। ਬਾਅਦ 'ਚ ਹੋਰ ਖੇਤਰ ਜਿੱਤਣ ਤੋਂ ਬਾਅਦ ਮੁਗਲ ਸੱਤਾ ਦਾ ਕੇਂਦਰ ਦਿੱਲੀ ਤਬਦੀਲ ਹੋ ਗਿਆ। ਮੀਰ ਬਾਕੀ ਨੇ ਇਸ ਮਸਜਿਦ ਦਾ ਨਾਂ ਬਾਬਰ ਦੇ ਨਾਂ 'ਤੇ ਰੱਖਿਆ ਅਤੇ ਇਹ ਯੂ.ਪੀ. ਦੀਆਂ ਸਭ ਤੋਂ ਵਿਸ਼ਾਲ ਮਸਜਿਦਾਂ ਵਿਚ ਸ਼ਾਮਲ ਸੀ। 1940 ਤੋਂ ਪਹਿਲਾਂ ਇਸ ਨੂੰ ਭਾਰਤੀ ਮੁਸਲਮਾਨਾਂ ਵਲੋਂ ਵੀ 'ਬਾਬਰੀ ਮਸਜਿਦ' ਦੀ ਬਜਾਏ 'ਮਸਜਿਦ-ਏ-ਜਨਮ ਸਥਾਨ' ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ। 1936 ਵਿਚ ਮਸਜਿਦ ਅਤੇ ਆਸ-ਪਾਸ ਦਾ ਖੇਤਰ ਯੂ.ਪੀ. ਕੇਂਦਰੀ ਸੁੰਨੀ ਵਕਫ ਬੋਰਡ ਦੇ ਕੋਲ ਵਕਫ ਨੰਬਰ 16 ਫੈਜ਼ਾਬਾਦ ਦੇ ਅਧੀਨ ਰਜਿਸਟਰਡ ਕਰਵਾਇਆ ਗਿਆ। 22 ਦਸੰਬਰ, 1949 ਨੂੰ ਲਗਭਗ 50 ਲੋਕ ਮਸਜਿਦ ਵਿਚ ਵੜ ਗਏ ਅਤੇ ਭਗਵਾਨ ਰਾਮ ਅਤੇ ਸੀਤਾ ਦੀਆਂ ਮੂਰਤੀਆਂ ਸਥਾਪਤ ਕਰ ਦਿੱਤੀਆਂ।

ਇਸ ਘਟਨਾ ਤੋਂ ਬਾਅਦ ਇਸ ਜਾਇਦਾਦ ਦੀ ਮਾਲਕੀ ਨੂੰ ਲੈ ਕੇ ਮੁਕੱਦਮੇਬਾਜ਼ੀ ਸ਼ੁਰੂ ਹੋ ਗਈ।

ਕੱਟੜਪੰਥੀ ਹਿੰਦੂਆਂ ਵਲੋਂ ਅਯੁੱਧਿਆ ਵਿਚ ਬਣਾਇਆ ਜਾਣ ਵਾਲਾ ਪ੍ਰਸਤਾਵਿਤ ਰਾਮ ਮੰਦਰ 268 ਫੁੱਟ ਲੰਬਾ, 140 ਫੁੱਟ ਚੌੜਾ ਅਤੇ 128 ਫੁੱਟਾ ਉਚਾ ਹੋਵੇਗਾ। ਇਸ ਦੇ ਲਈ ਕੁੱਲ 17 ਹਜ਼ਾਰ 500 ਘਣਫੁੱਟ ਤਰਾਸ਼ ਹੋਏ ਪੱਥਰਾਂ ਦੀ ਲੋੜ ਪਵੇਗੀ। ਮੰਦਰ ਕੁਲ 38 ਹਜ਼ਾਰ ਵਰਗ ਫੁੱਟ ਸਥਾਨ 'ਤੇ ਬਣੇਗਾ।


## ਅਯੁੱਧਿਆ ਮਾਮਲੇ 'ਚ ਹੁਣ ਤੱਕ ਦੀਆਂ ਅਹਿਮ ਘਟਨਾਵਾਂ

**1528:** ਅਯੁੱਧਿਆ ਵਿਚ ਇਕ ਅਜਿਹੀ ਥਾਂ 'ਤੇ ਇਕ ਮਸਜਿਦ ਦਾ ਨਿਰਮਾਣ ਕੀਤਾ ਗਿਆ, ਜਿਸ ਨੂੰ ਕੁਝ ਹਿੰਦੂ ਰਾਮ ਚੰਦਰ ਦਾ ਜਨਮ ਸਥਾਨ ਮੰਨਦੇ ਹਨ।

**1853:** ਪਹਿਲੀ ਵਾਰ ਇਸ ਸਥਾਨ ਕੋਲ ਫਿਰਕੂ ਦੰਗੇ ਹੋਏ।

**1859:** ਬਰਤਾਨਵੀ ਸ਼ਾਸਕਾਂ ਨੇ ਵਿਵਾਦਤ ਸਥਾਨ 'ਤੇ ਵਾੜ ਲਗਾ ਦਿੱਤੀ ਅਤੇ ਕੰਪਲੈਕਸ ਦੇ ਅੰਦਰੂਨੀ ਹਿੱਸੇ 'ਚ ਮੁਸਲਮਾਨਾਂ ਨੂੰ ਤੇ ਬਾਹਰੀ ਹਿੱਸੇ 'ਚ ਹਿੰਦੂਆਂ ਨੂੰ ਪ੍ਰਾਰਥਨਾ ਕਰਨ ਦੀ ਮਨਜ਼ੂਰੀ ਦੇ ਦਿੱਤੀ।

**1885:** ਇਕ ਹਿੰਦੂ ਪੁਜਾਰੀ ਨੇ ਮਸਜਿਦ ਦੇ ਨਾਲ ਹੀ ਮੰਦਰ ਬਣਾਉਣ ਲਈ ਪਟੀਸ਼ਨ ਪਾਈ ਪਰ ਇਸ ਦੀ ਮਨਜ਼ੂਰੀ ਨਹੀਂ ਦਿੱਤੀ ਗਈ।



*ਦਸੰਬਰ 1992:ਬਾਬਰੀ ਮਸਜਿਦ ਦੇ ਸਾਹਮਣੇ ਸੁਰੱਖਿਆ ਮੁਲਾਜ਼ਮ ਨਾਲ ਖੜ੍ਹਾ ਆਰ ਐਸ ਐਸ ਦਾ ਇਕ ਕਾਰਕੁਨ*

**1949:** ਭਗਵਾਨ ਰਾਮ ਦੀਆਂ ਮੂਰਤੀਆਂ ਮਸਜਿਦ ਵਿਚ ਮਿਲੀਆਂ। ਕੁਝ ਹਿੰਦੂਆਂ ਨੇ ਇਹ ਮੂਰਤੀਆਂ ਉਥੇ ਰਖਵਾਈਆਂ ਸਨ। ਮੁਸਲਮਾਨਾਂ ਨੇ ਇਸ 'ਤੇ ਵਿਰੋਧ ਪ੍ਰਗਟ ਕੀਤਾ ਅਤੇ ਦੋਵਾਂ ਧਿਰਾਂ ਨੇ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ। ਸਰਕਾਰ ਨੇ ਇਸ ਸਥਾਨ ਨੂੰ ਵਿਵਾਦਤ ਐਲਾਨ ਕਰਕੇ ਜਿੰਦਰਾ ਲਗਾ ਦਿੱਤਾ।

**1950:** ਸਥਾਨਕ ਨਿਵਾਸੀ ਗੋਪਾਲ ਸਿੰਘ ਵਿਸ਼ਾਰਦ ਨੇ ਫੈਜ਼ਾਬਾਦ ਦੇ ਸਿਵਲ ਜੱਜ ਕੋਲ 16 ਜਨਵਰੀ, 1950 ਨੂੰ ਰਾਮ ਮੰਦਰ ਦੇ ਦਰਸ਼ਨ ਤੋਂ ਰੋਕਾਂ ਹਟਾਉਣ ਲਈ ਅਰਜ਼ੀ ਪਾਈ। ਇਸੇ ਤਰ੍ਹਾਂ ਦੀ ਹੀ ਅਰਜ਼ੀ ਰਾਮਚੰਦਰ ਦਾਸ ਪਰਮਹੰਸ ਨੇ ਵੀ ਪਾਈ। ਇੱਥੋਂ ਹੀ ਅਦਾਲਤੀ ਝਗੜੇ ਦਾ ਰਸਮੀ ਮੁੱਢ ਬੱਝਿਆ।

**1959:** ਧਾਰਮਿਕ ਸੰਪਰਦਾਇ ਨਿਰਮੋਹੀ ਅਖਾੜਾ ਨੇ ਵਿਵਾਦਤ ਜ਼ਮੀਨ 'ਤੇ ਹੱਕ ਜਤਾਉਂਦੇ ਹੋਏ ਮੁਕੱਦਮਾ ਦਰਜ ਕਰਾਇਆ।

**1961:** ਸੁੰਨੀ ਵਕਫ ਬੋਰਡ ਨੇ ਵੀ ਮਸਜਿਦ ਦੇ ਪੁਨਰ ਨਿਰਮਾਣ ਲਈ ਆਪਣਾ ਦਾਅਵਾ ਪੇਸ਼ ਕੀਤਾ।

**1984:** ਕੁਝ ਹਿੰਦੂਆਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਅਗਵਾਈ ਵਿਚ ਭਗਵਾਨ ਰਾਮ ਦੇ ਜਨਮ ਸਥਾਨ ਨੂੰ ਮੁਕਤ ਕਰਨ ਅਤੇ ਉਥੇ ਰਾਮ ਮੰਦਰ ਦਾ ਨਿਰਮਾਣ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ। ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ 7 ਅਕਤੂਬਰ, 1984 ਨੂੰ ਬਿਹਾਰ ਦੇ ਸੀਤਾਮੜ੍ਹੀ ਤੋਂ ਅਯੁੱਧਿਆ ਤੱਕ ਇਕ 'ਮੁਕਤੀ' ਮਾਰਚ ਵੀ ਕੱਢਿਆ ਗਿਆ। ਬਾਅਦ 'ਚ ਇਸ ਮੁਹਿੰਮ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਦੇ ਇਕ ਮੁੱਖ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਸੰਭਾਲ ਲਈ।

**1986:** ਉਮੇਸ਼ ਚੰਦ ਪਾਂਡੇ ਵਲੋਂ ਪੂਜਾ ਦੇ ਅਧਿਕਾਰ ਲਈ ਕੇਸ ਦਾਇਰ ਕੀਤਾ ਗਿਆ। ਇਸ 'ਤੇ 1 ਫਰਵਰੀ, 1986 ਨੂੰ ਜ਼ਿਲ੍ਹਾ ਮੈਜਿਸਟ੍ਰੇਟ, ਫੈਜ਼ਾਬਾਦ ਨੇ ਹਿੰਦੂਆਂ ਨੂੰ ਪ੍ਰਾਰਥਨਾ ਕਰਨ ਲਈ ਵਿਵਾਦਤ ਮਸਜਿਦ ਦੇ ਦਰਵਾਜ਼ੇ ਤੋਂ ਜਿੰਦਰਾ ਖੋਲ੍ਹਣ ਦਾ ਹੁਕਮ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਫੈਸਲੇ 'ਤੇ ਖੁਸ਼ੀ ਪ੍ਰਗਟਾਈ। ਇਕ ਮਹੀਨੇ ਦੇ ਅੰਦਰ-ਅੰਦਰ ਮੁਸਲਮਾਨਾਂ ਨੇ ਇਸ ਦੇ ਵਿਰੋਧ ਵਿਚ ਬਾਬਰੀ ਮਸਜਿਦ ਸੰਘਰਸ਼ ਕਮੇਟੀ ਦਾ ਗਠਨ ਕੀਤਾ।

**1989:** ਵਿਸ਼ਵ ਹਿੰਦੂ ਪ੍ਰੀਸ਼ਦ ਨੇ ਰਾਮ ਮੰਦਰ ਨਿਰਮਾਣ ਲਈ ਮੁਹਿੰਮ ਤੇਜ਼ ਕੀਤੀ ਅਤੇ ਵਿਵਾਦਤ ਸਥਾਨ ਦੇ ਨੇੜੇ ਰਾਮ ਮੰਦਰ ਦੀ ਨੀਂਹ ਰੱਖੀ।

**1990:** ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਰਕਰਾਂ ਨੇ ਬਾਬਰੀ ਮਸਜਿਦ ਨੂੰ ਕੁਝ ਨੁਕਸਾਨ ਪਹੁੰਚਾਇਆ। ਉਸ ਵੇਲੇ ਦੇ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਗੱਲਬਾਤ ਜ਼ਰੀਏ ਵਿਵਾਦ ਸੁਲਝਾਉਣ ਦੇ ਯਤਨ ਕੀਤੇ ਪਰ ਅਗਲੇ ਸਾਲ ਗੱਲਬਾਤ ਅਸਫਲ ਹੋ ਗਈ। ਭਾਜਪਾ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਦੇਸ਼ ਭਰ ਵਿਚ ਰਥ ਯਾਤਰਾ ਕੱਢੀ। ਹਜ਼ਾਰਾਂ ਕਾਰ ਸੇਵਕਾਂ ਨੇ ਇਕੱਠੇ ਹੋ ਕੇ ਮਸਜਿਦ ਨੂੰ ਅੰਸ਼ਿਕ ਤੌਰ 'ਤੇ ਨੁਕਸਾਨ ਪਹੁੰਚਾਇਆ। ਪੁਲਿਸ ਗੋਲੀਬਾਰੀ ਵਿਚ 30 ਜਣੇ ਮਾਰੇ ਗਏ।

**1992:** ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ 6 ਦਸੰਬਰ ਨੂੰ ਬਾਬਰੀ ਮਸਜਿਦ ਨੂੰ ਤਬਾਹ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਦੇਸ਼ ਭਰ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਫਿਰਕੂ ਦੰਗੇ ਭੜਕ ਉਠੇ, ਜਿਸ 'ਚ 12 ਸੌ ਦੇ ਕਰੀਬ ਲੋਕ ਮਾਰੇ ਗਏ।

**1998:** ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਨੇ ਗਠਜੋੜ ਸਰਕਾਰੀ ਬਣਾਈ।

**2001:** ਬਾਬਰੀ ਮਸਜਿਦ ਡੇਗਣ ਦੀ ਬਰਸੀ 'ਤੇ ਤਣਾਅ ਵਧ ਗਿਆ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵਿਵਾਦਿਤ ਸਥਾਨ 'ਤੇ ਰਾਮ ਮੰਦਰ ਨਿਰਮਾਣ ਕਰਨ ਦਾ ਆਪਣਾ ਸੰਕਲਪ ਦੁਹਰਾਇਆ।


**ਜਨਵਰੀ 2002:** ਅਯੁੱਧਿਆ ਵਿਵਾਦ ਸੁਲਝਾਉਣ ਲਈ ਪ੍ਰਧਾਨ ਮੰਤਰੀ ਵਾਜਪਾਈ ਨੇ ਅਯੁੱਧਿਆ ਕਮੇਟੀ ਦਾ ਗਠਨ ਕੀਤਾ। ਸੀਨੀਅਰ ਅਧਿਕਾਰੀ ਸ਼ਤਰੂਘਨ ਸਿੰਘ ਨੂੰ ਹਿੰਦੂ ਅਤੇ ਮੁਸਲਮਾਨ ਨੇਤਾਵਾਂ ਨਾਲ ਗੱਲਬਾਤ ਲਈ ਨਿਯੁਕਤ ਕੀਤਾ ਗਿਆ।

**ਫਰਵਰੀ 2002:** ਭਾਰਤੀ ਜਨਤਾ ਪਾਰਟੀ ਨੇ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਐਲਾਨਨਾਮੇ ਵਿਚ ਰਾਮ ਮੰਦਰ ਨਿਰਮਾਣ ਦੇ ਮੁੱਦੇ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਨੇ 15 ਮਾਰਚ ਤੋਂ ਰਾਮ ਮੰਦਰ ਨਿਰਮਾਣ ਦਾ ਕੰਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਸੈਂਕੜੇ ਹਿੰਦੂ ਵਰਕਰ ਅਯੁੱਧਿਆ ਵਿਚ ਇਕੱਠੇ ਹੋਏ। ਅਯੁੱਧਿਆ ਤੋਂ ਮੁੜ ਰਹੇ ਹਿੰਦੂ ਵਰਕਰ ਜਿਸ ਰੇਲ ਗੱਡੀ ਵਿਚ ਯਾਤਰਾ ਕਰ ਰਹੇ ਸਨ, ਉਸ 'ਤੇ ਗੋਧਰਾ ਵਿਚ ਹੋਏ ਹਮਲੇ ਵਿਚ 58 ਵਰਕਰ ਮਾਰੇ ਗਏ।

**13 ਮਾਰਚ, 2002:** ਸਰਵਉਚ ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਅਯੁੱਧਿਆ 'ਚ ਯਥਾ ਸਥਿਤੀ ਬਹਾਲ ਰੱਖੀ ਜਾਏਗੀ ਅਤੇ ਕਿਸੇ ਨੂੰ ਵੀ ਸਰਕਾਰ ਵਲੋਂ ਐਕਵਾਇਰ ਜ਼ਮੀਨ 'ਤੇ ਸ਼ਿਲਾ ਪੂਜਨ ਦੀ ਆਗਿਆ ਨਹੀਂ ਹੋਵੇਗੀ। ਕੇਂਦਰ ਸਰਕਾਰ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਦੀ ਪਾਲਣਾ ਕੀਤੀ ਜਾਏਗੀ।

**ਜਨਵਰੀ 2003:** ਰੇਡੀਓ ਤਰੰਗਾਂ ਜ਼ਰੀਏ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਵਿਵਾਦਤ ਰਾਮ ਜਨਮ ਭੂਮੀ/ਬਾਬਰੀ ਮਸਜਿਦ ਕੰਪਲੈਕਸ ਦੇ ਹੇਠਾਂ ਕਿਸੇ ਪ੍ਰਾਚੀਨ ਇਮਾਰਤ ਦੇ ਨਿਸ਼ਾਨ ਦੱਬੇ ਹਨ ਜਾਂ ਨਹੀਂ, ਕੋਈ ਪੱਕਾ ਸਿੱਟਾ ਨਹੀਂ ਨਿਕਲਿਆ।

**ਮਾਰਚ 2003:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਵਿਵਾਦਤ ਸਥਾਨ 'ਤੇ ਪੂਜਾ ਪਾਠ ਦੀ ਆਗਿਆ ਦਿੱਤੇ ਜਾਣ ਲਈ ਬੇਨਤੀ ਕੀਤੀ,



*ਸ੍ਰੀ ਲਾਲ ਕ੍ਰਿਸ਼ਨ ਅਡਵਾਨੀ*

ਜਿਸ ਨੂੰ ਠੁਕਰਾ ਦਿੱਤਾ ਗਿਆ।

**ਅਗਸਤ 2003:** ਭਾਜਪਾ ਨੇਤਾ ਅਤੇ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਇਸ ਬੇਨਤੀ ਨੂੰ ਠੁਕਰਾਇਆ ਕਿ ਮੰਦਰ ਬਣਾਉਣ ਲਈ ਵਿਸ਼ੇਸ਼ ਬਿੱਲ ਲਿਆਂਦਾ ਜਾਵੇ।

**ਸਤੰਬਰ 2003:** ਇਕ ਅਦਾਲਤ ਨੇ ਬਾਬਰੀ ਮਸਜਿਦ ਨੂੰ ਡੇਗਣ ਦੇ ਨਿਰਦੇਸ਼ ਦੇਣ ਲਈ 7 ਹਿੰਦੂ ਨੇਤਾਵਾਂ ਦੇ ਖਿਲਾਫ ਅਦਾਲਤੀ ਕਾਰਵਾਈ ਕਰਨ ਨੂੰ ਕਿਹਾ ਪਰ ਅਡਵਾਨੀ ਦੇ ਖਿਲਾਫ ਕੋਈ ਦੋਸ਼ ਦਾਇਰ ਨਹੀਂ ਕੀਤੇ ਗਏ, ਜੋ 1992 ਵਿਚ ਉਸ ਜਗ੍ਹਾ 'ਤੇ ਮੌਜੂਦ ਸਨ।

**ਅਕਤੂਬਰ 2004:** ਅਡਵਾਨੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਦ੍ਰਿੜ ਸੰਕਲਪ ਹੈ। ਇਸ ਦਾ ਬਣਨਾ ਅਟੱਲ ਹੈ।

**ਨਵੰਬਰ 2004:** ਉਤਰ ਪ੍ਰਦੇਸ਼ ਦੀ ਇਕ ਅਦਾਲਤ ਨੇ ਫੈਸਲਾ ਦਿੱਤਾ ਕਿ ਅਡਵਾਨੀ ਦੀ ਬਾਬਰੀ ਮਸਜਿਦ ਡੇਗਣ ਵਿਚ ਭੂਮਿਕਾ ਬਾਰੇ ਇਕ ਪਹਿਲੇ ਫੈਸਲੇ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।

**ਜੁਲਾਈ 2005:** ਸ਼ੱਕੀ ਮੁਸਲਿਮ ਅਤਿਵਾਦੀਆਂ ਨੇ ਬਰੂਦ ਨਾਲ ਲੱਦੀ ਇਕ ਜੀਪ ਨਾਲ ਵਿਵਾਦਿਤ ਸਥਾਨ 'ਤੇ ਹਮਲਾ ਕੀਤਾ ਤਾਂ ਕਿ ਇਮਾਰਤ ਦੀ ਦੀਵਾਰ ਨੂੰ ਉਡਾਇਆ ਜਾ ਸਕੇ।

**ਜੂਨ 2009:** ਲਿਬ੍ਰਾਹਨ ਕਮਿਸ਼ਨ ਨੇ ਜਾਂਚ ਸ਼ੁਰੂ ਕਰਨ ਦੇ 17 ਸਾਲ ਬਾਅਦ ਬਾਬਰੀ ਮਸਜਿਦ ਡੇਗਣ ਸੰਬੰਧੀ ਆਪਣੀ ਰਿਪੋਰਟ ਸੌਂਪ ਦਿੱਤੀ ਪਰ ਤੱਥ ਜਨਤਾ ਸਾਹਮਣੇ ਨਹੀਂ ਲਿਆਂਦੇ ਗਏ।

**26 ਜੁਲਾਈ, 2010:** ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਵਿਵਾਦ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖਿਆ। ਫੈਸਲਾ ਸੁਣਾਈ ਦੀ ਤਰੀਕ 24 ਸਤੰਬਰ ਤੈਅ ਕੀਤੀ।

**17 ਸਤੰਬਰ, 2010:** ਹਾਈ ਕੋਰਟ ਨੇ ਇਕ ਸਾਬਕਾ ਅਧਿਕਾਰੀ ਆਰ.ਸੀ. ਤ੍ਰਿਪਾਠੀ ਦੀ ਬੇਨਤੀ ਨੂੰ ਖਾਰਜ ਕਰਦੇ ਹੋਏ ਫੈਸਲਾ ਸੁਣਾਉਣ ਦੀ ਤਰੀਕ ਟਾਲਣ ਤੋਂ ਇਨਕਾਰ ਕਰ ਦਿੱਤਾ।

**21 ਸਤੰਬਰ, 2010:** ਤ੍ਰਿਪਾਠੀ ਹਾਈ ਕੋਰਟ ਦੇ ਹੁਕਮ ਖਿਲਾਫ ਸੁਪਰੀਮ ਕੋਰਟ ਪਹੁੰਚੇ। ਜਸਟਿਸ ਅਲਤਮਸ ਕਬੀਰ ਅਤੇ ਜਸਟਿਸ ਏ.ਕੇ. ਪਟਨਾਇਕ ਦੇ ਬੈਂਚ ਨੇ ਮਾਮਲੇ 'ਤੇ ਸੁਣਵਾਈ ਤੋਂ ਇਨਕਾਰ ਕੀਤਾ। ਮਾਮਲੇ ਨੂੰ ਹੋਰ ਬੈਂਚ ਕੋਲ ਭੇਜਿਆ ਗਿਆ।

**23 ਸਤੰਬਰ, 2010:** ਪਟੀਸ਼ਨ 'ਤੇ ਸੁਣਵਾਈ ਦੇ ਮਾਮਲੇ ਵਿਚ ਜਸਟਿਸ ਆਰ.ਵੀ. ਰਵਿੰਦਰਨ ਅਤੇ ਜਸਟਿਸ ਐਚ.ਐਲ. ਗੋਖਲੇ ਨੇ ਵੱਖ-ਵੱਖ ਰਾਏ ਦਿੱਤੀ। ਅਦਾਲਤ ਨੇ ਸਭ ਧਿਰਾਂ ਨੂੰ ਨੋਟਿਸ ਜਾਰੀ ਕੀਤੇ।

**28 ਸਤੰਬਰ, 2010:** ਸੁਪਰੀਮ ਕੋਰਟ ਵਲੋਂ ਹਾਈ ਕੋਰਟ ਨੂੰ ਫੈਸਲਾ ਸੁਣਾਉਣ ਦੀ ਤਰੀਕ ਟਾਲਣ ਦਾ ਨਿਰਦੇਸ਼ ਦੇਣ ਤੋਂ ਇਨਕਾਰ। ਹਾਈ ਕੋਰਟ ਨੇ ਫੈਸਲਾ ਸੁਣਾਉਣ ਦੀ ਤਰੀਕ 30 ਸਤੰਬਰ ਤੈਅ ਕੀਤੀ।

**30 ਸਤੰਬਰ, 2010:** ਇਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ ਵਲੋਂ ਵਿਵਾਦਤ ਜ਼ਮੀਨ ਦੀ ਤਿੰਨ ਬਰਾਬਰ ਹਿੱਸਿਆਂ ਵਿਚ ਵੰਡ ਦਾ ਫੈਸਲਾ। ਹਿੰਦੂਆਂ ਨੂੰ ਦੋ ਅਤੇ ਮੁਸਲਮਾਨਾਂ ਨੂੰ ਇਕ ਹਿੱਸਾ ਦਿੱਤਾ।

## 21 ਸਾਲ, 13 ਬੈਂਚ, 18 ਜੱਜ

**ਪਹਿਲਾ ਮੁਕੰਮਲ ਬੈਂਚ:** ਵਿਵਾਦ ਦੀ ਸੁਣਵਾਈ ਲਈ 21 ਜੁਲਾਈ, 1989 ਨੂੰ ਉਸ ਵੇਲੇ ਦੇ ਕਾਰਜਕਾਰੀ ਚੀਫ ਜਸਟਿਸ ਕੇ.ਸੀ. ਅਗਰਵਾਲ, ਜਸਟਿਸ ਯੂ.ਸੀ. ਸ਼੍ਰੀਵਾਸਤਵ ਅਤੇ ਜਸਟਿਸ ਸਈਦ ਹੈਦਰ ਅਬਾਸ ਰਜ਼ਾ ਦਾ ਪਹਿਲਾ ਵਿਸ਼ੇਸ਼ ਮੁਕੰਮਲ ਬੈਂਚ ਬਣਿਆ।

**ਦੂਜਾ ਬੈਂਚ:** 1990 ਵਿਚ ਜਸਟਿਸ ਰਜ਼ਾ ਦੇ ਨਾਲ 2 ਨਵੇਂ ਜੱਜਾਂ ਜਸਟਿਸ ਐਸ.ਸੀ. ਮਾਥੁਰ ਅਤੇ ਜਸਟਿਸ ਬ੍ਰਿਜੇਸ਼ ਕੁਮਾਰ ਨੂੰ ਮਿਲਾ ਕੇ ਨਵਾਂ ਬੈਂਚ ਬਣਿਆ।

**ਤੀਜਾ ਬੈਂਚ:** 1994 'ਚ ਜਸਟਿਸ ਏ.ਪੀ. ਮਿਸ਼ਰ, ਜਸਟਿਸ ਸੀ.ਏ. ਰਹੀਮ ਅਤੇ ਜਸਟਿਸ ਆਈ.ਪੀ. ਵਸ਼ਿਸ਼ਟ ਦਾ ਨਵਾਂ ਬੈਂਚ ਬਣਿਆ।

**ਚੌਥਾ ਬੈਂਚ:** 1996 ਵਿਚ ਜਸਟਿਸ ਰਹੀਮ ਦੇ ਚਲੇ ਜਾਣ ਤੋਂ ਬਾਅਦ ਜਸਟਿਸ ਐਸ.ਆਰ. ਆਲਮ ਨੂੰ ਲੈ ਕੇ ਚੌਥਾ ਬੈਂਚ ਬਣਿਆ।

**ਪੰਜਵਾਂ ਬੈਂਚ:** ਸਤੰਬਰ 1997 'ਚ ਜਸਟਿਸ ਏ.ਪੀ. ਮਿਸ਼ਰ ਦੇ ਹਟਣ 'ਤੇ ਜਸਟਿਸ ਦੇਵਕਾਂਤ ਤ੍ਰਿਵੇਦੀ ਨੂੰ ਮਿਲਾ ਕੇ ਪੰਜਵਾਂ ਬੈਂਚ ਬਣਿਆ।

**ਛੇਵਾਂ ਬੈਂਚ:** ਜਨਵਰੀ 1999 ਵਿਚ ਜਸਟਿਸ ਆਈ.ਪੀ. ਵਸ਼ਿਸ਼ਟ ਹਟੇ, ਉਨ੍ਹਾਂ ਦੀ ਜਗ੍ਹਾ ਜਸਟਿਸ ਜੇ.ਸੀ. ਮਿਸ਼ਰ ਨੂੰ ਲੈ ਕੇ ਨਵਾਂ ਬੈਂਚ ਬਣਿਆ।

**ਸੱਤਵਾਂ ਬੈਂਚ:** ਜੁਲਾਈ 2000 ਵਿਚ ਜਸਟਿਸ ਮਿਸ਼ਰ ਚਲੇ ਗਏ ਅਤੇ ਉਨ੍ਹਾਂ ਦੀ ਥਾਂ ਜਸਟਿਸ ਭੰਵਰ ਸਿੰਘ ਆਏ ਤਾਂ ਸੱਤਵਾਂ ਬੈਂਚ ਬਣਿਆ।

**ਅੱਠਵਾਂ ਬੈਂਚ:** ਸਤੰਬਰ 2001 ਵਿਚ ਜਸਟਿਸ ਦੇਵਕਾਂਤ ਤ੍ਰਿਵੇਦੀ ਦੀ ਜਗ੍ਹਾ ਜਸਟਿਸ ਸੁਧੀਰ ਨਾਰਾਇਣ ਆ ਗਏ।

**ਨੌਵਾਂ ਬੈਂਚ:** ਜੁਲਾਈ 2003 ਵਿਚ ਫਿਰ ਨੌਵਾਂ ਬੈਂਚ ਮੁੜ ਗਠਿਤ ਹੋਇਆ ਅਤੇ ਜਸਟਿਸ ਸੁਧੀਰ ਨਾਰਾਇਣ ਦੀ ਜਗ੍ਹਾ ਜਸਟਿਸ ਖੇਮਕਰਨ ਆ ਗਏ।

**ਦਸਵਾਂ ਬੈਂਚ:** ਅਗਸਤ 2005 'ਚ ਜਸਟਿਸ ਖੇਮਕਰਨ ਦੀ ਜਗ੍ਹਾ ਜਸਟਿਸ ਓ.ਪੀ. ਸ਼੍ਰੀਵਾਸਤਵ ਆਏ। ਜਸਟਿਸ ਸ਼੍ਰੀਵਾਸਤਵ ਨੂੰ ਇਕ ਸਾਲ ਦਾ ਸੇਵਾ ਵਿਸਤਾਰ ਮਿਲਿਆ, ਫਿਰ ਵੀ ਸੁਣਵਾਈ ਪੂਰੀ ਨਹੀਂ ਹੋਈ।

**ਗਿਆਰਵਾਂ ਬੈਂਚ:** ਜਨਵਰੀ 2007 ਵਿਚ ਜਸਟਿਸ ਭੰਵਰ ਸਿੰਘ ਦੀ ਥਾਂ ਜਸਟਿਸ ਧਰਮਵੀਰ ਸ਼ਰਮਾ ਆਏ।

**ਬਾਰ੍ਹਵਾਂ ਬੈਂਚ:** ਸਤੰਬਰ 2008 ਵਿਚ ਜਸਟਿਸ ਓ.ਪੀ. ਸ਼੍ਰੀਵਾਸਤਵ ਦੀ ਥਾਂ ਜਸਟਿਸ ਸੁਧੀਰ ਅਗਰਵਾਲ ਆ ਗਏ।

**ਤੇਰ੍ਹਵਾਂ ਮੁਕੰਮਲ ਬੈਂਚ:** ਫਿਰ ਦਸੰਬਰ 2009 ਵਿਚ ਜਸਟਿਸ ਸਈਦ ਰਫਤ ਆਲਮ ਦੇ ਤਬਾਦਲੇ 'ਤੇ ਜਸਟਿਸ ਐਸ.ਯੂ. ਖਾਨ ਨੂੰ ਲੈ ਕੇ ਨਵਾਂ ਵਿਸ਼ੇਸ਼ ਮੁਕੰਮਲ ਬੈਂਚ ਬਣਿਆ। ਮੌਜੂਦਾ ਬੈਂਚ ਦੇ ਇਕ ਮੈਂਬਰ ਜਸਟਿਸ ਧਰਮਵੀਰ ਸ਼ਰਮਾ ਪਹਿਲੀ ਅਕਤੂਬਰ, 2010 ਨੂੰ ਰਿਟਾਇਰ ਹੋਏ ਹਨ। ਇਸ ਤਰ੍ਹਾਂ 1989 ਤੋਂ ਹੁਣ ਤੱਕ ਕੁਲ 18 ਹਾਈਕੋਰਟ ਜੱਜ ਇਸ ਮਾਮਲੇ ਦੀ ਸੁਣਵਾਈ ਕਰ ਚੁੱਕੇ ਹਨ। ਵਿਵਾਦ ਨਾਲ ਜੁੜੇ ਹੋਰ ਮਾਮਲਿਆਂ ਨੂੰ ਜੋੜਿਆ ਜਾਵੇ ਤਾਂ ਇਹ ਗਿਣਤੀ ਕਿਤੇ ਵਧ ਹੋਵੇਗੀ।

## ਭਾਰਤ ਵਿਚ ਵਿਲੱਖਣ ਪਛਾਣ ਕਾਰਡ ਸਕੀਮ

**ਨੰਦਰਬਾਰ (ਮਹਾਰਾਸ਼ਟਰ) :** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਬੀਤੀ 29 ਸਤੰਬਰ ਨੂੰ ਇਥੇ ਨਿਵੇਕਲੇ ਸ਼ਨਾਖਤੀ ਨੰਬਰ (ਯੂ. ਆਈ. ਡੀ.) ਕਾਰਡ ਜਾਰੀ ਕਰਨ ਦੀ ਰਸਮ ਅਦਾ ਕੀਤੀ ਜਿਨ੍ਹਾਂ ਨੂੰ 'ਆਧਾਰ' ਕਾਰਡ ਦਾ ਨਾਂ ਦਿੱਤਾ ਗਿਆ। ਇੱਥੋਂ ਦੇ ਤੇਂਭਾਲੀ ਕਬਾਇਲੀ ਪਿੰਡ ਨਾਲ ਸਬੰਧਤ 10 ਕਬਾਇਲੀਆਂ ਨੇ ਸਭ ਤੋਂ ਪਹਿਲਾਂ ਇਹ ਕਾਰਡ ਹਾਸਲ ਕਰਨ ਦਾ ਮਾਣ ਪ੍ਰਾਪਤ ਕੀਤਾ।

ਇਸ ਦੇ ਨਾਲ ਹੀ ਦੇਸ਼ ਭਰ ਵਿਚ ਗਰੀਬਾਂ ਨੂੰ ਸਰਕਾਰੀ ਭਲਾਈ ਪ੍ਰਾਜੈਕਟਾਂ ਦਾ ਫਾਇਦਾ ਸਿੱਧਿਆਂ ਪਹੁੰਚਾਉਣ ਲਈ ਭਾਰਤੀ ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਵਲੋਂ ਜਾਰੀ ਕੀਤੇ ਜਾਣ ਵਾਲੇ ਇਨ੍ਹਾਂ ਨਿਵੇਕਲੇ ਸ਼ਨਾਖਤੀ ਕਾਰਡਾਂ ਨੂੰ ਵੰਡਣ ਦੀ ਸ਼ੁਰੂਆਤ ਹੋ ਗਈ। ਇਸ ਸਬੰਧੀ ਸਮਾਗਮ ਵਿਚ ਮਹਾਰਾਸ਼ਟਰ ਦੇ ਰਾਜਪਾਲ ਕੇ. ਸ਼ੰਕਰਾ ਨਰਾਇਣਨ, ਮੁੱਖ ਮੰਤਰੀ ਅਸ਼ੋਕ ਚਵਾਨ, ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਅਤੇ ਯੂਨੀਕ ਅਥਾਰਟੀ ਦੇ ਮੁਖੀ ਨੰਦਨ ਨੀਲਕੇਨੀ ਵੀ ਹਾਜ਼ਰ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਿਵੇਕਲੇ ਸ਼ਨਾਖਤੀ ਨੰਬਰ ਕਾਰਡ ਜਾਰੀ ਕਰਨਾ ਦੇਸ਼ ਦੇ ਆਮ ਆਦਮੀ ਦੀ ਭਲਾਈ ਲਈ ਇਕ ਵੱਡੇ ਉਪਰਾਲੇ ਦੀ ਸ਼ੁਰੂਆਤ ਹੈ। ਉਨ੍ਹਾਂ ਕਿਹਾ, "ਇਕ ਗਰੀਬ ਆਦਮੀ ਕੋਲ ਕੋਈ ਸ਼ਨਾਖਤੀ ਸਬੂਤ ਨਹੀਂ ਹੁੰਦਾ। ਇਸ ਕਮੀ ਕਾਰਨ ਉਹ ਨਾ ਬੈਂਕ ਖਾਤੇ ਖੁਲ੍ਹਵਾ ਸਕਦੇ ਹਨ ਅਤੇ ਨਾ ਹੀ ਰਾਸ਼ਨ ਕਾਰਡ ਹਾਸਲ ਕਰ ਸਕਦੇ ਹਨ। ਇਸ ਕਾਰਨ ਉਹ ਸਰਕਾਰੀ ਭਲਾਈ ਪ੍ਰੋਗਰਾਮ ਦਾ ਫਾਇਦਾ ਵੀ ਨਹੀਂ ਉਠਾ ਸਕਦੇ ਅਤੇ ਬਹੁਤੀ ਵਾਰ ਇਹ ਫਾਇਦਾ ਹੋਰ ਹੀ ਲੈ ਜਾਂਦੇ ਹਨ।" ਉਨ੍ਹਾਂ ਕਿਹਾ ਕਿ ਮਾਲੀ ਤੇ ਸਮਾਜੀ ਤੌਰ 'ਤੇ ਪਛੜੇ ਲੋਕਾਂ ਨੂੰ ਇਸ ਦਾ ਸਭ ਤੋਂ ਵੱਧ ਫਾਇਦਾ ਹੋਵੇਗਾ।

# ਬਿਹਾਰ ਵਿਚ ਭਾਜਪਾ ਦੇ ਬਹੁਤੇ ਉਮੀਦਵਾਰ ਅਪਰਾਧੀ

**ਪਟਨਾ :** ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਸਿਆਸੀ ਪਾਰਟੀਆਂ ਵਲੋਂ ਐਲਾਨੇ 340 ਉਮੀਦਵਾਰਾਂ ਵਿਚੋਂ 80 ਅਪਰਾਧਕ ਪਿਛੋਕੜ ਵਾਲੇ ਹਨ। ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫ਼ਾਰਮਜ਼ ਅਤੇ ਇਲੈਕਸ਼ਨ ਵਾਚ ਵਲੋਂ ਜਾਰੀ ਰੀਪੋਰਟ ਵਿਚ ਇਹ ਪ੍ਰਗਟਾਵਾ ਕੀਤਾ ਗਿਆ ਹੈ। ਇਲੈਕਸ਼ਨ ਵਾਚ ਦੇ ਸੀਨੀਅਰ ਅਹੁਦੇਦਾਰ ਕੁਮਾਰ ਅੰਜੇਸ਼ ਨੇ ਲੰਘੀ 2 ਅਕਤੂਬਰ ਨੂੰ ਦਸਿਆ ਕਿ ਸਭ ਤੋਂ ਵੱਧ ਭਾਜਪਾ ਨੇ ਅਪਰਾਧਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਚੁਣਿਆ ਹੈ। ਭਾਜਪਾ ਦੇ 41 ਉਮੀਦਵਾਰਾਂ ਵਿਰੁਧ ਅਪਰਾਧਕ ਮਾਮਲੇ ਚੱਲ ਰਹੇ ਹਨ। ਸੱਤਾਧਾਰੀ ਜਨਤਾ ਦਲ (ਯੂ) ਦੇ 17 ਉਮੀਦਵਾਰਾਂ ਵਿਰੁਧ ਅਪਰਾਧਕ ਮਾਮਲੇ ਬਕਾਇਆ ਹਨ। ਪਿਛਲੀਆਂ ਚੋਣਾਂ ਵਿਚ ਵੀ ਭਾਜਪਾ ਨੰਬਰ ਇਕ 'ਤੇ ਰਹੀ ਸੀ। ਉਧਰ ਲੋਕ ਜਨਸ਼ਕਤੀ ਪਾਰਟੀ ਦੇ 8 ਉਮੀਦਵਾਰ ਦਾਗੀ ਹਨ।

ਇਹ ਵੀ ਸਾਹਮਣੇ ਆਇਆ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਜੇ.ਡੀ. (ਯੂ), ਭਾਜਪਾ, ਆਰ.ਜੇ.ਡੀ., ਐਲ.ਜੇ.ਪੀ. ਤੇ ਕਾਂਗਰਸ ਭਾਵੇਂ ਵੱਖੋ-ਵੱਖਰੇ ਏਜੰਡਿਆਂ ਉਪਰ ਚੋਣਾਂ ਲੜ ਰਹੀਆਂ ਹੋਣ ਪਰ 'ਭਾਈ-ਭਤੀਜਾਵਾਦ' ਦੇ ਮੁੱਦੇ 'ਤੇ ਇਹ ਇਕੋ ਜਿਹੀਆਂ ਹਨ। ਇਨ੍ਹਾਂ ਪਾਰਟੀਆਂ ਵਿਚਲੇ ਆਗੂਆਂ ਨੇ ਆਪਣੇ ਪੁੱਤਰਾਂ-ਧੀਆਂ, ਪਤਨੀਆਂ ਤੇ ਹੋਰ ਸਕੇ-ਸਬੰਧੀਆਂ ਨੂੰ ਰੱਜ ਕੇ ਟਿਕਟਾਂ ਵੰਡੀਆਂ ਹਨ। ਸੱਤਾਧਾਰੀ ਪਾਰਟੀ ਜੇ.ਡੀ.(ਯੂ.) ਨੇ ਤਿੰਨ ਆਗੂਆਂ ਦੇ ਪੁੱਤਰਾਂ ਨੂੰ ਟਿਕਟ ਦਿੱਤੀ ਹੈ। ਜਿਨ੍ਹਾਂ ਨੂੰ ਟਿਕਟਾਂ ਮਿਲੀਆਂ ਹਨ, ਉਨ੍ਹਾਂ ਵਿਚੋਂ ਦੋ ਦੇ ਪਿਤਾ ਸੰਸਦ ਮੈਂਬਰ ਤੇ ਇਕ ਦਾ ਵਿਧਾਨ ਪ੍ਰੀਸ਼ਦ ਦਾ ਮੈਂਬਰ ਹੈ। ਜੇ.ਡੀ.(ਯੂ) ਨੇ ਵਿਵਾਦਗ੍ਰਸਤ ਆਗੂ ਮੁਹੰਮਦ ਤਸਲੀਮੂਦੀਨ ਦੇ ਪੁੱਤਰ ਸਰਫਰਾਜ਼ ਆਲਮ ਨੂੰ ਜੋਕੀਹਟ ਤੋਂ ਖੜਾ ਕੀਤਾ ਹੈ। ਸੂਬੇ ਦੇ ਕੈਬਨਿਟ ਤਾਲਮੇਲ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਅਫਜ਼ਲ ਅਮਾਨਉਲ੍ਹਾ ਦੀ ਪਤਨੀ ਪ੍ਰਵੀਨ ਅਮਾਨਉਲ੍ਹਾ ਨੂੰ ਸਾਹੇਬਪੁਰ ਕਮਾਲ ਤੋਂ ਟਿਕਟ ਮਿਲੀ ਹੈ। ਰਾਮ ਵਿਲਾਸ ਪਾਸਵਾਨ ਦੇ ਨੇੜੇ ਦੇ ਰਿਸ਼ਤੇਦਾਰ ਰਾਮਸੇਵਕ ਹਜ਼ਾਰੀ ਕਲਿਆਣਪੁਰ ਤੋਂ ਲੜ ਰਹੇ ਹਨ। ਇਸ ਤੋਂ ਇਲਾਵਾ ਜੇ.ਡੀ. (ਯੂ) ਨੇ ਕਈ ਹੋਰ ਆਗੂਆਂ ਨੂੰ 'ਖੁਸ਼' ਕੀਤਾ ਹੈ।

ਲਾਲੂ ਪ੍ਰਸਾਦ ਯਾਦਵ ਦੀ ਆਰ.ਜੇ.ਡੀ. ਵੀ ਪਿੱਛੇ ਨਹੀਂ। ਪਾਰਟੀ ਦੇ ਸੀਨੀਅਰ ਆਗੂ ਐਮ.ਏ.ਏ. ਫਾਤਮੀ ਦੇ ਪੁੱਤਰ ਫਿਰਾਜ਼ ਫਾਤਮੀ ਤੇ ਸਾਬਕਾ ਮੰਤਰੀ ਸੀਤਾ ਰਾਮ ਸਿੰਘ ਦੇ ਪੁੱਤਰ ਰਾਣਾ ਰਣਬੀਰ ਨੂੰ ਕ੍ਰਮਵਾਰ ਕੇਓਟੀ ਤੇ ਮਧੂਬਨ ਹਲਕਿਆਂ ਤੋਂ ਟਿਕਟ ਮਿਲੀ ਹੈ। ਰਘੂਨਾਥ ਝਾਅ ਦੇ ਪੁੱਤਰ ਰਣਜੀਤ ਕੁਮਾਰ ਨੂੰ ਸੇਓਹਰ ਤੋਂ ਖੜਾ ਕੀਤਾ ਗਿਆ ਹੈ। ਲਾਲੂ ਦਾ ਸਾਲਾ ਅਨੀਰੁਧ ਪ੍ਰਸਾਦ ਉਰਫ਼ ਸਾਧੂ ਯਾਦਵ ਇਸ ਵਾਰ ਕਾਂਗਰਸ ਵਲੋਂ ਮੈਦਾਨ 'ਚ ਉਤਰ ਰਿਹਾ ਹੈ। ਵਿਵਾਦਗ੍ਰਸਤ ਆਗੂ ਪੱਪੂ ਯਾਦਵ ਦੀ ਪਤਨੀ ਰਣਜੀਤ ਰੰਜਨ ਕਾਂਗਰਸ ਦੀ ਟਿਕਟ ਤੋਂ ਬਿਹਾਰੀਗੰਜ ਤੋਂ ਉਮੀਦਵਾਰ ਹੈ। ਕਾਂਗਰਸ ਨੇ ਜੇ.ਡੀ. (ਯੂ.) ਦੇ ਸੰਸਦ ਮੈਂਬਰ ਪੂਰਨਮਾਸੀ ਰਾਮ ਦੇ ਪੁੱਤ ਵਿਜੈ ਕੁਮਾਰ ਰਾਮ ਨੂੰ ਹਰਸਿਧੀ ਤੋਂ ਮੈਦਾਨ 'ਚ ਉਤਾਰਿਆ ਹੈ। ਸਾਬਕਾ ਮੰਤਰੀ ਏ. ਕੁਮਾਰ ਦੇ ਪੁੱਤ ਨੂੰ ਇਸੇ ਪਾਰਟੀ ਨੇ ਪਾਰੂ ਤੋਂ ਚੋਣ ਲੜਾਉਣ ਦਾ ਫੈਸਲਾ ਕੀਤਾ ਹੈ। ਰਾਮ ਵਿਲਾਸ ਪਾਸਵਾਨ ਦੀ ਐਲ.ਜੇ.ਪੀ. ਵਿਚ ਵੀ ਅਜਿਹਾ ਕੁਝ ਹੈ। ਪਾਸਵਾਨ ਦੇ ਭਰਾਵਾਂ ਪਸ਼ੂਪਤੀ ਕੁਮਾਰ ਪਾਰਸ ਤੇ ਰਾਮਚੰਦਰ ਪਾਸਵਾਨ ਨੂੰ ਅਲੋਲੀ ਤੇ ਕੁਸ਼ੇਸ਼ਵਰ ਅਸਥਾਨ ਤੋਂ ਟਿਕਟ ਦਿੱਤੀ ਗਈ ਹੈ। ਭਾਜਪਾ ਨੇ ਆਰ.ਜੇ.ਡੀ. ਦੇ ਸੰਸਦ ਮੈਂਬਰ ਜਗਨੰਦਨ ਸਿੰਘ ਦੇ ਪੁੱਤਰ ਸੁਧਾਕਰ ਸਿੰਘ ਨੂੰ ਰਾਮਗੜ੍ਹ ਤੋਂ ਟਿਕਟ ਦਿੱਤੀ ਹੈ।

ਬਿਹਾਰ 'ਚ ਪ੍ਰਮੁੱਖ ਸਿਆਸੀ ਦਲ ਆਪਣਿਆਂ ਦੀ ਬਗਾਵਤ ਤੋਂ ਪ੍ਰੇਸ਼ਾਨ ਹਨ। ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਜਨਤਾ ਦਲ (ਯੂਨਾਈਟਿਡ) ਸਮੇਤ ਰਾਜ ਦੀਆਂ ਪ੍ਰਮੁੱਖ ਪਾਰਟੀਆਂ 'ਚ ਟਿਕਟ ਨੂੰ ਲੈ ਕੇ ਬਗਾਵਤ ਸ਼ੁਰੂ ਹੋ ਗਈ ਹੈ। ਸਾਰੀਆਂ ਪਾਰਟੀਆਂ ਨੂੰ ਇਸ ਗੱਲ ਦਾ ਖਦਸ਼ਾ ਪਹਿਲਾਂ ਤੋਂ ਹੀ ਸੀ ਕਿ ਉਮੀਦਵਾਰਾਂ ਦੀ ਸੂਚੀ ਜਾਰੀ ਹੁੰਦਿਆਂ ਹੀ ਅਜਿਹੀ ਸਥਿਤੀ ਬਣ ਜਾਏਗੀ। ਜਾਣਕਾਰਾਂ ਮੁਤਾਬਕ ਇਸੇ ਕਾਰਨ ਸਾਰੀਆਂ ਪਾਰਟੀਆਂ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਕਰਨ 'ਚ ਬਹੁਤ ਸਮਾਂ ਲਾਇਆ। ਸੂਤਰਾਂ ਨੇ ਦੱਸਿਆ ਕਿ ਬਗਾਵਤ ਕਾਰਨ ਹੀ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਅਤੇ ਲੋਕ ਜਨ ਸ਼ਕਤੀ ਪਾਰਟੀ (ਐੱਲ ਜੇ ਪੀ) ਹੁਣ ਤੱਕ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਦੀ ਹਿੰਮਤ ਵੀ ਨਹੀਂ ਕਰ ਸਕੇ।

ਰਾਜ ਦੀਆਂ ਪ੍ਰਮੁੱਖ ਪਾਰਟੀਆਂ 'ਚ ਕਾਂਗਰਸ ਨੇ ਸਭ ਤੋਂ ਪਹਿਲਾਂ ਆਪਣੇ 77 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ। ਸੂਚੀ ਜਾਰੀ ਹੁੰਦੇ ਹੀ ਆਰ ਜੇ ਡੀ ਤੋਂ ਕਾਂਗਰਸ 'ਚ ਆਏ ਸਾਧੂ ਯਾਦਵ ਨੇ ਚੋਣ ਮੁਹਿੰਮ ਸਮਿਤੀ ਦੇ ਉਪ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤੇ ਕਾਂਗਰਸ ਦੀ ਆਗੂ ਅਤੇ ਸਾਬਕਾ ਸੰਸਦ ਮੈਂਬਰ ਆਨੰਦ ਮੋਹਣ ਦੀ ਪਤਨੀ ਨਵਲੀ ਆਨੰਦ ਨੇ ਬਾਗੀ ਰਵੱਈਆ ਅਖਤਿਆਰ ਕਰ ਲਿਆ ਹੈ। ਕਾਂਗਰਸ ਦੇ ਬੁਲਾਰੇ ਪ੍ਰੇਮ ਚੰਦ ਮਿਸ਼ਰ ਦਾ ਕਹਿਣਾ ਹੈ ਕਿ ਕਿਤੇ ਕੋਈ ਅਸੰਤੋਸ਼ ਨਹੀਂ ਹੈ ਅਤੇ ਪਾਰਟੀ 'ਚ ਟਿਕਟ ਦੀ ਵੰਡ ਬਾਰੇ ਕੋਈ ਹੇਰਾਫੇਰੀ ਜਾਂ ਧਾਂਦਲੀ ਨਹੀਂ ਹੋਈ ਹੈ। ਬੀ ਜੇ ਪੀ ਨੇ ਵੀ 87 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਟਿਕਟ ਨਾ ਮਿਲਣ ਤੋਂ ਨਾਰਾਜ਼ ਸਹਿਰਸਾ ਦੇ ਵਿਧਾਇਕ ਸੰਜੀਵ ਕੁਮਾਰ ਝਾ ਅਤੇ ਬੇਗੁਸਰਾਏ ਦੇ ਵਿਧਾਇਕ ਸ੍ਰੀ ਕ੍ਰਿਸ਼ਨ ਸਿੰਘ ਨੇ ਬਗਾਵਤ ਕਰਦੇ ਹੋਏ ਆਜ਼ਾਦ ਚੋਣ ਲੜਨ ਦਾ ਐਲਾਨ ਕਰ ਦਿੱਤਾ। ਬੀ ਜੇ ਪੀ ਨੇ ਚਾਰ ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਕੱਟ ਦਿੱਤੀਆਂ ਹਨ। ਸਭ ਤੋਂ ਜ਼ਿਆਦਾ ਪ੍ਰੇਸ਼ਾਨੀ ਜੇ ਡੀ (ਯੂ) ਨੂੰ ਸਹਿਣੀ ਪੈ ਰਹੀ ਹੈ। ਜੇ ਡੀ (ਯੂ) ਨੇ 54 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ। ਹੱਕਦਾਰ ਲੋਕਾਂ ਨੂੰ ਟਿਕਟ ਨਾ ਦੇਣ ਦਾ ਦੋਸ਼ ਲਾਉਂਦੇ ਹੋਏ ਰਾਜ ਸਭਾ ਮੈਂਬਰ ਅਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਉਪੇਂਦਰ ਕੁਸ਼ਵਾਹਾ ਨੇ ਜਨਰਲ ਸਕੱਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤੇ ਨਾਲ ਹੀ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਸ਼ਿਵ ਪ੍ਰਸੰਨ ਯਾਦਵ ਨੇ ਵੀ ਵਿਧਾਨ ਪ੍ਰੀਸ਼ਦ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ।

ਇਧਰ ਸੰਸਦ ਮੈਂਬਰ ਪੂਰਨਮਾਸੀ ਰਾਮ ਨੇ ਵੀ ਪਾਰਟੀ ਨਾਲ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਕਾਂਗਰਸ ਉਮੀਦਵਾਰ ਲਈ ਪ੍ਰਚਾਰ ਕਰਨ ਦਾ ਐਲਾਨ ਕਰ ਦਿੱਤਾ ਹੈ। ਸੂਤਰ ਦੱਸਦੇ ਹਨ ਕਿ ਸੰਸਦ ਮੈਂਬਰ ਕੈਪਟਨ ਜੈਨਾਰਾਇਣ ਪ੍ਰਸ਼ਾਦ ਨਿਸ਼ਾਦ ਵੀ ਨਾਰਾਜ਼ ਹੋ ਗਏ ਹਨ। ਕਾਂਗਰਸ ਨੇ ਰਾਜ 'ਚ ਵਿਧਾਨ ਸਭਾ ਦੀਆਂ ਸਾਰੀਆਂ 243 ਸੀਟਾਂ 'ਤੇ ਲੜਨ ਦਾ ਐਲਾਨ ਕੀਤਾ ਹੈ ਕਿ ਜਦਕਿ ਬੀ ਜੇ ਪੀ ਅਤੇ ਜੇ ਡੀ ਯੂ ਤਾਲਮੇਲ ਤਹਿਤ ਕ੍ਰਮਵਾਰ 102 ਅਤੇ 142 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹਾ ਕਰਨਗੀਆਂ। ਜ਼ਿਕਰਯੋਗ ਹੈ ਕਿ ਰਾਜ 'ਚ 6 ਗੇੜਾਂ 'ਚ 20 ਅਕਤੂਬਰ ਤੋਂ 21 ਨਵੰਬਰ ਤੱਕ ਚੋਣਾਂ ਹੋਣਗੀਆਂ ਅਤੇ ਗਿਣਤੀ 24 ਨਵੰਬਰ ਨੂੰ ਹੋਵੇਗੀ।

**ਨਰਿੰਦਰ ਮੋਦੀ ਨਹੀਂ ਕਰੇਗਾ ਪ੍ਰਚਾਰ :** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਪ੍ਰਚਾਰ ਤੋਂ ਦੂਰ ਰੱਖਣ ਲਈ ਭਾਰਤੀ ਜਨਤਾ ਪਾਰਟੀ ਆਖਰਕਾਰ ਜਨਤਾ ਦਲ (ਯੂ) ਦੇ ਦਬਾਅ ਹੇਠ ਆ ਹੀ ਗਈ, ਕਿਉਂਕਿ ਭਾਜਪਾ ਨੇ ਬਿਹਾਰ ਵਿਧਾਨ ਸਭਾ ਚੋਣਾਂ 'ਚ ਆਪਣੇ 40 ਮੁੱਖ ਪ੍ਰਚਾਰਕਾਂ ਦੀ ਜੋ ਸੂਚੀ ਚੋਣ ਕਮਿਸ਼ਨ ਨੂੰ ਸੌਂਪੀ ਹੈ, ਉਸ ਵਿਚ ਨਰਿੰਦਰ ਮੋਦੀ ਦਾ ਨਾਂ ਸ਼ਾਮਲ ਨਹੀਂ ਹੈ। ਭਾਜਪਾ ਦੀ ਇਸ ਸੂਚੀ ਵਿਚ ਨਰਿੰਦਰ ਮੋਦੀ ਦੇ ਨਾਂ ਦੀ ਗੈਰ-ਮੌਜੂਦਗੀ ਜੇ ਡੀ (ਯੂ) ਲਈ ਵੱਡੀ ਜਿੱਤ ਮੰਨੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਜੇ ਡੀ (ਯੂ) ਆਗੂ ਮੁੱਢ ਤੋਂ ਹੀ ਬਿਹਾਰ ਵਿਧਾਨ ਸਭਾ ਚੋਣਾਂ 'ਚ ਨਰਿੰਦਰ ਮੋਦੀ ਦੀ ਮੌਜੂਦਗੀ ਦਾ ਵਿਰੋਧ ਕਰ ਰਹੇ ਸਨ। ਇਸ ਸਬੰਧੀ ਸੂਬੇ ਦੇ ਮੁੱਖ ਮੰਤਰੀ ਤੇ ਜੇਡੀ (ਯੂ) ਆਗੂ ਨਿਤਿਸ਼ ਕੁਮਾਰ ਮੀਡੀਆ 'ਚ ਵੀ ਕਈ ਵਾਰ ਆਪਣੀ ਨਾਰਾਜ਼ਗੀ ਜ਼ਾਹਰ ਕਰ ਚੁੱਕੇ ਹਨ। ਸ਼ਾਇਦ ਇਸ ਦੇ ਚੱਲਦਿਆਂ ਹੀ ਭਾਜਪਾ ਨੇ ਨਰਿੰਦਰ ਮੋਦੀ ਨੂੰ ਪ੍ਰਚਾਰ ਤੋਂ ਦੂਰ ਰੱਖਣਾ ਬਿਹਤਰ ਸਮਝਿਆ। ਸੂਤਰਾਂ ਮੁਤਾਬਕ ਭਾਜਪਾ ਵਲੋਂ ਜਾਰੀ ਸੂਚੀ ਵਿਚ ਲਾਲ ਕ੍ਰਿਸ਼ਨ ਅਡਵਾਨੀ, ਨਿਤਿਨ ਗਡਕਰੀ, ਮੁਰਲੀ ਮਨੋਹਰ ਜੋਸ਼ੀ, ਸੁਸ਼ਮਾ ਸਵਰਾਜ, ਅਰੁਣ ਜੇਤਲੀ, ਰਾਜਨਾਥ ਸਿੰਘ, ਮੁਖਤਿਆਰ ਅੱਬਾਸ ਨਕਵੀ ਤੇ ਅਨੰਤ ਕੁਮਾਰ ਆਦਿ ਦਾ ਨਾਂ ਸ਼ਾਮਲ ਹੈ।


Quik Signs

Signs * Graphics * Wraps




ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।


Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਠਗਣਹਾਰ ਅਣਠਗਦਾ ਠਾਗੈ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਅੰਗਰੇਜ਼ੀ ਦਾ ਇਕ ਸ਼ਬਦ ਹੈ ਸਟੈਗੋਸੌਰਸ (stegosaurus) ਜੋ ਇਕ ਪ੍ਰਕਾਰ ਦੇ ਡਾਇਨਾਸੋਰ ਦਾ ਨਾਂ ਹੈ। ਇਹ ਦਿਓ-ਕਦ ਜਾਨਵਰ ਅੱਜ ਤੋਂ ਕੋਈ ਪੰਦਰਾਂ ਕਰੋੜ ਸਾਲ ਪਹਿਲਾਂ ਉਤਰੀ ਅਮਰੀਕਾ ਅਤੇ ਯੂਰਪ 'ਚ ਵਿਚਰਦਾ ਸੀ। ਇਸ ਦੀ ਪੂਛ ਕੰਡਿਆਲੀ ਤੇ ਚਾਪੜਨੁਮਾ ਸੀ। ਸ਼ਬਦ ਦਾ ਅੱਖਰੀ ਅਰਥ ਹੈ, ਛੱਤ ਵਾਲੀ ਕਿਰਲੀ। ਦੂਜੇ ਪਾਸੇ ਸਾਡਾ ਇਕ ਪੰਜਾਬੀ ਸ਼ਬਦ ਹੈ 'ਠਗ'। 'ਸਟੈਗੋਸੌਰਸ' ਅਤੇ 'ਠਗ' ਵਿਚਕਾਰ ਇਕ ਸਾਂਝ ਹੈ, ਕੀ ਤੁਸੀਂ ਬੁਝ ਸਕਦੇ ਹੋ? ਸ਼ਾਇਦ ਤੁਹਾਨੂੰ ਦੋਵੇਂ ਖੂੰਖਾਰ ਲਗਦੇ ਹੋਣ। ਨਹੀਂ ਜੀ, ਸਟੈਗੋਸੌਰਸ ਤਾਂ ਵਿਚਾਰਾ ਸ਼ਾਕਾਹਾਰੀ ਸੀ, ਜਾਨਵਰਾਂ ਨੂੰ ਛੇੜਦਾ ਤੱਕ ਨਹੀਂ ਸੀ ਤੇ ਠਗ ਖੂੰਖਾਰ ਤੋਂ ਵਧ ਕੇ ਹੁੰਦੇ ਸਨ। ਨਾਲ ਲਗਦੀ ਇਹ ਗੱਲ ਵੀ ਦੱਸ ਦੇਵਾਂ ਕਿ ਇਸ 30 ਫੁੱਟ ਵੇਲ ਵਾਲੇ ਤੇ 5 ਟਨ ਭਾਰੇ ਸਟੈਗੋਸੌਰਸ ਦਾ ਆਪਣਾ ਮਗ਼ਜ਼ ਅਖਰੋਟ ਦੇ ਮਗ਼ਜ਼ ਜਿੱਡਾ ਹੀ ਸੀ। ਨਹੀਂ ਗੇੜ ਲੱਗਾ? ਛੱਡੋ, ਮਗ਼ਜ਼ਮਾਰੀ ਕੀ ਕਰਨੀ ਹੈ। ਦੋਨਾਂ ਸ਼ਬਦਾਂ ਵਿਚ ਸਾਂਝ ਇਸ ਗੱਲ ਦੀ ਹੈ ਕਿ ਦੋਨਾਂ ਦੇ ਮੂਲ ਸੁਜਾਤੀ ਹਨ। ਸਟੈਗੋਸੌਰਸ ਬਣਿਆ ਹੈ ਗ੍ਰੀਕ ਸ਼ਬਦਾਂ ਸਟੈਗੋ+ਸੌਰਸ ਤੋਂ। ਸਟੈਗੋ ਦਾ ਗ੍ਰੀਕ ਵਿਚ ਅਰਥ ਹੁੰਦਾ ਹੈ 'ਛੱਤ' ਤੇ ਸੌਰਸ ਦਾ 'ਕਿਰਲੀ'। ਸਾਰੇ ਡਾਇਨਾਸੋਰ ਕਿਰਲੀਆਂ ਹੀ ਹੁੰਦੀਆਂ ਸਨ। ਸਟੈਗੋਸੌਰਸ ਦਾ ਅਜਿਹਾ ਨਾਂ ਇਸ ਲਈ ਰੱਖਿਆ ਗਿਆ ਕਿਉਂਕਿ ਪਥਰਾਟਾਂ ਦੇ ਰੂਪ ਵਿਚ ਮਿਲੇ ਇਸ ਜਾਨਵਰ ਦੀ ਪਿੱਠ ਖਪਰੈਲਾਂ ਅਰਥਾਤ ਟਾਈਲਾਂ ਨਾਲ ਜੜੀ ਹੋਈ ਛੱਤ ਵਰਗੀ ਪ੍ਰਤੀਤ ਹੁੰਦੀ ਹੈ।




ਦੂਜੇ ਪਾਸੇ ਸਾਡਾ 'ਠਗ' ਸ਼ਬਦ ਸੰਸਕ੍ਰਿਤ 'ਸਥਗ' ਤੋਂ ਬਣਿਆ ਹੈ ਜੋ ਅੱਗੋਂ ਸੰਸਕ੍ਰਿਤ ਧਾਤੂ 'ਸਥ' ਨਾਲ ਜਾ ਜੁੜਦਾ ਹੈ। ਇਹ 'ਸਥ' ਸੰਯੁਕਤ ਹੋ ਕੇ 'ਠ' ਵਿਚ ਬਦਲ ਜਾਂਦਾ ਹੈ ਤੇ ਸਾਡੇ ਕੋਲ ਹਾਸਿਲ ਆ ਜਾਂਦਾ ਹੈ 'ਠਗ'। 'ਸਥਗ' ਸ਼ਬਦ ਦਾ ਸੰਸਕ੍ਰਿਤ ਵਿਚ ਅਰਥ ਹੈ ਢਕਣਾ, ਲੁਕੋਣਾ। ਠਗ ਆਪਣੇ ਕੰਮ ਗੁਪਤ ਅਤੇ ਲੁਕਵੇਂ ਢੰਗ ਨਾਲ ਹੀ ਕਰਦਾ ਹੈ। ਧਿਆਨ ਦਿਉ ਕਿ ਛੱਤ ਵੀ ਢਕਣ ਲੁਕੋਣ ਵਾਲੇ ਜੁਗਾੜ ਨੂੰ ਆਖਦੇ ਹਨ। ਸੋ ਗ੍ਰੀਕ 'ਸਟੈਗੋ' ਤੇ ਸੰਸਕ੍ਰਿਤ 'ਸਥਗ' ਦੀ ਧੁਨੀ ਤੇ ਅਰਥਾਂ ਵਾਲੀ ਸਾਂਝ ਸਪਸ਼ਟ ਦਿਸਦੀ ਹੈ।

ਭਾਵੇਂ ਅੱਜ ਅਸੀਂ ਠਗ ਸਿਰਫ ਇਕ ਰੁਪਏ ਪੈਸੇ ਬਟੋਰਨ ਵਾਲੇ ਮਨੁਖ ਨੂੰ ਕਹਿੰਦੇ ਹਾਂ ਪਰ ਇਤਿਹਾਸਕ ਤੌਰ 'ਤੇ ਠਗ ਅਸਲ ਵਿਚ ਬਹੁਤ ਹੀ ਕਰੂਰ ਅਤੇ ਖੂੰਖਾਰ ਰਹੇ ਹਨ। ਮਧਕਾਲ ਵਿਚ ਇਹ ਕਿਸੇ ਰਾਹ ਜਾਂਦੇ ਰਾਹਗੀਰ ਨੂੰ ਤਾਂ ਲੁਟਦੇ ਹੀ ਸਨ, ਉਸਦੀ ਜਾਨ ਤੱਕ ਵੀ ਲੈ ਲੈਂਦੇ ਸਨ। ਜ਼ਰਾ ਕਲਪਨਾ ਕਰੋ ਉਸ ਜ਼ਮਾਨੇ ਦੇ ਰਸਤੇ: ਸੁੰਨ-ਮਸਾਣ, ਜੰਗਲ, ਬੇਲੇ, ਕੰਦਰਾਂ, ਵੀਰਾਨੀਆਂ, ਖੋਹਾਂ। ਅਜਿਹੇ ਵਿਚ ਯਾਤਰਾ ਕਰਨੀ ਖਾਲਾ ਜੀ ਦਾ ਵਾੜਾ ਨਹੀਂ। ਮੁਸਾਫ਼ਿਰ ਜਾਂ ਸੌਦਾਗਰ ਕਿਸੇ ਅਣਿਆਈ ਤੋਂ ਡਰਦੇ ਕਾਫ਼ਲੇ ਬਣਾ ਕੇ ਜਾਂਦੇ ਸਨ ਪਰ ਫਿਰ ਵੀ ਕਈ ਠਗਾਂ ਦੇ ਅੜਿੱਕੇ ਆ ਹੀ ਜਾਂਦੇ ਸਨ। ਉਹ ਜ਼ਹਿਰ ਵਾਲੀ ਬੂਟੀ ਠਗਾਉਰੀ ਸੁੰਘਾ ਕੇ ਰਾਹਗੀਰ ਨੂੰ ਥਾਂ 'ਤੇ ਹੀ ਮਾਰ ਦਿੰਦੇ ਸਨ ਤੇ ਉਸ ਦਾ ਸਾਰਾ ਮਾਲ-ਮੱਤਾ ਲੁੱਟ ਲੈਂਦੇ ਸਨ ਪਰ ਜਥੇਬੰਦ ਠਗ ਟੋਲੀਆਂ ਵਿਚ ਵੰਡੇ ਹੁੰਦੇ ਸਨ। ਪਹਿਲੀ ਟੋਲੀ ਇਹ ਪਤਾ ਲਾ ਕੇ ਕਿ ਮਾਲਮੱਤਾ ਕਿਸ ਦੇ ਕੋਲ ਹੈ, ਕੋਡ ਭਾਸ਼ਾ 'ਚ ਦੂਜੀ ਟੋਲੀ ਨੂੰ ਦੱਸ ਦਿੰਦੀ ਸੀ। ਦੂਜੀ ਟੋਲੀ ਮਾਲਮੱਤੇ ਵਾਲਿਆਂ ਨਾਲ ਰਲਮਿਲ ਜਾਂਦੀ ਸੀ ਤੇ ਉਨ੍ਹਾਂ ਦੇ ਨਾਲ ਹੀ ਖਾਂਦੀ ਪੀਂਦੀ ਤੇ ਰਾਤ ਨੂੰ ਸੌਂਦੀ ਸੀ। ਫਿਰ ਮਾਲਮੱਤੇ ਵਾਲਿਆਂ ਨੂੰ ਧੋਖੇ ਨਾਲ ਮਾਰ ਕੇ ਆਪ ਦੂਜੇ ਖਾਲੀ ਮੁਸਾਫਿਰਾਂ ਨਾਲ ਰਲ ਜਾਂਦੇ ਸਨ, ਜਦ ਕਿ ਤੀਜੀ ਟੋਲੀ ਆ ਕੇ ਉਨ੍ਹਾਂ ਦੀ ਲੁੱਟ-ਖੋਹ ਕਰਦੀ ਤੇ ਇਕ ਪੀਲੇ ਰੁਮਾਲ ਨਾਲ ਗਲੇ ਘੁਟ ਕੇ ਮਾਰ ਦਿੰਦੀ ਸੀ। ਚੌਥੀ ਟੋਲੀ ਲਾਸ਼ਾਂ ਨੂੰ ਬਿਲੇ ਲਾਉਣ ਦਾ ਕੰਮ ਕਰਦੀ ਸੀ। ਵਿਡੰਬਨਾ ਇਹ ਹੈ ਕਿ ਠਗ ਆਪਣੇ ਇਸ ਅਣਮਨੁੱਖੀ ਧੰਦੇ ਨੂੰ ਧਾਰਮਕ ਕਰਮ ਦਸਦੇ ਸਨ। ਉਹ ਮਾਤਾ ਕਾਲੀ ਦੇ ਪੁਜਾਰੀ ਸਨ ਤੇ ਆਪਣੇ ਪੀਲੇ ਰੁਮਾਲ ਨਾਲ ਸ਼ਿਕਾਰ ਨੂੰ ਹੌਲੀ ਹੌਲੀ ਘੁੱਟ ਕੇ ਮਾਰਦੇ ਸਨ। ਉਨ੍ਹਾਂ ਦਾ 'ਵਿਸ਼ਵਾਸ' ਸੀ ਕਿ ਬਲੀ ਨੂੰ ਜਿੰਨਾ ਕੋਹਿਆ ਜਾਵੇ, ਮਾਤਾ ਕਾਲੀ ਓਨੀ ਖੁਸ਼ ਹੁੰਦੀ ਹੈ। ਆਪਣੇ ਸ਼ਿਕਾਰ ਨੂੰ ਇਸ ਤਰ੍ਹਾਂ ਮਾਰਦੇ ਹੋਣ ਕਾਰਨ ਇਨ੍ਹਾਂ ਠਗਾਂ ਨੂੰ ਫਾਂਸੀਗਰ ਵੀ ਕਿਹਾ ਜਾਂਦਾ ਸੀ। ਕਰਾਚੀ, ਲਾਹੌਰ, ਗਵਾਲੀਅਰ, ਜਬਲਪੁਰ, ਮੰਦਸੌਰ, ਕਾਠੀਆਵਾੜ, ਮੁਰਸ਼ੀਦਾਵਾਦ, ਮਾਰਵਾੜ ਵਿਚ ਬਹੁਤ ਵੱਡੀ ਗਿਣਤੀ ਵਿਚ ਲੁੱਟਾਂ ਖੋਹਾਂ ਹੁੰਦੀਆਂ ਸਨ; ਵਪਾਰੀ ਗਾਇਬ ਹੋ ਜਾਂਦੇ ਸਨ; ਡੋਲੀਆਂ 'ਚ ਬੈਠੀਆਂ ਸੱਜ ਵਿਆਹੀਆਂ ਨਾਰਾਂ ਚੁਕੀਆਂ ਜਾਂਦੀਆਂ ਪਰ ਕਿਸੇ ਦਾ ਥਹੁ ਪਤਾ ਨਾ ਲਗਦਾ।



ਗਵਰਨਰ ਜਨਰਲ ਵਿਲੀਅਮ ਬੈਂਟਿਕ ਨੇ ਇਸ ਧੰਦੇ ਨੂੰ ਖਤਮ ਕਰਨ ਦਾ ਬੀੜਾ ਚੁਕਿਆ ਤੇ ਇਸ ਕੰਮ ਲਈ ਅਲੱਗ ਵਿਭਾਗ ਬਣਾਇਆ। ਸੰਨ 1809 ਵਿਚ ਅੰਗਰੇਜ਼ ਅਫ਼ਸਰ ਕੈਪਟਨ ਵਿਲੀਅਮ ਸਲੀਮੈਨ ਨੇ ਇਸ ਠਗੀ ਦੇ ਧੰਦੇ ਦਾ ਤਾਣਾਬਾਣਾ ਲਭਿਆ ਤੇ ਇਸਨੂੰ ਖਤਮ ਕੀਤਾ। ਗਰੋਹ ਦੇ 200 ਤੋਂ ਵਧ ਮੈਂਬਰ ਸਨ ਜਿਨ੍ਹਾਂ ਦਾ ਆਗੂ ਸੀ ਬਹਿਰਾਮ ਨਾਂ ਦਾ ਅਤਿ ਕਰੂਰ ਦਰਿੰਦਾ। ਗਿਨੀਜ਼ ਬੁਕ ਮੁਤਾਬਿਕ 1790-1840 ਦਰਮਿਆਨ ਇਸ ਠਗ ਨੇ ਰਿਕਾਰਡਤੋੜ 931 ਲੋਕਾਂ ਦੀ ਹੱਤਿਆ ਕੀਤੀ। ਮਿਥੀਲੇਸ਼ ਕੁਮਾਰ ਸ੍ਰੀਵਾਸਤਵ ਉਰਫ਼ ਨਟਵਰ ਲਾਲ ਉਰਫ਼ ਮੁਹਾਵਰਾ-ਏ-ਠਗੀ ਦੀ ਆਧੁਨਿਕ ਭਾਰਤ ਦੇ ਪ੍ਰਮੁਖ ਠਗਾਂ ਵਿਚ ਗਿਣਤੀ ਹੁੰਦੀ ਹੈ।

ਮਧਕਾਲੀ ਪੰਜਾਬੀ ਸਾਹਿਤ ਵਿਚ ਠਗਾਂ ਦੇ ਧੰਦੇ ਦਾ ਖੂਬ ਜ਼ਿਕਰ ਆਉਂਦਾ ਹੈ। ਇਕ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਨੇ ਸੱਜਣ ਠਗ ਨੂੰ ਨੇਕ ਰਸਤੇ ਪਾਇਆ। ਗੁਰੂ ਗ੍ਰੰਥ ਸਾਹਿਬ ਵਿਚ ਠਗੀ ਨਾਲ ਸੰਬੰਧਿਤ ਤੁਕਾਂ ਤੋਂ ਪਤਾ ਲਗਦਾ ਹੈ ਕਿ ਉਸ ਜ਼ਮਾਨੇ ਵਿਚ ਇਸਦਾ ਕਿੰਨਾ ਆਤੰਕ ਸੀ, ਇਹ ਵੀ ਪਤਾ ਲਗਦਾ ਹੈ ਕਿ ਗੁਰੂ ਕਾਲ ਵਿਚ ਵੀ ਬਨਾਰਸ ਠਗੀ ਲਈ ਬਦਨਾਮ ਸੀ:

ਓਇ ਹਰਿ ਕੇ ਸੰਤ ਨਾ ਆਖੀਅਹਿ
ਬਾਨਾਰਸਿ ਕੇ ਠਗ -ਕਬੀਰ
ਸੂਨੇ ਨਗਰਿ ਪਰੇ ਠਗਹਾਰ
-ਗੁਰੂ ਅਰਜਨ ਦੇਵ

ਆਮ ਤੌਰ 'ਤੇ ਮਧਕਾਲੀ ਸਾਹਿਤ ਵਿਚ ਦੁਨਿਆਵੀ ਮਾਇਆ ਤੇ ਜਵਾਨੀ ਦੀ ਠਗੀ ਨਾਲ ਤੁਲਨਾ ਕਰਕੇ ਇਸਨੂੰ ਰੱਬੀ ਮਾਰਗ ਤੋਂ ਭਟਕਾਉਣ ਵਾਲੀ ਕਿਹਾ ਗਿਆ ਹੈ:

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ
-ਗੁਰੂ ਨਾਨਕ ਦੇਵ
ਹਉ ਠਗਵਾੜਾ ਠਗੀ ਦੇਸ
-ਗੁਰੂ ਨਾਨਕ ਦੇਵ

ਸਾਧ ਸੰਗਤਿ ਮਿਲਿ ਚਲਣਾ, ਭਜਿ ਗਏ ਠਗ ਚੋਰ ਡਰੰਦੇ -ਭਾਈ ਗੁਰਦਾਸ

ਇਸ ਲੇਖ ਦੇ ਸਿਰਲੇਖ ਵਾਲੇ ਸ਼ਬਦ ਗੁਰੂ ਅਰਜਨ ਦੇਵ ਦੁਆਰਾ ਰਚੀ ਹੇਠ ਲਿਖੀ ਤੁਕ ਦਾ ਹਿੱਸਾ ਹਨ:

ਦੇਹੀ ਗੁਪਤ ਬਦੇਹੀ ਦੀਸੈ।
ਸਗਲੇ ਸਾਜਿ ਕਰਤ ਜਗਦੀਸੈ।
ਠਗਣਹਾਰ ਅਣਠਗਦਾ ਠਾਗੈ।
ਬਿਨ ਵਖਰ ਫਿਰ ਫਿਰ ਉਠਿ ਲਾਗੈ।

ਭਾਵ ਆਤਮਾ ਸਰੀਰ 'ਚ ਲੁਕੀ ਰਹਿੰਦੀ ਹੈ, ਸਰੀਰ ਦਿਸਦਾ ਹੈ, ਸ੍ਰਿਸ਼ਟੀ ਸਾਜਣ ਵਾਲਾ ਪ੍ਰਭੂ ਅਨੇਕਾਂ ਕੌਤਕ ਕਰਦਾ ਹੈ। ਠਗਣੀ ਮਾਇਆ ਜੀਵ ਨੂੰ ਠਗਦੀ ਰਹਿੰਦੀ ਹੈ ਪਰ ਨਾਮ ਤੋਂ ਸੱਖਣਾ ਮਨੁਖ ਮੁੜ ਮੁੜ ਮਾਇਆ ਨੂੰ ਚੰਬੜਦਾ ਹੈ।

ਵਾਰਿਸ ਸ਼ਾਹ ਰਾਂਝੇ ਬਾਰੇ ਲਿਖਦਾ ਹੈ:

ਠਗ ਸੁੰਨੇ ਥਾਨੇਸਰੋਂ ਆਂਵਦੇ ਨੇ,
ਇਹ ਤਾਂ ਜ਼ਾਹਰਾ ਠਗ ਝਨਾਂਵ ਦਾ ਹੈ।
ਵਾਰਿਸ ਸ਼ਾਹ ਮੀਆਂ ਵਲੀ ਜ਼ਾਹਰਾ ਹੈ,
ਹੁਣੇ ਵੇਖ ਝਬੈਲ ਕਟਾਂਵਦਾ ਹੈ।

ਤਨਜ਼ ਵਾਲੀ ਗੱਲ ਹੈ ਕਿ ਲੁਡਣ ਰਾਂਝੇ ਦੀ ਤੁਲਨਾ ਠਗ ਨਾਲ ਕਰਦਾ ਹੈ ਜਦ ਕਿ ਰਾਂਝਾ ਖੁਦ ਹੀਰ ਦੇ ਜੋਬਨ ਦੀ ਤੁਲਨਾ 'ਠਗ ਬਾਜ਼ਾਰ' ਨਾਲ ਕਰਦਾ ਹੈ:

ਏਹ ਜੋਬਨਾ ਠਗ ਬਾਜ਼ਾਰ ਦਾ ਈ,
ਟੂਣੇਹਾਰੀਏ ਛੈਲ ਛਬੀਲੀਏ ਨੀ।

ਠਗ ਸ਼ਬਦ ਨਾਲ ਸਬੰਧਤ ਬਹੁਤ ਸਾਰੇ ਸ਼ਬਦ ਹਨ ਜਿਨ੍ਹਾਂ ਵਿਚੋਂ ਅਨੇਕਾਂ ਗੁਰਬਾਣੀ ਵਿਚ ਮਿਲ ਜਾਂਦੇ ਹਨ ਜਿਵੇਂ, ਠਗਵਾੜਾ, ਠਗਹਾਰਾ, ਠਗਣਾ, ਠਗਉਲੀ, ਠਗਉਰੀ, ਠਗਮੂਰੀ (ਨਸ਼ੇ ਦੀ ਦਵਾਈ), ਠਗੀਆ, ਠਗਦੇਉ। ਮੋਮੋਠਗਣਾ ਇਸ ਸ਼ਬਦ ਦੇ ਸੰਕਲਪ ਨੂੰ ਹੋਰ ਪਸਾਰ ਦਿੰਦਾ ਹੈ। ਲੋਟੂ ਤੇ ਖੂੰਖਾਰ ਲੋਕਾਂ ਲਈ thug ਸ਼ਬਦ ਅੰਗਰੇਜ਼ੀ ਵਿਚ ਆਮ ਵਰਤੀਂਦਾ ਹੈ ਤੇ ਇਸ ਦੇ ਅੱਗੋਂ thuggery ਤੇ thugocracy (ਠਗ ਰਾਜ) ਸ਼ਬਦ ਵੀ ਵਿਉਤਪਤ ਹੋ ਗਏ ਹਨ। ਅਮਰੀਕਾ 'ਚ ਹੋਰ ਦਿਲਚਸਪ ਵਿਉਤਪਤੀ ਰੀਥਗਲੀਕਨ (rethuglican) ਦੇ ਰੂਪ 'ਚ ਦਿਸਦੀ ਹੈ, ਜੋ ਅਜਿਹਾ ਰੀਪਬਲੀਕਨ ਹੈ ਜੋ ਚੁਣੇ ਜਾਣ ਪਿਛੋਂ ਕਾਨੂੰਨ ਨੂੰ ਆਪਣੇ ਗਲਤ ਕਾਰਿਆਂ ਖਾਤਿਰ ਬਦਲ ਦੇਵੇ।

ਪਰ ਆਉ ਜ਼ਰਾ ਸ਼ਬਦ ਦੇ ਮੂਲ ਦੇ ਹੋਰ ਵਿਸਥਾਰ ਜਾਣੀਏ। ਜੇ ਕਿਸੇ ਨਿਸ਼ਚਿਤ ਸਮੇਂ 'ਤੇ ਹੋਣ ਵਾਲੇ ਕੰਮ ਨੂੰ ਅੱਗੇ ਪਾ ਦਿੱਤਾ ਜਾਵੇ ਤਾਂ



ਬਹਿਰਾਮ ਠੱਗ

ਉਸਨੂੰ ਸਥਗਿਤ ਹੋਣਾ ਕਹਿੰਦੇ ਹਨ, ਖਾਸ ਤੌਰ 'ਤੇ ਅੱਜ ਕੱਲ ਪਾਰਲੀਮੈਂਟ ਆਦਿ ਦੀ ਕਾਰਵਾਈ। ਇਹ ਸਥਗਿਤ ਵੀ 'ਸਥਗ' ਤੋਂ ਹੀ ਬਣਿਆ। ਪੁਰਾਣੇ ਜ਼ਮਾਨੇ ਵਿਚ ਕਿਸੇ ਕੰਮ ਨੂੰ ਕਰਨ ਲਈ ਦਿਨ ਮਹੂਰਤ ਆਦਿ ਕੱਢਣ ਦਾ ਕੰਮ ਪੁਰੋਹਿਤ ਕਰਦੇ ਸਨ। ਜਦ ਕੋਈ ਕੰਮ ਅੱਗੇ ਪਾ ਦਿੱਤਾ ਜਾਂਦਾ ਸੀ ਤਾਂ ਇਸ ਦੀ ਜਾਣਕਾਰੀ ਆਮ ਖਾਸ ਨੂੰ ਨਹੀਂ ਸੀ ਹੁੰਦੀ। ਪੁਰੋਹਤਾਂ 'ਤੇ ਨਿਰਭਰ ਸਮਾਜ ਇਹ ਕੰਮ ਉਨ੍ਹਾਂ 'ਤੇ ਹੀ ਛੱਡ ਦਿੰਦੇ ਸਨ। ਸੋ ਅੱਗੇ ਪਾਏ ਹੋਏ ਕੰਮ ਨੂੰ ਫਿਰ ਕਦੋਂ ਕਰਨਾ ਹੈ, ਇਸਦੀ ਜਾਣਕਾਰੀ ਪੁਰੋਹਤ ਕੋਲ ਹੀ ਸੀ। ਸਪਸ਼ਟ ਹੈ ਕਿ ਇਸ ਜਾਣਕਾਰੀ ਵਿਚ ਗੁਪਤ ਹੋਣ ਜਾਂ ਢੱਕੇ ਹੋਏ ਹੋਣ ਦੇ ਅਰਥ ਹਨ। ਸੋ ਸਥਗਿਤ ਹੋਣ ਦਾ ਭਾਵ ਹੋਇਆ ਕਿ ਮਾਮਲਾ ਗੁਝਾ ਰਹਿ ਗਿਆ ਹੈ, ਕੋਈ ਗੜਬੜ ਹੋ ਗਈ ਹੈ ਜਿਸ ਦਾ ਹਾਰੀ ਸਾਰੀ ਨੂੰ ਨਹੀਂ ਪਤਾ। ਇਸ ਮੂਲ ਤੋਂ ਬਣੇ ਹੋਰ ਬਹੁਤ ਸਾਰੇ ਭਾਰੋਪੀ ਸ਼ਬਦਾਂ ਦੀ ਇਕ ਹੋਰ ਸ਼ਾਖਾ ਹੈ ਜਿਨ੍ਹਾਂ ਦਾ ਆਪਣਾ ਦਿਲਚਸਪ ਸੰਸਾਰ ਹੈ। ਇਨ੍ਹਾਂ ਦੇ ਗੁਝੇ ਭੇਦ ਫਿਰ ਕਦੇ ਖੋਲ੍ਹਾਂਗੇ।

## ਕਾਵਿ-ਮੰਚ

### ਸੈਕਟਰੀ ਤੇ ਪ੍ਰਧਾਨ

ਇਕ ਦਿਹਾੜੇ ਸ਼ਾਮ ਜਾਂ ਪਈ
ਮੈਂ ਚਲਕੇ ਗੁਰਦੁਆਰੇ ਗਈ
ਸਤਿਗੁਰ ਜੀ ਨੂੰ ਟੇਕਿਆ ਮੱਥਾ
ਜਨਮ-ਜਨਮ ਦਾ ਦੁਖ ਸੀ ਲੱਥਾ
ਕੋਟਿ ਕੋਟਿ ਕੀਤੀ ਨਮਸਕਾਰ
ਦਰਸ਼ਨ ਦੀਜੈ ਖੋਲ ਕਵਾੜਿ
ਤੁਮਹਿ ਛਾਡਿ ਕੋਈ ਅਵਰਿ ਨ ਧਿਆਊਂ
ਜੋ ਬਰਿ ਚਾਹੂੰ ਸੋ ਤੁਮਤੇ ਪਾਊਂ।

ਸੁਖੀ ਵਸੇ ਮੇਰਾ ਪਰਿਵਾਰ,
ਨਜ਼ਰ ਮਿਹਰ ਦੀ ਕਰੋ ਦਾਤਾਰ
ਮਨ ਲਾ ਕੇ ਕੀਤੀ ਅਰਦਾਸ
ਕਾਰਜ ਸਗਲੇ ਹੋਵਣ ਰਾਸ
ਹੱਥ ਜੋੜ ਸੰਗਤ ਵਿਚ ਬਹਿ ਗਈ
ਦੂਜੇ ਪਾਸੇ ਨਜ਼ਰ ਸੀ ਪੈ ਗਈ
ਕੁਝ ਬੰਦੇ ਉਥੇ ਲੜਦੇ ਪਏ ਸੀ
ਕੋਈ ਕਾਗਜ਼ ਜਿਹੇ ਪੜ੍ਹਦੇ ਪਏ ਸੀ।

ਕੁਝ ਬੰਦੇ ਕੁਝ ਦੱਸਦੇ ਪਏ ਸੀ
ਕੁਝ ਬੰਦੇ ਪਰ੍ਹਾਂ ਹੱਸਦੇ ਪਏ ਸੀ।
ਗੁਰਦੁਆਰੇ ਦਾ ਨਵਾਂ ਸਕੱਤਰ
ਬਾਹਰੋਂ ਲਗਦਾ ਏ ਬੜਾ ਪਵਿੱਤਰ
ਖਾਏ ਅਫੀਮਾਂ ਚਰਸਾਂ ਪੀਵੇ
ਹਰ ਪਲ ਵਿਚ ਸਰੂਰ ਦੇ ਜੀਵੇ
ਲੰਬਾ ਚੌੜਾ ਛੈਲ ਜਵਾਨ
ਬੰਦੇ ਤੋਂ ਬਣ ਗਿਆ ਸ਼ੈਤਾਨ।

ਸੈਕਟਰੀ ਸਾਹਿਬ ਦਾ ਨਾਮ ਹੈ ਚਲਦਾ
ਲੁਕੋ ਨਹੀਂ ਸ਼ਰ੍ਹੇਆਮ ਹੈ ਚਲਦਾ
ਲੰਮੇ-ਚੌੜੇ ਕਾਰੋਬਾਰ
ਦੂਰ-ਦੂਰ ਤੱਕ ਚੱਲਣ ਵਪਾਰ
ਸਾਧਾਂ ਦੇ ਨਾਲ ਯਾਰੀ ਉਸਦੀ
ਰੱਬ ਦੇ ਨਾਲ ਗੱਦਾਰੀ ਉਸਦੀ।
ਰਾਗੀ ਢਾਡੀ ਸ਼ਾਮ-ਸਵੇਰੇ
ਫਿਰਦੇ ਉਸਦੇ ਚਾਰ-ਚੁਫੇਰੇ।

ਜਿਹੜਾ ਸੋਹਲੇ ਉਸ ਦੇ ਗਾਵੇ
ਮੰਗੀਆਂ ਮੂੰਹ ਮੁਰਾਦਾਂ ਪਾਵੇ
ਜਿਹੜਾ ਸੱਚ ਸਟੇਜ 'ਤੇ ਬੋਲੇ
ਸੈਕਟਰੀ ਉਸ ਦੇ ਤੱਪੜ ਰੋਲੇ।

ਹੁਣ ਤੇ ਵੇਖੋ ਹੱਦ ਹੈ ਹੋਈ
ਸੈਕਟਰੀ ਨੇ ਲਾਹ ਦਿੱਤੀ ਲੋਈ
ਗੋਲਕ ਵਿਚੋਂ ਕੱਢ ਕੇ ਮਾਇਆ
ਫੰਡ ਰੇਜ਼ਿੰਗ ਇਸ ਨੇ ਕਰਵਾਇਆ
ਗੋਲਕ ਵਿਚੋਂ ਮਾਇਆ ਕੱਢਦੇ
ਖਾਲੀ ਹਫਤਾ ਕੋਈ ਨਾ ਛੱਡਦੇ।
ਝੂਠ ਮੂਠ ਹੀ ਚੋਰੀ ਲਾਈ
ਗੁਰਦੁਆਰੇ ਵਿਚੋਂ ਕੱਢਿਆ ਭਾਈ।

ਭਾਈ ਨੇ ਬੜੇ ਤਰਲੇ ਪਾਏ
ਪਰ ਸੈਕਟਰੀ ਨੂੰ ਕੌਣ ਸਮਝਾਏ
ਚਾਰ ਸਾਲ ਜੋ ਕੀਤੀ ਸੇਵਾ
ਭਾਈ ਨੂੰ ਉਹ ਮਿਲ ਗਿਆ ਮੇਵਾ
ਸੈਕਟਰੀ ਦੇ ਨਾਲ ਹੈ ਪ੍ਰਧਾਨ
ਦੋਹਾਂ ਲੁੱਟ ਲਿਆ ਸਗਲ ਜਹਾਨ।
ਭਾਈ ਨੂੰ ਦੇ ਕੇ ਦੇਸ਼ ਨਿਕਾਲਾ
ਰੱਖ ਲਿਆ ਜੌਬ ਤੇ ਆਪਣਾ ਸਾਲਾ।

ਗੁਰਦੁਆਰਾ ਪਰਿਵਾਰ ਦਾ ਬਣ ਗਿਆ
ਗੁਰਦੁਆਰਾ ਵਿਉਪਾਰ ਸੀ ਬਣ ਗਿਆ
ਸਾਲਾ ਨੌਜਵਾਨ ਸੀ ਮੁੰਡਾ
ਸ਼ਕਲੋਂ-ਅਕਲੋਂ ਜਾਪੇ ਗੁੰਡਾ
ਭਾਈਆਂ ਵਰਗੇ ਕਪੜੇ ਪਾ ਕੇ
ਬੈਠ ਗਿਆ ਗੁਰਦੁਆਰੇ ਆ ਕੇ।
ਛੇ ਮਹੀਨੇ ਵਿਚ ਹੋ ਗਿਆ ਪੱਕਾ
ਸੈਕਟਰੀ ਸਾਹਿਬ ਦਾ ਸਾਲਾ ਸੱਕਾ।

ਗੁਰਦੁਆਰੇ ਵਿਚ ਕਰਦੇ ਐਸ਼
ਗੋਲਕ ਵਿਚੋਂ ਕੱਢ ਕੇ ਕੈਸ਼
ਗੋਲਕ ਲੁੱਟਦੇ ਫੜ ਲਏ ਲੋਕਾਂ
ਖੂਨ ਪੀਣੀਆਂ ਗੰਦੀਆਂ ਜੋਕਾਂ
911 'ਤੇ ਕਰਤੀ ਕਾਲ
ਪੁਲਿਸ ਨੇ ਪਾਈ ਆਣ ਧਮਾਲ।
ਸੰਗਤਾਂ ਕਰਦੀਆਂ ਹਾਹਾ ਕਾਰ
ਇਹ ਕੀ ਖੇਡ ਤੇਰੀ ਦਾਤਾਰ।

ਦੋਵਾਂ ਨੂੰ ਲੈ ਗਈ ਪੁਲੀਸ
ਵਾਹ ਸਿੰਘੋ ਨਹੀਂ ਤੁਹਾਡੀ ਰੀਸ
ਰੱਬ ਦੇ ਘਰ ਨੂੰ ਸੰਨ੍ਹਾਂ ਲਾਵੋਂ
ਰੱਬ ਦੇ ਘਰ ਵਿਚ ਲੁੱਟ ਮਚਾਵੋਂ
ਮਾਰੀ ਗਈ ਕਿਉਂ ਤੁਹਾਡੀ ਮੱਤ
ਕਿਉਂ ਲਾਹੁੰਦੇ ਹੋ ਆਪਣੀ ਪੱਤ।
ਸਤਿਗੁਰ ਦੇ ਚਰਨਾਂ ਨਾਲ ਜੁੜ ਜਾਓ
ਮਾੜੇ ਕੰਮ ਕਰਨ ਤੋਂ ਮੁੜ ਜਾਓ।

ਸਤਿਗੁਰ ਸਿੱਖ ਕੇ ਬੰਧਨ ਕਾਟੇ
ਗੁਰੂ ਦਾ ਸਿੱਖ ਬਿਕਾਰ ਤੇ ਹਾਟੇ
ਸਤਿਗੁਰ ਤੋਂ ਬਲਿਹਾਰੇ ਜਾਈਏ
ਜੀਵਨ ਆਪਣੇ ਸਫਲ ਬਣਾਈਏ
ਸਤਿਗੁਰ ਦੇ ਨਾਲ ਕਰੀਏ ਪ੍ਰੀਤ
ਜੱਗ ਵਿਚ ਹੋ ਜਾਈਏ 'ਸੁਰਜੀਤ'।

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***
***ਫੋਨ: 916-687-3536***

---

### ਕਮਾਈ

ਘਰੇ ਕਮਾਈ ਭੇਜੀ ਹੋਣੀ
ਜਿਹੜੇ ਮਿੱਤਰ ਨੇ
ਫੇਰ ਭਰਾਵਾਂ ਕੋਲੋਂ
ਖਾਧੇ ਹੋਣੇ ਛਿੱਤਰ ਨੇ।

ਲਾ ਲਾ ਓਵਰਟਾਈਮ ਤੇ
ਪੈਸੇ ਇੰਡੀਆ ਪਾ ਦਿੱਤੇ।
ਕਾਰਾਂ ਕੀ ਜਨਰੇਟਰ,
ਏ ਸੀ ਘਰੇ ਲਵਾ ਦਿੱਤੇ।
ਠੇਕੇ 'ਤੇ ਕੰਮ ਕਰਦਾ
ਜੀਹਨੂੰ ਕਹਿੰਦੇ ਲਿੱਕਰ ਨੇ।
ਘਰੇ ਕਮਾਈ ਭੇਜੀ...।

ਫੋਨ ਘੁਮਾ ਕੇ ਪੁੱਛਦਾ
ਦੱਸੋ ਲੋੜ ਜੋ ਚੀਜ਼ਾਂ ਦੀ।
ਸ਼ਾਪਿੰਗ ਕਰ ਕਰ ਭੇਜੇ
ਘੜੀਆਂ, ਪੈਂਟ-ਕਮੀਜ਼ਾਂ ਜੀ।
ਸੋਚੇ, ਹੋਈਏ 'ਕੱਠੇ,
ਮੁੜ ਕੇ ਫੇਰ ਨਹੀਂ ਵਿਛੜਨੇ।
ਘਰੇ ਕਮਾਈ ਭੇਜੀ...।

ਬੈਂਕ ਨੇ ਦਿੱਤਾ ਕਾਰਡ,
ਕਰੈਡਿਟ ਫੁੱਲ ਹੀ ਰਹਿੰਦਾ ਏ।
ਕਰਮਾਂ ਵਾਲਾ ਕੋਈ-ਕੋਈ,
ਜੀਹਦਾ ਮੁੱਲ ਵੀ ਪੈਂਦਾ ਏ।
ਬਹੁਤੇ ਤਾਂ ਵਿਚ ਮੁਸੀਬਤ ਦੇ,
ਹੋ ਜਾਂਦੇ ਤਿੱਤਰ ਨੇ।
ਘਰੇ ਕਮਾਈ ਭੇਜੀ...।

ਪੂਜਣਯੋਗ ਜੋ ਹੁੰਦੇ
ਉਹ ਕੱਖਾਂ ਵਾਂਗੂ ਰੁਲ ਜਾਂਦੇ।
ਖੂਨ ਦੇ ਰਿਸ਼ਤੇ ਹੀ ਜਦ
ਗਰਜਾਂ ਕੱਢ ਕੇ ਭੁੱਲ ਜਾਂਦੇ।
ਕਦਰਾਂ ਜਾਣਨ ਉਹ,
ਜੋ ਦਿਲ ਦੇ ਸਾਫ ਪਵਿੱਤਰ ਨੇ।
ਘਰੇ ਕਮਾਈ ਭੇਜੀ...।

ਸੀ ਚੁੱਪ, ਰਾਜ ਨੇ ਅੱਜ
ਸਾਰੀਆਂ ਗੱਲਾਂ ਕੀਤੀਆਂ ਨੇ।
ਪਿੰਡ ਚੀਮਨੇ ਵਾਲੇ ਨਾਲ
ਤਾਂ ਲੋਕੋ ਹੱਡਬੀਤੀਆਂ ਨੇ।
ਹਾਰ ਗਲੇ ਕੀ ਪਾਉਣੇ,
ਉਪਰੋਂ ਸੁੱਟਦੇ ਚਿੱਕੜ ਨੇ।
ਘਰੇ ਕਮਾਈ ਭੇਜੀ...।

***-ਰਾਜ ਧਾਲੀਵਾਲ***
***ਟੈਫਟ, ਕੈਲੀਫੋਰਨੀਆ।***

# ਦਾਰਾ ਪਹਿਲਵਾਨ ਇਕ ਨਹੀਂ ਦੋ

**ਪ੍ਰਿੰ. ਸਰਵਣ ਸਿੰਘ**

ਬਹੁਤੇ ਬੰਦੇ ਇਕੋ ਦਾਰੇ ਨੂੰ ਜਾਣਦੇ ਹਨ। ਜਿਉਂਦੇ ਦਾਰੇ ਨੇ ਆਪਣੀ ਆਤਮ ਕਥਾ ਲਿਖ ਦਿੱਤੀ ਹੈ। ਮਰ ਗਏ ਦਾਰੇ ਬਾਰੇ ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਵਲ ਲਿਖਿਆ ਹੈ। ਦੋਹਾਂ ਦੀ ਵੱਖਰੀ ਪਛਾਣ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ ਕਰ ਕੇ ਹੈ। ਦੋਵੇਂ ਦਾਰੇ ਰੁਸਤਮੇ-ਜ਼ਮਾਂ ਦੇ ਖ਼ਿਤਾਬਾਂ ਨਾਲ ਸਨਮਾਨੇ ਗਏ। ਦੋਹਾਂ ਨੇ ਫਿਲਮਾਂ 'ਚ ਕੰਮ ਕੀਤਾ ਤੇ ਦੋਹੇਂ ਸਿੰਘਾਪੁਰੋਂ ਫਰੀ ਸਟਾਈਲ ਕੁਸ਼ਤੀ ਸਿੱਖੇ। ਵੱਡੇ ਦਾਰੇ ਨੇ ਸਕੇ ਭਰਾ ਦਾ ਬਦਲਾ ਲੈਣ ਲਈ ਸ਼ਰੀਕ ਭਰਾ ਮਾਰ ਦਿੱਤਾ ਸੀ ਜਿਸ ਬਦਲੇ ਉਹਨੂੰ ਪਹਿਲਾਂ ਫਾਂਸੀ ਤੇ ਪਿੱਛੋਂ ਉਮਰ ਕੈਦ ਹੋਈ। ਰੈਡ ਕਰਾਸ ਦਾ ਫੰਡ 'ਕੱਠਾ ਕਰਨ ਲਈ ਉਸ ਨੂੰ ਹਥਕੜੀਆਂ ਲਾ ਕੇ ਰਿੰਗ ਵਿਚ ਲਿਜਾਇਆ ਜਾਂਦਾ ਸੀ। ਫਾਜ਼ਿਲਕਾ 'ਚ ਉਹਦੀ ਇਕ ਕੁਸ਼ਤੀ ਮੈਂ ਆਪਣੀ ਅੱਖੀਂ ਵੇਖੀ ਸੀ। ਉਹਦਾ ਕੱਦ ਸੱਤ ਫੁੱਟ ਦੇ ਕਰੀਬ ਸੀ ਜਦ ਕਿ ਛੋਟੇ ਦਾਰੇ ਦਾ ਸਵਾ ਛੇ ਫੁੱਟ ਦੇ ਕਰੀਬ ਹੈ।

ਦਾਰੇ ਦੁਲਚੀਪੁਰੀਏ ਨੇ ਆਪਣੇ ਸ਼ਰੀਕ ਭਰਾ ਨੂੰ ਜਿਸ ਛੱਪੜ ਵਿਚ ਡੁਬੋ ਕੇ ਮਾਰਿਆ ਸੀ ਉਹ ਮੈਂ ਆਪਣੀ ਅੱਖੀਂ ਵੇਖ ਆਇਆਂ। ਜਿਸ ਬੀਹੀ ਵਿਚ ਉਹਦੇ ਭਰਾ ਨੂੰ ਸ਼ਰੀਕਾਂ ਨੇ ਮਾਰਿਆ ਸੀ ਉਹ ਵੀ ਵੇਖ ਲਈ ਹੈ। ਦੁਲਚੀਪੁਰਾ ਖਡੂਰ ਸਾਹਿਬ ਲਾਗੇ ਛੋਟਾ ਜਿਹਾ ਪਿੰਡ ਹੈ ਜਿਥੇ ਮੇਰਾ ਭਤੀਜਾ ਬਲਵੰਤ ਸਿੰਘ ਵਿਆਹਿਆ ਹੋਇਐ। ਉਸ ਨੇ ਘੋਖ ਪੜਤਾਲ ਪਿੱਛੋਂ ਦਾਰੇ ਦੀ ਜੀਵਨ ਗਾਥਾ ਨਾਵਲੀ ਰੂਪ ਵਿਚ ਲਿਖੀ ਹੈ। ਦਾਰਾ 1988 ਵਿਚ ਮਰ ਗਿਆ ਸੀ। ਪਿੱਛੋਂ ਉਹਦਾ ਇਕੋ ਇਕ ਪੁੱਤ ਵੀ ਮਰ ਗਿਆ ਤੇ ਪਤਨੀ ਵੀ ਮਰ ਗਈ। ਹੁਣ ਦੋ ਪੋਤੇ ਹਨ, ਇਕ ਪੜਪੋਤਾ ਤੇ ਇਕ ਪੜਪੋਤੀ ਹੈ। ਉਹ ਪਿੰਡੋਂ ਬਾਹਰ ਖੇਤ ਵਿਚ ਰਹਿੰਦੇ ਹਨ ਜਿਥੇ ਉਨ੍ਹਾਂ ਨੇ ਦਾਰੇ ਦੀ ਸੱਤ ਫੁੱਟੀ ਸਮਾਧ ਬਣਾਈ ਹੈ। ਦਾਰੇ ਦਾ ਜੀਵਨ ਕਿਸਾਨੀ, ਪਰਵਾਸ, ਕੁਸ਼ਤੀ, ਖ਼ੂਨ, ਸਜ਼ਾ, ਰੁਮਾਂਸ, ਸਰਪੰਚੀ, ਨਸ਼ੇ, ਬਿਮਾਰੀ ਤੇ ਗੁੰਮਨਾਮੀ ਦੀ ਮੌਤ ਵਿਚ ਬੀਤਿਆ। ਜਿਹੜੇ ਉਹਦੇ ਜੀਵਨ ਬਾਰੇ ਹੋਰ ਜਾਣਨਾ ਚਾਹੁੰਦੇ ਹਨ ਉਹ ਚੇਤਨਾ ਪ੍ਰਕਾਸ਼ਨ ਲੁਧਿਆਣੇ ਦਾ ਛਾਪਿਆ ਨਾਵਲ 'ਗੁੰਮਨਾਮ ਚੈਂਪੀਅਨ' ਪੜ੍ਹ ਸਕਦੇ ਹਨ।

ਦੂਜੇ ਦਾਰੇ ਨੂੰ ਸਭ ਜਾਣਦੇ ਹਨ ਜੀਹਨੇ ਕੁਸ਼ਤੀਆਂ ਤੋਂ ਬਿਨਾਂ ਫਿਲਮਾਂ ਵਿਚ ਵੀ ਨਾਮਣਾ ਖੱਟਿਆ। ਉਹ ਰਾਮਾਇਣ ਸੀਰੀਅਲ ਵਿਚ ਹਨੂੰਮਾਨ ਦਾ ਰੋਲ ਕਰ ਕੇ ਹੋਰ ਵੀ ਮਸ਼ਹੂਰ ਹੋ ਗਿਆ। ਉਸ ਨੇ ਮੁਹਾਲੀ ਵਿਚ ਦਾਰਾ ਸਟੂਡੀਓ ਬਣਾਇਆ ਤੇ ਰਾਜ ਸਭਾ ਦਾ ਮੈਂਬਰ ਰਿਹਾ। 1978 ਵਿਚ ਮੈਂ ਤੇ ਜਸਵੰਤ ਸਿੰਘ ਕੰਵਲ ਨੇ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ ਸਨ। ਪਿੱਛੋਂ ਮੈਂ ਉਹਦੇ ਬਾਰੇ ਲੇਖ ਲਿਖਿਆ 'ਪਹਿਲਵਾਨਾਂ ਦਾ ਪਹਿਲਵਾਨ' ਜੋ ਨੈਸ਼ਨਲ ਬੁੱਕ ਟਰੱਸਟ ਵੱਲੋਂ ਛਪੀ ਮੇਰੀ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਸ਼ਾਮਲ ਹੈ। ਦਾਰੇ ਨੂੰ ਪਹਿਲਵਾਨ ਤੇ ਫਿਲਮੀ ਐਕਟਰ ਵਜੋਂ ਤਾਂ ਜੱਗ ਜਾਣਦੈ ਪਰ ਕਈਆਂ ਨੂੰ ਇਹ ਨਹੀਂ ਪਤਾ ਕਿ ਉਹ ਲੇਖਕ ਵੀ ਹੈ। ਪੇਸ਼ ਹੈ ਉਸ ਦੀ ਆਤਮ ਕਥਾ ਵਿਚੋਂ ਇਕ ਕਾਂਡ:

ਮੇਰਾ ਪਿੰਡ ਧਰਮੂਚੱਕ, ਅੰਮ੍ਰਿਤਸਰ ਸ਼ਹਿਰ ਤੋਂ ਬਾਈ ਮੀਲ ਦੂਰ ਹੈ। ਇਹ ਅੰਮ੍ਰਿਤਸਰ ਤੋਂ ਹਰਗੋਬਿੰਦਪੁਰ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਵੱਡੀ ਸੜਕ ਤੋਂ ਉਤਰ ਕੇ ਪਿੰਡ ਜਾਣ ਲਈ ਦੋ ਕਿਲੋਮੀਟਰ ਦਾ ਪੱਕਾ ਟੋਟਾ ਬਣਿਆ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਉਸ ਵਿਚ ਇੰਨੇ ਟੋਏ ਪੈ ਚੁੱਕੇ ਹਨ ਕਿ ਉਸ ਨੂੰ ਹੁਣ ਤੁਸੀਂ ਨਾ ਕੱਚਾ ਤੇ ਨਾ ਪੱਕਾ ਹੀ ਕਹਿ ਸਕਦੇ ਹੋ। ਇਸ ਛੋਟੇ ਜਿਹੇ ਟੋਟੇ ਨੂੰ ਬਣਾਉਣ ਦੀ ਇਕ ਵੱਖਰੀ ਕਹਾਣੀ ਹੈ ਪਰ ਪਹਿਲਾਂ ਵੱਡਿਆਂ ਦਾ ਜ਼ਿਕਰ ਕਰ ਲਈਏ।

ਧਰਮੂਚੱਕ ਪਿੰਡ ਬੱਝੇ ਨੂੰ ਤਕਰੀਬਨ ਪੰਜ ਸੌ ਸਾਲ ਹੋ ਗਏ ਹੋਣਗੇ। ਸਾਡਾ ਵੱਡਾ ਵਡੇਰਾ ਜਿਸ ਦਾ ਨਾਂ ਧਰਮੂ ਸੀ, ਦੋ ਕੁ ਮੀਲ ਦੂਰ ਪਿੰਡ ਕੁਹਾਟਵਿੰਡ ਤੋਂ ਆਇਆ ਤੇ ਆ ਕੇ ਆਪਣਾ ਵੱਖਰਾ ਪਿੰਡ ਬਣਾ ਲਿਆ। ਜਾਂ ਕਹਿ ਲਓ ਕਿ ਘਰਦਿਆਂ ਨੇ ਅੱਡ ਕਰ ਦਿੱਤਾ ਹੋਣਾ ਹੈ। ਉਸ ਜ਼ਮਾਨੇ ਵਿਚ ਵੀ ਤਾਂ ਨੂੰਹਾਂ ਸੱਸਾਂ ਦਾ ਇੱਟ-ਖੜੱਕਾ ਹੋਣਾ ਹੈ। ਖ਼ੈਰ, ਵਜ੍ਹਾ ਜੋ ਵੀ ਹੋਵੇ ਰੱਬ ਜਾਣੇ, ਪਰ ਧਰਮੂ ਨੇ ਆਪਣਾ ਪਿੰਡ ਬਣਾ ਕੇ ਨਾਮ ਰੱਖ ਦਿੱਤਾ ਧਰਮੂਚੱਕ। ਮੈਂ ਇਸ ਪਿੰਡ ਨੂੰ ਪੰਜ ਸੌ ਸਾਲ ਪੁਰਾਣਾ ਇਸ ਲਈ ਲਿਖਿਆ ਹੈ ਕਿ ਸਾਡੇ ਗੋਤ ਯਾਨਿ ਰੰਧਾਵਿਆਂ ਦੇ ਇਸ ਇਲਾਕੇ ਵਿਚ ਕਈ ਪਿੰਡ ਹਨ।



ਇਸੇ ਹੀ ਇਲਾਕੇ ਵਿਚ ਬਾਬਾ ਬੁੱਢਾ ਡੰਗਰ ਚਾਰਦਾ ਹੋਇਆ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ ਤੇ ਗੁਰੂ ਜੀ ਦਾ ਸੇਵਕ ਬਣ ਕੇ ਰੰਧਾਵਿਆਂ ਦੀ ਕੁੱਲ ਦਾ ਨਾਮ ਇਤਿਹਾਸ ਵਿਚ ਸੁਨਹਿਰੇ ਲਫ਼ਜ਼ਾਂ ਵਿਚ ਲਿਖਵਾਇਆ।

ਗੁਰੂ ਨਾਨਕ ਦੇਵ ਜੀ ਤੇ ਬਾਬੇ ਬੁੱਢੇ ਦੇ ਮਿਲਣ ਦੀ ਸਾਖੀ ਉਨ੍ਹਾਂ ਦਿਨਾਂ ਦੀ ਹੈ ਜਦੋਂ ਧਰਮੂ ਨੇ ਧਰਮੂਚੱਕ ਤੇ ਉਸ ਦੇ ਦੂਸਰੇ ਭਰਾਵਾਂ ਨੇ ਹੋਰ ਕਈ ਪਿੰਡ ਬੱਧੇ, ਜਿਸ ਤਰ੍ਹਾਂ ਚੰਨਣਕੇ, ਭੋਲੇਵਾਲਾ, ਸੈਦਪੁਰ ਵਗੈਰਾ ਵਗੈਰਾ। ਦੂਸਰੀ ਗੱਲ, ਪੰਜ ਸੌ ਸਾਲ ਪੁਰਾਣੇ ਪਿੰਡ ਦੀ ਸ਼ਹਾਦਤ ਹੈ ਧਰਮੂ ਰੰਧਾਵੇ ਦੀ ਔਲਾਦ, ਜਿਹੜੀ ਸਤਾਰਾਂ-ਅਠਾਰਾਂ ਪੀੜ੍ਹੀਆਂ ਤੋਂ ਪਿੰਡ ਧਰਮੂਚੱਕ ਡੇਰੇ ਲਾਈ ਬੈਠੀ ਹੈ।

ਮੈਂ ਧਰਮੂ ਰੰਧਾਵੇ ਦੇ ਪਰਿਵਾਰ ਦੀਆਂ ਸਾਰੀਆਂ ਸ਼ਾਖ਼ਾਂ ਨੂੰ ਵਿਸਥਾਰ ਨਾਲ ਦੱਸਾਂਗਾ ਤਾਂ ਵੇਰਵਾ ਬਹੁਤ ਵਧ ਜਾਵੇਗਾ। ਸਿਰਫ਼ ਇਕ ਕਤਾਰ ਯਾਨੀ ਲੜੀ ਨੂੰ ਪਰੋਂਦਾ ਹੋਇਆ ਆਪਣੇ ਜਨਮ ਤਕ ਆਉਂਦਾ ਹਾਂ। ਧਰਮੂ ਦਾ ਪੁੱਤਰ ਚੜ੍ਹਤ ਤੇ ਚੜ੍ਹਤ ਦਾ ਖੋਖਰ, ਖੋਖਰ ਦਾ ਪਠਾਣ ਤੇ ਪਠਾਣ ਦਾ ਸਾਂਦਰਣ, ਸਾਂਦਰਣ ਦਾ ਵੀਂਗਾ ਤੇ ਵੀਂਗੇ ਦਾ ਨੰਦਾ, ਨੰਦੇ ਦਾ ਗੁਰਦਾਸ। ਗੁਰਦਾਸ ਦਾ ਪਲਾਤ ਤੇ ਪਲਾਤ ਦਾ ਦੇਵਾ, ਦੇਵੇ ਦਾ ਦਸੌਂਦਾ ਸਿੰਘ ਤੇ ਦਸੌਂਦਾ ਸਿੰਘ ਦਾ ਉੱਤਮ ਸਿੰਘ, ਉੱਤਮ ਸਿੰਘ ਦਾ ਰੂਪਾ ਸਿੰਘ, ਰੂਪਾ ਸਿੰਘ ਦਾ ਗੁਰਦਿੱਤ ਸਿੰਘ, ਗੁਰਦਿੱਤ ਸਿੰਘ ਦਾ ਬੂੜ ਸਿੰਘ, ਬੂੜ ਸਿੰਘ ਦਾ ਸੂਰਤ ਸਿੰਘ ਤੇ ਸੂਰਤ ਸਿੰਘ ਦਾ ਦਾਰਾ ਸਿੰਘ ਯਾਨਿ ਬਕੱਲਮ ਖ਼ੁਦ।

ਮੈਂ ਤੇ ਸਰਦਾਰਾ ਸਿੰਘ ਰੰਧਾਵਾ ਪਿਤਾ ਸੂਰਤ ਸਿੰਘ ਦੇ ਘਰ ਉਦੋਂ ਜਨਮੇ ਜਦੋਂ ਪਰਿਵਾਰ ਕੋਲ ਜ਼ਮੀਨ ਨਾ ਹੋਣ ਦੇ ਬਰਾਬਰ ਸੀ। ਪੰਜ ਸੌ ਸਾਲ ਵਿਚ ਧਰਮੂ ਦਾ ਪਰਿਵਾਰ ਇੰਨਾ ਵਧਿਆ ਕਿ ਘਰੋਂ ਅੱਡ ਹੋ ਹੋ ਕੇ, ਪਿੰਡ ਵਿਚ ਹੋਰ ਕਈ ਘਰ ਬਣ ਗਏ। ਦੂਰ ਨੇੜੇ ਜਾ ਕੇ ਉਨ੍ਹਾਂ ਪਿਓ ਦਿਆਂ ਪੁੱਤਰਾਂ ਨੇ ਕੋਈ ਹੋਰ ਪਿੰਡ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਹੋਰ ਤੇ ਹੋਰ ਸਾਡੇ ਪੜਦਾਦੇ ਰੂਪਾ ਸਿੰਘ ਨੇ ਦੂਸਰੇ ਪਿੰਡ ਦੇ ਸ਼ਰੀਕਾਂ ਨਾਲ ਲੜ ਕੇ, ਕੁਝ ਪੈਲੀਆਂ ਆਪਣੇ ਨਾਮ ਤੋਂ ਹਟਾ ਕੇ ਉਨ੍ਹਾਂ ਦੇ ਨਾਮ ਲੁਆ ਦਿੱਤੀਆਂ। ਕਹਿੰਦੇ ਹਨ ਕਿ ਦੂਸਰੇ ਪਿੰਡ ਵਾਲਿਆਂ ਨੇ ਮਾਮਲਾ ਭਰਨ ਦੇ ਦੁੱਖੋਂ ਸਾਡੇ ਵੱਡਿਆਂ ਦੇ ਨਾਮ ਜ਼ਮੀਨ ਲਿਖਵਾ ਦਿੱਤੀ ਸੀ। ਉਨ੍ਹਾਂ ਸੋਚਿਆ ਕਿ ਇਹ ਘਰ ਜ਼ਰਾ ਸੌਖਾ ਹੈ ਤੇ ਮਾਮਲਾ ਤਾਰ ਦੇਵੇਗਾ।

ਜਦੋਂ ਮਾਮਲੇਦਾਰ ਹਰ ਸਾਲ ਦੀ ਤਰ੍ਹਾਂ ਮਾਮਲਾ ਲੈਣ ਆਇਆ ਤਾਂ ਸਭ ਦੇ ਨਾਮ ਪੁਕਾਰੇ ਗਏ ਤੇ ਰਕਮਾਂ ਵਸੂਲ ਹੋਣ ਲੱਗੀਆਂ। ਸਾਡੇ ਬਜ਼ੁਰਗਾਂ ਨੇ ਰੌਲਾ ਪਾ ਦਿੱਤਾ, ਭਈ ਅਸੀਂ ਹਰ ਸਾਲ ਤਾਂ ਐਨਾ ਮਾਮਲਾ ਤਾਰਦੇ ਹਾਂ, ਇਸ ਸਾਲ ਸਾਡਾ ਮਾਮਲਾ ਕਿਉਂ ਵਧ ਗਿਆ? ਤਾਂ ਮਾਮਲੇਦਾਰ ਨੇ ਦੱਸਿਆ ਕਿ ਤੁਹਾਡੇ ਨਾਮ 'ਤੇ ਜ਼ਮੀਨ ਦਾ ਅਜ਼ਾਫ਼ਾ ਹੋ ਗਿਆ ਹੈ। ਮੇਰੇ ਵਾਲੀ ਯਾਨਿ ਪਿੰਡ ਦੀ ਹੱਦ ਨਾਲ ਲੱਗਦੀ ਜ਼ਮੀਨ ਤੁਹਾਡੇ ਨਾਮ 'ਤੇ ਬੋਲ ਰਹੀ ਹੈ ਇਸ ਲਈ ਮਾਮਲਾ ਵਧੇਰੇ ਲੱਗਾ ਹੈ। ਮਾਮਲਾ ਤਾਂ ਵਿਚਾਰਿਆਂ ਨੂੰ ਦੇਣਾ ਹੀ ਪਿਆ ਪਰ ਦੂਸਰਾ ਸਾਲ ਆਉਣ ਤੋਂ ਪਹਿਲਾਂ ਜਾ ਕੇ, ਲੜਾਈ ਕਰ ਕੇ ਜ਼ਮੀਨ ਆਪਣੇ ਨਾਮ ਤੋਂ ਹਟਾਈ।

ਇਹ ਹਾਲ ਸੀ ਉਸ ਜ਼ਮਾਨੇ ਵਿਚ ਜ਼ਮੀਨਾਂ ਦਾ। ਉਸ ਤੋਂ ਕੁਝ ਸਾਲ ਬਾਅਦ, ਸੁਣਿਆ ਹੈ, ਸਾਡੇ ਲਾਗ ਦੇ ਪਿੰਡ ਜਲਾਲ ਉਸਮਾਨ ਦੇ ਇਕ ਜਣੇ ਨਾਲ, ਪਿੰਡ ਵਾਲਿਆਂ ਦੀ ਹੱਦ ਬੰਨੇ ਤੋਂ ਲੜਾਈ ਹੋ ਗਈ ਕਿਉਂਕਿ ਜ਼ਮੀਨਾਂ ਦੀ ਥੁੜ ਲੋਕਾਂ ਨੂੰ ਮਹਿਸੂਸ ਹੋਣ ਲੱਗ ਪਈ ਸੀ ਪਰ ਸਾਡੇ ਪੇਂਡੂਆਂ ਨੂੰ ਧਰਮ 'ਤੇ ਬੜਾ ਮਾਣ ਰਹਿੰਦਾ ਹੈ। ਉਨ੍ਹਾਂ ਫ਼ਖ਼ਰ ਨਾਲ ਆਖਿਆ ਭਈ ਜੇ ਇਹ ਕਹਿੰਦਾ ਹੈ ਕਿ ਇਹ ਖੇਤ ਇਸ ਦੇ ਹਨ ਤਾਂ ਇਹ ਗਊ ਦੀ ਖੱਲ ਚੁੱਕ ਕੇ ਜਿੱਥੋਂ ਦੀ ਲੰਘ ਜਾਏ ਪਿੰਡ ਦੀ ਹੱਦ ਉਥੋਂ ਦੀ ਹੀ ਬਣ ਜਾਵੇਗੀ। ਉਸ ਜੱਟ ਦੇ ਪੁੱਤ ਨੇ ਆਓ ਵੇਖਿਆ ਨਾ ਤਾਓ, ਖੱਲ ਚੁੱਕ ਕੇ ਭੱਜਿਆ ਧਰਮੂਚੱਕ ਵੱਲ। ਕਹਿੰਦੇ, ਕੋਈ ਬੁਢੜੀ ਪਿੰਡ ਦੇ ਪਿਛਵਾੜੇ ਬੈਠੀ ਸੀ। ਉਸ ਨੇ ਇਕ ਇੱਟ ਚੁੱਕ ਕੇ ਮਾਰੀ ਤਾਂ ਜੱਟ ਪਿਛੇ ਮੁੜਿਆ, ਨਹੀਂ ਤਾਂ ਉਸ ਨੇ ਧਰਮੂਚੱਕੀਆਂ ਕੋਲ ਜੰਗਲ ਪਾਣੀ ਜਾਣ ਜੋਗੀ ਜ਼ਮੀਨ ਵੀ ਨਹੀਂ ਸੀ ਛੱਡਣੀ।

ਜ਼ਮੀਨ ਦੀ ਥੁੜ ਦੇ ਕਾਰਨ ਸਾਡੇ ਬਾਬੇ ਬੂੜ ਸਿੰਘ ਨੇ ਨਾਨਕੇ ਪਿੰਡ ਹਯਾਤੇਕੋਟ ਜਿਹੜਾ ਧਰਮੂਚੱਕ ਤੋਂ ਢਾਈ ਤਿੰਨ ਮੀਲ ਦੀ ਵਿੱਥ 'ਤੇ ਹੈ, ਜਾ ਜ਼ਮੀਨ ਗਹਿਣੇ ਲਈ। ਬਾਬੇ ਹੋਰੀਂ ਚਾਰ ਭਰਾ ਸਨ-ਲਾਲ ਸਿੰਘ, ਬੱਗਾ ਸਿੰਘ, ਮੱਲਾ ਸਿੰਘ ਤੇ ਬੂੜ ਸਿੰਘ। ਉਹ ਰੋਜ਼ ਧਰਮੂਚੱਕੋਂ ਹਯਾਤੇਕੋਟ ਵਾਹੀ ਕਰਨ ਜਾਂਦੇ ਸਨ ਤੇ ਪਸ਼ੂਆਂ ਲਈ ਚਾਰਾ ਵਗੈਰਾ ਵੀ ਏਡੀ ਦੂਰੋਂ ਸਿਰਾਂ 'ਤੇ ਚੁੱਕ ਕੇ ਲਿਆਉਂਦੇ ਸਨ। ਛੇ ਵੀਹਾਂ ਵਿੱਘੇ ਜ਼ਮੀਨ ਜਿਹੜੀ ਛੇ ਵੀਹਾਂ ਰੁਪਏ ਦੇ ਕੇ ਗਹਿਣੇ ਲਈ ਸੀ ਉਸ ਦੀ ਕਮਾਈ ਨਾਲ ਕਈ ਸਾਲ ਆਪਣਾ ਪਰਿਵਾਰ ਪਾਲਿਆ। ਜਦੋਂ ਕਾਗਜ਼ਾਂ ਦੇ ਰੁਪਏ ਬਣਨੇ ਸ਼ੁਰੂ ਹੋ ਗਏ ਤੇ ਰੁਪਏ ਦਾ ਮੁੱਲ ਘਟ ਗਿਆ ਤਾਂ ਹਯਾਤੇਕੋਟੀਆਂ ਨੇ ਕਿਸੇ ਕੋਲੋਂ ਛੇ ਵੀਹਾਂ ਰੁਪਏ ਵੱਟ ਕੇ ਸਾਡੇ ਬਜ਼ੁਰਗਾਂ ਦੇ ਹੱਥ ਫੜਾਏ ਤੇ ਜ਼ਮੀਨ ਛੁਡਾ ਲਈ।

ਸਾਡੇ ਬਜ਼ੁਰਗਾਂ ਦੀਆਂ ਬਲਦਾਂ ਦੀਆਂ ਹਨਾਈਆਂ, ਜਿਹੜੀਆਂ ਦੋਹਾਂ ਤਿੰਨਾਂ ਪਿੰਡਾਂ ਵਿਚ ਧੁੰਮਾਂ ਪਾਈ ਫਿਰਦੀਆਂ ਸਨ ਤੇ ਘੁੰਗਰੂਆਂ ਦੀਆਂ ਹਮੇਲਾਂ ਦੀਆਂ ਆਵਾਜ਼ਾਂ ਰਾਤ ਦੇ ਤੜਕੇ ਲੋਕ ਸੁਣਦੇ ਸਨ, ਹਮੇਸ਼ਾਂ ਵਾਸਤੇ ਚੁੱਪ ਹੋ ਗਈਆਂ। ਪਿੰਡ ਦੀ ਜ਼ਮੀਨ ਵੰਡੀਦੀ ਵੰਡੀਦੀ ਇੰਨੀ ਘਟ ਗਈ ਕਿ ਸਾਡੇ ਬਾਬੇ ਦੇ ਹਿੱਸੇ ਆਈ ਸਿਰਫ਼ ਪੰਜ ਵਿੱਘੇ ਜ਼ਮੀਨ ਤੇ ਪੰਜ ਪੁੱਤਰ ਜਿਹੜੇ ਬਾਬੇ ਨੂੰ ਤਗੜਾ ਹੋਣ ਦੇ ਬਾਵਜੂਦ ਮਾੜਾ ਬਣਾਈ ਜਾਣ।

ਅੰਗਰੇਜ਼ ਹਕੂਮਤ ਤਾਂ ਜ਼ਿਆਦਾ ਬੱਚੇ ਜੰਮਣ ਵਾਲਿਆਂ ਨੂੰ ਇਨਾਮ ਵਗੈਰਾ ਵੀ ਦਿੰਦੀ ਸੀ। ਬਾਬੇ ਦੇ ਹਿੱਸੇ ਹਯਾਤੇਕੋਟ ਵਾਲੇ ਪੈਸਿਆਂ ਵਿਚੋਂ ਜੋ ਮਿਲੇ ਉਸ ਦੀ ਪਿੰਡ ਦੀ ਹੱਦ 'ਤੇ ਹੀ ਚੰਨਣਕਿਆਂ ਵਾਲਿਆਂ ਕੋਲੋਂ ਜ਼ਮੀਨ ਖ਼ਰੀਦ ਲਈ। ਮੁਸ਼ਕਲ ਨਾਲ ਤਿੰਨ ਵਿੱਘੇ ਜ਼ਮੀਨ ਹੋਵੇਗੀ। ਘਰ ਦੇ ਪੰਜ ਤੇ ਗਹਿਣੇ ਦੇ ਤਿੰਨ ਵਿੱਘੇ, ਬਾਬੇ ਹੋਰੀਂ ਔਖੇ ਸੌਖੇ ਹੋ ਕੇ ਲੱਗੇ ਗੁਜ਼ਾਰਾ ਕਰਨ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਆਪਣੇ ਦਾਦਾ ਰੂਪ ਸਿੰਘ ਦੀ ਜ਼ਮੀਨ ਲੜਾਈ ਕਰ ਕੇ ਆਪਣੇ ਨਾਂ ਤੋਂ ਹਟਾਣ ਵਾਲੀ ਗੱਲ ਬੜੀ ਦੁਖੀ ਕਰਦੀ ਸੀ। ਜਿਸ ਤਰ੍ਹਾਂ ਬਾਬੇ ਦਾ ਹਾਲ ਸੀ ਉਸੇ ਤਰ੍ਹਾਂ ਉਸ ਦੇ ਸ਼ਰੀਕੇਦਾਰਾਂ ਦਾ ਵੀ ਸੀ। ਕਈ ਲੋਕ ਪਿੰਡ ਛੱਡ ਕੇ ਬਾਹਰ ਕਮਾਈ ਕਰਨ ਲਈ ਹੱਥ ਪੈਰ ਮਾਰਨ ਲੱਗੇ।

ਪਿੰਡ ਦੀ ਦੂਸਰੀ ਪੱਤੀ ਦੇ, ਜਿਹੜੇ ਧਰਮੂ ਦੇ ਛੋਟੇ ਪੋਤਰੇ ਹਰਾਣ ਦੀ ਔਲਾਦ ਹਨ, ਕੁਝ ਲੋਕ ਹਾਂਗਕਾਂਗ ਵਗੈਰਾ ਕਮਾਈਆਂ ਕਰਨ ਗਏ। ਸਾਡੀ ਪੱਤੀ ਦੇ ਦੋ ਭਰਾ ਵੀ ਉਨ੍ਹਾਂ ਕੋਲ ਪਹੁੰਚੇ, ਪਰ ਸੁਣਿਆ ਹੈ ਕਿ ਪਰਦੇਸ ਜਾ ਕੇ ਇੰਨੇ ਉਦਾਸ ਹੋਏ ਕੇ ਬਿਮਾਰ ਪੈ ਗਏ। ਉਨ੍ਹਾਂ ਦੇ ਸਾਥੀਆਂ ਨੇ ਕਿਹਾ ਭਈ ਤੁਸੀਂ ਵਾਪਸ ਦੇਸ਼ ਹੀ ਚਲੇ ਜਾਓ ਤਾਂ ਉਨ੍ਹਾਂ ਦੋਹਾਂ ਭਰਾਵਾਂ ਨੇ ਕਿਹਾ, ਬਈ ਸਾਨੂੰ ਜੇ ਤੁਸੀਂ ਬਟਾਰੀ ਸਟੇਸ਼ਨ 'ਤੇ ਛੱਡ ਆਓ ਤਾਂ ਅਸੀਂ ਓਥੋਂ ਪਿੰਡ ਆਪਣੇ ਆਪ ਪਹੁੰਚ ਜਾਵਾਂਗੇ। ਉਨ੍ਹਾਂ ਦੀ ਇਹ ਭੋਲੀ ਤੇ ਸਿੱਧੀ ਸਾਦੀ ਗੱਲ ਪਿੰਡ ਵਾਲਿਆਂ ਦਾ ਬੜੀ ਦੇਰ ਮੌਜੂ ਬਣੀ ਰਹੀ। ਪਰ ਉਨ੍ਹਾਂ ਵਿਚਾਰਿਆਂ ਨੂੰ ਬਟਾਰੀ ਸਟੇਸ਼ਨ, ਜਿਹੜਾ ਧਰਮੂਚੱਕ ਤੋਂ ਸਿਰਫ਼ ਸੱਤ ਅੱਠ ਮੀਲ ਦੀ ਵਿੱਥ 'ਤੇ ਹੈ, ਤੋਂ ਅੱਗੇ ਦਾ ਰਾਹ ਹੀ ਨਹੀਂ ਸੀ ਪਤਾ ਤਾਂ ਉਹ ਕਰਦੇ ਵੀ ਕੀ? ਉਨ੍ਹਾਂ ਵਾਸਤੇ ਤਾਂ ਬਟਾਰੀ ਤੋਂ ਅੱਗੇ ਭਾਵੇਂ ਹਾਂਗਕਾਂਗ ਹੋਵੇ ਭਾਵੇਂ ਸਿੰਘਾਪੁਰ, ਭਾਵੇਂ ਲੰਡਨ ਤੇ ਭਾਵੇਂ ਦਿੱਲੀ, ਸਾਰੇ ਹੀ ਪਰਦੇਸ ਸਨ। ਪਿੰਡ ਵਾਲਿਆਂ ਮਸੀਂ ਕੋਈ ਹਿੰਦੋਸਤਾਨ ਆਉਣ ਵਾਲਾ ਸਾਥ ਲੱਭ ਕੇ ਵਿਚਾਰਿਆਂ ਨੂੰ ਨਾਲ ਤੋਰਿਆ ਤੇ ਉਨ੍ਹਾਂ ਪਿੰਡ ਪਹੁੰਚ ਕੇ ਸੁਖ ਦਾ ਸਾਹ ਲਿਆ ਤੇ ਕੰਨਾਂ ਨੂੰ ਹੱਥ ਲਾਏ ਕਿ ਮੁੜ ਪਿੰਡੋਂ ਬਾਹਰ ਨਹੀਂ ਜਾਣਾ।

ਅੰਗਰੇਜ਼ੀ ਰਾਜ ਵੇਲੇ ਪਿੰਡ ਤੋਂ ਸ਼ਹਿਰ ਜਾਣ ਵਾਸਤੇ ਕੋਈ ਰਾਹ ਖਹਿੜਾ ਵੀ ਘੱਟ ਹੀ ਸੀ। ਰੇਲ ਦੇ ਜ਼ਰੀਏ ਲੋਕ ਸੌਖੇ ਸ਼ਹਿਰ ਪਹੁੰਚ ਜਾਂਦੇ ਸਨ ਤੇ ਰੇਲਵੇ ਸਟੇਸ਼ਨਾਂ ਦੇ ਲਾਗੇ ਵਸੇ ਪਿੰਡ ਆਪਣੇ ਆਪ ਨੂੰ ਨਾਢੂ ਖਾਨ ਸਮਝਦੇ ਸਨ। ਮੈਨੂੰ ਇਸ ਗੱਲ ਦਾ ਗਿਆਨ ਇਸ ਕਰਕੇ ਹੈ ਕਿ ਮੇਰੇ ਨਾਨਕੇ ਬਟਾਰੀ ਲਾਗੇ ਪਿੰਡ ਰਤਨਗੜ੍ਹ ਹਨ ਤੇ ਜਦੋਂ ਕਦੇ ਬਚਪਨ ਵਿਚ ਰੇਲਵੇ ਪਟੜੀ ਪਾਰ ਕਰ ਕੇ ਰਤਨਗੜ੍ਹ ਜਾਈਦਾ ਸੀ ਤਾਂ ਉੱਚੇ ਉੱਚੇ ਖੰਭੇ ਵੇਖ ਕੇ ਹੈਰਾਨ ਰਹਿ ਜਾਈਦਾ ਸੀ। ਮਨ ਵਿਚ ਖ਼ਿਆਲ ਆਉਂਦਾ ਸੀ ਕਿ ਇਥੇ ਲਾਗੇ ਰਹਿਣ ਵਾਲੇ ਲੋਕਾਂ ਨੂੰ ਤਾਂ ਬੜੀਆਂ ਮੌਜਾਂ ਨੇ। ਵੇਖਣ ਨੂੰ ਨਵੇਂ ਨਜ਼ਾਰੇ ਤੇ ਚੜ੍ਹਨ ਨੂੰ ਰੇਲ ਗੱਡੀ।

ਕਈ ਵੇਰ ਰੇਲ ਨੂੰ ਵੇਖਣ ਲਈ ਉਚੇਚੇ ਤੌਰ 'ਤੇ ਪਟੜੀ 'ਤੇ ਬਹਿ ਰਹਿਣਾ। ਰੇਲ ਗੱਡੀ ਵੇਖ ਕੇ ਖ਼ੁਸ਼ੀ ਜੋ ਹੁੰਦੀ ਸੀ। ਤੇ ਜੇ ਕਿਧਰੇ ਕਦੀ ਕਦਾਈਂ ਘੂੰਗੀ ਵਾਂਗੂ ਉਡਦਾ ਹਵਾਈ ਜਹਾਜ਼ ਉਤੋਂ ਦੀ ਲੰਘ ਜਾਵੇ ਤਾਂ ਸਾਰਾ ਪਿੰਡ ਇਕੱਠਾ ਹੋ ਜਾਂਦਾ। ਕੋਈ ਕਹਿੰਦਾ ਭਈ ਇਹ ਇਥੋਂ ਵੇਖਣ ਨੂੰ ਛੋਟਾ ਲੱਗਦਾ ਹੈ ਪਰ ਹੈ ਇਹ ਗੱਡੇ ਜਿੱਡਾ। ਜੇ ਬਹਿਸ ਵਧ ਜਾਵੇ ਤਾਂ ਫੌਜੀ ਚਾਚੇ ਕੋਲੋਂ ਜਾ ਕੇ, ਪੁੱਛ ਕੇ ਤਸੱਲੀ ਹੁੰਦੀ ਕਿ ਵਾਕਿਆ ਹੀ ਇਹ ਚੀਜ਼ ਗੱਡੇ ਜਿੱਡੀ ਹੋਣੀ ਹੈ। ਇਹ ਗੱਲ ਮੈਂ ਬਹੁਤ ਪੁਰਾਣੇ ਸਮੇਂ ਦੀ ਨਹੀਂ, ਆਪਣੇ ਬਚਪਨ ਵੇਲੇ ਦੀ ਦੱਸ ਰਿਹਾਂ। 19 ਨਵੰਬਰ 1928 ਦਾ ਮੇਰਾ ਜਨਮ ਹੈ। ਇਸ ਕਰਕੇ ਇਹ ਗੱਲ 1933 ਜਾਂ 1934 ਦੀ ਹੋਵੇਗੀ।

ਹਵਾਈ ਜਹਾਜ਼ ਵੇਖਣਾ ਪਿੰਡ ਵਾਲਿਆਂ ਲਈ ਬੜਾ ਅਚੰਭਾ ਸੀ। ਪਰ ਮੈਂ ਤਾਂ ਗੱਲ ਕਰ ਰਿਹਾ ਸੀ ਆਪਣੇ ਵੱਡੇ ਵਡੇਰਿਆਂ ਦੀ। ਬਾਬੇ ਬੂੜ ਸਿੰਘ ਦੇ ਪੰਜ ਪੁੱਤਰਾਂ ਵਿਚੋਂ ਮੇਰਾ ਪਿਤਾ ਸੂਰਤ ਸਿੰਘ ਸਭ ਤੋਂ ਵੱਡਾ ਸੀ। ਭੋਇੰ ਘੱਟ ਹੋਣ ਕਰਕੇ ਉਸ ਜ਼ਮਾਨੇ ਵਿਚ ਬਹੁਤੇ ਲੋਕ ਕਵਾਰੇ ਹੀ ਰਹਿ ਜਾਂਦੇ ਸਨ। ਤਾਹੀਓਂ ਤਾਂ ਛੜਿਆਂ ਦੇ ਲੋਕ ਗੀਤ ਬਣੇ ਹੋਏ ਸਨ। ਖ਼ੈਰ, ਸਾਡੇ ਬਾਬੇ ਨੂੰ ਚਿੰਤਾ ਲੱਗੀ ਸੀ ਕਿ ਕਿਧਰੇ ਮੁੰਡੇ ਕਵਾਰੇ ਨਾ ਰਹਿ ਜਾਣ। ਪੈ ਲੈ ਕੇ ਸਾਡੇ ਪਿਤਾ ਦਾ ਰਿਸ਼ਤਾ ਹੋ ਗਿਆ ਕਿਉਂਕਿ ਚੰਗੇ ਦਿਨਾਂ ਵਿਚ ਸਾਡੀ ਮਾਂ ਦੀ ਭੂਆ ਸਾਡੇ ਬਾਬੇ ਦੇ ਵੱਡੇ ਭਰਾ ਬੱਗਾ ਸਿੰਘ ਦੇ ਘਰ ਵਿਆਹੀ ਹੋਈ ਸੀ। ਸਾਡੇ ਨਾਨਕਿਆਂ ਦਾ ਘਰ ਜ਼ਰਾ ਸੌਖਾ ਸੀ ਕਿਉਂਕਿ ਜ਼ਮੀਨ ਜ਼ਿਆਦਾ ਸੀ। ਸੋ ਹੁਣ ਵਿਆਹ 'ਤੇ ਖ਼ਰਚ ਵੀ ਥੋੜ੍ਹਾ ਬਹੁਤ ਕਰਨਾ ਪੈਣਾ ਸੀ। ਵਿਆਹ ਵਾਸਤੇ ਸ਼ਾਹੂਕਾਰ ਕੋਲੋਂ ਪੈਸੇ ਲਏ ਗਏ, ਭਈ ਜੇ ਵਿਆਜ ਸਮੇਤ ਪੈਸੇ ਮੋੜ ਦਿੱਤੇ ਤਾਂ ਠੀਕ, ਨਹੀਂ ਤਾਂ ਡੇਢ ਵਿੱਘਾ ਜ਼ਮੀਨ ਸ਼ਾਹੂਕਾਰ ਲੈ ਲਵੇਗਾ। ਖ਼ੈਰ, ਵਿਆਹ ਤਾਂ ਬਾਪੂ ਦਾ ਹੋ ਗਿਆ ਬੜੇ ਟੌਹਰ ਨਾਲ ਪਰ ਕਰਜ਼ੇ ਦੀ ਲੱਗ ਗਈ ਚਿੰਤਾ। ਸਾਰਿਆਂ ਭਰਾਵਾਂ ਨਾਲੋਂ ਵੱਡਾ ਹੋਣ ਕਰਕੇ ਜ਼ਿੰਮੇਵਾਰੀ ਵੀ ਬਣ ਗਈ ਕਰਜ਼ਾ ਲਾਹੁਣ ਦੀ। ਆਖ਼ਿਰ ਗੱਲ ਇਥੇ ਮੁੱਕੀ ਕਿ ਵਾਹੀ ਕਰ ਕੇ ਕਰਜ਼ਾ ਨਹੀਂ ਲਹਿਣਾ, ਕਿਉਂ ਨਾ ਬਾਹਰ ਜਾ ਕੇ ਕਿਸਮਤ ਅਜ਼ਮਾਈ ਜਾਵੇ।

ਬਾਪੂ ਦੇ ਨਾਨਕਿਆਂ ਵਿਚੋਂ ਉਨ੍ਹਾਂ ਦਾ ਰਿਸ਼ਤੇਦਾਰ ਸਿੰਘਾਪੁਰ ਰਹਿੰਦਾ ਸੀ। ਉਸ ਨੂੰ ਫਰਮਾਇਸ਼ ਪਾ ਕੇ ਬਾਪੂ ਨੂੰ ਕਮਾਈ ਕਰਨ ਸਿੰਘਾਪੁਰ ਭੇਜਿਆ ਗਿਆ। ਉਥੇ ਜਾ ਕੇ ਬੜੇ ਕੰਮ ਕੀਤੇ। ਤਨਖਾਹ ਵਗੈਰਾ ਤਾਂ ਪਤਾ ਨਹੀਂ, ਉਹ ਤਾਂ ਰਿਸ਼ਤੇਦਾਰ ਹੀ ਜਾਣੇ, ਇਹ ਤਾਂ ਵਿਚਾਰੇ ਕੰਮ ਹੀ ਕਰਦੇ ਰਹੇ। ਆਖ਼ਿਰ ਦੁਖੀ ਹੋ ਕੇ ਬਾਬੇ ਨੇ ਇਨ੍ਹਾਂ ਨੂੰ ਵਾਪਿਸ ਬੁਲਾ ਲਿਆ। ਭਈ ਵਾਹੀ ਦਾ ਕੰਮ ਵੀ ਗਿਆ ਤੇ ਨੌਕਰੀ ਦਾ ਵੀ ਕੁਝ ਨਹੀਂ ਮਿਲਿਆ। ਪਿੰਡ ਆ ਕੇ ਚਿੰਤਾ ਜਿਉਂ ਦੀ ਤਿਉਂ ਰਹੀ। ਅੱਗੋਂ ਜਿਹੜੀ ਗੱਲ ਸਕੇ ਸੰਬੰਧੀਆਂ ਕੋਲੋਂ ਲੁਕੋ ਕੇ ਕੀਤੀ ਸੀ ਉਹ ਵੀ ਜ਼ਾਹਰ ਹੋ ਗਈ ਬਈ ਪੈਲੀ ਉਤੇ ਕਰਜ਼ਾ ਲੈ ਰੱਖਿਆ ਹੈ। ਬੜੀ ਨਮੋਸ਼ੀ

(ਬਾਕੀ ਅਗਲੇ ਸਫੇ 'ਤੇ)

Wraich Transport LLC
North American Truck Stop
14320 Slover Ave., Fontana, CA 92337
ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offers all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 909-350-3310

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਨ।
ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।
ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ
ਫੋਨ:(510) 881-8008
ਸੈਲ:408-896-4518
Email: cctransinc@gmail.com

C and C Trans Inc., Hayward, CA

# ਵਕਤ ਦਗ਼ਾ ਨਾ ਕਮਾਉਂਦਾ ਤਾਂ ਹਾਲੇ ਬਹੁਤ ਖੇਡਣਾ ਸੀ:ਜਸਪ੍ਰੀਤ ਕੌਰ

*ਕੁਝ ਹਫਤੇ ਪਹਿਲਾਂ ਅਸੀਂ ਇਨ੍ਹਾਂ ਕਾਲਮਾਂ ਵਿਚ ਆਪਣੇ ਸਮੇਂ ਦੀ ਵਧੀਆ ਕਬੱਡੀ ਖਿਡਾਰਨ ਜਸਪ੍ਰੀਤ ਬਾਰੇ ਸੁਖਵੀਰ ਗਰੇਵਾਲ ਦਾ ਇਕ ਲੇਖ ਛਾਪਿਆ ਸੀ। ਇਸ ਲੇਖ ਦੇ ਛਪਣ ਪਿਛੋਂ ਜਸਪ੍ਰੀਤ ਨੂੰ ਹੌਂਸਲਾ ਦੇਣ ਲਈ ਬਹੁਤ ਸਾਰੇ ਪਾਠਕਾਂ ਨੇ ਫੋਨ ਵੀ ਕੀਤੇ ਅਤੇ ਮਦਦ ਵੀ ਭੇਜੀ। ਇਸ ਲੇਖ ਵਿਚ ਸਵਰਨ ਸਿੰਘ ਟਹਿਣਾ ਨੇ ਕੁਝ ਹੋਰ ਜਾਣਕਾਰੀ ਦਿੱਤੀ ਹੈ ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਸਵਰਨ ਸਿੰਘ ਟਹਿਣਾ*

ਚਮਕਦੀਆਂ ਅੱਖਾਂ, ਬੋਲਾਂ 'ਚ ਬੇਪ੍ਰਵਾਹੀ ਤੇ ਚਿਹਰੇ 'ਤੇ ਮਜਬੂਰੀਆਂ ਦੇ ਪਰਛਾਵੇਂ ਵਾਲੀ ਜਸਪ੍ਰੀਤ ਲਗਭਗ ਸਾਰਾ ਦਿਨ ਕਮਰੇ ਵਿਚਲੇ ਬੈਡ 'ਤੇ ਬੈਠੀ ਰਹਿੰਦੀ ਏ। ਸਾਹਮਣਲੀ ਕੰਧ 'ਤੇ ਉਹ ਫੋਟੋਆਂ ਟੰਗੀਆਂ ਨੇ, ਜਿਨ੍ਹਾਂ 'ਚ ਉਹ ਰੇਡ ਪਾਉਣ ਆਈ ਖਿਡਾਰਨ ਨੂੰ ਜੱਫਾ ਲਾਈ ਖੜ੍ਹੀ ਏ...ਇੱਕ 'ਚ ਧਾਵੀ ਦੀ ਲੱਤ ਫੜੀ ਉਸ ਦਾ ਜ਼ੋਰ ਬੇਅਸਰ ਕਰ ਰਹੀ ਏ। ਫੋਟੋਆਂ ਵੱਲ ਦੇਖ ਉਹ ਅਤੀਤ 'ਚ ਚਲੀ ਜਾਂਦੀ ਏ...ਜਦੋਂ ਉਹ ਰੇਡ



ਜਸਪ੍ਰੀਤ ਦਾ ਅੱਜ

ਪਾਉਣ ਆਈ ਖਿਡਾਰਨ ਨੂੰ ਦਬੋਚ ਲੈਂਦੀ ਸੀ ਤਾਂ ਮੈਦਾਨ 'ਚ ਤਾੜੀਆਂ ਦਾ ਮੀਂਹ ਵਰ੍ਹ ਜਾਂਦਾ ਸੀ...ਉਹ ਰੇਡ ਪਾਉਣ ਵਾਲੀ ਨੂੰ ਕੈਂਚੀ ਲਾ ਸਕੇਗੀ ਜਾਂ ਨਹੀਂ, ਇਸ ਗੱਲ 'ਤੇ ਸ਼ਰਤਾਂ ਲੱਗਦੀਆਂ ਸਨ...ਕੁਮੈਂਟਰੀ ਕਰਨ ਵਾਲਾ ਆਖਦਾ, 'ਨਵੇਂ ਕਿਲੇ ਵਾਲੀ ਜਸਪ੍ਰੀਤ ਨੂੰ ਜੀਹਨੇ ਛੂਹਣ ਦੀ ਕੋਸ਼ਿਸ਼ ਕੀਤੀ, ਉਹ ਪੁਆਇੰਟ ਲੈ ਕੇ ਨਹੀਂ ਜਾ ਸਕੀ...' ਦੂਜੇ ਪਾਸੇ ਵਾਲੀ ਕੰਧ 'ਤੇ ਉਹ ਫੋਟੋਆਂ ਲੱਗੀਆਂ ਨੇ, ਜਿਨ੍ਹਾਂ 'ਚ ਉਸ ਦੀ ਜ਼ਿੰਦਗੀ ਦਾ ਰੂਪ ਵਟਾਇਆ ਦਿਸਦੈ, ਉਹ ਵੀਲ੍ਹ ਚੇਅਰ 'ਤੇ ਬੈਠੀ ਏ। ਕਿਸੇ 'ਚ ਉਸ ਨਾਲ ਸੁਖਬੀਰ ਬਾਦਲ ਤੇ ਉਸ ਦਾ ਲਾਮ ਲਸ਼ਕਰ ਖੜ੍ਹੈ, ਕਿਸੇ 'ਚ ਭੱਠਲ ਤੇ ਕਿਸੇ 'ਚ ਕੋਈ ਹੋਰ। ਇਹ ਫੋਟੋਆਂ ਵਕਤ ਦੀ ਮੂੰਹ ਜ਼ੋਰ ਚਾਲ ਨਾਲ ਜੁੜੀਆਂ ਨੇ, ਜਿਸ ਨੇ ਮੈਦਾਨ 'ਚ ਜ਼ੋਰ ਦਿਖਾਉਣ ਵਾਲੇ ਸਰੀਰ ਦੀ ਤਾਕਤ ਖੋਹ ਲਈ। ਉਸ ਨੂੰ ਤੁਰਨ-ਫਿਰਨ ਜੋਗੀ ਤਾਂ ਕੀ, ਬਿਨਾਂ ਸਹਾਰੇ ਵੀਲ੍ਹ ਚੇਅਰ 'ਤੇ ਬੈਠਣ ਲਾਇਕ ਵੀ ਨਹੀਂ ਛੱਡਿਆ।

ਆਮ ਤੌਰ 'ਤੇ ਬੇਵੱਸ ਹੋਏ ਇਨਸਾਨ ਦੀਆਂ ਅੱਖਾਂ 'ਚੋਂ 'ਵਿਚਾਰਾਪਣ' ਝਲਕਣ ਲੱਗਦੈ, ਹਮਦਰਦੀ ਦੇ ਬੋਲ ਉਸ ਨੂੰ ਜ਼ਖ਼ਮਾਂ 'ਤੇ ਮੱਲ੍ਹਮ ਲਾਉਂਦੇ ਪ੍ਰਤੀਤ ਹੁੰਦੇ ਨੇ, ਅਤੀਤ ਚੇਤੇ ਕਰ ਵਰਤਵਾਨ ਭੁਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਏ, ਪਰ ਜਸਪ੍ਰੀਤ 'ਚੋਂ ਅਜਿਹਾ ਕੁੱਝ ਨਹੀਂ ਦਿਸਦਾ। ਜਿੰਨਾ ਸਵਾਲ ਪੁੱਛੀਦੈ, ਓਨੇ ਦਾ ਜਵਾਬ ਦੇ ਉਹ ਚੁੱਪ ਵੱਟ ਲੈਂਦੀ ਏ। ਫੇਰ ਖਾਮੋਸ਼ੀ ਤੋੜਦੀ ਆਖਦੀ ਏ, 'ਬੜੀ ਕਬੱਡੀ ਖੇਡਣੀ ਸੀ ਹਾਲੇ ਮੈਂ...ਪਹਿਲਾਂ ਤਾਂ ਮੈਂ ਮਹਿਸੂਸ ਹੀ ਨਾ ਕੀਤਾ ਕਿ ਏਨੀ ਵੱਡੀ ਸੱਟ ਲੱਗੀ ਏ...ਸੋਚਿਆ ਸੀ ਦੋ-ਚਾਰ ਹਫਤਿਆਂ ਲਈ ਮੰਜੇ ਨਾਲ ਰਿਸ਼ਤਾ ਜੁੜਿਐ...ਪਰ ਹੁਣ ਵਕਤ 'ਚ ਢਲ ਗਈ ਹਾਂ...ਕੁਦਰਤ ਇੰਜ ਨਾ ਕਰਦੀ ਤਾਂ ਚੰਗਾ ਹੁੰਦਾ...ਪਰ ਜੇ ਹੁਣ ਹੋ ਹੀ ਗਿਐ ਤਾਂ ਝੋਰਾ ਕਰਨ ਦਾ ਕੀ ਫ਼ਾਇਦਾ?'

ਉਸ ਦੇ ਇਨ੍ਹਾਂ ਬੋਲਾਂ 'ਚੋਂ ਜਿਹੜੀ ਗ਼ੈਰਤ ਦਿਸੀ, ਉਸਦੀ ਮਿਸਾਲ ਬਹੁਤ ਘੱਟ ਦੇਖਣ ਨੂੰ ਮਿਲੀ। ਉਸ ਆਖਿਆ, 'ਸਰ...ਲੇਖ 'ਚ ਇਹ ਨਾ ਲਿਖਣਾ ਕਿ ਮੈਨੂੰ ਕੋਈ ਮਦਦ ਚਾਹੀਦੀ ਏ...ਕਿਸੇ ਸਰਕਾਰ, ਮੰਤਰੀ ਨੂੰ ਵੀ ਕੋਈ ਉਲਾਂਭਾ ਨਾ ਦੇਣਾ...ਕੀ ਲੋੜ ਏ ਕਿਸੇ ਨੂੰ ਦੋਸ਼ ਦੇਣ ਦੀ...ਬਾਕੀ ਤੁਸੀਂ ਦੇਖ ਲੈਣਾ...'

ਜ਼ਰਾ ਅੱਖਾਂ ਬੰਦ ਕਰਕੇ ਜਸਪ੍ਰੀਤ ਦੀ ਪੀੜ ਆਪਣੇ ਤਨ 'ਤੇ ਮਹਿਸੂਸ ਕਰੋ। ਤੁਸੀਂ ਮੈਦਾਨ 'ਚ ਖੇਡ ਰਹੇ ਹੋ...ਤੁਹਾਡੀ ਟੀਮ ਅੱਗੇ ਵਧ ਰਹੀ ਏ...ਅਚਾਨਕ ਹਾਦਸਾ ਵਾਪਰਦੈ। ਮੈਦਾਨ 'ਚ ਤੁਹਾਡੇ ਸਰੀਰ ਦਾ ਕੋਈ ਅੰਗ ਨੁਕਸਾਨਿਆ ਜਾਂਦੈ, ਤੁਸੀਂ ਸਦਾ ਲਈ ਅਪਾਹਜ ਹੋ ਜਾਂਦੇ ਹੋ ਤਾਂ ਜ਼ਿੰਦਗੀ ਦੇ ਬਾਕੀ ਬਚੇ ਸਾਲ ਕੀ ਬੀਤੇਗੀ ਤੁਹਾਡੇ ਮਨ 'ਤੇ? ਕੀ ਤੁਹਾਨੂੰ ਇੰਜ ਨਹੀਂ ਲੱਗਾ ਕਿ ਰੱਬ ਨੇ ਦਗ਼ਾ ਕੀਤੈ। ਕੁਦਰਤ ਦੀ ਨਜ਼ਰ ਸੁਵੱਲੀ ਹੋਣ ਦੀ ਥਾਂ ਕੁਵੱਲੀ ਹੋ ਗਈ।

ਇਹੀ ਕੁੱਝ ਜਸਪ੍ਰੀਤ ਨਾਲ ਵਾਪਰਿਐ। ਸਕੂਲ ਪੜ੍ਹਨ ਵੇਲੇ ਟੀ.ਵੀ. 'ਤੇ ਖਿਡਾਰੀਆਂ ਵੱਲ ਦੇਖ ਉਹ ਸੋਚਦੀ ਕਿ ਇੱਕ ਦਿਨ ਮੈਂ ਵੀ ਏਦਾਂ ਹੀ ਖੇਡਾਂਗੀ। ਉਹ ਖੋ-ਖੋ ਖੇਡਣ ਲੱਗ ਗਈ, ਅਧਿਆਪਕ ਉਸ ਨੂੰ ਸ਼ਾਬਾਸ਼ ਦਿੰਦੇ ਤੇ ਹੋਰ ਮਿਹਨਤ ਕਰਨ ਲਈ ਪ੍ਰੇਰਦੇ। ਫੇਰ ਅਧਿਆਪਕਾਂ ਉਸ ਨੂੰ ਰਾਇ ਦਿੱਤੀ ਕਿ ਜੇ ਤੂੰ ਕਬੱਡੀ ਸ਼ੁਰੂ ਕਰੇਂ ਤਾਂ ਜ਼ਿਆਦਾ ਵਧੀਆ ਹੋਵੇਂਗੀ। ਉਸ ਨੇ ਅਭਿਆਸ ਸ਼ੁਰੂ ਕਰ ਦਿੱਤਾ, ਕੁੜੀਆਂ ਦੀ ਟੀਮ ਬਣੀ ਤੇ ਬਤੌਰ ਜਾਫ਼ੀ ਉਹ ਕਮਾਲ ਕਰਨ ਲੱਗੀ।

ਬਾਬਾ ਫ਼ਰੀਦ ਮੇਲੇ 'ਤੇ ਹੋਏ ਕਬੱਡੀ ਮੁਕਾਬਲਿਆਂ 'ਚ ਜਸਪ੍ਰੀਤ ਨੇ ਆਪਣੀ ਖੇਡ ਦਾ ਜਿਹੜਾ ਹੁਨਰ ਦਿਖਾਇਆ, ਉਸ ਨਾਲ ਉਸ ਦੀਆਂ ਗੱਲਾਂ ਦੂਰ-ਦੂਰ ਤੱਕ ਹੋਣ ਲੱਗੀਆਂ। ਉਹ ਮੰਨਦੀ ਹੈ ਕਿ ਉਸ ਦੀ ਪਛਾਣ ਏਸ ਮੇਲੇ ਤੋਂ ਬਣਨੀ ਸ਼ੁਰੂ ਹੋਈ। ਜਦੋਂ ਉਹ ਸਰਕਾਰੀ ਬ੍ਰਜਿੰਦਰ ਕਾਲਜ, ਫ਼ਰੀਦਕੋਟ 'ਚ ਬੀ.ਏ. ਕਰਨ ਲੱਗੀ ਤਾਂ ਕੁੜੀਆਂ ਦੀ ਕਬੱਡੀ ਟੀਮ 'ਚ ਸ਼ਾਮਲ ਹੋ ਗਈ। ਬੀ.ਏ. ਭਾਗ ਦੂਜਾ ਕਰਨ ਵੇਲੇ ਨੈਸ਼ਨਲ ਮੁਕਾਬਲੇ ਲਈ ਕੁੜੀਆਂ ਦੀ ਟੀਮ ਪਟਿਆਲੇ ਗਈ, ਦੋ ਕੁੜੀਆਂ ਫ਼ਰੀਦਕੋਟ ਦੀਆਂ ਸਨ, ਜਸਪ੍ਰੀਤ ਸਮੇਤ ਇੱਕ ਹੋਰ। 25 ਨਵੰਬਰ 2001 ਦਾ ਦਿਨ ਸੀ। ਪੰਜਾਬ ਦੀ ਟੀਮ ਦਾ ਹਰਿਆਣੇ ਨਾਲ ਮੁਕਾਬਲਾ ਸੀ। ਮੈਚ ਸ਼ੁਰੂ ਹੋਇਆ, ਹਰਿਆਣੇ ਦੀ ਗੀਤਾ ਰੇਡ ਪਾਉਣ ਆਈ ਤਾਂ ਜਸਪ੍ਰੀਤ ਦੇ ਅੜਿੱਕੇ ਆ ਗਈ। ਜਸਪ੍ਰੀਤ ਨੇ ਕੈਂਚੀ ਲਗਾ ਲਈ, ਗੀਤਾ ਨੇ ਛੁਡਾਉਣ ਦੀ ਲੱਖ ਕੋਸ਼ਿਸ਼ ਕੀਤੀ, ਪਰ ਅਸਫਲ। ਪੁਆਇੰਟ ਪੰਜਾਬ ਨੂੰ ਮਿਲਿਆ ਪਰ ਅਚਾਨਕ ਅਜਿਹੀ ਘਟਨਾ ਵਾਪਰੀ, ਜਿਸ ਨੇ ਜਸਪ੍ਰੀਤ ਦੇ ਸਾਰੇ ਸੁਪਨੇ ਖੋਹ ਲਏ।

ਜਸਪ੍ਰੀਤ ਦੱਸਦੀ ਹੈ, 'ਪੁਆਇੰਟ ਮਿਲਣ 'ਤੇ ਮੈਂ ਸਰੀਰ ਢਿੱਲਾ ਛੱਡ ਦਿੱਤਾ...ਗੀਤਾ ਕੈਂਚੀ 'ਚੋਂ ਨਿਕਲਦੀ-ਨਿਕਲਦੀ ਧੜਾਮ ਕਰਦੀ ਮੇਰੀ ਧੌਣ 'ਤੇ ਡਿੱਗ ਪਈ...ਮੈਨੂੰ ਕੁੱਝ ਟੁੱਟਣ ਦਾ ਅਹਿਸਾਸ ਹੋਇਆ...ਮੈਂ ਉਥੇ ਹੀ ਲੇਟ ਗਈ...ਸਾਰੇ ਅਧਿਆਪਕ ਤੇ ਖਿਡਾਰਨਾਂ ਮੇਰੇ ਵੱਲ ਦੌੜੇ...ਉਨ੍ਹਾਂ ਫਸਟ ਏਡ ਦੇਣੀ ਸ਼ੁਰੂ ਕੀਤੀ। ਤੁਰੰਤ ਰਾਜਿੰਦਰਾ ਹਸਪਤਾਲ ਪੁਚਾਇਆ ਗਿਆ। ਉਨ੍ਹਾਂ ਕਿਹਾ ਚੰਡੀਗੜ੍ਹ ਪੀ.ਜੀ.ਆਈ. ਲੈ ਜਾਓ। ਉਸ ਤੋਂ ਬਾਅਦ ਕੀ ਹੋਇਆ, ਕੀ ਨਹੀਂ ਮੈਨੂੰ ਕੁੱਝ ਨਹੀਂ ਪਤਾ। ਹੋਸ਼ ਆਉਣ 'ਤੇ ਘਰਦਿਆਂ ਤੋਂ ਪਤਾ ਲੱਗਾ ਕਿ ਅਸਲ ਭਾਣਾ ਕੀ ਵਾਪਰਿਆ।'

ਡਾਕਟਰਾਂ ਦੱਸਿਆ ਕਿ ਜਸਪ੍ਰੀਤ ਦੀ ਰੀੜ੍ਹ ਦੀ ਹੱਡੀ ਵਿਚ ਨੁਕਸ ਪੈ ਗਿਐ, ਇਲਾਜ ਕੋਈ ਨਹੀਂ। ਇਹ ਖ਼ਬਰ ਮੀਡੀਏ ਵੱਲੋਂ ਪ੍ਰਮੁੱਖਤਾ ਨਾਲ ਛਾਪੀ ਗਈ। ਬਾਦਲ ਸਰਕਾਰ ਨੇ ਪੰਜ ਲੱਖ ਰੁਪਏ ਉਸ ਨੂੰ ਇਲਾਜ ਲਈ ਦਿੱਤੇ। ਜਸਪ੍ਰੀਤ ਕਹਿੰਦੀ ਹੈ, 'ਉਦੋਂ ਇਹ ਰਕਮ ਕਾਫ਼ੀ ਵੱਡੀ ਲੱਗਦੀ ਸੀ, ਪਰ ਜਿਉਂ-ਜਿਉਂ ਮਹਿਸੂਸ ਹੁੰਦਾ ਗਿਆ ਕਿ ਮੇਰਾ ਦੁੱਖ ਕਦੇ ਨਾ ਮੁੱਕਣ ਵਾਲਾ ਹੈ ਤਾਂ ਇਹ ਰਕਮ ਬਹੁਤੀ ਲੱਗਣੋਂ ਹਟ ਗਈ।' ਜਿਹੜੇ ਡਾਕਟਰ ਕੋਲ ਜਾਣ ਦੀ ਦੱਸ ਪੈਂਦੀ, ਮਾਪੇ ਉਧਰ ਲੈ ਕੇ ਤੁਰ ਪੈਂਦੇ। ਉਥੋਂ ਵੀ ਜਵਾਬ ਮਿਲ ਜਾਂਦਾ ਤਾਂ ਹਾਰ ਕੇ ਘਰ ਪਰਤ ਆਉਂਦੇ।

ਜਸਪ੍ਰੀਤ ਆਖਦੀ ਹੈ, 'ਪਹਿਲਾਂ ਬੜਾ ਦੁੱਖ ਹੁੰਦਾ ਸੀ ਕਿ ਫ਼ਲਾਣੇ ਲੀਡਰ ਨੇ ਨੌਕਰੀ ਦਾ ਵਾਅਦਾ ਕੀਤਾ, ਮਦਦ ਦਾ ਝੂਠਾ ਲਾਰਾ ਲਾਇਆ ਪਰ ਹੁਣ ਇਨ੍ਹਾਂ ਗੱਲਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਮੈਂ ਸਮਝ ਗਈ ਹਾਂ ਕਿ ਇਨ੍ਹਾਂ ਵਾਅਦਿਆਂ ਪਿੱਛੇ ਤਾੜੀਆਂ ਦੀ ਭੁੱਖ ਲੁਕੀ ਹੁੰਦੀ ਹੈ। ਵਕਤ ਲੰਘਣ ਨਾਲ ਕਹਾਣੀ ਹੋਰ ਬਣ ਜਾਂਦੀ ਏ।'

ਜਸਪ੍ਰੀਤ ਦੇ ਸੱਟ ਲੱਗਣ ਵੇਲੇ ਬਾਦਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਖਿਡਾਰੀਆਂ ਦੇ ਬੀਮੇ ਕੀਤੇ ਜਾਣਗੇ ਤਾਂ ਜੁ ਇਹੋ ਜਿਹੇ ਹਾਦਸੇ ਵਾਪਰਨ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਡਾਂਵਾਂਡੋਲ ਨਾ ਹੋਵੇ ਪਰ ਇਹ ਵਾਅਦਾ ਸਿਰੇ ਨਾ ਲੱਗ ਸਕਿਆ। ਜਸਪ੍ਰੀਤ ਦਾ ਕਹਿਣਾ ਹੈ, 'ਖਿਡਾਰੀ ਆਪਣੇ ਸੂਬੇ ਲਈ, ਦੇਸ ਲਈ ਖੇਡਦੇ ਨੇ...ਜੇ ਉਨ੍ਹਾਂ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਸਰਕਾਰ ਨੂੰ ਸਾਰ ਲੈਣੀ ਚਾਹੀਦੀ ਹੈ, ਸਿਰਫ਼ ਨੀਤੀਆਂ ਬਣਾਉਣ ਨਾਲ ਮਸਲੇ ਹੱਲ ਨਹੀਂ ਹੁੰਦੇ, ਜ਼ਰੂਰਤ ਹੈ ਇਨ੍ਹਾਂ 'ਤੇ ਅਮਲ ਕਰਨ ਦੀ। ਮਾੜਾ ਵਕਤ ਕਿਸੇ 'ਤੇ ਪੁੱਛ ਕੇ ਨਹੀਂ ਆਉਂਦਾ, ਅੱਜ ਮੈਂ ਮੰਜੇ 'ਤੇ ਬੈਠੀ ਹਾਂ, ਕੱਲ੍ਹ ਨੂੰ ਕਿਸੇ ਹੋਰ ਨਾਲ ਇਹ ਭਾਣਾ ਵਾਪਰ ਸਕਦੈ, ਹੋ ਸਕਦੈ ਪਰਿਵਾਰ ਦੀ ਰੋਟੀ ਚਲਾਉਣ ਦਾ ਧੁਰਾ ਸਿਰਫ਼ ਉਹੀ ਹੋਵੇ ਤੇ ਜੇ ਉਹ ਵੀ ਮੰਜੇ ਨਾਲ ਜੁੜ ਗਿਆ ਤਾਂ ਟੱਬਰ ਨੂੰ ਭੁੱਖੇ ਮਰਨੋਂ ਕੌਣ ਬਚਾਏਗਾ?

ਜਸਪ੍ਰੀਤ ਨੂੰ ਖ਼ੁਸ਼ੀ ਹੈ ਕਿ ਪੰਜਾਬ ਸਰਕਾਰ ਵੱਲੋਂ ਮਾਂ ਖੇਡ ਨੂੰ ਉਤਸ਼ਾਹਤ ਕਰਨ ਲਈ ਉਪਰਾਲੇ ਸ਼ੁਰੂ ਹੋਏ ਨੇ ਪਰ ਉਹ ਚਾਹੁੰਦੀ ਹੈ ਕਿ ਇਨ੍ਹਾਂ ਯਤਨਾਂ 'ਤੇ ਰਾਜਨੀਤੀ ਦਾ ਰੰਗ ਨਾ ਚੜ੍ਹੇ। ਪਿੱਛੇ ਜਿਹੇ ਸਰਕਾਰ ਵੱਲੋਂ ਕਰਾਏ 'ਵਿਸ਼ਵ ਕਬੱਡੀ ਕੱਪ' ਨੂੰ ਚੇਤੇ ਕਰ ਉਹ ਕੁੱਝ ਪਲਾਂ ਲਈ ਖ਼ੁਸ਼ ਹੋ ਜਾਂਦੀ ਏ, ਪਰ ਫਿਰ ਇਸ ਕੱਪ ਨਾਲ ਜੁੜੀ ਕੌੜੀ ਯਾਦ ਚੇਤੇ ਕਰ ਮੁੜ ਖਾਮੋਸ਼ ਹੋ ਜਾਂਦੀ ਹੈ।

ਕੁਰੇਦਣ 'ਤੇ ਉਹ ਦੱਸਦੀ ਹੈ, 'ਬਠਿੰਡੇ ਵਾਲੇ ਮੈਚ ਤੋਂ ਕੁੱਝ ਦਿਨ ਪਹਿਲਾਂ ਫ਼ਰੀਦਕੋਟ ਦੇ ਕਬੱਡੀ ਕੋਚ ਸ. ਮੱਲੀ ਹੁਰਾਂ ਆਖਿਆ, 'ਸਿਕੰਦਰ ਸਿੰਘ ਮਲੂਕਾ ਨਾਲ ਗੱਲ ਹੋ ਗਈ ਏ, ਤੈਨੂੰ ਉਥੇ ਸਨਮਾਨਤ ਕਰਨੈ, ਜ਼ਰੂਰ ਚੱਲਣੈ।' ਗੱਡੀ ਕਿਰਾਏ 'ਤੇ ਲੈ ਮਾਂ ਤੇ ਭੈਣ ਨਾਲ ਜਸਪ੍ਰੀਤ ਬਠਿੰਡੇ ਚਲੀ ਗਈ, ਪਰ ਉਥੇ ਲੋਹੜੇ ਦੀ ਭੀੜ ਹੋਣ ਕਰਕੇ ਦਿੱਤੇ ਵਕਤ ਤੋਂ ਖੁੰਝ ਗਈ, ਸੋ ਸਨਮਾਨ ਵੀ ਖੁੰਝ ਗਿਆ।

ਉਥੇ ਮਲੂਕਾ ਸਾਹਿਬ ਨੇ ਵਾਅਦਾ ਕੀਤਾ ਕਿ ਫਾਈਨਲ ਵਾਲੇ ਦਿਨ ਉਸ ਨੂੰ ਲੁਧਿਆਣੇ ਸਨਮਾਨਿਤ ਕੀਤਾ ਜਾਵੇਗਾ। ਜਸਪ੍ਰੀਤ ਉਂਜ ਤਾਂ ਇਹੋ ਜਿਹੇ ਮਾਣਾਂ-ਸਨਮਾਨਾਂ 'ਚ ਬਹੁਤਾ ਵਿਸ਼ਵਾਸ ਨਹੀਂ ਰੱਖਦੀ ਪਰ ਇਸ ਸਨਮਾਨ ਪ੍ਰਤੀ ਉਸ ਅੰਦਰ ਵੀ ਖਿੱਚ ਸੀ ਕਿ ਕਬੱਡੀ ਦੇ ਰੰਗ 'ਚ ਰੰਗੇ ਹਰ ਦਰਸ਼ਕ ਤੇ ਖਿਡਾਰੀ ਨੂੰ ਪਤਾ ਲੱਗੇ ਕਿ 2001 ਤੱਕ ਉਹ ਵੀ ਪੰਜਾਬ ਪੱਧਰ 'ਤੇ ਖੇਡਦੀ ਰਹੀ ਹੈ। ਗੱਡੀ ਕਿਰਾਏ 'ਤੇ ਲੈ ਜਸਪ੍ਰੀਤ ਆਪਣੀ ਭੈਣ ਤੇ ਮਾਂ ਨਾਲ ਲੁਧਿਆਣੇ ਸਟੇਡੀਅਮ ਪਹੁੰਚ ਗਈ। ਅੰਤਾਂ ਦੀ ਭੀੜ ਸੀ, ਗਹਿਗੱਚ ਮੁਕਾਬਲਾ ਹੋਇਆ, ਭਾਰਤੀ ਟੀਮ ਜਿੱਤ ਗਈ, ਹਰ ਪਾਸੇ ਖ਼ੁਸ਼ੀਆਂ ਮਨਾਈਆਂ ਜਾਣ ਲੱਗੀਆਂ, ਖ਼ੁਸ਼ੀ 'ਚ ਖੀਵੇ ਦਰਸ਼ਕ ਚੀਕਾਂ ਮਾਰ ਰਹੇ ਸਨ, ਲੋਹੜਿਆਂ ਦਾ ਜੋਸ਼ ਨਜ਼ਰ ਆ ਰਿਹਾ ਸੀ ਚਾਰੇ ਪਾਸੇ, ਪਰ ਕਿਸੇ ਨੂੰ ਪਤਾ ਨਹੀਂ ਸੀ ਕਿ ਜਿਹੜੀ ਕੁੜੀ ਵੀਲ੍ਹ ਚੇਅਰ 'ਤੇ ਬੈਠੀ ਹੈ, ਇਹ ਕੌਣ ਹੈ, ਕਿਹੜੀ ਗੱਲੋਂ ਮੈਦਾਨ 'ਚ ਬੈਠੀ ਹੈ।



ਬੀਤੇ ਦੀ ਗੱਲ:ਰੇਡ ਪਾਉਣ ਆਈ ਇਕ ਖਿਡਾਰਨ ਨੂੰ ਰੋਕਦੀ ਹੋਈ ਜਸਪ੍ਰੀਤ

ਜਦੋਂ ਜੇਤੂ ਤੇ ਉਪਜੇਤੂ ਟੀਮ ਨੂੰ ਸਨਮਾਨ ਦੇ ਦਿੱਤਾ ਗਿਆ ਤਾਂ ਮੰਤਰੀ-ਸੰਤਰੀ ਵਾਪਸ ਜਾਣ ਲਈ ਕਾਹਲੇ ਪੈਣ ਲੱਗੇ। ਜਸਪ੍ਰੀਤ ਨੂੰ ਆਪਣਾ ਸੁਪਨਾ ਮੁੜ ਟੁੱਟਦਾ ਜਾਪਿਆ, ਨਮੋਸ਼ੀ ਦੇ ਬੱਦਲ ਘੇਰਾ ਪਾਉਣ ਲੱਗੇ। ਏਨੇ ਨੂੰ ਮਲੂਕਾ ਹੁਰਾਂ ਦਾ ਧਿਆਨ ਉਸ ਵੱਲ ਗਿਆ, ਉਨ੍ਹਾਂ ਉਸ ਨੂੰ ਸੁਖਬੀਰ ਬਾਦਲ ਨਾਲ ਮਿਲਾਇਆ ਤੇ ਆਖਿਆ, 'ਏਸ ਕੁੜੀ ਦਾ ਸਨਮਾਨ ਕਰਨੈ...ਬੜੀ ਵਧੀਆ ਖਿਡਾਰਨ ਰਹੀ ਏ ਇਹ।'

ਸੁਖਬੀਰ ਨੇ ਆਖਿਆ, 'ਕਰ ਦਿਓ ਜਦੋਂ ਮਰਜ਼ੀ, ਜਿਵੇਂ ਠੀਕ ਸਮਝੋ।'

ਏਨਾ ਕਹਿ ਸਭ ਚਲੇ ਗਏ, ਮਲੂਕਾ ਹੁਰਾਂ ਸੈਕਟਰੀ ਦਾ ਨੰਬਰ ਜਸਪ੍ਰੀਤ ਨੂੰ ਦਿੱਤਾ ਤੇ ਕਿਹਾ, 'ਏਸ ਨੰਬਰ 'ਤੇ ਫੋਨ ਕਰਕੇ ਚੇਤਾ ਕਰਾਉਂਦੀ ਰਹੀਂ, ਸਨਮਾਨ ਜ਼ਰੂਰ ਕਰਾਂਗੇ।'

ਉਹ ਦਿਨ ਤੇ ਆਹ ਦਿਨ, ਅਣਗਿਣਤ ਵਾਰ ਜਸਪ੍ਰੀਤ ਸੈਕਟਰੀ ਨੂੰ ਫੋਨ ਮਿਲਾ ਚੁੱਕੀ ਏ, ਪਰ ਸਿਵਾਏ ਲਾਰਿਆਂ ਦੇ ਕੁੱਝ ਨਸੀਬ ਨਹੀਂ ਹੋਇਆ। ਦੋ-ਤਿੰਨ ਵਾਰ ਕੋਚ ਮੱਲੀ ਹੁਰੀਂ ਮਲੂਕਾ ਹੁਰਾਂ ਨੂੰ ਚਿੱਠੀ ਰਾਹੀਂ ਬੇਨਤੀ ਕਰ ਚੁੱਕੇ ਨੇ ਪਰ ਕਿਸੇ ਨੂੰ ਕੁੱਝ ਚੇਤਾ ਨਹੀਂ ਆ ਰਿਹਾ।

ਜਦੋਂ ਜਸਪ੍ਰੀਤ ਦੇ ਸੱਟ ਲੱਗੀ ਸੀ ਤਾਂ ਐਲਾਨ ਕੀਤਾ ਗਿਆ ਕਿ ਉਸ ਨੂੰ ਨੌਕਰੀ ਦਿੱਤੀ ਜਾਵੇਗੀ ਪਰ ਐਲਾਨ ਸਿਰਫ਼ ਐਲਾਨ ਰਹਿ ਗਿਆ। ਫੇਰ ਇੱਕ ਵਾਰ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਏਸ ਕੁੜੀ ਨੂੰ ਨੌਕਰੀ ਦੇ ਨਾਲ-ਨਾਲ ਵੀਹ ਹਜ਼ਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਉਹ ਵਾਅਦਾ ਵੀ ਵਫ਼ਾ ਨਾ ਹੋਇਆ। ਪਿੱਛੇ ਜਿਹੇ ਮਨਪ੍ਰੀਤ ਸਿੰਘ ਬਾਦਲ ਨੇ ਉਸ ਨੂੰ ਇੱਕ ਖੇਡ ਮੇਲੇ 'ਚ ਸਨਮਾਨਿਤ ਕਰਦਿਆਂ ਕਿਹਾ ਸੀ ਕਿ ਉਸ ਬਾਰੇ ਜ਼ਰੂਰ ਸੋਚਿਆ ਜਾਵੇਗਾ। ਹੁਣ ਜਸਪ੍ਰੀਤ ਮਨਪ੍ਰੀਤ ਹੁਰਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੀ ਏ।

ਜਸਪ੍ਰੀਤ ਸਰਕਾਰਾਂ ਕੋਲੋਂ ਕੋਈ ਆਸ ਨਹੀਂ ਰੱਖਦੀ, ਬਸ ਉਹ ਇਹੋ ਚਾਹੁੰਦੀ ਹੈ ਕਿ ਜੋ ਕੀਤਾ ਨਹੀਂ ਜਾ ਸਕਦਾ, ਉਸ ਬਾਰੇ ਐਵੇਂ ਵਧਾ-ਚੜ੍ਹਾਅ ਕੇ ਨਾ ਕਿਹਾ ਜਾਵੇ। ਨੌਕਰੀ ਦੀ ਇੱਛਾ ਬਾਰੇ ਪੁੱਛਣ 'ਤੇ ਉਹ ਕਹਿੰਦੀ ਹੈ, 'ਹੁਣ ਨੌਕਰੀ ਦੀ ਕੋਈ ਇੱਛਾ ਨਹੀਂ...ਜੇ ਨੌਕਰੀ ਮਿਲ ਵੀ ਜਾਂਦੀ ਏ ਤਾਂ ਮੈਨੂੰ ਆਪਣੀ ਗੱਡੀ ਵੀ ਰੱਖਣੀ ਪਵੇਗੀ, ਇੱਕ ਡਰਾਈਵਰ ਦੀ ਲੋੜ ਪਵੇਗੀ ਤੇ ਮੈਨੂੰ ਗੱਡੀ 'ਚੋਂ ਉਤਾਰਨ ਤੇ ਬਿਠਾਉਣ ਲਈ ਇੱਕ ਹੈਲਪਰ ਲੜਕੀ ਦੀ ਲੋੜ ਵੀ ਪਵੇਗੀ। ਇਸ ਲਈ ਨੌਕਰੀ ਠੀਕ ਨਹੀਂ ਲੱਗਦੀ। ਹਾਂ, ਜੇ ਪੈਨਸ਼ਨ ਲੱਗ ਜਾਵੇ ਤਾਂ ਜ਼ਿਆਦਾ ਵਧੀਆ ਹੈ।'

ਕੋਲ ਬੈਠੀ ਜਸਪ੍ਰੀਤ ਦੀ ਮਾਂ ਬਲਵੀਰ ਕੌਰ ਆਖਦੀ ਹੈ, 'ਅਕਾਲੀਆਂ-ਕਾਂਗਰਸੀਆਂ ਤੋਂ ਸਾਡੀ ਕੋਈ ਬਹੁਤੀ ਵੱਡੀ ਮੰਗ ਨਹੀਂ, ਬਸ ਏਨਾ ਚਾਹੁੰਦੀ ਹਾਂ ਕਿ ਸਾਡੀ ਗਲੀ ਪੱਕੀ ਹੋ ਜਾਵੇ, ਗਲੀ 'ਚ ਟੋਏ ਪਏ ਹੋਣ ਕਰਕੇ ਜਸਪ੍ਰੀਤ ਵੀਲ੍ਹ ਚੇਅਰ 'ਤੇ ਆਂਢ-ਗੁਆਂਢ ਨਹੀਂ ਜਾ ਸਕਦੀ। ਘਰ 'ਚ ਕੋਈ ਹੋਰ ਨਾ ਹੋਣ ਕਰਕੇ ਉਸ ਨੂੰ ਕੋਈ ਖਿੱਚ ਕੇ ਨਹੀਂ ਲਿਜਾ ਸਕਦਾ। ਜੇ ਗਲੀ ਪੱਕੀ ਹੋਵੇ ਤਾਂ ਉਹ ਖ਼ੁਦ ਥੋੜ੍ਹਾ-ਬਹੁਤ ਘੁੰਮ ਫਿਰ ਕੇ ਮਨ ਬਦਲ ਲਵੇ।'

ਜਸਪ੍ਰੀਤ ਦੀ ਮਾਂ ਨੂੰ ਉਸ ਦੇ ਵਿਆਹ ਦੀ ਚਿੰਤਾ ਹੈ। ਉਸ ਨੂੰ ਦੁੱਖ ਹੈ ਕਿ ਦੁੱਖਾਂ ਲੱਦੀ ਉਸ ਦੀ ਧੀ ਨਾਲ ਜ਼ਿੰਦਗੀ ਭਰ ਦਾ ਸਾਥ ਕੌਣ ਨਿਭਾਵੇਗਾ? ਪਰ ਜੇ ਕੋਈ ਅੱਗੇ ਆਵੇ ਤਾਂ ਉਹ ਉਸ ਦੀ ਸ਼ੁਕਰਗੁਜ਼ਾਰ ਹੋਵੇਗੀ।

ਟੀ.ਵੀ. 'ਤੇ ਜਦੋਂ ਵੀ ਕਬੱਡੀ ਦਾ ਦ੍ਰਿਸ਼ ਆਉਂਦੈ, ਜਸਪ੍ਰੀਤ ਦੀਆਂ ਅੱਖਾਂ ਵਿਚਲਾ ਪਾਣੀ ਚਮਕਾਂ ਮਾਰਨ ਲੱਗਦੈ। ਉਹ ਚਾਹੁੰਦੀ ਹੈ ਕਿ ਮੁਕਾਬਲੇ ਕਰਾਉਣ 'ਤੇ ਖਰਚ ਕਰਨ ਦੇ ਨਾਲ ਨਾਲ ਸਰਕਾਰ ਤੇ ਐਨ.ਆਰ.ਆਈ. ਵੀਰ ਮੁਕਾਬਲੇਬਾਜ਼ਾਂ ਵੱਲ ਵੀ ਧਿਆਨ ਦੇਣ। ਉਦਾਸ ਚਿਹਰੇ ਨਾਲ ਉਹ ਇੱਕ ਵਾਰ ਫਿਰ ਇਹ ਕਹਿ ਕੇ ਚੁੱਪ ਵੱਟ ਲੈਂਦੀ ਹੈ, 'ਹਾਲੇ ਬਹੁਤ ਕਬੱਡੀ ਖੇਡਣੀ ਸੀ ਮੈਂ, ਪਰ ਕੁਦਰਤ ਨੇ ਦਗ਼ਾ ਕਮਾ ਲਿਆ...ਜੇ ਏਦਾਂ ਨਾ ਹੁੰਦਾ ਤਾਂ ਸ਼ਾਇਦ ਅੱਜ ਮੈਂ ਉਥੇ ਖੜ੍ਹੀ ਹੁੰਦੀ, ਜੀਹਦੇ ਬਾਰੇ ਕਿਸੇ ਨੇ ਕਦੇ ਨਹੀਂ ਸੋਚਿਆ ਹੋਣਾ।'

*ਫੋਨ:98141-78883

## ਦਾਰਾ ਪਹਿਲਵਾਨ

ਵਾਲੀ ਗੱਲ ਹੋ ਗਈ। ਆਖ਼ਿਰ ਮਾਂ ਜੀ ਦੇ ਗਹਿਣੇ ਵੇਚ ਕੇ ਸ਼ਾਹੂਕਾਰ ਦਾ ਕਰਜ਼ਾ ਉਤਾਰਿਆ ਗਿਆ।

ਖ਼ੈਰ, ਜੋ ਹੋਇਆ ਸੋ ਹੋਇਆ, ਸਾਡੇ ਪਿਤਾ ਜੀ ਦੀ ਚਿੰਤਾ ਤਾਂ ਦੂਰ ਹੋਈ ਤੇ ਉਹ ਫਿਰ ਸਿੰਘਾਪੁਰ ਚਲੇ ਗਏ, ਬਲਕਿ ਆਪਣੇ ਛੋਟੇ ਭਰਾਵਾਂ ਨੂੰ ਵੀ ਨਾਲ ਲੈ ਗਏ। ਬਾਪੂ ਤੇ ਉਸ ਦੇ ਤਿੰਨ ਛੋਟੇ ਭਰਾ ਸਿੰਘਾਪੁਰ ਚਲੇ ਗਏ ਤੇ ਇਕ ਭਰਾ ਫੌਜ ਵਿਚ ਭਰਤੀ ਹੋ ਗਿਆ। ਵਾਹੀ ਕਰਨ ਲਈ ਬਾਬਾ ਇਕੱਲਾ ਹੀ ਬਹੁਤ ਸੀ। ਜਦੋਂ ਧਰਮੂ ਨੇ ਪਿੰਡ ਬੱਧਾ ਸੀ ਤਾਂ ਪਿੰਡ ਦੀ ਜ਼ਮੀਨ ਸੀ ਨੌਂ ਸੌ ਵਿੱਘੇ, ਤੇ ਜਦੋਂ ਸਾਡੇ ਪੜਦਾਦਿਆਂ ਦੀਆਂ ਔਲਾਦਾਂ ਨੇ ਜੰਮ ਕੇ ਇਸ ਰੰਗੀਲੀ ਦੁਨੀਆਂ ਨੂੰ ਚਾਰ ਚੰਨ ਲਾਏ ਤਾਂ ਜ਼ਮੀਨ ਘਟਦੀ ਘਟਦੀ ਘਰ ਪ੍ਰਤੀ ਪੰਜ ਜਾਂ ਦਸ ਵਿੱਘੇ ਹੀ ਰਹਿ ਗਈ। ਫਿਰ ਵਿਚਾਰੇ ਧਰਮੂਚੱਕੀਏ ਪਿੰਡ ਛੱਡ ਛੱਡ ਲੱਗੇ ਦੂਰ ਦੁਰਾਡੇ ਵੱਸਣ।

# ਭ੍ਰਿਸ਼ਟਾਚਾਰ ਦੇ ਬੋਲਬਾਲੇ 'ਤੇ ਸੁਪਰੀਮ ਕੋਰਟ ਵਲੋਂ ਟਿੱਪਣੀਆਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਾਮਨਵੈਲਥ ਖੇਡਾਂ ਦੀ ਤਿਆਰੀ 'ਚ ਭ੍ਰਿਸ਼ਟਾਚਾਰ ਦੇ ਬੋਲਬਾਲੇ ਅਤੇ ਜਵਾਹਰ ਲਾਲ ਨਹਿਰੂ ਸਟੇਡੀਅਮ ਨੇੜੇ ਪੁਲ ਦੇ ਤਾਸ਼ ਦੇ ਪੱਤਿਆਂ ਵਾਂਗ ਢਹਿ ਜਾਣ ਦਾ ਨੋਟਿਸ ਲੈਂਦਿਆਂ ਸਰਕਾਰ ਦੀ ਤਿੱਖੀ ਨੁਕਤਾਚੀਨੀ ਕੀਤੀ।

ਜਸਟਿਸ ਜੀ.ਐਸ. ਸਿੰਘਵੀ ਅਤੇ ਏ.ਕੇ. ਗਾਂਗੁਲੀ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਕਿਹਾ, ''ਬਿਨਾਂ ਕੰਮ ਮੁਕੰਮਲ ਹੋਇਆਂ ਉਸਾਰੀ ਦੇ ਕੰਮਾਂ ਦੀ ਅਦਾਇਗੀ ਕੀਤੀ ਜਾ ਰਹੀ ਹੈ। ਨਵੇਂ ਪੁਲ ਤਾਸ਼ ਦੇ ਪੱਤਿਆਂ ਵਾਂਗ ਡਿਗਦੇ ਜਾ ਰਹੇ ਹਨ। ਖੇਡਾਂ ਉਤੇ 70 ਹਜ਼ਾਰ ਕਰੋੜ ਰੁਪਇਆ ਖ਼ਰਚਿਆ ਜਾ ਰਿਹਾ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਫੈਲਦਾ ਜਾ ਰਿਹਾ ਹੈ। ਅਸੀਂ ਅਪਣੀਆਂ ਅੱਖਾਂ ਬੰਦ ਨਹੀਂ ਕਰ ਸਕਦੇ।'' ਬੈਂਚ ਨੇ ਕਿਹਾ ਕਿ 15 ਅਕਤੂਬਰ ਤੱਕ ਕਾਮਨਵੈਲਥ ਦਾ ਮਕਸਦ ਜਨਤਕ ਹੈ ਪਰ ਇਸ ਪਿੱਛੋਂ ਇਹ ਸਾਰਾ ਕੁਝ ਨਿਜੀ ਹੋ ਜਾਵੇਗਾ। ਬੈਂਚ ਨੇ ਇਹ ਟਿਪਣੀਆਂ ਐਨ.ਡੀ.ਐਮ.ਸੀ. (ਨਵੀਂ ਦਿੱਲੀ ਮਿਉਂਸਪਲ ਕਾਰਪੋਰੇਸ਼ਨ) ਵਲੋਂ ਜੰਤਰ-ਮੰਤਰ ਨੇੜੇ ਉਸਾਰੀ ਜਾ ਰਹੀ ਇਕ ਉਚੀ ਬਿਲਡਿੰਗ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਕੀਤੀਆਂ।

ਭਾਰਤੀ ਪੁਰਾਤਤਵ ਵਿਭਾਗ ਨੇ ਦੋਸ਼ ਲਾਇਆ ਕਿ ਕਾਰਪੋਰੇਸ਼ਨ ਵਲੋਂ ਉਸਾਰੀ ਗਈ ਇਮਾਰਤ ਉਸ ਕਾਨੂੰਨ ਦੀ ਅਣਦੇਖੀ ਹੈ ਜਿਸ 'ਚ ਯਾਦਗਾਰਾਂ ਦੇ 100 ਮੀਟਰ ਦੇ ਘੇਰੇ ਅੰਦਰ ਅਜਿਹੀਆਂ ਉਸਾਰੀਆਂ 'ਤੇ ਪਾਬੰਦੀ ਹੈ। ਸੁਣਵਾਈ ਦੌਰਾਨ ਇਹ ਵੀ ਦੱਸਿਆ ਗਿਆ ਕਿ ਜੰਤਰ-ਮੰਤਰ ਦੇ ਆਲੇ-ਦੁਆਲੇ ਹੋਰ ਇਮਾਰਤਾਂ ਦੀ ਉਸਾਰੀ ਨੂੰ ਵੀ ਇਜਾਜ਼ਤ ਦੇ ਦਿੱਤੀ ਗਈ ਹੈ। ਵਿਭਾਗ ਨੇ 2006 'ਚ ਪਟੀਸ਼ਨ ਦਾਖ਼ਲ ਕੀਤੀ ਸੀ। ਬੈਂਚ ਨੇ ਕਿਹਾ, ''ਤੁਸੀਂ ਕਿੰਨੇ ਬੇਅਕਲੇ ਅਤੇ ਅਨੁਸ਼ਾਸਨਹੀਣ ਹੋ? ਨਾ ਤੁਸੀਂ ਇਤਿਹਾਸ ਦਾ ਮਾਣ ਕਰਦੇ ਹੋ ਅਤੇ ਨਾ ਹੀ ਵਿਧਾਨ ਦਾ। ਦੇਸ਼ 'ਚ ਅਨੈਤਿਕ ਸਰਕਾਰ ਹੈ ਜਿਸ ਨੂੰ ਕਦਰਾਂ-ਕੀਮਤਾਂ ਦਾ ਕੋਈ ਧਿਆਨ ਨਹੀਂ, ਬਸ ਉਸ ਨੂੰ ਪੈਸੇ ਦਾ ਹੀ ਖ਼ਿਆਲ ਹੈ। ਤੁਸੀਂ ਜੰਤਰ-ਮੰਤਰ ਨੂੰ ਹੋਟਲ ਜਾਂ ਮਾਲਜ਼ ਵਿਚ ਕਿਉਂ ਨਹੀਂ ਬਦਲ ਦਿੰਦੇ? ਇਸ ਨਾਲ ਭਾਰਤ ਹੋਰ ਚਮਕੇਗਾ।''

# ਅਮਰੀਕਾ ਫੇਰੀ ਦੇ ਕੁਝ ਕੌੜੇ-ਮਿੱਠੇ ਅਨੁਭਵ

**ਡਾ. ਗੁਰਨਾਮ ਕੌਰ**

ਮੈਨੂੰ ਕੈਨੇਡਾ ਦਾ ਸਿੰਗਲ ਐਂਟਰੀ ਵੀਜ਼ਾ ਮਿਲਿਆ ਸੀ। ਮੇਰੇ ਕੋਲ ਕੈਨੇਡਾ ਦੁਬਾਰਾ ਆਉਣ ਦੀ ਸੰਭਾਵਨਾ ਨਹੀਂ ਸੀ। ਇਸ ਸੈਮੀਨਾਰ ਤੋਂ ਪਿਛੋਂ ਬਾਕੀ ਦੀ ਸਾਰੀ ਸੈਮੀਨਾਰ ਲੜੀ ਅਮਰੀਕਾ ਦੇ ਸ਼ਹਿਰਾਂ ਸ਼ਿਕਾਗੋ, ਬਰਕਲੇ ਅਤੇ ਨਿਊ ਯਾਰਕ ਵਿਚ ਹੋਣੀ ਸੀ। ਇਸ ਲਈ ਮੈਂ ਸਿਆਟਲ ਰਾਹੀਂ ਆ ਕੇ ਆਪਣਾ ਵੀਜ਼ਾ ਗੁਆਉਣ ਨਾਲੋਂ ਵੈਨਕੂਵਰ ਵਾਲੇ ਸੈਮੀਨਾਰ ਵਿਚ ਸ਼ਾਮਲ ਨਾ ਹੋਣਾ ਠੀਕ ਸਮਝਿਆ। ਇਸ ਤਰ੍ਹਾਂ ਟੋਰਾਂਟੋ ਆਪਣੇ ਰਿਸ਼ਤੇਦਾਰਾਂ ਕੋਲ ਠਹਿਰਨ ਲਈ ਮੈਨੂੰ ਜ਼ਿਆਦਾ ਸਮਾਂ ਮਿਲ ਗਿਆ ਅਤੇ ਇਥੋਂ ਹੀ ਮੇਰਾ ਤੇ ਡਾ. ਮਦਨਜੀਤ ਕੌਰ ਦਾ ਸਫਰ ਅਲੱਗ ਅਲੱਗ ਹੋ ਗਿਆ। ਟੋਰਾਂਟੋ ਕਾਫੀ ਰਿਸ਼ਤੇਦਾਰ ਸਨ ਜਿਨ੍ਹਾਂ ਨੇ ਬਹੁਤ ਸਾਰਾ ਸਾਮਾਨ ਵੀ ਖਰੀਦ ਦਿੱਤਾ, ਜਿਸ ਨਾਲ ਸੂਟਕੇਸ ਇੱਕ ਤੋਂ ਦੋ ਹੋ ਗਏ। ਉਤੋਂ ਭਾਣਜੇ ਜਸਵੀਰ ਮੱਲ੍ਹੀ ਨੇ ਬਹੁਤ ਪੱਕਿਆਂ ਕੀਤਾ, "ਸ਼ਿਕਾਗੋ ਤੁਸੀਂ ਇਕੱਲਿਆਂ ਜਾਣਾ ਹੈ, ਬਹੁਤ ਧਿਆਨ ਨਾਲ ਜਾਇਓ। ਸ਼ਿਕਾਗੋ ਕਰਾਈਮ ਬਹੁਤ ਹੈ, ਕਿਸੇ ਕੁਲੀ 'ਤੇ ਵੀ ਇਤਬਾਰ ਨਹੀਂ ਕਰਨਾ।" ਵੈਸੇ ਤਾਂ ਮੈਨੂੰ ਲੈਣ ਲਈ ਡਾ. ਮਨਮੋਹਨ ਕੌਰ ਵਿਰਕ ਅਤੇ ਉਸਦੇ ਪਤੀ ਕੰਵਲਜੀਤ ਸਿੰਘ ਵਿਰਕ ਨੇ ਆਉਣਾ ਸੀ ਪਰ ਫੇਰ ਵੀ ਇੱਕ ਅਣਜਾਣਾ ਜਿਹਾ ਭੈ ਮਨ ਵਿਚ ਜਸਵੀਰ ਦੀਆਂ ਗੱਲਾਂ ਸੁਣਨ ਤੋਂ ਬਾਅਦ ਬੈਠ ਗਿਆ। ਮਨਮੋਹਨ ਮੇਰੇ ਕੋਲ ਪੰਜਾਬੀ ਯੂਨੀਵਰਸਿਟੀ ਵਿਚ ਪੜ੍ਹ ਕੇ ਆਈ ਸੀ ਅਤੇ ਅਸੀਂ ਪਰਿਵਾਰਕ ਤੌਰ 'ਤੇ ਇੱਕ-ਦੂਜੇ ਦੇ ਬਹੁਤ ਨੇੜੇ ਹਾਂ। ਸਿਆਣੇ ਕਹਿੰਦੇ ਹਨ ਕਿ ਜਿਸ ਚੀਜ਼ ਤੋਂ ਮਨੁੱਖ ਬਹੁਤਾ ਡਰੇ ਉਹ ਉਸ ਨਾਲ ਜ਼ਰੂਰ ਵਾਪਰਦੀ ਹੈ। ਸ਼ਿਕਾਗੋ ਮੇਰੇ ਨਾਲ ਕੋਈ ਅਣਸੁਖਾਵੀਂ ਘਟਨਾ ਤਾਂ ਨਹੀਂ ਵਾਪਰੀ ਪਰ ਮੈਨੂੰ ਅਲੱਗ ਕਿਸਮ ਦੀ ਪ੍ਰੇਸ਼ਾਨੀ ਵਿਚੋਂ ਗੁਜ਼ਰਨਾ ਪਿਆ। ਹੋਇਆ ਇਸ ਤਰ੍ਹਾਂ ਕਿ ਅਮਰੀਕਾ ਦੇ ਕਸਟਮ ਅਧਿਕਾਰੀਆਂ ਨੇ ਟੋਰਾਂਟੋ ਪੀਅਰਸਨ ਏਅਰਪੋਰਟ 'ਤੇ ਹੀ ਮੇਰੀ ਇਮੀਗਰੇਸ਼ਨ ਸਬੰਧੀ ਕਾਰਵਾਈ ਪੂਰੀ ਕਰ ਦਿੱਤੀ। ਸ਼ਿਕਾਗੋ ਮੈਂ ਹੋਰ ਟਰਮੀਨਲ ਦੇ ਗੇਟ 'ਤੇ ਆ ਗਈ ਪਰ ਮਨਮੋਹਨ ਅਤੇ ਕੰਵਲ ਮੈਨੂੰ ਇਮੀਗਰੇਸ਼ਨ ਚੈਕ 'ਤੇ ਉਡੀਕਣ ਲੱਗ ਪਏ। ਮੈਂ ਉਨ੍ਹਾਂ ਨੂੰ ਚਾਰ ਚੁਫੇਰੇ ਬਹੁਤ ਦੇਖਿਆ ਅਤੇ ਕਾਫੀ ਉਡੀਕ ਤੋਂ ਬਾਅਦ ਵੀ ਜਦੋਂ ਨਾ ਮਿਲੇ ਤਾਂ ਸੋਚਿਆ ਕਿ ਘਰ ਦਾ ਪਤਾ ਤਾਂ ਹੈ ਹੀ, ਟੈਕਸੀ ਕਰਕੇ ਮਿਲਵਾਕੀ ਉਨ੍ਹਾਂ ਦੇ ਘਰ ਚਲੀ ਜਾਂਦੀ ਹਾਂ। ਕੁਲੀ ਤੋਂ ਰੇਹੜੀ 'ਤੇ ਸਾਮਾਨ ਚੁਕਵਾ ਕੇ ਬਾਹਰ ਆ ਗਈ। ਬਹੁਤ ਟੈਕਸੀਆਂ ਨੂੰ ਹੱਥ ਦਿੱਤਾ, ਇਸ਼ਾਰੇ ਕੀਤੇ ਪਰ ਕੋਈ ਨਹੀਂ ਰੁਕੀ। ਸ਼ਿਕਾਗੋ ਵੀ ਬਰਫ ਪੈ ਚੁੱਕੀ ਸੀ ਅਤੇ ਭਾਰੇ ਕੋਟ ਦੇ ਬਾਵਜੂਦ ਠੰਢੀ ਹਵਾ ਹੱਡੀਆਂ ਚੀਰਦੀ ਲੰਘ ਰਹੀ ਸੀ। ਮਨ ਬੜਾ ਡਰ ਗਿਆ ਕਿ ਹੁਣ ਕੀ ਕਰਾਂ? ਸਾਮਾਨ ਵੀ ਆਪ ਚੁੱਕ ਕੇ ਅੰਦਰ ਨਹੀਂ ਲਿਜਾ ਸਕਦੀ। ਜੇ ਛੱਡ ਕੇ ਅੰਦਰ ਕੁਲੀ ਨੂੰ ਬੁਲਾਉਣ ਗਈ ਤਾਂ ਜਸਵੀਰ ਦੀ ਗੱਲ ਹੀ ਨਾ ਸੱਚੀ ਹੋ ਜਾਵੇ, ਕਰਾਂ ਤੇ ਕੀ ਕਰਾਂ? ਏਨੀ ਦੇਰ ਨੂੰ ਇੱਕ ਗੋਰਾ ਮੁੰਡਾ ਕੰਨਾਂ 'ਤੇ ਹੈਡ ਫੋਨ ਲਾਈ ਵਾਕਮੈਨ ਸੈਟ 'ਤੇ ਗਾਣੇ ਸੁਣਦਾ ਆਵੇ। ਉਸ ਨੂੰ ਕਿਹਾ ਕਿ ਮਿਹਰਬਾਨੀ ਕਰਕੇ ਅੰਦਰੋਂ ਕੁਲੀ ਬੁਲਾ ਦੇਹ, ਮੈਂ ਅੰਦਰ ਜਾਣਾ ਹੈ। ਕੁਲੀ ਆ ਗਿਆ ਅਤੇ ਮੇਰਾ ਸਾਮਾਨ ਅੰਦਰ ਲੈ ਗਿਆ। ਨਾਲ ਹੀ ਮੈਂ ਉਸਨੂੰ ਆਪਣੀ ਸਮੱਸਿਆ ਦੱਸੀ। ਉਸਨੇ ਅੰਗਰੇਜ਼ੀ ਵਿਚ ਕਿਹਾ, "ਮੈਂ ਸਾਮਾਨ ਉਸ ਕੋਲ ਸੰਭਾਲ ਜਾਵਾਂ ਅਤੇ ਫੋਨ ਕਰਕੇ ਪਤਾ ਕਰਾਂ।" ਮੈਂ ਸਮਾਨ ਉਸ ਕੋਲ ਛੱਡਣ ਦਾ ਆਪਣਾ ਝਾਕਾ ਦੱਸਿਆ ਤਾਂ ਉਸਨੇ ਆਪਣੀ ਕਮੀਜ਼ ਤੇ ਆਪਣੇ ਨਾਮ ਅਤੇ ਆਈ.ਡੀ. ਦਾ ਬਿੱਲਾ ਦਿਖਾ ਕੇ ਮੈਨੂੰ ਕਿਹਾ ਕਿ ਬੇਫਿਕਰ ਹੋ ਕੇ ਫੋਨ ਕਰਨ ਜਾ ਸਕਦੀ ਹਾਂ। ਮੇਰੇ ਕੋਲ ਅਮਰੀਕਨ ਡਾਲਰ ਸਿੱਕੇ ਦੇ ਰੂਪ ਵਿਚ ਨਹੀਂ ਸੀ ਜਿਸ ਨੂੰ ਪਾਏ ਬਿਨਾਂ ਫੋਨ ਡਾਇਲ ਨਹੀਂ ਸੀ ਹੋ ਸਕਦਾ। ਕਾਊਂਟਰ 'ਤੇ ਪੁੱਛਿਆ ਤਾਂ ਉਥੇ ਬੈਠੀ ਬੀਬੀ ਨੇ ਦਸਿਆ ਕਿ ਭਾਨ ਲੈਣ ਲਈ ਮੈਨੂੰ ਫਿਰ ਉਪਰਲੀ ਮੰਜ਼ਿਲ 'ਤੇ ਜਾਣਾ ਪਵੇਗਾ ਜਿਥੋਂ ਮੈਂ ਆਈ ਸੀ। ਜਿਉਂ ਹੀ ਮੈਂ ਐਕਸੇਲੇਟਰ ਵਲ ਨੂੰ ਤੁਰੀ ਤਾਂ ਪਿਛੋਂ ਕਿਸੇ ਨੇ ਮਰਦਾਵੀਂ ਆਵਾਜ਼ ਵਿਚ ਬਹੁਤ ਉਚੀ ਸਾਰੀ ਕਿਹਾ, "ਅਰੇ ਆਪ ਕਿਧਰ ਜਾ ਰਹੀ ਹੈਂ?" ਮੈਂ ਇੱਕਦਮ ਹਿੰਦੀ ਵਿਚ ਆਵਾਜ਼ ਸੁਣ ਕੇ ਪਿੱਛੇ ਮੁੜ ਕੇ ਦੇਖਿਆ ਤਾਂ ਇੱਕ ਹਮਵਤਨ ਭਰਾ ਜਿਸਨੇ ਲਾਲ ਰੰਗ ਦਾ ਕੋਟ ਪਾਇਆ ਸੀ ਜੋ ਸ਼ਾਇਦ ਉਸਦੀ ਵਰਦੀ ਸੀ, ਮੇਰੇ ਵੱਲ ਆ ਰਿਹਾ ਸੀ। ਉਹ ਵੀਰ ਕੋਲ ਆ ਕੇ ਬੋਲਿਆ, "ਮੈਂ ਤੁਹਾਨੂੰ ਦੇਖਿਆ ਅਤੇ ਸੋਚਿਆ ਕਿ ਇਥੇ ਸ਼ਿਕਾਗੋ ਏਅਰਪੋਰਟ 'ਤੇ ਕੌਣ ਇੰਡੀਅਨ ਹੈ?" ਮੈਂ ਉਸਨੂੰ ਆਪਣੀ ਸਾਰੀ ਕਹਾਣੀ ਸੁਣਾਈ ਤਾਂ ਉਹ ਆਪ ਜਾ ਕੇ ਡਾਲਰ ਦਾ ਸਿੱਕਾ ਲਿਆਇਆ ਅਤੇ ਮੇਰੇ ਕੋਲੋਂ ਫੋਨ ਨੰਬਰ ਪੁੱਛ ਕੇ ਮਿਲਾ ਕੇ ਦਿੱਤਾ। ਘਰੋਂ ਕੰਵਲ ਦੇ ਬੀਜੀ ਬੋਲੇ, "ਕੰਵਲ ਤੇ ਮੋਹਣ ਤੁਹਾਨੂੰ ਲੈਣ ਏਅਰਪੋਰਟ ਤੇ ਗਏ ਹਨ।" ਉਹ ਵੀਰ ਮੇਰੇ ਕੋਲ ਹੀ ਸੀ ਅਤੇ ਅਸੀਂ ਫੋਨ ਕਰਕੇ ਹੀ ਹਟੇ ਸੀ ਕਿ ਮੋਹਣ ਦੀ ਅਵਾਜ਼ ਵਿਚ ਅਨਾਊਂਸਮੈਂਟ ਸੁਣੀ, "ਅਸੀਂ ਡਾ. ਗੁਰਨਾਮ ਕੌਰ ਨੂੰ ਲੱਭ ਰਹੇ ਹਾਂ। ਜੇ ਉਹ ਏਅਰਪੋਰਟ 'ਤੇ ਹਨ ਤਾਂ ਆਪਣਾ ਦੱਸਣ ਕਿ ਉਹ ਕਿਥੇ ਹਨ?" ਉਸ ਵੀਰ ਨੇ ਮੈਨੂੰ ਫਟਾਫਟ ਗੇਟ ਨੰਬਰ ਦੱਸਿਆ ਅਤੇ ਮੇਰੇ ਕੋਲੋਂ ਅਨਾਊਂਸ ਕਰਵਾ ਦਿੱਤਾ, "ਮੈਂ ਗੇਟ ਨੰਬਰ ਦੋ 'ਤੇ ਉਡੀਕ ਕਰ ਰਹੀ ਹਾਂ, ਮੈਨੂੰ ਇਥੇ ਮਿਲੋ।" ਦੋ ਮਿੰਟ ਵਿਚ ਹੀ ਜਿਸ ਪਾਸੇ ਤੋਂ ਮੈਂ ਉਪਰੋਂ ਆਈ ਸੀ, ਮਨਮੋਹਨ ਤੇ ਕੰਵਲ ਮੈਨੂੰ ਆਉਂਦੇ ਦਿਸੇ ਤੇ ਮੇਰਾ ਸਾਹ ਵਿਚ ਸਾਹ ਆਇਆ। ਮੈਂ ਉਸ ਭਰਾ ਦਾ ਸ਼ੁਕਰੀਆ ਕੀਤਾ ਜਿਸ ਨੇ ਮੇਰੀ ਮਦਦ ਕੀਤੀ ਸੀ ਅਤੇ ਉਸ ਤੋਂ ਵਿਦਾ ਲਈ ਅਤੇ ਉਸ ਅਫਰੀਕਨ-ਅਮਰੀਕਨ ਕੁਲੀ ਦਾ ਵੀ ਧੰਨਵਾਦ ਕੀਤਾ।



ਡਾ. ਗੁਰਨਾਮ ਕੌਰ

ਗੱਲਾਂ-ਬਾਤਾਂ ਕਰਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਮਿਲਵਾਕੀ ਮਨਮੋਹਨ ਦੇ ਘਰ ਪਹੁੰਚ ਗਏ। ਕੰਵਲ ਕੁਝ ਵਰ੍ਹੇ ਪਹਿਲਾਂ ਅਮਰੀਕਾ ਆਇਆ ਸੀ ਅਤੇ ਉਸਦੇ ਸਦਕਾ ਉਸਦੇ ਦੋ ਛੋਟੇ ਭਰਾ-ਬੀਜੀ, ਵੱਡੀ ਭੈਣ ਬਿੰਦਰ ਆਪਣੇ ਦੋ ਬੱਚਿਆਂ ਸਮੇਤ ਅਮਰੀਕਾ ਆ ਗਏ ਸੀ ਅਤੇ ਇਹ ਰੌਣਕੀ ਪਰਿਵਾਰ ਇਕੱਠਾ ਰਹਿ ਰਿਹਾ ਸੀ। ਮਨਮੋਹਨ ਹਿੰਦੀ ਸਾਹਿਤ ਵਿਚ ਪੀ.ਐਚ.ਡੀ ਦੀ ਡਿਗਰੀ ਲੈ ਕੇ ਵੀ ਬੇਹੱਦ ਹਲੀਮ ਹੈ ਅਤੇ ਉਸ ਵਿਚ ਐਡਜਸਟ ਕਰਨ ਦੀ ਸਮਰੱਥਾ ਅਸੀਮ ਹੈ। ਘਰ ਪਹੁੰਚਦਿਆਂ ਹੀ ਬੀਜੀ ਨੇ ਦੱਸਿਆ, "ਸ. ਦਲਜੀਤ ਸਿੰਘ ਦਾ ਫੋਨ ਆਇਆ ਹੈ।" ਮੈਂ ਹਾਲੇ ਚਾਹ ਪੀ ਹੀ ਰਹੀ ਸੀ ਕਿ ਫੋਨ ਦੀ ਘੰਟੀ ਖੜਕੀ। ਮੈਂ ਅੰਦਾਜ਼ਾ ਲਗਾ ਲਿਆ ਕਿ ਸ. ਦਲਜੀਤ ਸਿੰਘ ਦਾ ਫੋਨ ਹੋਵੇਗਾ। ਹੈਲੋ! ਕਹਿਣ 'ਤੇ ਅਗੋਂ ਡਾ. ਖੜਕ ਸਿੰਘ ਮਾਨ ਬੋਲੇ, "ਬੇਟਾ ਤੁਸੀਂ ਠੀਕ ਠਾਕ ਪਹੁੰਚ ਗਏ ਹੋ? ਰਸਤੇ ਵਿਚ ਕੋਈ ਤਕਲੀਫ ਤਾਂ ਨਹੀਂ ਹੋਈ?" ਫਿਰ ਸ. ਦਲਜੀਤ ਸਿੰਘ ਨੇ ਹਾਲ ਚਾਲ ਪੁੱਛਿਆ ਅਤੇ ਸ਼ਿਕਾਗੋ ਦੇ ਉਸ ਗੁਰੂ ਘਰ ਦਾ ਪਤਾ ਲਿਖਾਇਆ ਜਿਥੇ ਸੈਮੀਨਾਰ ਹੋਣਾ ਸੀ।

ਖੈਰ! ਦੂਸਰੇ ਦਿਨ ਸਨਿਚਰਵਾਰ ਸ਼ਾਮ ਨੂੰ ਮਿਲਵਾਕੀ ਤੋਂ ਫਿਰ ਸ਼ਿਕਾਗੋ ਲਈ ਰਵਾਨਾ ਹੋ ਗਏ। ਸੈਮੀਨਾਰ ਸ਼ਾਮ ਨੂੰ ਅੱਠ ਵਜੇ ਰੱਖਿਆ ਗਿਆ ਸੀ। ਇੱਕ ਗਰੁਪ ਬਰਕਲੇ ਗਿਆ ਸੀ ਜਿਨ੍ਹਾਂ ਵਿਚ ਡਾ. ਮਦਨਜੀਤ ਕੌਰ ਵੀ ਸਾਮਲ ਸੀ। ਅਮਰੀਕਾ ਦੇ ਕੁੱਝ ਵਿਦਵਾਨਾਂ ਸਮੇਤ ਸ. ਦਲਜੀਤ ਸਿੰਘ, ਡਾ. ਖੜਕ ਸਿੰਘ ਮਾਨ ਅਤੇ ਮੈਂ ਇਸ ਸ਼ਿਕਾਗੋ ਵਾਲੇ ਸੈਮੀਨਾਰ ਵਿਚ ਸ਼ਾਮਲ ਸਾਂ। ਸ਼ਾਇਦ ਗੁਰਦੁਆਰੇ ਵਿਚ ਸੈਮੀਨਾਰ ਹੋਣ ਕਰਕੇ ਸੈਮੀਨਾਰ

## ਰੰਗ-ਬੇਰੰਗ

ਵਾਲਾ ਮਾਹੌਲ ਨਹੀਂ ਸੀ ਬਣ ਸਕਿਆ, ਕਿਸੇ ਨੇ ਕੋਈ ਪ੍ਰਸ਼ਨ ਵੀ ਨਹੀਂ ਸੀ ਪੁੱਛਿਆ। ਸੈਮੀਨਾਰ ਤੋਂ ਬਾਅਦ ਲੰਗਰ ਛਕ ਕੇ ਅਸੀਂ ਬਾਰਾਂ-ਇੱਕ ਵਜੇ ਆ ਕੇ ਘਰ ਵੜੇ।

ਮੋਹਣ ਹੋਰਾਂ ਨੇ ਆਪਣਾ ਬਿਜ਼ਨਸ ਸ਼ੁਰੂ ਕਰ ਲਿਆ ਹੋਇਆ ਸੀ। ਦੂਸਰੇ ਦਿਨ ਮੈਂ ਮੋਹਣ ਦੇ ਉਸ ਸਟੋਰ 'ਤੇ ਉਸ ਨਾਲ ਗਈ ਜਿਸ 'ਤੇ ਉਹ, ਉਸ ਦੀ ਨਣਦ ਅਤੇ ਇੱਕ ਦਿਉਰ ਕੰਮ ਕਰਦੇ ਸਨ। ਇਥੇ ਮੈਂ ਪੰਜ ਕੁ ਦਿਨ ਰਹਿਣਾ ਸੀ। ਦੂਸਰੇ ਦਿਨ ਮੋਹਣ ਤੇ ਕੰਵਲ ਨਾਲ ਮਿਲਵਾਕੀ ਦੇ ਵੱਡੇ ਵੱਡੇ ਸਟੋਰਾਂ ਦਾ ਚੱਕਰ ਲਾਇਆ, ਮੋਹਣ ਅਤੇ ਕੰਵਲ ਨੇ ਮੇਰੇ ਬੇਟੇ ਅਤੇ ਮੇਰੇ ਲਈ ਢੇਰ ਸਾਰੀ ਸ਼ਾਪਿੰਗ ਕਰਾਈ। ਪਤਾ ਹੀ ਨਹੀਂ ਲੱਗਿਆ ਚਾਰ-ਪੰਜ ਦਿਨ ਕਦੋਂ ਨਿਕਲ ਗਏ। ਕੰਵਲ ਦੇ ਬੀਜੀ ਨੇ ਬਹੁਤ ਹੀ ਜ਼ੋਰ ਪਾ ਕੇ ਕਿਹਾ ਕਿ ਨਿਊ ਯਾਰਕ ਵਾਲੇ ਸੈਮੀਨਾਰ ਤੋਂ ਬਾਅਦ ਮੈਂ ਜ਼ਰੂਰ ਉਨ੍ਹਾਂ ਕੋਲ ਆਵਾਂ ਅਤੇ ਕੁਝ ਦੇਰ ਰਹਿ ਕੇ ਜਾਵਾਂ ਪਰ ਮੈਨੂੰ ਪਤਾ ਸੀ ਕਿ ਦੁਬਾਰਾ ਆ ਨਹੀਂ ਸਕਣਾ। ਸ਼ਿਕਾਗੋ-ਮਿਲਵਾਕੀ ਵੀ ਟੋਰਾਂਟੋ ਦੀ ਤਰ੍ਹਾਂ ਹੀ ਬਰਫ ਦੀ ਚਿੱਟੀ ਚਾਦਰ ਨਾਲ ਢਕਿਆ ਗਿਆ ਸੀ। ਪੰਜ ਦਸੰਬਰ ਨੂੰ ਮੋਹਣ ਅਤੇ ਕੰਵਲ ਮੈਨੂੰ ਮਿਲਵਾਕੀ ਹਵਾਈ ਅੱਡੇ ਤੇ ਨਿਊ ਯਾਰਕ ਜਾਣ ਵਾਲੀ ਏਅਰ-ਅਮਰੀਕਾ ਦੀ ਫਲਾਈਟ ਤੇ ਬਿਠਾ ਆਏ।

ਨਿਊ ਯਾਰਕ ਮੇਰੀ ਸਹੇਲੀ ਸੁਸ਼ਮਾ ਲੂੰਬਾ ਰਹਿੰਦੀ ਹੈ। ਸੰਨ 1981-82 ਤੋਂ ਬਾਅਦ ਹੁਣ ਦਸੰਬਰ 1990 ਵਿਚ ਮੈਂ ਉਸ ਨੂੰ ਲੰਬੇ ਅਰਸੇ ਬਾਅਦ ਮਿਲਣਾ ਸੀ। ਮਨ ਵਿਚ ਬਹੁਤ ਚਾਅ ਸੀ। ਇਨ੍ਹਾਂ ਦਿਨਾ ਵਿਚ ਸੁਸ਼ਮਾ ਕੋਲ ਸੋਨੀਪਤ ਤੋਂ ਉਸਦੇ ਬਾਊ ਜੀ ਲਖਮਣਾ ਸਾਹਿਬ ਆਏ ਹੋਏ ਸਨ ਜੋ ਇੰਜੀਨੀਅਰ ਰਿਟਾਇਰ ਹੋਏ ਸਨ। ਦੋਵੇਂ ਬਾਪ-ਬੇਟੀ ਮੈਨੂੰ ਲੈਣ ਲਈ ਏਅਰਪੋਰਟ ਪਹੁੰਚੇ ਹੋਏ ਸਨ। ਸਵੇਰ ਦਾ ਸਮਾਂ ਹੋਣ ਕਰਕੇ ਸੁਸ਼ਮਾ ਦੇ ਪਤੀ ਰਾਜ ਲੂੰਬਾ ਆਪਣੇ ਕੰਮ 'ਤੇ ਗਏ ਹੋਏ ਸਨ। ਉਹ ਏਅਰ ਇੰਡੀਆ ਕੰਪਨੀ ਵਿਚ ਕੰਮ ਕਰਦੇ ਹਨ। ਉਦੋਂ ਮੈਨੇਜਰ ਦੇ ਅਹੁਦੇ 'ਤੇ ਸਨ ਅਤੇ ਅੱਜ ਕਲ੍ਹ ਸ਼ਾਇਦ ਜੀ.ਐਮ ਹਨ। ਬਾਊ ਜੀ ਨੂੰ ਸੰਨ 1975 ਦੇ ਲੰਬੇ ਅਰਸੇ ਬਾਅਦ ਮਿਲ ਕੇ ਬਹੁਤ ਖੁਸ਼ੀ ਹੋਈ। ਇਥੋਂ ਦਾ ਨੰਬਰ ਵੀ ਸ. ਦਲਜੀਤ ਸਿੰਘ ਨੇ ਪਹਿਲਾਂ ਹੀ ਲੈ ਰੱਖਿਆ ਸੀ। ਇਸ ਲਈ ਪਹੁੰਚਦੇ ਸਾਰ ਹੀ ਉਨ੍ਹਾਂ ਦਾ ਫੋਨ ਆ ਗਿਆ ਅਤੇ ਉਨ੍ਹਾਂ ਨੇ ਮੈਨੂੰ ਦੱਸਿਆ, "ਤੁਹਾਨੂੰ ਸੈਮੀਨਾਰ 'ਤੇ ਲੈ ਜਾਣ ਲਈ ਡਾ. ਗੁਰਪਾਲ ਸਿੰਘ ਗੁਰਮ ਆਉਣਗੇ, ਜਿਨ੍ਹਾਂ ਨੂੰ ਤੁਹਾਡਾ ਪਤਾ ਮੈਂ ਲਿਖਾ ਦਿੱਤਾ ਹੈ।" ਇਸ ਸੈਮੀਨਾਰ ਦੇ ਮੁੱਖ ਪ੍ਰਬੰਧਕ ਡਾ. ਧਾਮੀ ਸਨ ਅਤੇ ਉਨ੍ਹਾਂ ਦੇ ਬਾਕੀ ਸਹਿਯੋਗੀ ਵੀ ਮੈਡੀਕਲ ਕਿੱਤੇ ਨਾਲ ਸਬੰਧਿਤ ਡਾਕਟਰ ਹੀ ਸਨ। ਇਥੇ ਹੀ ਮੇਰੀ ਮੁਲਾਕਾਤ ਡਾ. ਸਤਵੰਤ ਕੌਰ ਨਾਲ ਹੋਈ ਜੋ ਕਿੱਤੇ ਵਜੋਂ ਗਾਇਨਾਕਾਲੋਜਿਸਟ ਸੀ ਪਰ ਉਹ ਨਾਲ ਨਾਲ ਰੇਡੀਓ 'ਤੇ ਵੀ ਪ੍ਰੋਗਰਾਮ ਦਿੰਦੀ ਸੀ। ਉਸ ਨੇ ਮੈਨੂੰ ਗੁਜ਼ਾਰਿਸ਼ ਕੀਤੀ ਕਿ ਮਹੀਨਾ ਕੁ ਉਨ੍ਹਾਂ ਕੋਲ ਰਹਾਂ ਅਤੇ ਜਪੁਜੀ ਸਾਹਿਬ ਤੇ ਕੁਝ ਆਡੀਓ ਟੇਪਾਂ ਤਿਆਰ ਕਰਕੇ ਦੇਵਾਂ ਜਿਸਨੂੰ ਉਹ ਰੇਡੀਓ ਦੇ ਪ੍ਰੋਗਰਾਮਾਂ ਵਿਚ ਵਰਤਣਗੇ ਅਤੇ ਪ੍ਰਤੀ ਟੇਪ ਉਹ ਮੈਨੂੰ ਸੌ ਡਾਲਰ ਅਦਾਇਗੀ ਕਰਨਗੇ। ਮੈਨੂੰ ਵਾਪਸ ਘਰ ਜਾਣ ਦੀ ਕਾਹਲੀ ਸੀ ਕਿਉਂਕਿ ਮੈਨੂੰ ਆਪਣੇ ਬੇਟੇ ਦੀ ਸੰਭਾਲ ਅਤੇ ਸਕੂਲ ਦਾ ਫਿਕਰ ਸੀ। ਡਾ. ਗੁਰਪਾਲ ਸਿੰਘ ਗੁਰਮ ਆਪ ਮੈਥੇਮੈਟਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀ ਪਤਨੀ ਮੈਡੀਕਲ ਕਿੱਤੇ ਨਾਲ ਜੁੜੀ ਹੋਈ ਹੈ। ਡਾ. ਗੁਰਮ ਅਤੇ ਉਨ੍ਹਾਂ ਦੀ ਪਤਨੀ ਮੈਨੂੰ ਸੈਮੀਨਾਰ ਵਾਸਤੇ ਲੈਣ ਆਏ। ਰਸਤੇ ਵਿਚ ਉਨ੍ਹਾਂ ਨੇ ਮੈਨੂੰ ਮੇਰੇ ਇਲਾਕੇ ਬਾਰੇ ਪੁੱਛਿਆ, ਜਦੋਂ ਮੈਂ ਆਪਣੇ ਪਿੰਡ ਬਾਰੇ ਦਸਿਆ, "ਘੁੰਗਰਾਲੀ" ਤਾਂ ਗੁਰਪਾਲ ਸਿੰਘ ਬਹੁਤ ਖੁਸ਼ ਹੋਇਆ ਕਿਉਂਕਿ ਉਸਦਾ ਪਿੰਡ ਸੁਲਤਾਨਪੁਰ ਵੀ ਘੁੰਗਰਾਲੀ ਤੋਂ ਥੋੜੀ ਦੂਰੀ 'ਤੇ ਹੀ ਹੈ, ਜਿੱਥੇ ਮੇਰੇ ਤਾਏ ਦੀ ਵੱਡੀ ਲੜਕੀ ਅਤੇ ਇੱਕ ਪੋਤੀ ਵਿਆਹੀਆਂ ਹੋਈਆਂ ਹਨ। ਕਿਸੇ ਨਾ ਕਿਸੇ ਬਹਾਨੇ ਆਪਣੇ ਪਿੰਡ ਦਾ ਜ਼ਿਕਰ ਕਰਨਾ ਹਰ ਇੱਕ ਨੂੰ ਚੰਗਾ ਲਗਦਾ ਹੈ। ਗੁਰਪਾਲ ਸਿੰਘ ਉਦੋਂ ਤੋਂ ਹੁਣ ਤੱਕ ਹਮੇਸ਼ਾ ਮੈਨੂੰ ਨਵੇਂ ਸਾਲ ਦੀ ਵਧਾਈ ਦਾ ਕਾਰਡ ਭੇਜਦਾ ਹੈ।

ਨਿਊ ਯਾਰਕ ਦਾ ਦੋ-ਰੋਜ਼ਾ ਸੈਮੀਨਾਰ ਵੀ ਟੋਰਾਂਟੋ ਦੀ ਤਰ੍ਹਾਂ ਬਹੁਤ ਅੱਛੀ ਤਰ੍ਹਾਂ ਵਿਉਂਤਿਆ ਹੋਇਆ ਸੀ। ਪਰਚਿਆਂ 'ਤੇ ਕਾਫੀ ਪ੍ਰਸ਼ਨ-ਉਤਰ ਵੀ ਹੋਏ। ਉਹ ਸਮਾਂ ਸੀ ਜਦੋਂ ਪੰਜਾਬ ਔਖੇ ਸਮਿਆਂ ਦੇ ਆਖਰੀ ਦੌਰ ਵਿਚੋਂ ਗੁਜ਼ਰ ਰਿਹਾ ਸੀ। ਬਹੁਤ ਸਾਰੇ ਗਲਤ ਤੱਤ ਵੀ ਦਾਅ ਲਾ ਕੇ ਵੀਜ਼ਾ ਲੈ ਕੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿਚ ਆ ਵਸੇ ਸਨ ਅਤੇ ਇਥੇ ਆ ਕੇ ਵੀ ਆਮ ਲੋਕਾਂ ਦੀ ਭਾਵੁਕਤਾ ਦਾ ਨਾਜ਼ਾਇਜ ਫਾਇਦਾ ਉਠਾ ਕੇ ਆਪਣੀਆਂ ਰੋਟੀਆਂ ਸੇਕ ਰਹੇ ਸਨ। ਸਾਡੀ ਯੂਨੀਵਰਸਿਟੀ ਤੋਂ ਵੀ ਇੱਕ ਬੰਦਾ ਸਾਈਕਲਿੰਗ ਦੀ ਕੋਚਿੰਗ ਕਰਦਾ ਕਰਦਾ ਇਥੇ ਪਹੁੰਚ ਗਿਆ ਸੀ ਜਿਸ ਬਾਰੇ ਸੁਣਨ ਵਿਚ ਆਇਆ ਸੀ ਕਿ ਜਦੋਂ ਉਹ ਯੂਨੀਵਰਸਿਟੀ ਵਿਚ ਕੋਚ ਸੀ ਤਾਂ ਟਿੰਡ ਸ਼ਰਾਬ ਦੀ ਪੀ ਜਾਂਦਾ ਸੀ। ਇੱਥੇ ਵੀ ਆਪਣੀ ਪਤਨੀ 'ਤੇ ਹੱਥ ਚੁੱਕਦਾ ਸੀ। ਉਸ ਨੇ ਖੜ੍ਹਾ ਹੋ ਕੇ ਕੁਮੈਂਟ ਕੀਤਾ, "ਮੈਂ ਵੀ ਪੰਜਾਬੀ ਯੂਨੀਵਰਸਿਟੀ ਵਿਚੋਂ ਆਇਆ ਹਾਂ। ਮੈਨੂੰ ਪਤਾ ਹੈ ਕਿ ਉਥੇ ਰਿਸਰਚ ਕਿਸ ਦੇ ਹੁਕਮਾਂ ਅਨੁਸਾਰ ਹੁੰਦੀ ਹੈ। ਪਹਿਲਾਂ ਪ੍ਰਧਾਨ ਮੰਤਰੀ ਗਵਰਨਰ ਨੂੰ ਹੁਕਮ ਕਰਦਾ ਹੈ ਕਿ ਇਸ ਕਿਸਮ ਦੀ ਰਿਸਰਚ ਕਰਾਓ, ਗਵਰਨਰ ਵਾਈਸ ਚਾਂਸਲਰ ਨੂੰ ਕਹਿੰਦਾ ਹੈ, ਵਾਈਸ ਚਾਂਸਲਰ ਗਾਈਡ ਨੂੰ ਅਤੇ ਗਾਈਡ ਫਿਰ ਭਾਰਤ ਸਰਕਾਰ ਦੀ ਮਰਜ਼ੀ ਅਨੁਸਾਰ ਰਿਸਰਚ ਕਰਾਉਂਦਾ ਹੈ।"

ਮੈਨੂੰ ਉਸਦੀ ਇਸ ਵਾਹੀਆਤ ਗੱਲ 'ਤੇ ਬਹੁਤ ਗੁੱਸਾ ਆਇਆ। ਮੈਂ ਸ. ਦਲਜੀਤ ਸਿੰਘ ਨੂੰ ਬੇਨਤੀ ਕੀਤੀ ਕਿ ਮੈਂ ਇਸ ਦੀ ਗੱਲ ਦਾ ਉਤਰ ਦੇਣਾ ਹੈ ਪਰ ਮੈਨੂੰ ਉਨ੍ਹਾਂ ਨੇ ਰੋਕ ਦਿੱਤਾ ਕਿ ਅਜਿਹੇ ਲੋਕਾਂ ਦੇ ਮੂੰਹ ਨਹੀਂ ਲੱਗੀਦਾ। ਉਦੋਂ ਡਾ. ਧਾਮੀ ਅਤੇ ਮਿਸਿਜ਼ ਡਾ. ਧਾਮੀ ਦੋਨਾਂ ਨੇ ਕੇਸ ਨਹੀਂ ਸੀ ਰੱਖੇ ਹੋਏ (ਬਾਅਦ ਵਿਚ ਜਦੋਂ 1994 ਵਿਚ ਕਮਿਊਨਿਟੀ ਡਿਨਰ ਤੇ ਮੈਨੂੰ ਡਾ. ਧਾਮੀ ਮਿਲੇ ਤਾਂ ਉਨ੍ਹਾਂ ਨੇ ਦਸਤਾਰ ਸਜਾਈ ਹੋਈ ਸੀ)। ਉਨ੍ਹਾਂ ਨੂੰ ਵੀ ਉਸ ਤਰ੍ਹਾਂ ਦਾ ਹੀ ਕੋਈ ਪੁੱਠਾ ਸਿੱਧਾ ਬੋਲਿਆ ਤਾਂ ਮਿਸਿਜ਼ ਧਾਮੀ ਨੇ ਸਟੇਜ ਤੋਂ ਉਸ ਬੰਦੇ ਦੀ ਚੰਗੀ ਲਾਹ-ਪਾਹ ਕੀਤੀ ਅਤੇ ਪੁੱਛਿਆ, "ਜਦੋਂ ਅਸੀਂ ਵਾਲ ਕੱਟਿਆਂ ਵਾਲਿਆਂ ਨੇ ਦਰਬਾਰ ਸਾਹਿਬ 'ਤੇ ਹਮਲੇ ਦੇ ਖਿਲਾਫ ਮੁਜ਼ਾਹਰਾ ਕੀਤਾ ਤਾਂ ਤੁਸੀਂ ਲੋਕ ਕਿੱਥੇ ਸੀ? ਜਦੋਂ ਦਿੱਲੀ ਵਿਚ ਹੋਏ ਕਤਲੇਆਮ ਦੇ ਖਿਲਾਫ ਜਲੂਸ ਕੱਢਿਆ ਅਤੇ ਫੰਡ ਇੱਕਠੇ ਕਰਕੇ ਪੀੜਤ ਲੋਕਾਂ ਦੀ ਸਹਾਇਤਾ ਲਈ ਭੇਜੇ ਉਦੋਂ ਤੁਸੀਂ ਕਿਥੇ ਸੀ?"

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਸਭ ਤੋਂ ਚੰਗੇ ਵਿਚਾਰ ਆਪਣਾ ਕੰਮ ਤਦ ਤੱਕ ਸ਼ੁਰੂ ਨਹੀਂ ਕਰਦੇ ਜਦ ਤੱਕ ਤੁਸੀਂ ਚੰਗੇ ਵਿਚਾਰਾਂ ਦਾ ਪ੍ਰਯੋਗ ਨਹੀਂ ਕਰਦੇ।

(2) ਸਫਲਤਾ ਉਨ੍ਹਾਂ ਨੂੰ ਮਿਲਦੀ ਹੈ ਜਿਹੜੇ ਕੁੱਝ ਕਰਦੇ ਹਨ, ਨਾ ਕਿ ਉਨ੍ਹਾਂ ਨੂੰ ਜਿਹੜੇ ਦਰਸ਼ਕਾਂ ਵਾਂਗ ਵੇਖਦੇ ਰਹਿੰਦੇ ਹਨ।

(3) ਜਿਹੜਾ ਘੋੜਾ ਭਾਰ ਖਿੱਚਦਾ ਹੈ ਉਹ ਦੁਲੱਤੀ ਨਹੀਂ ਮਾਰ ਸਕਦਾ, ਜਿਹੜਾ ਦੁਲੱਤੀ ਮਾਰਦਾ ਹੈ ਉਹ ਭਾਰ ਨਹੀਂ ਖਿੱਚ ਸਕਦਾ। ਆਓ ਸਿੱਖ ਕੌਮ ਤੇ ਆਏ ਦੁੱਖਾਂ ਦਾ ਭਾਰ ਖਿੱਚਣਾ ਸਿੱਖੀਏ-ਦੁਲੱਤੀ ਮਾਰਨਾ ਛੱਡੀਏ।

(4) ਕੁਦਰਤ ਪੰਛੀਆਂ ਨੂੰ ਭੋਜਨ ਦਿੰਦੀ ਹੈ ਪਰ ਭੋਜਨ ਨੂੰ ਉਨ੍ਹਾਂ ਦੇ ਆਲ੍ਹਣਿਆਂ ਵਿਚ ਆਪ ਨਹੀਂ ਰੱਖਦੀ।

(5) ਚੋਣਾਂ ਅਤੇ ਜਨਤਾ ਦੀਆਂ ਰਾਵਾਂ ਨਹੀਂ ਸਗੋਂ ਨੇਤਾ ਦਾ ਚਰਿੱਤਰ ਹੀ ਇਤਿਹਾਸ ਦੀ ਦਿਸ਼ਾ ਨਿਰਧਾਰਤ ਕਰਦਾ ਹੈ।

(6) ਜ਼ਿਆਦਾਤਰ ਲੋਕ ਸਫਲਤਾ ਨਾਲ ਤਾਂ ਪ੍ਰੇਮ ਕਰਦੇ ਹਨ ਜਦ ਕਿ ਸਫਲ ਵਿਅਕਤੀ ਨੂੰ ਘਿਰਣਾ ਕਰਦੇ ਹਨ।

(7) ਬਹੁਤੇ ਲੋਕ ਇਹ ਤਾਂ ਜਾਣਦੇ ਹਨ ਕਿ ਸਫਲਤਾ ਕਿਵੇਂ ਪ੍ਰਾਪਤ ਕਰਨੀ ਹੈ ਪਰ ਉਹਨੂੰ ਪ੍ਰਾਪਤ ਕਰਨ ਤੋਂ ਬਾਅਦ ਉਹ ਇਹ ਨਹੀਂ ਜਾਣਦੇ ਕਿ ਸਫਲਤਾ ਨੂੰ ਸੰਭਾਲਣਾ ਕਿਵੇਂ ਹੈ।

(8) ਜਿਵੇਂ ਸਟੀਲ ਦੀ ਵਿਸ਼ੇਸ਼ਤਾ ਕਾਰਬਨ ਹੀ ਨਿਰਧਾਰਿਤ ਕਰਦਾ ਹੈ, ਉਵੇਂ ਹੀ ਇੱਕ ਆਦਮੀ ਵਿਚਲੀ ਖੂਬੀ ਉਸਦਾ ਚਰਿੱਤਰ ਨਿਰਧਾਰਿਤ ਕਰਦਾ ਹੈ।

(9) ਜਿੰਨਾ ਜ਼ਿਆਦਾ ਤੁਸੀਂ ਪ੍ਰਾਪਤ ਕਰਦੇ ਹੋ ਉਸ ਤੋਂ ਜ਼ਿਆਦਾ ਦਿਉ ਵੀ।

(10) ਵਿਜੇਤਾ ਕੌਲ-ਕਠਿਨਾਈਆਂ ਉਪਰ ਕਾਬੂ ਪਾਉਣ ਤੇ ਮੁੜ ਕੇ ਪਹਿਲਾਂ ਨਾਲੋਂ ਵੀ ਵੱਡੀ ਛਲਾਂਗ ਮਾਰਨ ਦੀ ਯੋਗਤਾ ਹੁੰਦੀ ਹੈ।

(11) ਖਿਡਾਰੀ ਕੁੱਝ ਸੈਕਿੰਡਾਂ ਜਾਂ ਮਿੰਟਾਂ ਦੇ ਪ੍ਰਦਰਸ਼ਨ ਲਈ ਕਈ ਕਈ ਸਾਲ ਅਭਿਆਸ ਕਰਦੇ ਹਨ।

(12) ਜਦੋਂ ਆਪਾਂ ਥੱਕਣ ਨਾਲੋਂ ਵੱਧ ਅੱਕ ਜਾਂਦੇ ਹਾਂ, ਮੈਦਾਨ ਛੱਡ ਦੇਣਾ ਹੀ ਚੰਗਾ ਲੱਗਦਾ ਹੈ ਪਰ ਵਿਜੇਤਾ ਹਮੇਸ਼ਾਂ ਅੱਗੇ ਵਧਦੇ ਰਹਿੰਦੇ ਹਨ।

(13) ਗਰਜ਼ ਜਾਂ ਉਦੇਸ਼ ਵਿਚੋਂ ਹੀ ਕੰਮ ਕਰਨ ਦੀ ਦ੍ਰਿੜਤਾ ਨਿਕਲਦੀ ਹੈ।

(14) ਅੱਜ ਫਖਰ ਨਾਲ ਕੰਮ ਕਰਨ ਦਾ ਸਤਰ ਥੱਲੇ ਡਿੱਗ ਚੁੱਕਾ ਹੈ ਕਿਉਂਕਿ ਇਸ ਵਾਸਤੇ ਕੋਸ਼ਿਸ਼ ਅਤੇ ਸਖਤ ਮਿਹਨਤ ਦੀ ਲੋੜ ਹੁੰਦੀ ਹੈ।

(15) ਜਦੋਂ ਕੋਈ ਨਿਰਾਸ਼ ਹੋ ਜਾਂਦਾ ਹੈ ਤਾਂ ਉਸਨੂੰ ਸੌਖੇ ਰਾਹ ਲੱਭਣੇ ਆਸਾਨ ਲਗਦੇ ਹਨ।

(16) ਕੱਲ ਵਾਸਤੇ ਸਭ ਤੋਂ ਚੰਗਾ ਬੀਮਾ ਹੈ ਕਿ ਅੱਜ ਦਾ ਕੰਮ ਚੰਗੇ ਤਰੀਕੇ ਨਾਲ ਕੀਤਾ ਜਾਵੇ।

(17) ਵਧੀਆ ਕੰਮ ਕਰਨ ਦੀ ਭਾਵਨਾ ਹੀ ਆਪਣੇ ਆਪ ਵਿਚ ਇੱਕ ਇਨਾਮ ਹੈ।

(18) ਸਿੱਖ ਕੌਮ ਜ਼ੁਲਮ ਵਿਚੋਂ ਪੈਦਾ ਹੋਈ ਅਤੇ ਜ਼ੁਲਮ ਨਾਲ ਟਕਰਾਉਣ ਦੇ ਕਾਬਲ ਹੋਈ।

(19) ਜਦੋਂ ਇਨਸਾਫ ਹਾਸਲ ਕਰਨ ਦੇ ਸਾਰੇ ਰਾਹ ਅਜ਼ਮਾਏ ਜਾ ਚੁੱਕੇ ਹੋਣ ਤਾਂ ਸ਼ਮਸ਼ੀਰ ਹੱਥ ਵਿਚ ਫੜਨੀ ਜਾਇਜ਼ ਹੈ।

(20) ਹਥਿਆਰ ਪਹਿਲਾ ਪੈਂਤੜਾ ਨਹੀਂ ਬਲਕਿ ਆਖਰੀ ਹੀਲਾ ਹੈ।

(21) ਇਨਸਾਫ ਅਤੇ ਜ਼ਰੂਰਤ ਮੁਤਾਬਿਕ ਕ੍ਰਿਪਾਨ ਦੀ ਜਾਇਜ਼ ਵਰਤੋਂ ਸਿੱਖ ਵਾਸਤੇ ਫਰਜ਼ ਹੈ।

(22) ਸਿੱਖ ਜ਼ਾਲਮ ਨੂੰ ਮੁਆਫ ਨਹੀਂ ਕਰਦਾ ਪਰ ਜ਼ਾਲਮ ਦਾ ਮੁਕਾਬਲਾ ਵੀ ਔਰੰਗਜ਼ੇਬੀ ਤਰੀਕੇ ਨਾਲ ਨਹੀਂ ਕਰਦਾ।

(23) ਜ਼ਾਲਮ ਨਿਹੱਥਾ ਵੀ ਜ਼ਾਲਮ ਹੀ ਹੁੰਦਾ ਹੈ।

(24) ਸਿੱਖ ਨੇ ਕ੍ਰਿਪਾਨ ਸਿਰਫ ਇਨਸਾਫ ਕਾਇਮ ਕਰਨ ਵਾਸਤੇ ਚੁੱਕਣੀ ਹੈ।

(25) ਸਿੱਖ ਨੂੰ ਗੁਰੂ ਸਾਹਿਬਾਨ ਨੇ ਪਗਤੀਧਾਰੀ ਸਾਧੂ ਨਹੀਂ ਬਣਾਇਆ, ਬਲਕਿ ਸੰਤ ਸਿਪਾਹੀ ਬਣਾਇਆ ਹੈ।

(26) ਸਿੱਖ ਕਦੇ ਵੀ ਬੰਦ ਕੋਠੜੀ ਦਾ ਹਿੱਸਾ ਨਹੀਂ ਬਣ ਸਕਦੇ, ਆਪਣੇ ਲਈ ਤਾਂ ਖੁੱਲੇ ਮੈਦਾਨ ਵਿਚ ਸੀਸ ਤਲੀ 'ਤੇ ਰੱਖ ਕੇ ਜੂਝਣਾ ਜ਼ਰੂਰੀ ਹੈ।

(27) ਆਪਣੇ ਘਰ ਵਿਚ ਜਾਂ ਕੰਮ ਤੇ, ਬਜ਼ਾਰ ਵਿਚ ਜਾਂ ਗੁੰਮਨਾਮੀ ਵਿਚ, ਸਿੱਖ ਕਿਤੇ ਵੀ ਹੋਵੇ ਆਪਣੇ ਫਰਜ਼ ਵਿਚ ਕੋਤਾਹੀ ਨਹੀਂ ਕਰ ਸਕਦਾ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

## ਰਸਨਾ ਜਪਤੀ ਤੂਹੀ ਤੂਹੀ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ ਸਾਰੰਗ ਮਹਲਾ 5
ਰਸਨਾ ਜਪਤੀ ਤੂਹੀ ਤੂਹੀ
ਮਾਤ ਗਰਭ ਤੁਮਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥ ਰਹਾਓ॥
ਤੁਮਹਿ ਪਿਤਾ ਤੁਮਹੀ ਫੁਨ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ॥
ਤੁਮ ਪਰਿਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨ ਦਾਤਾ॥
ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ॥
ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ॥

ਇਹ ਪਾਵਨ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਰਾਹੀਂ ਸਤਿਗੁਰੂ ਉਸ ਕਰਤਾਪੁਰਖ ਪ੍ਰਭੂ ਨੂੰ ਮੁਖਾਤਿਬ ਹੋ ਕੇ ਆਖ ਰਹੇ ਹਨ, ਹੇ ਪ੍ਰਭ ਜੀਉ, ਮੇਰੀ ਇਹ ਜੀਭਾ ਹਮੇਸ਼ਾਂ ਹੀ ਤੇਰਾ ਨਾਮ ਜਪਦੀ ਹੈ ਕਿਉਂਕਿ ਮਾਂ ਦੇ ਪੇਟ ਵਿਚ ਭੀ ਤੂੰ ਹੀ ਸਾਡੀ ਜੀਵਾਂ ਦੀ ਪਾਲਨਾ ਕਰਦਾ ਹੈ ਅਤੇ ਇਸ ਸੰਸਾਰ ਵਿਚ ਭੀ ਸਿਰਫ ਤੂੰ ਹੀ ਇਕ ਸਾਡਾ ਪਾਲਣਹਾਰ ਹੈ। ਤੇਰੇ ਵਰਗਾ ਹੋਰ ਕੋਈ ਨਹੀਂ, ਇਸ ਲਈ ਮੇਰੀ ਜੀਭਾ ਆਪ ਦੇ ਗੁਣਾਂ ਦਾ ਹੀ ਗਾਇਨ ਕਰਦੀ ਹੈ।

ਤੁਮਹਿ ਪਿਤਾ ਤੁਮਹੀ ਫੁਨ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ॥
ਤੁਮ ਪਰਿਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨ ਦਾਤਾ॥

ਹੇ ਪ੍ਰਭ ਜੀਓ, ਤੂੰ ਹੀ ਸਾਡਾ ਪਿਓ ਹੈ, ਤੂੰ ਹੀ ਸਾਡੀ ਮਾਂ ਹੈ, ਹੇ ਪ੍ਰਭ ਜੀਉ ਤੂੰ ਹੀ ਸਾਡਾ ਮਿੱਤਰ ਹੈ, ਤੂੰ ਹੀ ਸਾਡਾ ਹਿਤ ਭੀ ਕਰਦਾ ਹੈ ਅਤੇ ਤੂੰ ਹੀ ਸਾਡਾ ਭਰਾ ਭੀ ਹੈ। ਤੂੰ ਹੀ ਸਾਡਾ ਪਰਿਵਾਰ ਹੈ, ਤੂੰ ਹੀ ਸਾਡਾ ਆਸਰਾ ਹੈ, ਤੂੰ ਹੀ ਸਾਨੂੰ ਜਿੰਦ ਜਾਨ ਦੇਣ ਵਾਲਾ ਹੈ। ਹੇ ਪ੍ਰਭੂ ਜੀਉ, ਜੋ ਕੁਝ ਵੀ ਸਾਡੇ ਕੋਲ ਹੈ, ਇਹ ਸਭ ਆਪ ਦਾ ਹੀ ਦਿਤਾ ਹੋਇਆ ਹੈ, ਸਾਡੇ ਲਈ ਆਪ ਹੀ ਸਭ ਕੁਝ ਹੋ।

ਹੇ! ਮੇਰੇ ਪ੍ਰਭ ਜੀਉ, ਤੂੰ ਹੀ ਮੇਰਾ ਖਜ਼ਾਨਾ ਹੈ, ਤੂੰ ਹੀ ਮੇਰੀ ਧਨ ਦੌਲਤ ਹੈ, ਮੇਰੇ ਲਈ ਹੀਰੇ ਮੋਤੀ ਲਾਲ ਜਵਾਹਰ ਸਭ ਤੂੰ ਹੀ ਹੈ। ਪਾਰਜਾਤ ਨਾਮ ਦਾ ਦਰੱਖਤ ਜੋ ਸਵਰਗ ਵਿਚ ਹੁੰਦਾ ਹੈ, ਉਹ ਰੁੱਖ ਭੀ ਮੇਰੇ ਲਈ ਤੂੰ ਹੀ ਹੈ। ਸੋ ਨਾਨਕ ਆਖਦਾ ਹੈ, ਹੇ ਮੇਰੇ ਪ੍ਰਭੂ, ਜਦੋਂ ਗੁਰੂ ਦੀ ਕ੍ਰਿਪਾ ਨਾਲ ਤੇਰਾ ਮਿਲਾਪ ਹੋ ਜਾਂਦਾ ਹੈ, ਉਦੋਂ ਇਹ ਨਾਨਕ ਨਿਹਾਲ, ਪ੍ਰਸੰਨ ਹੋ ਜਾਂਦਾ ਹੈ। ਸੋ ਪ੍ਰਭੂ ਕ੍ਰਿਪਾ ਕਰੋ, ਅਸੀ ਸਵਾਸ-ਸਵਾਸ ਤੇਰਾ ਨਾਮ ਜਪਦੇ ਰਹੀਏ।

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ,***
***ਫੋਨ: 916-687-3536***

# ਮਿਰਜ਼ੇ ਦਾ ਵਾਰਿਸ ਵੀ ਉਸੇ ਰਾਹ ਟੁਰ ਗਿਆ

***ਦਾਨਾਬਾਦ ਦੇ ਮਿਰਜ਼ੇ ਦੀ ਆਪਣੀ ਇਕ ਦਾਸਤਾਨ ਹੈ, ਆਪਣਾ ਇਕ ਰੁਤਬਾ। ਕੀ ਅੱਜ ਵੀ ਮਿਰਜ਼ੇ ਦੇ ਵਾਰਿਸ ਮੌਜੂਦ ਹਨ, ਇਹ ਲੇਖ ਅਜਿਹੀ ਹੀ ਕੋਈ ਵਾਰਤਾ ਪਾਉਂਦਾ ਹੈ ਜੋ ਕਿ ਹਾਲ ਹੀ ਵਿਚ ਹਰਨੇਕ ਸਿੰਘ ਘੜੂੰਆਂ ਵਲੋਂ ਛਪਵਾਈ ਗਈ ਪੁਸਤਕ ਦਾ ਹਿੱਸਾ ਹੈ।***

ਪਾਕਿਸਤਾਨ ਦੇ ਯੂਸਫ਼ ਸ਼ਾਹੀ ਡਾਕੂ ਦਾ ਮਾਰਿਆ ਜਾਣਾ ਬੜੀ ਵੱਡੀ ਘਟਨਾ ਸੀ। ਪੂਰਾ ਇਕ ਦਹਾਕਾ ਉਸ ਨੇ ਜੰਗਲੀ ਸ਼ੇਰ ਵਾਂਗੂ ਆਪਣੇ ਦੁਸ਼ਮਣਾਂ, ਸਰਮਾਏਦਾਰਾਂ ਅਤੇ ਜਾਗੀਰਦਾਰਾਂ ਨੂੰ ਕੰਬਾਈ ਰੱਖਿਆ। ਮੈਂ ਯੂਸਫ਼ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੁੰਦਾ ਸਾਂ। ਪਿੰਡ ਜਾਣਾ ਬੜਾ ਮੁਸ਼ਕਿਲ ਸੀ। ਸਮਝ ਨਹੀਂ ਸੀ ਆ ਰਹੀ ਕਿ ਕੀ ਕੀਤਾ ਜਾਵੇ? ਕਿਸੇ ਨੇ ਦੱਸਿਆ ਕਿ ਜੋ ਬੰਦਾ ਰਾਤੀਂ ਨਾਲ ਦੇ ਕਮਰੇ ਵਿਚ ਸੁੱਤਾ ਸੀ, ਉਹ ਸ਼ਾਹੀਆਂ ਦਾ ਵਕੀਲ ਏ। ਵਕੀਲ ਨੂੰ ਲੱਭਣਾ ਵੀ ਸੌਖਾ ਕੰਮ ਨਹੀਂ ਸੀ। ਕੁਝ ਵਰ੍ਹੇ ਪਹਿਲਾਂ ਵਕੀਲ ਸਾਹਿਬ ਦੇ ਪਿਤਾ ਦਾ ਕਤਲ ਹੋ ਗਿਆ ਸੀ।



ਹਰਨੇਕ ਸਿੰਘ ਘੜੂੰਆਂ

ਵਕੀਲ ਭਰਾਵਾਂ ਨੇ ਆਪਣੇ ਬਾਪ ਦੇ ਕਾਤਲ ਨੂੰ ਖ਼ਤਮ ਕਰਕੇ ਬਦਲਾ ਲਿਆ ਸੀ। ਵਕੀਲ ਸਾਹਿਬ ਉਤੇ ਕਤਲ ਦਾ ਪਰਚਾ ਸੀ। ਉਹ ਲੁਕ-ਛਿਪ ਕੇ ਵਕਤ ਕੱਢ ਰਿਹਾ ਸੀ। ਭਾਰਤ ਵਾਪਿਸ ਆਉਣ ਤੋਂ ਇਕ ਦਿਨ ਪਹਿਲਾਂ ਵਕੀਲ ਸਾਹਿਬ ਹੋਟਲ ਦੀ ਗੈਲਰੀ ਵਿਚ ਕਾਹਲੀ ਕਾਹਲੀ ਜਾਂਦੇ ਨਜ਼ਰ ਪਏ। ਮੈਂ ਫ਼ੁਰਤੀ ਨਾਲ ਭੱਜ ਕੇ ਪਿੱਛੋਂ ਬਾਂਹ ਫੜ ਲਈ। ਉਹ ਪਹਿਲਾਂ ਤਾਂ ਇਕਦਮ ਘਬਰਾ ਗਏ। ਜਦੋਂ ਪਰਤ ਕੇ ਵੇਖਿਆ, ਇਕਦਮ ਮੁਸਕਰਾ ਕੇ ਕਿਹਾ, 'ਉਹ! ਸਰਦਾਰ ਸਾਹਿਬ, ਤੁਸੀਂ ਤੇ ਡਰਾ ਈ ਦਿੱਤਾ ਸੀ।' ਮੈਂ ਵਕੀਲ ਸਾਹਿਬ ਨੂੰ ਆਪਣੇ ਕਮਰੇ ਵਿਚ ਲੈ ਗਿਆ।

1996 ਵਿਚ ਜਦੋਂ ਮਿਰਜ਼ੇ ਦੀ ਕਬਰ ਉਤੇ ਜਾਣ ਦਾ ਮਨ ਬਣਾਇਆ ਤਾਂ ਹਰ ਕਿਸੇ ਨੇ ਯੂਸਫ਼ ਸ਼ਾਹੀ ਦਾ ਡਰ ਦੱਸ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਅਸੀਂ ਘਰਦਿਆਂ ਤੋਂ ਚੋਰੀ ਉਥੇ ਜਾ ਕੇ ਆਏ। ਬਾਅਦ ਵਿਚ ਯੂਸਫ਼ ਸ਼ਾਹੀ ਕਿਸੇ ਸ਼ਾਦੀ ਸਮੇਂ ਸਾਡੇ ਦੋਸਤਾਂ ਨੂੰ ਮਿਲਿਆ। ਉਸ ਨੇ ਕਿਹਾ, 'ਮੇਰੇ ਬੰਦਿਆਂ ਨੇ ਤੁਹਾਡੇ ਆਉਣ ਦੀ ਖ਼ਬਰ ਮੇਰੇ ਕੋਲ ਪਹੁੰਚਾ ਦਿੱਤੀ ਸੀ। ਮੇਰਾ ਆਪਣਾ ਦਿਲ ਤੁਹਾਨੂੰ ਮਿਲਣ ਲਈ ਕਰਦਾ ਸੀ ਪਰ ਕੋਈ ਗ਼ਲਤਫਹਿਮੀ ਪੈਦਾ ਹੋਣ ਦੇ ਡਰੋਂ ਇੱਧਰ ਨਹੀਂ ਆਇਆ।'

ਯੂਸਫ਼ ਸ਼ਾਹੀ ਦਾ ਸਬੰਧ ਮਿਰਜ਼ੇ ਦੇ ਖਾਨਦਾਨ ਨਾਲ ਸੀ। ਮਿਰਜ਼ੇ ਨੂੰ ਖ਼ਰਲ ਮੰਨਿਆ ਜਾਂਦਾ ਹੈ। ਖ਼ਰਲਾਂ ਦੀਆਂ ਅੱਗੇ 21 ਮੂਹੀਆਂ ਹਨ। ਇਨ੍ਹਾਂ ਇੱਕੀਆਂ ਵਿਚੋਂ ਮਿਰਜ਼ੇ ਦਾ ਸਬੰਧ ਸ਼ਾਹੀ ਮੂਹੀ ਨਾਲ ਹੈ। ਮਿਰਜ਼ੇ ਦੇ ਖਾਨਦਾਨ ਨੇ ਲੰਮਾ ਅਰਸਾ ਪਹਿਲਾਂ ਦਾਨਾਬਾਦ ਛੱਡ ਕੇ ਰਾਵੀ ਦੇ ਕੰਢੇ ਨਿੱਕਾ ਜਿਹਾ ਪਿੰਡ ਵਸਾ ਲਿਆ ਸੀ ਜਿਸ ਦਾ ਨਾਂ 'ਛੀਮੇ ਕੀ ਸ਼ਾਹੀਆਂ' ਹੈ। ਇਸ ਪਿੰਡ ਦੀ ਜੂਹ ਦੀਆਂ ਚਾਰੇ ਕੰਨੀਆਂ ਚਾਰ ਜ਼ਿਲ੍ਹਿਆਂ ਨਾਲ ਛੂਹਦੀਆਂ ਹਨ। ਸ਼ੇਖ਼ੂਪੁਰਾ, ਲਾਇਲਪੁਰ, ਓਕਾੜਾ ਤੇ ਕਸੂਰ। ਪਿੰਡ ਸੰਘਣੇ ਬੇਲਿਆਂ ਨਾਲ ਘਿਰਿਆ ਹੈ। ਹੁਣ ਵੀ ਇਸ ਪਿੰਡ ਦੀਆਂ ਰਵਾਇਤਾਂ ਅਤੇ ਰਿਵਾਜ਼ ਆਪਣੇ ਹਨ। ਪਿੰਡ ਦਾ ਰਹਿਣ-ਸਹਿਣ ਦੇਖ ਕੇ ਭੁਲੇਖਾ ਪੈਂਦਾ ਹੈ ਕਿ ਮਿਰਜ਼ਾ ਸੈਂਕੜੇ ਵਰ੍ਹੇ ਪਹਿਲਾਂ ਨਹੀਂ, ਕੁਝ ਸਾਲ ਪਹਿਲਾਂ ਹੀ ਹੋਇਆ ਹੈ। ਔਰਤਾਂ ਦੇ ਲਿਬਾਸ ਆਪਣੀ ਕਿਸਮ ਦੇ ਹਨ। ਲੰਮੀਆਂ ਅਤੇ ਖੁੱਲ੍ਹੇ ਚਾਕਾਂ ਵਾਲੀਆਂ ਕਮੀਜ਼ਾਂ ਲੱਤਾਂ ਦੀਆਂ ਪਿੰਨੀਆਂ ਨੂੰ ਛੂਹਦੀਆਂ ਹਨ। ਔਰਤਾਂ ਮਰਦਾਂ ਵਾਂਗ ਚਾਦਰ ਬੰਨ੍ਹਦੀਆਂ ਹਨ ਅਤੇ ਸਵੈ-ਚਾਲਿਤ ਹਥਿਆਰ ਚਲਾਉਣ ਤੇ ਘੋੜਸਵਾਰੀ ਵਿਚ ਨਿਪੁੰਨ ਹਨ। ਖ਼ੂਬਸੂਰਤੀ ਪੱਖੋਂ ਸਾਰੇ ਪਾਕਿਸਤਾਨ ਵਿਚ ਕਿਸੇ ਇਲਾਕੇ ਦੀਆਂ ਔਰਤਾਂ ਇਨ੍ਹਾਂ ਦਾ ਮੁਕਾਬਲਾ ਨਹੀਂ ਕਰਦੀਆਂ। ਗੋਰੇ ਚਿੱਟੇ ਰੰਗ, ਦਿਲ ਖਿੱਚਵੇਂ ਨੈਣ-ਨਕਸ਼, ਛੀਂਟਵੇਂ ਸਰੀਰ, ਕਮਾਏ ਹੋਏ ਜੁੱਸੇ ਅਤੇ ਛੇ ਛੇ ਫੁੱਟ ਦੇ ਨੇੜੇ ਤੇੜੇ ਕੱਦ।

ਇਸ ਪਿੰਡ ਦੇ ਮਰਦ ਵੀ ਖ਼ੂਬਸੂਰਤੀ ਦੀ ਆਪਣੀ ਹੀ ਮਿਸਾਲ ਹਨ। ਅੱਜ ਵੀ ਇਨ੍ਹਾਂ ਚਿਹਰਿਆਂ ਵਿਚੋਂ ਮਿਰਜ਼ੇ ਦੀ ਰੂਹ ਝਲਕਦੀ ਹੈ। ਇੱਥੇ ਹੀ ਬੱਸ ਨਹੀਂ, ਇਨ੍ਹਾਂ ਦੀਆਂ ਘੋੜੀਆਂ ਸਾਰੇ ਪਾਕਿਸਤਾਨ ਵਿਚ ਨਾਮਵਰ ਹਨ ਅਤੇ ਮਿਰਜ਼ੇ ਦੀ ਘੋੜੀ ਬੱਕੀ ਵਾਗੂੰ ਉਡੂੰ ਉਡੂੰ ਕਰਦੀਆਂ ਹਨ। ਇਨ੍ਹਾਂ ਦੀਆਂ ਕੁੰਢੇ ਸਿੰਗਾਂ ਵਾਲੀਆਂ ਨੀਲੀ ਰਾਵੀ ਦੀਆਂ ਮੱਝਾਂ ਦੇ ਪਿੰਡੇ ਤੋਂ ਵੀ ਮੱਖੀ ਤਿਲ੍ਹਕਦੀ ਹੈ। ਇਨ੍ਹਾਂ ਲੋਕਾਂ ਦਾ ਮੁਖ ਧੰਦਾ ਦੁਸ਼ਮਣੀਆਂ ਪਾਲਣਾ, ਖੇਤੀਬਾੜੀ ਕਰਨਾ ਅਤੇ ਸਾਰੇ ਇਲਾਕੇ ਨੂੰ ਘਿਓ ਸਪਲਾਈ ਕਰਨਾ ਹੈ।


ਇਸ ਪਿੰਡ ਵਿਚ ਦੋ ਟੱਬਰਾਂ ਦੀ ਦੁਸ਼ਮਣੀ ਦਾ ਮੁੱਢ ਯੂਸਫ਼ ਸ਼ਾਹੀ ਦੇ ਅੱਬੂ ਦੇ ਕਤਲ ਨਾਲ ਬੱਝਿਆ। ਪਿੰਡ ਦੇ ਸਭ ਤੋਂ ਵੱਡੇ ਚੌਧਰੀ ਜਾਫ਼ਰ ਸ਼ਾਹੀ ਨੂੰ ਯੂਸਫ਼ ਸ਼ਾਹੀ ਦੇ ਪਿਤਾ ਉਤੇ ਮੱਝਾਂ ਚੋਰੀ ਕਰਨ ਦਾ ਸ਼ੱਕ ਹੋ ਗਿਆ। ਜਾਫ਼ਰ ਸ਼ਾਹੀ ਨੇ ਉਸ ਨੂੰ ਕਤਲ ਕਰਵਾ ਦਿੱਤਾ। ਯੂਸਫ਼ ਸ਼ਾਹੀ ਉਨ੍ਹਾਂ ਦਿਨਾਂ ਵਿਚ ਬੀ.ਏ. ਦਾ ਇਮਤਿਹਾਨ ਦੇ ਰਿਹਾ ਸੀ ਅਤੇ ਘਰੋਂ ਬਹੁਤ ਗਰੀਬ ਸੀ। ਇਮਤਿਹਾਨ ਤੋਂ ਫ਼ਾਰਗ ਹੁੰਦਿਆਂ ਹੀ ਉਸ ਨੇ ਕਰਜ਼ਾ ਚੁੱਕ ਕੇ ਕਾਰਬਾਈਨ ਖ਼ਰੀਦ ਲਈ ਅਤੇ ਬਾਪ ਦਾ ਬਦਲਾ ਲੈਣ ਦਾ ਪ੍ਰਣ ਕਰ ਲਿਆ। ਯੂਸਫ਼ ਦੇ ਸੀਨੇ ਠੰਢ ਉਦੋਂ ਪਈ ਜਦੋਂ ਉਸ ਨੇ ਜਾਫ਼ਰ ਨੂੰ ਮਾਰ ਲਿਆ ਅਤੇ ਹਮੇਸ਼ਾ ਲਈ ਭਗੌੜਾ ਹੋ ਗਿਆ।

ਇਸ ਤੋਂ ਬਾਅਦ ਜਾਫ਼ਰ ਦੇ ਬੇਟੇ ਨੇ ਯੂਸਫ਼ ਸ਼ਾਹੀ ਦਾ ਭਰਾ ਕਤਲ ਕਰ ਦਿੱਤਾ ਅਤੇ ਫ਼ਰਾਰ ਹੋ ਗਿਆ। ਹੁਣ ਇਕ ਪਾਸੇ ਯੂਸਫ਼ ਸ਼ਾਹੀ ਦਾ ਗਰੁਪ ਅਤੇ ਦੂਜੇ ਪਾਸੇ ਜਾਫ਼ਰ ਸ਼ਾਹੀ ਦੇ ਬੇਟੇ ਦਾ ਗਰੁਪ ਬਣ ਗਏ। ਦੋਹਾਂ ਕੋਲ ਦਸ ਦਸ ਘੋੜੀਆਂ ਅਤੇ ਬੇਸ਼ੁਮਾਰ ਅਸਲਾ ਸੀ। ਕਈ ਵੇਰ ਇਨ੍ਹਾਂ ਗਰੁਪਾਂ ਦੇ ਮੁਕਾਬਲੇ ਹੋਏ ਅਤੇ ਦੋਵੇਂ ਪਾਸੇ ਬੰਦੇ ਮਰਦੇ ਰਹੇ। ਜਾਫ਼ਰ ਸ਼ਾਹੀ ਦੇ ਦੋ ਭਗੌੜੇ ਪੁੱਤਰਾਂ ਵਿਚੋਂ ਇਕ ਯੂਸਫ਼ ਸ਼ਾਹੀ ਨੇ ਅਤੇ ਦੂਜਾ ਪੁਲਿਸ ਨੇ ਮਾਰ ਮੁਕਾਇਆ। ਜਾਫ਼ਰ ਦੇ ਪੁੱਤਰ ਦੇ ਗਰੁਪ ਨੇ ਯੂਸਫ਼ ਸ਼ਾਹੀ ਦੇ ਤਿੰਨ-ਚਾਰ ਬੰਦੇ ਮਾਰ ਦਿੱਤੇ। ਇਸ ਤੋਂ ਬਾਅਦ ਜਾਫ਼ਰ ਦਾ ਤੀਜਾ ਪੁੱਤਰ ਕਾਲਜ ਪੜ੍ਹ ਕੇ ਆਉਂਦਾ ਕਤਲ ਹੋ ਗਿਆ। ਰਲਾ ਮਿਲਾ ਕੇ ਦੋਹਾਂ ਗਰੁਪਾਂ ਦੇ ਮੁਕਾਬਲੇ ਹੁੰਦੇ ਸਨ ਅਤੇ ਮਰਦ ਇਕੱਠੇ ਮੁਕਾਬਲਾ ਕਰਦੇ। ਜੇ ਕਿਧਰੇ ਇਕ ਗਰੁਪ ਪੁਲਿਸ ਦੇ ਘੇਰੇ ਵਿਚ ਆ ਜਾਂਦਾ ਤਾਂ ਦੂਜਾ ਕੁਝ ਚਿਰ ਲਈ ਆਪਣੀ ਦੁਸ਼ਮਣੀ ਭੁਲਾ ਕੇ ਘੇਰੇ ਵਿਚ ਆਏ ਗਰੁਪ ਦੀ ਮਦਦ ਉਤੇ ਚਲਾ ਜਾਂਦਾ। ਦੋਵੇਂ ਰਲ ਕੇ ਪੁਲੀਸ ਦਾ ਮੁਕਾਬਲਾ ਕਰਦੇ। ਜਾਂ ਤੇ ਪੁਲਿਸ ਨੂੰ ਭਜਾ ਲੈਂਦੇ ਜਾਂ ਘਿਰੇ ਹੋਏ ਗਰੁਪ ਨੂੰ ਘੇਰੇ ਵਿਚੋਂ ਕਢਵਾ ਕੇ ਹੀ ਦਮ ਲੈਂਦੇ। ਸ਼ਾਇਦ ਬਦਲਿਆਂ ਦੀ ਖੇਡ ਵਿਚ ਤੀਜੀ ਧਿਰ ਦੀ ਦਖ਼ਲਅੰਦਾਜ਼ੀ ਮਨਜ਼ੂਰ ਨਹੀਂ ਸੀ।

ਹੁਣ ਜਾਫ਼ਰ ਸ਼ਾਹੀ ਦੇ ਘਰ ਦੇ ਲਗਭਗ ਸਾਰੇ ਮੈਂਬਰ ਮਾਰੇ ਗਏ ਸਨ। ਦੂਜੇ ਪਾਸੇ ਯੂਸਫ਼ ਦਾ ਬਚਦਾ ਭਰਾ ਅਤੇ ਚਾਚਾ ਜੇਲ੍ਹ ਵਿਚ ਸਨ। ਯੂਸਫ਼ ਬੇਲਿਆਂ ਵਿਚ ਸੀ। ਪਿੰਡ ਵਿਚ ਦੋਹਾਂ ਧੜਿਆਂ ਦੀ ਕਮਾਨ ਸੰਭਾਲਣ ਦਾ ਮਸਲਾ ਆ ਗਿਆ। ਯੂਸਫ਼ ਸ਼ਾਹੀ ਦੇ ਗਰੁਪ ਦੀ ਕਮਾਨ ਉਸ ਦੀ ਕੁਆਰੀ ਭੂਆ ਸਾਂਬਾ ਨੇ ਸੰਭਾਲ ਲਈ। ਸਾਂਬਾ ਦੀਆਂ ਫਲੀਆਂ ਜਿਹੀਆਂ ਕਸੀਦਾਂ ਕੱਢਦੀਆਂ ਉਂਗਲੀਆਂ ਸੂਈ ਧਾਗਾ ਛੱਡ ਕੇ ਏ.ਕੇ. 47 ਦੇ ਘੋੜੇ ਉਤੇ ਆ ਗਈਆਂ। ਜਾਫ਼ਰ ਸ਼ਾਹੀ ਦੇ ਗਰੁਪ ਦੀ ਕਮਾਨ ਵੀ ਟੱਬਰ ਦੀ ਕਿਸੇ ਔਰਤ ਨੇ ਸੰਭਾਲ ਲਈ। ਇਸ ਤੋਂ ਬਾਅਦ ਪਿੰਡ ਵਿਚ ਔਰਤਾਂ ਦੇ ਧੜਿਆਂ ਦੇ ਮੁਕਾਬਲੇ ਚੱਲ ਪਏ। ਇਨ੍ਹਾਂ ਦੇ ਮੁਕਾਬਲੇ ਕਈ ਵੇਰ ਕਈ ਕਈ ਦਿਨ ਚਲਦੇ ਰਹਿੰਦੇ।

ਉਧਰ ਪੂਰੇ ਇਲਾਕੇ ਵਿਚ ਯੂਸਫ਼ ਸ਼ਾਹੀ ਦਾ ਸਿੱਕਾ ਚੱਲ ਰਿਹਾ ਸੀ। ਉਸ ਕੋਲ ਤੀਹ ਘੋੜੀਆਂ ਅਤੇ ਤੀਹ ਡਾਕੂ ਸਨ। ਉਸ ਦੀਆਂ ਘੋੜੀਆਂ ਦੀਆਂ ਗੂੰਣਾਂ ਹਮੇਸ਼ਾ ਕਾਰਤੂਸਾਂ ਨਾਲ ਭਰੀਆਂ ਰਹਿੰਦੀਆਂ ਸਨ। ਯੂਸਫ਼ ਸ਼ਾਹੀ ਕੋਲ ਅਮਰੀਕਨ ਗੰਨ, ਜੀ-3 ਤੋਂ ਲੈ ਕੇ ਰਾਕਟ ਲਾਂਚਰ ਤੀਕ ਹਥਿਆਰ ਮੌਜੂਦ ਸਨ। ਸੁੱਖ-ਸੁਨੇਹੇ ਲਈ ਮੋਬਾਈਲ ਫ਼ੋਨ ਤੋਂ ਲੈ ਕੇ ਵਾਇਰਲੈਸ ਸੈਟ ਤੀਕ ਸਨ। ਸਰਕਾਰ ਨੇ ਉਸ ਦੇ ਸਿਰ ਦਾ ਇਨਾਮ 20 ਲੱਖ ਰੁਪਏ ਰੱਖਿਆ ਹੋਇਆ ਸੀ। ਪਿੰਡ ਵਿਚ ਸਪੈਸ਼ਲ ਥਾਣਾ ਬਣਾ ਦਿੱਤਾ ਪਰ ਬਹੁਤੇ ਪੁਲਿਸ ਵਾਲੇ ਉਸ ਨੂੰ ਕਾਬੂ ਕਰਨ ਦੀ ਬਜਾਏ ਉਸ ਵਾਸਤੇ ਮੁਖ਼ਬਰੀ ਕਰਨ ਵਿਚ ਜ਼ਿਆਦਾ ਦਿਲਚਸਪੀ ਲੈਂਦੇ ਸਨ। ਯੂਸਫ਼ ਇਲਾਕੇ ਦੇ ਵੱਡੇ ਜ਼ਿਮੀਂਦਾਰਾਂ ਅਤੇ ਸ਼ਾਹੂਕਾਰਾਂ ਕੋਲੋਂ ਮੋਟੀ ਰਕਮ ਵਸੂਲਦਾ ਸੀ ਅਤੇ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਕਈ ਵੇਰ ਗ਼ਰੀਬ ਮਾਪਿਆਂ ਦੀਆਂ ਧੀਆਂ ਦੀ ਸ਼ਾਦੀ ਵਿਚ ਮਦਦ ਕਰ ਦਿੰਦਾ।

ਜਦੋਂ ਅਸੀਂ ਮਿਰਜ਼ੇ ਦੀ ਕਬਰ ਉਤੇ ਪਹੁੰਚੇ,




ਕੁਝ ਲੋਕ ਸਾਨੂੰ ਮਿਲਣ ਲਈ ਇਕੱਠੇ ਹੋ ਗਏ। ਅਸੀਂ ਉਨ੍ਹਾਂ ਨੂੰ ਪੁੱਛਿਆ, "ਤੁਹਾਨੂੰ ਯੂਸਫ਼ ਸ਼ਾਹੀ ਕੋਲੋਂ ਡਰ ਨਹੀਂ ਲਗਦਾ?" ਉਨ੍ਹਾਂ ਨੇ ਜਵਾਬ ਦਿੱਤਾ, "ਡਰ ਕੀਹੀਂ ਗੱਲ ਦਾ, ਊਹੂੰ ਤੇ ਸਾਡੇ ਦੁੱਖੀਂ ਸੁੱਖੀਂ ਸਹਾਈ ਹੋਮਦੈ।" ਅਸੀਂ ਖ਼ੁਦ ਉਥੇ ਪਹੁੰਚਣ ਲਈ ਰਾਏ ਮੁਰਾਤਬ ਅਲੀ ਨਾਂ ਦੇ ਬੰਦੇ ਨੂੰ ਨਾਲ ਲਿਆ ਸੀ ਜਿਸ ਦਾ ਆਪਣਾ ਬੜਾ ਦਬਦਬਾ ਸੀ ਅਤੇ ਯੂਸਫ਼ ਸ਼ਾਹੀ ਉਸ ਦੇ ਅਹਿਸਾਨਾਂ ਹੇਠ ਦੱਬਿਆ ਹੋਣ ਕਰਕੇ ਉਸ ਦੀ ਬੜੀ ਇੱਜ਼ਤ ਕਰਦਾ ਸੀ।

ਇਨ੍ਹਾਂ ਟੱਬਰਾਂ ਵਿਚ ਦਸ ਬਾਰਾਂ ਸਾਲ ਲੰਮੀ ਕਤਲ-ਓ-ਗ਼ਾਰਤ ਤੋਂ ਬਾਅਦ ਕੌਮੀ ਅਸੈਂਬਲੀ ਮੈਂਬਰ ਰਾਏ ਮਨਸਬ ਅਲੀ ਨੇ ਚਾਰ ਜਿਲ੍ਹਿਆਂ ਨਾਲ ਸਬੰਧਤ ਕੌਮੀ ਅਸੈਂਬਲੀ ਮੈਂਬਰ ਅਤੇ ਐਮ.ਐਲ.ਏ ਇਕੱਠੇ ਕਰਕੇ ਇਸ ਮਹਾਂਭਾਰਤ ਨੂੰ ਰੋਕਣ ਲਈ ਉਪਰਾਲਾ ਸ਼ੁਰੂ ਕੀਤਾ। ਇਸ ਵਿਚ ਉਸ ਨੂੰ ਕਾਮਯਾਬੀ ਹਾਸਲ ਹੋਈ। ਪਿੰਡ ਵਿਚ ਸੱਥਰ ਵਿਛਣੇ ਬੰਦ ਹੋ ਗਏ। ਯੂਸਫ਼ ਸ਼ਾਹੀ ਨੇ ਰਾਤ-ਬਰਾਤੇ ਘਰ ਠਹਿਰਨਾ ਸ਼ੁਰੂ ਕਰ ਦਿੱਤਾ।

ਦੁਸ਼ਮਣੀ ਦਾ ਮੈਦਾਨ ਠੰਢਾ ਪੈਂਦਿਆਂ ਹੀ ਯੂਸਫ਼ ਦੇ ਸੀਨੇ ਵਿਚੋਂ ਮੁਹੱਬਤ ਦੀ ਪੁਰਾਣੀ ਯਾਦ ਅੰਗੜਾਈਆਂ ਲੈਣ ਲੱਗ ਪਈ। ਉਹ ਨਾਲ ਦੇ ਪਿੰਡ ਦੀ ਕਿਸੇ ਮੁਟਿਆਰ ਨੂੰ ਮੁਹੱਬਤ ਕਰਦਾ ਸੀ। ਮਿਰਜ਼ੇ ਵਾਂਗ ਯੂਸਫ਼ ਸ਼ਾਹੀ ਵੀ ਆਪਣੀ ਹਾਨਣ ਨੂੰ ਘੋੜੀ ਦੀ ਪਿੱਠ ਉਤੇ ਬਿਠਾ ਲਿਆਇਆ।

ਕੁੜੀ ਦੇ ਭਾਈ ਭਾਵੇਂ ਗ਼ਰੀਬ ਸਨ ਪਰ ਆਪਣੀ ਇਹ ਬੇਇੱਜ਼ਤੀ ਬਰਦਾਸ਼ਤ ਨਾ ਕਰ ਸਕੇ। ਉਹ ਯੂਸਫ਼ ਸ਼ਾਹੀ ਨਾਲ ਸਿੱਧੀ ਟੱਕਰ ਲੈਣ ਦੇ ਸਮਰੱਥ ਨਹੀਂ ਸਨ। ਉਨ੍ਹਾਂ ਨੇ ਕਿਸੇ ਪੁਲਿਸ ਅਫ਼ਸਰ ਨਾਲ ਸਬੰਧ ਪੈਦਾ ਕਰਕੇ ਹਥਿਆਰਾਂ ਦੀ ਮੰਗ ਕੀਤੀ। ਉਨ੍ਹਾਂ ਨੇ ਪੁਲਿਸ ਅਫ਼ਸਰ ਨੂੰ ਕਿਹਾ, "ਅਸੀਂ ਯੂਸਫ਼ ਸ਼ਾਹੀ ਨੂੰ ਮਾਰ ਦਿਆਂਗੇ, ਤੁਸੀਂ ਆਪਣੇ ਖਾਤੇ ਪਾ ਕੇ ਉਸ ਦੇ ਸਿਰ ਉਤੇ ਰੱਖਿਆ 20 ਲੱਖ ਰੁਪਏ ਦਾ ਇਨਾਮ ਲੈ ਲੈਣਾ।"

ਕੁੜੀ ਦੇ ਭਰਾ ਲੁਕ-ਛਿਪ ਕੇ ਯੂਸਫ਼ ਸ਼ਾਹੀ ਦਾ ਪਿੱਛਾ ਕਰਦੇ ਰਹੇ। ਉਨ੍ਹਾਂ ਦਾ ਕਿਧਰੇ ਦਾਅ ਨਹੀਂ ਲੱਗ ਰਿਹਾ ਸੀ। ਉਨ੍ਹਾਂ ਨੂੰ ਆਪਣੀਆਂ ਜਾਨਾਂ ਤੋਂ ਵੀ ਵੱਧ ਆਪਣੇ ਟੱਬਰ ਦਾ ਡਰ ਸੀ। ਜੇ ਕਿਧਰੇ ਯੂਸਫ਼ ਸ਼ਾਹੀ ਦੇ ਬੰਦਿਆਂ ਨੂੰ ਪਤਾ ਲੱਗ ਗਿਆ ਤਾਂ ਸਾਰੇ ਟੱਬਰ ਦਾ ਸਫ਼ਾਇਆ ਹੋ ਜਾਵੇਗਾ। ਇਕ ਰਾਤ ਯੂਸਫ਼ ਸ਼ਾਹੀ ਕੋਠੇ ਉਤੇ ਸੁੱਤਾ ਪਿਆ ਸੀ। ਸਵੇਰੇ ਉਠਿਆ ਤਾਂ ਆਪਣੇ ਪਹਿਰੇਦਾਰਾਂ ਨੂੰ ਨਹਾਉਣ-ਧੋਣ ਲਈ ਭੇਜ ਦਿੱਤਾ। ਯੂਸਫ਼ ਸ਼ਾਹੀ ਗ਼ਲੀ ਵਿਚ ਅੱਖਾਂ ਮ਼ਲਦਾ ਜਾ ਰਿਹਾ ਸੀ ਕਿ ਕੁੜੀ ਦੇ ਭਾਈਆਂ ਨੇ ਲੱਕ ਵਿਚ ਗੋ਼ਲੀਆਂ ਮਾਰ ਕੇ ਢੇਰੀ ਕਰ ਦਿੱਤਾ। ਜਦੋਂ ਯੂਸਫ਼ ਸ਼ਾਹੀ ਦੀ ਭੈਣ ਨੂੰ ਇਸ ਕਾਰੇ ਦਾ ਪਤਾ ਲੱਗਿਆ ਤਾਂ ਉਸ ਨੇ ਲਾਸ਼ ਉਤੇ ਆਪਣੀ ਜਾਨ ਦੇ ਦਿੱਤੀ।

ਹੁਣ ਦੋਹਾਂ ਟੱਬਰਾਂ ਵਿਚੋਂ ਜਾਫ਼ਰ ਸ਼ਾਹੀ ਦਾ ਇਕ ਬੇਟਾ ਜੋ ਨੀਮ ਪਾਗਲ ਹੈ, ਬਾਕੀ ਰਹਿ ਗਿਆ ਹੈ। ਯੂਸਫ਼ ਸ਼ਾਹੀ ਦੇ ਟੱਬਰ ਵਿਚੋਂ ਉਸ ਦਾ ਇਕ ਚਾਚਾ ਅਤੇ ਇਕ ਭਰਾ ਜੇਲ੍ਹ ਵਿਚ ਰਹਿ ਗਏ ਹਨ। ਦੋਹਾਂ ਟੱਬਰਾਂ ਦੇ ਬਾਕੀ ਸਾਰੇ ਮੈਂਬਰ ਮਾਰੇ ਜਾ ਚੁੱਕੇ ਹਨ।

ਕਦੇ ਮਿਰਜ਼ਾ ਪਿੰਡ ਦੇ ਨੇੜੇ ਆ ਕੇ ਲਾਪ੍ਰਵਾਹੀ ਨਾਲ 'ਸੋਨੇ ਦੀ ਵਾਂਅ' ਵਿਖੇ ਸਾਹਿਬਾਂ ਦੇ ਭਰਾਵਾਂ ਹੱਥੋਂ ਕਤਲ ਹੋ ਗਿਆ ਸੀ। ਫ਼ਿਰ ਉਸੇ ਖ਼ਾਨਦਾਨ ਦਾ ਯੂਸਫ਼ ਸ਼ਾਹੀ ਪਿੰਡ ਵਿਚ ਬੇਪ੍ਰਵਾਹ ਹੋਇਆ ਆਪਣੀ ਮਹਿਬੂਬਾ ਦੇ ਭਰਾਵਾਂ ਹੱਥੋਂ ਕਤਲ ਹੋ ਗਿਆ। ਬੱਤੀਆਂ ਸਾਲਾਂ ਦੀ ਭਰ ਜਵਾਨੀ ਵਿਚ ਮਿਰਜ਼ੇ ਦਾ ਇਕ ਹੋਰ ਵਾਰਿਸ ਆਪਣੇ ਵਡੇਰੇ ਵਾਲੇ ਰਾਹ ਟੁਰ ਗਿਆ।

***(ਹੁਣੇ ਛਪੀ ਕਿਤਾਬ 'ਉਠ ਗਏ ਗੁਆਂਢੋਂ ਯਾਰ' ਵਿਚੋਂ)***



## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

## Global Multi Services

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਇਰਾਨ:ਇਨਕਲਾਬ ਤੋਂ ਪਹਿਲਾਂ ਇਨਕਲਾਬ ਤੋਂ ਬਾਅਦ

ਅਹਿਮਦ ਨਫੀਸੀ ਦੀ ਧੀ ਅਜ਼ਰਾ ਨਫੀਸੀ, ਤਹਿਰਾਨ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੀ ਪ੍ਰੋਫੈਸਰ ਵਜੋਂ ਪੜ੍ਹਾਉਂਦੀ ਰਹੀ ਪਰ ਜਿਸ ਤਰ੍ਹਾਂ ਦਾ ਉਸਦਾ ਵਿਦਰੋਹੀ ਸੁਭਾ ਸੀ ਪਹਿਲੋਂ ਉਸਨੂੰ ਨੌਕਰੀ ਤੋਂ ਅਸਤੀਫਾ ਦੇਣਾ ਪਿਆ ਅਤੇ ਫੇਰ ਸਰਕਾਰ ਨੇ ਦੇਸ ਨਿਕਾਲਾ ਦਿਤਾ ਤਾਂ 1997 ਵਿਚ ਅਮਰੀਕਾ ਚਲੀ ਗਈ ਜਿਥੇ ਜਾਨ ਹਾਪਕਿਨਜ਼ ਯੂਨੀਵਰਸਿਟੀ ਵਿਚ ਪ੍ਰੋਫੈਸਰ ਨਿਯੁਕਤ ਹੋਈ। ਉਸਨੇ ਅੰਤਰਰਾਸ਼ਟਰੀ ਪ੍ਰਸਿਧੀ ਪ੍ਰਾਪਤ ਅਖਬਾਰਾਂ/ ਰਿਸਾਲਿਆਂ ਵਾਸਤੇ ਤਾਂ ਲਿਖਿਆ ਹੀ, ਦੋ ਕਿਤਾਬਾਂ

**ਡਾ. ਹਰਪਾਲ ਸਿੰਘ ਪੰਨੂੰ**
**ਫੋਨ:91-175-2282832**

ਵੀ ਛਪਵਾਈਆਂ। ਪਹਿਲੀ ਕਿਤਾਬ ਨੋਬੋਕੋਵ ਦੇ ਨਾਵਲਾਂ ਦਾ ਆਲੋਚਨਾਤਮਕ ਅਧਿਐਨ ਸੀ ਤੇ ਦੂਜੀ ਕਿਤਾਬ ਜਿਸਨੇ ਉਸਨੂੰ ਵਡੇਰਾ ਮਾਣ ਦਿਤਾ ਉਹ ਹੈ, ਰੀਡਿੰਗ ਲੋਲਿਤਾ ਇਨ ਤਹਿਰਾਨ। ਇਸ ਕਿਤਾਬ ਉਪਰ ਅੰਗਰੇਜ਼ੀ ਵਿਚ ਫਿਲਮ ਬਣ ਚੁਕੀ ਹੈ। ਦੋ ਬਚਿਆਂ ਅਤੇ ਪਤੀ ਸਣੇ ਹੁਣ ਉਹ ਵਾਸ਼ਿੰਗਟਨ ਡੀ ਸੀ ਦੀ ਵਸਨੀਕ ਹੈ।

ਪਿਤਾ ਅਹਿਮਦ ਨਫੀਸੀ ਦ੍ਰਿੜ੍ਹ ਆਤਮ ਵਿਸ਼ਵਾਸ ਵਾਲਾ ਈਮਾਨਦਾਰ ਖੁਦਦਾਰ ਇਨਸਾਨ ਸੀ। ਸਿਆਸਤ ਵਿਚ ਉਸ ਦੀ ਲਗਾਤਾਰ ਚੜ੍ਹਤ ਰਹੀ ਜਿਸ ਸਦਕਾ ਉਸਨੂੰ ਇਰਾਨ ਦੀ ਰਾਜਧਾਨੀ ਤਹਿਰਾਨ ਦੀ ਕਾਰਪੋਰੇਸ਼ਨ ਦਾ ਮੇਅਰ ਸਰਬਸੰਮਤੀ ਨਾਲ ਚੁਣ ਲਿਆ ਗਿਆ। ਤਹਿਰਾਨ ਦੇ ਇਤਿਹਾਸ ਵਿਚ ਉਹ ਸਭ ਤੋਂ ਛੋਟੀ ਉਮਰ ਵਿਚ ਮੇਯਰ ਚੁਣਿਆ ਗਿਆ ਸੀ। ਮੇਯਰ ਦਾ ਆਫਿਸ ਸੰਭਾਲਣ ਪਿਛੋਂ ਉਸ ਉਪਰ ਮੁਸੀਬਤਾਂ ਦਾ ਦੌਰ ਚਲਿਆ। ਬਾਦਸ਼ਾਹ ਮੁਹੰਮਦ ਸ਼ਾਹ ਪਹਿਲਵੀ ਦੀ ਜੁੰਡਲੀ ਨਾ ਸਿਆਣੀ ਸੀ ਨਾ ਈਮਾਨਦਾਰ। ਧੌਂਸ ਨਾਲ ਉਹ ਮੇਅਰ ਤੋਂ ਮਨਮਰਜ਼ੀ ਦੇ ਨਾਜਾਇਜ਼ ਕੰਮ ਕਰਵਾਉਣ ਦੇ ਇਛੁਕ ਸਨ। ਅਹਿਮਦ ਕਿਸੇ ਹੋਰ ਮਿਟੀ ਦਾ ਬਣਿਆ ਹੋਇਆ ਸੀ। ਜੋ ਇਸ ਤਰ੍ਹਾਂ ਦੇ ਹਾਲਾਤ ਵਿਚ ਹੋਇਆ ਕਰਦਾ ਹੈ ਉਹੀ ਹੋਇਆ, ਉਸ ਉਪਰ ਭਰਿਸ਼ਟਾਚਾਰ ਦੇ ਦੋਸ਼ ਲਾ ਕੇ ਗ੍ਰਿਫਤਾਰ ਕੀਤਾ ਗਿਆ। ਮੁਕਦਮੇ ਦੌਰਾਨ ਫਰਜ਼ੀ ਗਵਾਹੀਆਂ ਦੇ ਆਧਾਰ ਤੇ ਪੰਜ ਸਾਲ ਦੀ ਕੈਦ ਹੋਈ। ਟ੍ਰਾਇਲ ਚਲਦਿਆਂ ਉਸਨੇ ਆਪਣੇ ਬਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਨ ਲਈ ਭੇਜ ਦਿਤਾ ਕਿਉਂਕਿ ਆਪਣੀਆਂ ਸਿਆਸੀ ਸਰਗਰਮੀਆਂ ਕਾਰਨ ਉਹ ਉਨ੍ਹਾਂ ਦਾ ਭਵਿਖ ਖਤਰੇ ਵਿਚ ਨਹੀਂ ਪਾਉਣਾ ਚਾਹੁੰਦਾ ਸੀ। ਧੀ ਅਜ਼ਰਾ ਨੇ ਅਮਰੀਕਾ ਵਿਚ ਅੰਗਰੇਜ਼ੀ ਦੀ ਡਾਕਟਰੇਟ ਕੀਤੀ। ਬਾਦਸ਼ਾਹ ਦੇਸ ਛਡ ਗਿਆ ਤੇ ਜੁੰਡਲੀ ਖਤਮ ਹੋ ਗਈ ਤਾਂ ਅਜ਼ਰਾ ਨੇ ਤਹਿਰਾਨ ਵਿਚ ਆ ਕੇ ਪੜ੍ਹਾਉਣਾ ਸ਼ੁਰੂ ਕਰ ਦਿਤਾ। ਅਗਲਾ ਦੌਰ ਵਖਰੀ ਪ੍ਰਕਾਰ ਦੀਆਂ ਮੁਸ਼ਕਲਾਂ ਲੈ ਕੇ ਆਵੇਗਾ, ਇਸ ਦਾ ਉਸਨੂੰ ਖਿਆਲ ਨਹੀਂ ਸੀ।

ਅਜ਼ਰਾ ਲਿਖਦੀ ਹੈ, "ਮੇਅਰ ਚੁਣੇ ਜਾਣ ਪਿਛੋਂ ਪਿਤਾ ਦੀ, ਪਰਿਵਾਰ ਦੀ ਚੰਗੀ ਸਾਖ ਬਣੀ, ਇਹ ਸੁਭਾਵਕ ਹੀ ਸੀ ਪਰ ਜਦੋਂ ਬਾਦਸ਼ਾਹ ਨੇ ਜੇਲ੍ਹ ਵਿਚ ਸੁਟ ਦਿਤੇ, ਇਸ ਪਿਛੋਂ ਤਾਂ ਸ਼ੁਹਰਤ ਕੁਲ ਇਰਾਨ ਵਿਚ ਫੈਲ ਗਈ। ਲੋਕਾਂ ਨੂੰ ਯਕੀਨ ਨਹੀਂ ਸੀ ਆਉਂਦਾ ਕਿ ਕੋਈ ਅਜਿਹਾ ਬੰਦਾ ਹੈ ਜੋ ਬਾਦਸ਼ਾਹ ਖਿਲਾਫ ਫੈਸਲਾ ਲੈ ਕੇ ਜੇਲ੍ਹ ਜਾਣ ਨੂੰ ਤਿਆਰ ਹੈ। ਅਬੂ ਨਾਲ ਜੇਲ੍ਹ ਵਿਚ ਮੁਲਾਕਾਤਾਂ ਕਰਨ ਵਾਲਿਆਂ ਦੇ ਮੇਲੇ ਲਗੇ ਰਹਿੰਦੇ ਸਨ।


ਸਟੇਟ ਦਾ ਸੁਭਾਅ ਹਰ ਸਮੇਂ ਇਕੋ ਜਿਹਾ ਹੁੰਦਾ ਹੈ। ਜਦੋਂ ਸ. ਸੇਵਾ ਸਿੰਘ ਠੀਕਰੀਵਾਲਾ ਨੂੰ ਮਹਾਰਾਜਾ ਭੁਪਿੰਦਰ ਸਿੰਘ ਨੇ ਕੈਬਨਿਟ ਵਿਚ ਮੰਤਰੀ ਲਿਆ ਤਦ ਸੇਵਾ ਸਿੰਘ ਨੇ ਆਪਣੇ ਪਿੰਡ ਠੀਕਰੀਵਾਲਾ ਵਿਚ ਮਹਾਰਾਜੇ ਨੂੰ ਜੋ ਡਿਨਰ ਦਿਤਾ ਉਸ ਵਾਸਤੇ ਕਰਾਕਰੀ ਇੰਗਲੈਂਡ ਤੋਂ ਖਰੀਦੀ ਗਈ ਤੇ ਉਸ ਉਪਰ ਪੇਂਟਿੰਗ ਪੈਰਿਸ ਤੋਂ ਕਰਵਾਈ ਗਈ ਸੀ। ਜਦੋਂ ਸੇਵਾ ਸਿੰਘ ਸਰਦਾਰ ਨੇ ਮਹਾਰਾਜੇ ਦੀ ਹਰੇਕ ਗਲ ਦੀ ਹਾਂ ਵਿਚ ਹਾਂ ਮਿਲਾਉਣ ਤੋਂ ਇਨਕਾਰ ਕੀਤਾ ਤਾਂ ਪੁਲਿਸ ਨੇ ਠੀਕਰੀਵਾਲਾ ਪਿੰਡ ਦੇ ਸਾਂਝੇ ਖੂਹ ਉਪਰ ਪਾਣੀ ਖਿਚਣ ਵਾਲਾ ਗੜਵਾਰਾ ਚੋਰੀ ਕਰਨ ਦਾ ਮੁਕਦਮਾ ਦਰਜ ਕਰਕੇ ਪਟਿਆਲਾ ਜੇਲ੍ਹ ਵਿਚ ਸੁਟਿਆ, ਜਿਥੇ ਉਸਦੀ ਮੌਤ ਹੋਈ।

ਪ੍ਰੋਫੈਸਰ ਨਫੀਸੀ ਦਾ ਬਾਕੀ ਲੋਕਾਂ ਵਾਂਗ ਖਿਆਲ ਸੀ ਕਿ ਇਨਕਲਾਬ ਲਈ ਜਦੋਜਹਿਦ ਖਤਮ ਹੋਈ, ਹੁਣ ਅਮਨ ਦੇ, ਸੁਖ ਦੇ ਦਿਨ ਆਉਣਗੇ। ਯੂਨੀਵਰਸਿਟੀਆਂ ਵਿਚ ਪੜ੍ਹਾਈ ਸ਼ੁਰੂ ਹੋ ਗਈ ਪਰ ਹੁਣ ਅਜੀਬ ਕਿਸਮ ਦੀ ਹਲਚਲ ਦੇਖੀ ਗਈ। ਲਿਖਤੀ ਅਤੇ ਜ਼ਬਾਨੀ ਹੁਕਮਨਾਮੇ/ ਰਹਿਤਨਾਮੇ ਜਾਰੀ ਹੋਣ ਲਗੇ। ਕੁੜੀਆਂ ਮੁੰਡਿਆਂ ਨਾਲ ਗੱਲਾਂ ਕਰਨ, ਇਹ ਮਨ੍ਹਾ ਹੋ ਗਿਆ। ਕੋਈ ਕੁੜੀ ਉਚੀ ਹਸੇਗੀ ਨਹੀਂ, ਉਚੀ ਬੋਲੇਗੀ ਨਹੀਂ ਤੇ ਜੇ ਲੇਟ ਹੋ ਗਈ ਤਾਂ ਦੌੜ ਕੇ ਕਲਾਸ ਰੂਮ ਵਿਚ ਨਹੀਂ ਜਾਏਗੀ। ਰੋਂਦਿਆਂ ਇਕ ਕੁੜੀ ਨੇ ਨਫੀਸੀ ਨੂੰ ਦਸਿਆ, ਮੈਂ ਇਸ ਕਰਕੇ ਲੇਟ ਹੋ ਗਈ ਮੈਡਮ, ਮੇਨ ਗੇਟ ਉਪਰ ਤੈਨਾਤ ਸੁਰਖਿਆ ਸਟਾਫ ਦੀਆਂ ਔਰਤਾਂ ਨੇ ਪਰਸ ਚੈਕ ਕੀਤਾ ਤਾਂ ਵਿਚੋਂ ਸੁਰਖੀ ਨਿਕਲ ਆਈ। ਉਹ ਬਜ਼ਿਦ ਸਨ ਕਿ ਤੇਰੇ ਮਾਪਿਆਂ ਨੂੰ ਬੁਲਾ ਕੇ ਇਹ ਤੇਰੀ ਕਰਤੂਤ ਦਸਣੀ ਹੈ, ਮੈਂ ਮਾਫੀਆਂ ਮੁਫੀਆਂ ਮੰਗ ਕੇ ਖਹਿੜਾ ਛੁੜਾ ਕੇ ਆਈ ਹਾਂ।

ਨਫੀਸੀ ਨੇ ਯੂਨੀਵਰਸਿਟੀ ਅਤੇ ਆਪਣੇ ਘਰ ਵਿਚ ਕੁੜੀਆਂ ਨੂੰ ਸੰਗਠਿਤ ਹੋ ਕੇ ਸੰਘਰਸ਼ ਕਰਨ ਵਾਸਤੇ ਪ੍ਰੇਰਿਤ ਕਰਨਾ ਸ਼ੁਰੂ ਕਰ ਦਿਤਾ। ਇਕ ਵਾਰ ਤਾਂ ਥਕ ਗਈ ਤੇ ਅਸਤੀਫਾ ਦੇਣ ਦੀ ਸਲਾਹ ਬਣਾਈ, ਇਕ ਕੁਲੀਗ ਨੇ ਕਿਹਾ- ਤੂੰ ਕਿਵੇਂ ਪੜ੍ਹਾਉਣਾ ਹੈ, ਕਿੰਨਾ ਚਿਰ ਪੜ੍ਹਾਉਣਾ ਹੈ, ਤੈਨੂੰ ਨੌਕਰੀ 'ਚੋਂ ਕਢਣਾ ਹੈ ਕਿ ਰਖਣਾ ਹੈ, ਜੇ ਕਢਣਾ ਹੈ ਤਾ ਕਿਵੇਂ, ਇਸ ਦਾ ਫੈਸਲਾ ਹੁਣ ਤੇਰੇ ਹਥ ਨਹੀਂ ਮੁੰਡਿਆਂ ਦੇ ਹਥ ਵਿਚ ਹੈ।

ਨੋਬੋਕੋਵ ਦਾ ਨਾਵਲ 'ਲੌਲਿਤਾ' ਦੁਨੀਆਂ ਭਰ ਵਿਚ ਚਰਚਿਤ ਰਿਹਾ ਹੈ। ਸਾਲ 1970 ਦੌਰਾਨ ਬੀ ਏ ਵਿਚ ਮੈਂ ਇਹ ਨਾਵਲ ਇਸ ਕਰਕੇ ਪੜ੍ਹਿਆ ਕਿਉਂਕਿ ਚਟਕਾਰੇਦਾਰ ਚੀਜ਼ ਸੀ। ਦੇਰ ਬਾਅਦ ਸਮਝ ਆਈ ਕਿ ਇਸ ਵਿਚਲੀ ਲਚਰਤਾ ਪਿਛੇ ਲੌਲਿਤਾ ਦੀ ਬੇਬਸੀ ਅਤੇ ਸ਼ੋਸ਼ਣ ਬਾਬਤ ਸੋਚਣ ਦੀ ਉਦੋਂ ਅਕਲ ਨਹੀਂ ਸੀ, ਇਸ ਵਿਚਲੇ ਭਾਸ਼ਾਈ ਸੁਹਜ ਦੀ ਸਮਝ ਨਹੀਂ ਸੀ। ਪ੍ਰੋਫੈਸਰ ਨਫੀਸੀ ਆਪਣੀਆਂ ਵਿਦਿਆਰਥਣਾਂ ਨੂੰ ਇਸ ਪਖ ਤੋਂ ਜਾਣੂ ਕਰਵਾਉਣ ਵਾਸਤੇ ਇਸ ਕਿਤਾਬ ਨੂੰ ਕੇਂਦਰ ਬਣਾਉਂਦੀ ਹੈ। ਦੂਜੀ ਕਿਤਾਬ ਜਿਸ ਦਾ ਨਫੀਸੀ ਦੇ ਘਰ ਪਾਠ ਕੀਤਾ ਜਾਂਦਾ ਹੈ, ਉਹ ਹੈ, ਬੁਲਬੁਲ ਹਜ਼ਾਰ ਦਾਸਤਾਨ। ਪਰ ਇਹ ਸਾਰੀ ਚਰਚਾ ਚੋਣਵੀਆਂ ਵਿਦਿਆਰਥਣਾਂ ਨਾਲ ਉਹ ਆਪਣੇ ਘਰ ਵਿਚ ਕਰਦੀ ਹੈ, ਯੂਨੀਵਰਸਿਟੀ ਵਿਚ ਨਹੀਂ। ਕਹਾਣੀ ਵਿਚਲੀ ਆਪਣੀ ਮਲਕਾ ਦੀ ਬੇਵਫਾਈ ਸਾਬਤ ਹੋਣ ਪਿਛੋਂ ਬਾਦਸ਼ਾਹ ਉਸਨੂੰ ਤਾਂ ਮੌਤ ਦੀ ਸਜ਼ਾ ਦਿੰਦਾ ਹੀ ਹੈ, ਬਾਂਦੀਆਂ ਨੂੰ ਵੀ ਇਕ ਇਕ ਕਰਕੇ ਕਤਲ ਕੀਤਾ ਜਾਂਦਾ ਹੈ, ਇਸ ਸ਼ਕ ਨਾਲ ਕਿ ਉਹ ਇਸ ਪਾਪ ਵਿਚ ਹਿੱਸੇਦਾਰ ਹਨ। ਕਹਾਣੀਆਂ ਸੁਣਾ ਸੁਣਾ ਕੇ ਕੇਵਲ ਇਕ ਕੁੜੀ ਸ਼ਹਿਰਜ਼ਾਦ ਬਚਦੀ ਹੈ। ਲੋਕਾਂ ਨੂੰ ਯਾਦ ਰਹਿ ਜਾਂਦੀ ਹੈ ਬੇਵਫਾ ਮਕਤੂਲ ਮਲਕਾ ਜਾਂ ਬਚ ਗਈ ਸ਼ਹਿਰਜ਼ਾਦ। ਵਿਚ ਵਿਚਕਾਰ ਕਤਲ ਹੋਈਆਂ ਬਾਂਦੀਆਂ, ਜਿਨ੍ਹਾਂ ਦਾ ਕੋਈ ਕਸੂਰ ਨਹੀਂ, ਵਲ ਪਾਠਕਾਂ ਦਾ ਧਿਆਨ ਨਹੀਂ ਜਾਂਦਾ। ਇਹੀ ਉਹ ਆਪਣੀਆਂ ਵਿਦਿਆਰਥਣਾਂ ਨੂੰ ਦਸਣਾ ਚਾਹੁੰਦੀ ਹੈ ਕਿ ਅਣਗਿਣਤ ਇਰਾਨੀ ਕੁੜੀਆਂ ਦੇ ਦੁਖਾਂ ਦੀ ਦਾਸਤਾਨ ਵਲ ਤਵਜੋ ਦੇਣੀ ਪਵੇਗੀ। ਨੋਬੋਕੋਵ ਦੇ ਨਾਵਲ ਲੌਲਿਤਾ, ਨਫੀਸੀ ਦੀਆਂ ਕਿਤਾਬਾਂ ਅਤੇ ਹਜ਼ਾਰ ਦਾਸਤਾਨ ਕਿਤਾਬਾਂ ਪੜ੍ਹਨ ਉਪਰ ਉਥੇ ਪਾਬੰਦੀ ਲੱਗੀ ਹੋਈ ਹੈ।

ਨਫੀਸੀ ਸੋਚਦੀ ਹੈ, "ਨੌਕਰੀਓਂ ਮੁਕਤ ਹੋਣ ਬਾਦ ਜਿਹੜੀ ਸੁੰਨ ਵਰਤੀ ਜਾਂ ਤਾਂ ਮੈਂ ਉਸ ਕਾਰਨ ਖੁਦਕੁਸ਼ੀ ਕਰਦੀ ਜਾਂ ਫਿਰ ਆਪਣੀ ਵਾਇਲਨ ਲੈ ਕੇ ਦਿਨ ਰਾਤ ਸੁਰ ਲਹਿਰਾਂ ਵਿਚ ਮਸਤ ਹੋ ਜਾਂਦੀ।



ਆਇਤੁਲਾ ਖੁਮੀਨੀ

ਮੈਂ ਦੂਜਾ ਰਸਤਾ ਚੁਣਿਆ। ਸਾਹਿਤ ਮੇਰੀ ਵਾਇਲਨ, ਮੇਰੀਆਂ ਵਿਦਿਆਰਥਣਾਂ ਉਸਦੀਆਂ ਸੁਰਾਂ।

ਰਾਜ ਪਲਟੇ ਤੋਂ ਬਾਦ ਕੁੜੀਆਂ ਲਈ ਵਿਆਹ ਦੀ ਉਮਰ 18 ਸਾਲ ਤੋਂ ਘਟਾ ਕੇ ਜਦੋਂ 9 ਸਾਲ ਕਰ ਦਿਤੀ ਗਈ ਤੇ ਨਾਜਾਇਜ਼ ਕਾਮ ਸਬੰਧਾਂ ਦੀ ਸਜ਼ਾ ਪਥਰ ਮਾਰ ਕੇ ਮਾਰਨਾ ਕੀਤੀ ਗਈ ਤਾਂ ਇਸ ਵਿਰੁਧ ਤੂਫਾਨ ਖੜ੍ਹਾ ਹੋ ਗਿਆ, ਕਾਨੂੰਨ ਵਾਪਸ ਲੈਣਾ ਪਿਆ।

ਕੁੜੀਆਂ ਦੀ ਕਲਾਸ ਵਿਚ ਇਕ ਮੈਡਮ ਨੇ ਬਲੈਕਬੋਰਡ ਵਿਚਕਾਰ ਉਪਰੋਂ ਹੇਠਾਂ ਲਕੀਰ ਵਾਹ ਦਿਤੀ। ਖਬੇ ਪਾਸੇ ਲਿਖ ਦਿਤਾ ਈਸਾਈ ਕੁੜੀ, ਸੱਜੇ ਮੁਸਲਮਾਨ ਕੁੜੀ, ਦਸਣਾ ਸ਼ੁਰੂ ਕੀਤਾ, ਈਸਾਈ ਕੁੜੀ ਵਿਆਹ ਤੋਂ ਪਹਿਲਾਂ ਕੁਆਰੀ ਨਹੀਂ ਰਹਿੰਦੀ। ਮੁਸਲਮਾਨ ਕੁੜੀ ਕੁਆਰੀ ਰਹਿੰਦੀ ਹੈ। ਦੂਜਾ ਵਾਕ ਵਿਆਹ ਤੋਂ ਬਾਦ ਵੀ ਈਸਾਈ ਕੁੜੀ ਸਜੇ ਖਬੇ ਮੂੰਹ ਮਾਰਨੋਂ ਨਹੀਂ ਹਟਦੀ, ਮੁਸਲਮਾਨ ਕੁੜੀ ਸਾਰੀ ਉਮਰ ਆਪਣੇ ਖਾਵੰਦ ਨਾਲ ਰਹਿੰਦੀ ਹੈ। ਇਵੇਂ ਹੀ ਕਪੜੇ ਪਹਿਨਣੇ, ਸੈਰ ਸਪਾਟਾ, ਸੁਰਖੀ ਬਿੰਦੀ ਆਦਿਕ ਫੈਸ਼ਨ ਦੀ ਤੁਲਨਾ ਕੀਤੀ। ਕੁੜੀਆਂ ਉਚੀ ਉਚੀ ਹਸਣ ਲਗ ਪਈਆਂ। ਮੈਡਮ ਨੇ ਕਾਰਨ ਪੁਛਿਆ ਤਾਂ ਇਕ ਹੌਂਸਲਾ ਕਰਕੇ ਬੋਲੀ ਮੈਡਮ ਤੁਸੀਂ ਆਪਣੇ ਵਲੋਂ ਤਾਂ ਇਸਲਾਮ ਦੀਆਂ ਖੂਬੀਆਂ ਦਾ ਜ਼ਿਕਰ ਕਰ ਰਹੇ ਹੋ, ਕੁੜੀਆਂ ਇਸ ਕਰਕੇ ਹਸੀ ਜਾਂਦੀਆਂ ਨੇ ਕਿ ਤੁਹਾਡੀ ਵਿਆਖਿਆ ਨਾਲ ਉਨ੍ਹਾਂ ਦਾ ਈਸਾਈ ਬਣਨ ਨੂੰ ਜੀ ਕਰਨ ਲਗ ਪਿਐ। ਬੰਦ ਕਰੋ ਭਾਸ਼ਣ।

ਸਵਿਟਜ਼ਰਲੈਂਡ ਦੇ ਸਕੂਲ ਵਿਚ ਪੜ੍ਹਦੀ ਨਫੀਸੀ ਨੂੰ ਅਧਿਆਪਕ ਨੇ ਕਲਾਸ ਤੋਂ ਬਾਹਰ ਬੁਲਾ ਕੇ ਦਸਿਆ, ਤੇਰੇ ਪਿਤਾ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ ਹੈ। "ਮੈਂ ਆਪਣੇ ਪਿਤਾ ਨੂੰ ਮਿਲਣ ਤਹਿਰਾਨ ਗਈ। ਏਅਰਪੋਰਟ ਉਪਰ ਅਹਿਸਾਸ ਹੋਇਆ ਕਿ ਪਾਪਾ ਜੇਲ੍ਹ ਵਿਚ ਹਨ ਕਿਉਂਕਿ ਪਹਿਲੀ ਵਾਰ ਮੈਨੂੰ ਲੈਣ ਉਹ ਹਵਾਈ ਅਡੇ ਉਪਰ ਨਹੀਂ ਆਏ। ਕਦੀ ਖਬਰ ਮਿਲਦੀ ਉਨ੍ਹਾਂ ਨੂੰ ਜਲਦੀ ਗੋਲੀ ਮਾਰ ਦਿਤੀ ਜਾਵੇਗੀ, ਕਦੀ ਕੋਈ ਆਖਦਾ, ਬਸ ਰਿਹਾ ਹੋਣ ਵਾਲੇ ਹਨ। ਅਜੇ ਤਿੰਨ ਹਫਤੇ ਪਹਿਲਾਂ ਪੈਰਿਸ ਮੈਚ ਅਖਬਾਰ ਵਿਚ ਛਪੀ ਉਨ੍ਹਾਂ ਦੀ ਵਡੀ ਰੰਗੀਨ ਫੋਟੋ ਦੇਖੀ ਸੀ। ਉਨ੍ਹਾਂ ਨਾਲ ਜਰਨੈਲ ਡੀ ਗਾਲ ਖਲੋਤੇ ਸਨ। ਡੀ ਗਾਲ ਜਦੋਂ ਤਹਿਰਾਨ ਆਇਆ ਸੀ ਤਾਂ ਅੱਬਾ ਨੇ ਫਰਾਂਸੀਸੀ ਜ਼ਬਾਨ ਵਿਚ ਸਵਾਗਤੀ ਭਾਸ਼ਣ ਦਿਤਾ ਸੀ ਜਿਸ ਵਿਚ ਵਿਕਟਰ ਹਿਊਗੋ ਸਮੇਤ ਅਨੇਕ ਫਰੈਂਚ ਚਿੰਤਕਾਂ ਦੇ ਹਵਾਲੇ ਦਿਤੇ ਸਨ। ਡੀਗਾਲ ਨੇ ਉਨ੍ਹਾਂ ਨੂੰ ਫਰਾਂਸ ਦਾ ਸਰਬੋਤਮ ਸਨਮਾਨ 'ਲੀਅਨ ਆਫ ਆਨਰ' ਦੇਣ ਦਾ ਫੈਸਲਾ ਕੀਤਾ। ਪਿਛੋਂ ਜਾ ਕੇ ਜਦੋਂ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ, ਬਾਕੀ ਇਲਜ਼ਾਮ ਸਾਬਤ ਨਹੀਂ ਹੋਏ, ਅਦਾਲਤ ਨੇ ਕੇਵਲ ਇਕ ਦੋਸ਼ ਸਹੀ ਮੰਨਿਆ, ਉਹ ਸੀ, ਵਡਿਆਂ ਦਾ ਆਖਾ ਨਹੀਂ ਮੰਨਦਾ। ਧੀ ਲਿਖਦੀ ਹੈ ਇਹ ਦੋਸ਼ ਸਹੀ ਸੀ। ਇਸ ਦੋਸ਼ ਦੀ ਸਜ਼ਾ ਦਾ ਨਾ ਪਾਪਾ ਨੂੰ, ਨਾ ਸਾਡੇ ਵਿਚੋਂ ਕਿਸੇ ਹੋਰ ਪਰਿਵਾਰਕ ਮੈਂਬਰ ਨੂੰ ਅਫਸੋਸ ਹੋਇਆ।

ਨਫੀਸੀ ਦੇ ਗੁਆਂਢ ਵਿਚ ਇਕ ਮੁੰਡਾ ਰਹਿੰਦਾ ਸੀ, ਪੂਰਾ ਅਯਾਸ਼। ਏਨੀ ਦੌਲਤ ਉਸ ਕੋਲ ਕਿਥੋਂ ਆਈ ਪਤਾ ਨਹੀਂ। ਕਦੀ ਕਦਾਈਂ ਸੁਣਦੇ, ਸਮਗਲਰ ਹੈ। ਉਸਦੇ ਘਰ ਵਿਚ ਇਕ ਦਿਨ ਹਥਿਆਰਬੰਦ ਮੁੰਡੇ (ਚੇਤੇ ਰਹੇ ਕਿ ਇਹ ਹਥਿਆਰਬੰਦ ਮੁੰਡੇ ਪੁਲੀਸ ਪਾਰਟੀ ਦੇ ਨਹੀਂ ਹੁੰਦੇ ਸਨ, ਆਪੇ ਬਣੇ ਇਸਲਾਮੀ ਸਕੁਐਡ ਸਨ) ਉਸਨੂੰ ਗ੍ਰਿਫਤਾਰ ਕਰਨ ਆ ਕੁਦੇ ਤਾਂ ਉਹ ਕੰਧ ਟਪ ਕੇ ਨਫੀਸੀ ਦੇ ਲਾਅਨ ਵਿਚ ਜਾ ਲੁਕਿਆ। ਇਹ ਮੁੰਡੇ ਨਫੀਸੀ ਦੇ ਘਰ ਆ ਗਏ ਤਾਂ ਉਹ ਡਰ ਗਈ, ਇਸ ਕਰਕੇ ਨਹੀਂ ਕਿ ਕਿਸੇ ਗ੍ਰਿਫਤਾਰੀ, ਸਜ਼ਾ ਆਦਿਕ ਦਾ ਡਰ ਸੀ, ਛੁਪੇ ਦੁਸ਼ਮਣ ਨੂੰ ਗ੍ਰਿਫਤਾਰ ਕਰਨ ਜਾਂ ਮਾਰਨ ਵਾਸਤੇ ਜਦੋਂ ਉਹ ਛਤ ਉਪਰ ਚੜ੍ਹੇ, ਡਰ ਇਸ ਗੱਲ ਦਾ ਸੀ ਕਿ ਉਹ ਡਿਸ਼ ਐਂਟਿਨਾ ਦੇਖ ਲੈਣਗੇ ਕਿਉਂਕਿ ਡਿਸ਼ ਲਾਉਣੀ ਅਪਰਾਧ ਸੀ। ਪਰ ਉਹ ਆਪਣੇ ਸ਼ਿਕਾਰ ਦਾ ਪਿਛਾ ਏਨੇ ਇਕਾਗਰ ਚਿਤ ਹੋਕੇ ਕਰ ਰਹੇ ਹਨ ਕਿ ਇਕ ਮੁੰਡੇ ਨੇ ਡਿਸ਼ ਪਿਛੇ ਆਪਣੇ ਬਚਾਉ ਲਈ ਪੁਜ਼ੀਸ਼ਨ ਤਾਂ ਲੈ ਲਈ ਪਰ ਉਹ ਭੁਲ ਗਿਆ ਕਿ ਇਕ ਗੈਰਕਾਨੂੰਨੀ ਵਸਤੂ ਵੀ ਦੇਖੀ ਹੈ। ਕੁਝ ਫਾਇਰਾਂ ਪਿਛੋਂ ਛੁਪਿਆ ਮੁੰਡਾ ਫੜ ਲਿਆ ਗਿਆ। ਲਿਜਾਂਦਿਆਂ ਹੋਇਆਂ ਮੁੰਡਿਆਂ ਨੇ ਦਸਿਆ ਇਹ ਵਡਾ ਸਮਗਲਰ ਹੈ। ਕਈ ਕਤਲ ਤਾਂ ਪੈਰਿਸ ਸ਼ਹਿਰ ਵਿਚ ਕਰ ਚੁਕਿਆ ਹੈ। ਕੁਝ ਦਿਨਾਂ ਬਾਦ ਮੁੰਡਾ ਸਹੀ ਸਲਾਮਤ ਘਰ ਵਾਪਸ ਆ ਗਿਆ, ਇਕ ਦਿਨ ਨਫੀਸੀ ਦੇ ਘਰ ਆ ਕੇ ਕਹਿਣ ਲੱਗਾ, ਬੀਬੀ ਤੁਸੀਂ ਸਰਕਾਰ ਕੋਲ ਸ਼ਿਕਾਇਤ ਕਰੋ ਕਿ ਮੁਸ਼ਟੰਡੇ ਜਬਰਨ ਤੁਹਾਡੇ ਘਰ ਦਾਖਲ ਹੋਏ ਸਨ ਤੇ ਫਾਇਰਿੰਗ ਕੀਤੀ ਸੀ। ਨਫੀਸੀ ਨੇ ਸ਼ਿਕਾਇਤ ਕਰਨੀ ਹੀ ਨਹੀਂ ਸੀ। ਸਾਫ ਹੈ, ਸੌਦਾ ਹੋ ਗਿਆ। ਮੁੰਡਾ ਫੇਰ ਉਸੇ ਠਾਠ ਬਾਠ ਨਾਲ ਰਹਿਣ ਲੱਗਾ।

ਸਨਾਜ਼ ਤੇ ਉਹਦੀਆਂ ਸਹੇਲੀਆਂ ਕੈਸਪੀਅਨ ਸਾਗਰ ਕੰਢੇ ਛੁਟੀ ਮਨਾਉਣ ਗਈਆਂ। ਸਾਰੀਆਂ ਸਹੀ ਇਸਲਾਮਿਕ ਲਿਬਾਸ ਵਿਚ, ਜ਼ਾਬਤੇ ਵਿਚ। ਇਕ ਸਹੇਲੀ ਦਾ ਮੰਗੇਤਰ ਬੀਚ ਕਿਨਾਰੇ ਰਹਿੰਦਾ ਸੀ, ਫੈਸਲਾ ਹੋਇਆ ਚਾਹ ਉਸਦੇ ਘਰ ਪੀਣੀ ਹੈ। ਸਭ ਪਰਿਵਾਰਕ ਮੈਂਬਰ ਬੈਠੇ ਸਨ ਤਾਂ ਵਿਹੜੇ ਦੀ ਕੰਧ ਉਪਰੋਂ ਕੁਦ ਕੇ ਇਸਲਾਮਿਕ ਸਕੁਐਡ ਦੇ ਹਥਿਆਰਬੰਦ ਮੁੰਡੇ ਅੰਦਰ ਆਏ। ਤਲਾਸ਼ੀਆਂ ਲਈਆਂ ਗਈਆਂ। ਨਾ ਨਸ਼ਾ ਮਿਲਿਆ, ਨਾ ਇਤਰਾਜ਼ਯੋਗ ਕੋਈ ਸੀ ਡੀ, ਨਾ ਕੁਝ ਹੋਰ। ਪਰ ਕਿਉਂਕਿ ਮੁੰਡਿਆਂ ਕੋਲ ਤਲਾਸ਼ੀ ਵਰੰਟ ਸੀ, ਉਨ੍ਹਾਂ ਆਪਣਾ ਰੇਡ ਵਿਅਰਥ ਨਹੀਂ ਗੁਆਉਣਾ ਸੀ। ਜੇਲ੍ਹ ਵਿਚ ਲੈ ਗਏ। ਉਥੇ 48 ਘੰਟੇ ਉਸ ਕਮਰੇ ਵਿਚ ਰਖੀਆਂ ਜਿਥੇ ਨਸ਼ੇੜੀ ਜਨਾਨੀਆਂ ਤੇ ਵੇਸਵਾਵਾਂ ਬੰਦ ਸਨ। ਫਿਰ ਮੈਡੀਕਲ ਅਫਸਰ ਕੋਲ ਭੇਜੀਆਂ ਗਈਆਂ ਕਿ ਕੁਆਰਟੈਸਟ ਕਰੋ, ਲੇਡੀ ਡਾਕਟਰ ਨਾਲ ਮੈਡੀਕਲ ਕਾਲਜ ਦੀਆਂ ਵਿਦਿਆਰਥਣਾਂ ਵੀ ਸਨ ਜਿਨ੍ਹਾਂ ਇਹ ਕੰਮ ਸਿਖਣਾ ਸੀ। ਡਾਕਟਰ ਨੇ ਕਿਹਾ ਕੁੜੀਆਂ ਠੀਕ ਨੇ। ਮੁੰਡੇ ਕਿਥੇ ਮੰਨਣ ਵਾਲੇ ਸਨ? ਇਹ ਸੋਚ ਕੇ ਕਿ ਰਿਆਇਤ ਕੀਤੀ ਗਈ ਹੈ, ਪ੍ਰਾਈਵੇਟ ਕਲਿਨਿਕ ਲੈ ਗਏ। ਉਥੇ ਵੀ ਰਿਪੋਰਟ ਸਹੀ ਮਿਲੀ। ਫਿਰ ਕਿਹਾ, ਬਿਨਾਂ ਦਸੇ ਘਰੋਂ ਕਿਉਂ ਆਈਆਂ? ਕੁੜੀਆਂ ਨੇ ਕਿਹਾ ਦਸ ਕੇ ਆਈਆਂ ਹਾਂ, ਸਾਡੇ ਮਾਪਿਆਂ ਨੂੰ ਬੁਲਾਉ ਤਾਂ ਸਹੀ। ਪਚੀ ਪਚੀ ਕੋੜਿਆਂ ਦੀ ਸਜ਼ਾ ਦਿਤੀ ਗਈ। ਲਭਦੇ ਲਭਦੇ ਜਦੋਂ ਮਾਪੇ ਕੁੜੀਆਂ ਤਕ ਪੁਜੇ, ਉਹ ਅਧਮਰੀਆਂ ਹੋਈਆਂ ਪਈਆਂ ਸਨ।


ਇਰਾਨੀ ਮੁੰਡਿਆਂ ਦੀਆਂ ਇਹ ਕਾਰਵਾਈਆਂ ਪੜ੍ਹ ਕੇ ਮੈਨੂੰ ਗੁੱਸਾ ਆਉਣ ਲੱਗਾ ਪਰ ਜਲਦੀ ਮੇਰਾ ਦਿਮਾਗ ਠੀਕ ਵੀ ਹੋ ਗਿਆ ਜਦੋਂ ਯਾਦ ਆਇਆ ਕਿ ਇਰਾਨ ਵਿਚ ਇਨਕਲਾਬ ਆਉਣ ਬਾਦ ਅਜਿਹੇ ਹੁਕਮ ਜਾਰੀ ਹੋਏ, ਪੰਜਾਬ ਵਿਚ ਤਾਂ ਖਾਲਿਸਤਾਨ ਬਣਨ ਤੋਂ ਪਹਿਲਾਂ ਹੀ ਖਾਲਸਈ ਕੋਡ ਆਫ ਕੰਡਕਟ ਲਾਗੂ ਹੋ ਗਏ ਸਨ। ਇਕ ਪ੍ਰੋਫੈਸਰ ਨੇ ਮੈਨੂੰ ਪੁਛਿਆ, "ਹੁਕਮ ਆਇਐ ਕਿ ਦਾਹੜੇ ਖੋਲ੍ਹ ਦਿਉ ਨਹੀਂ ਤਾਂ ਗੋਲੀ ਦਾਗ ਦਿਤੀ ਜਾਏਗੀ। ਕੀ ਕਰਾਂ?" ਮੈਂ ਕਿਹਾ ਏ ਕੇ ਸੰਤਾਲੀ ਦੀ ਗੋਲੀ ਜੇ ਜ਼ਿਆਦਾ ਮਿਠੀ ਐ ਤਾਂ ਖਾ ਲੈ। ਉਸਨੂੰ ਤਾਂ ਮੈਂ ਇਹ ਗੱਲ ਆਖ ਦਿਤੀ, ਮੈਂ ਜਿਹੜਾ ਪਹਿਲੋਂ ਹੀ ਦਾਹੜੀ ਖੁਲ੍ਹੀ ਰਖਣ ਦਾ ਆਦੀ ਸਾਂ, ਮੇਰਾ ਦਿਲ ਕੀਤਾ ਸੀ ਕਿ ਦਾਹੜੀ ਬੰਨ੍ਹ ਕੇ ਇਨ੍ਹਾਂ ਯੋਧਿਆਂ ਹਥੋਂ ਮਰਨਾ ਵਧੀਕ ਚੰਗਾ ਰਹੇ।

ਦਿਨ ਰਾਤ ਪਰਚਾਰ ਹੋਣ ਲੱਗਾ, ਵਿਸਕੀ ਬੰਦ, ਆਪਣੇ ਬੰਦ ਘਰਾਂ ਅੰਦਰ ਵੀ। ਨਾ ਨਚਣਾ ਹੈ ਨਾ ਕੁੜੀਆਂ ਨੇ ਖੇਡਣਾ ਹੈ, ਪੱਛਮ ਦਾ ਬਾਸੀ ਲੱਚਰ ਸੰਗੀਤ ਮਨ੍ਹਾ ਹੈ, ਕੇਵਲ ਲੋਕ ਸੰਗੀਤ ਜਾਂ ਇਨਕਲਾਬੀ ਗੀਤ। ਗੁਤਾਂ ਕਰਕੇ ਰਖੋ ਤੇ ਜਿੰਨਾ ਕੁ ਸੰਭਵ ਹੋਵੇ ਕੁੜੀਆਂ ਪੜ੍ਹਨ ਲਿਖਣ ਦੀ ਬੁਰਜੂਆ ਰੁਚੀ ਤਿਆਗ ਦੇਣ। ਇਕ ਦਿਨ ਨਫੀਸੀ ਆਪਣੇ ਖਾਵੰਦ ਨਾਲ ਯੂਨੀਵਰਸਿਟੀ ਜਾ ਰਹੀ ਸੀ। ਗੇਟ ਅਗੇ ਭੀੜ ਸੀ ਤੇ ਜਮ ਕੇ ਲੜਾਈ ਹੋ ਰਹੀ ਸੀ। ਪਤਾ ਲੱਗਾ ਕਿ ਨੇਤਾ ਤਿਲਗਾਨੀ ਮਰ ਗਿਆ ਹੈ। ਉਸ ਦੀ ਲਾਸ਼ ਲਿਜਾਣ ਪਿਛੇ ਇਕ ਪਾਸੇ ਹਿਜ਼ਬੁਲਾ ਪਾਰਟੀ ਦੇ ਮੈਂਬਰ ਆਪਣਾ ਹਕ ਜਤਾ ਰਹੇ ਸਨ, ਦੂਜੇ ਪਾਸੇ ਮੁਜਾਹਿਦੀਨ। ਮੁਜਾਹਿਦੀਨ ਦਾ ਦਾਅਵਾ ਸੀ ਕਿ ਉਹ ਧਰਮੀ ਨੇਤਾ ਦੇ ਵਾਰਸ ਹਨ ਪਰ ਹਿਜ਼ਬੁਲਾ ਪਾਰਟੀ, ਜੋ ਰਬ ਦਾ ਕਾਨੂੰਨ ਧਰਤੀ ਉਪਰ ਇਨ ਬਿਨ ਲਾਗੂ ਕਰਨ ਵਾਸਤੇ ਵਚਨਬਧ ਹੈ, ਉਹ ਖਿਚ ਧੂਹ ਕਰ ਰਹੇ ਸਨ। ਆਮ ਲੋਕ ਆਪਣੇ ਸਿਰ ਅਤੇ ਛਾਤੀਆਂ ਪਿਟ ਰਹੇ ਚੀਕ ਰਹੇ ਸਨ ਅਜ ਦੁਖਦਾਈ ਦਿਨ ਹੈ, ਅਜ ਤਿਲਗਾਨੀ ਬਹਿਸ਼ਤ ਵਿਚ ਚਲਾ ਗਿਆ ਹੈ।

ਇਸਲਾਮਿਕ ਸਟੇਟ ਨੇ ਕਿੰਨੇ ਲਖ ਬੰਦੇ ਸ਼ਾਹ ਦੇ ਮੁਰੀਦ ਆਖ ਕੇ ਮਾਰੇ, ਕੋਈ ਗਿਣਤੀ ਨਹੀਂ ਕਿਉਂਕਿ ਪ੍ਰੈਸ ਉਪਰ ਸਖਤ ਸੈਂਸਰ ਸੀ। ਆਇਤੁੱਲਾ ਖੁਮੀਨੀ ਦਾ ਬਿਆਨ ਆਇਆ, ਅਸੀਂ ਰੂਲਿੰਗ ਪਾਰਟੀ ਨੂੰ ਛਡ ਕੇ ਬਾਕੀ ਸਭ ਸਿਆਸੀ ਪਾਰਟੀਆਂ ਉਪਰ ਪਾਬੰਦੀ ਲਾ ਦਿਤੀ ਹੈ...ਗਲਤੀਆਂ ਕਿਸ ਤੋਂ ਨੀ ਹੁੰਦੀਆਂ? ਅਸੀਂ ਸਮਝਦੇ ਰਹੇ ਸਾਡਾ ਵਾਹ ਬੰਦਿਆਂ ਨਾਲ ਪਵੇਗਾ। ਪਰ ਇਹ ਸਾਡੀ ਗਲਤੀ ਸੀ। ਸਾਨੂੰ ਤਾਂ ਜੰਗਲੀ ਜਾਨਵਰਾਂ ਨਾਲ ਸਿਝਣਾ ਪੈ ਰਿਹਾ ਹੈ। ਅਸੀਂ ਕਿਸੇ ਸੂਰਤ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕਰਾਂਗੇ।

ਨਫੀਸੀ ਨੇ ਆਪਣੀ ਕਲਾਸ ਵਿਚ ਜਰਮਨ ਚਿੰਤਕ ਥਿਓਡੋਰ ਅਡੋਰਨੋ ਦਾ ਇਹ ਵਾਕ ਵਿਦਿਆਰਥੀਆਂ ਨੂੰ ਨੋਟ ਕਰਵਾਇਆ ਸਰਬੋਤਮ ਸਦਾਚਾਰ ਉਹ ਹੁੰਦਾ ਹੈ ਜਿਹੜਾ ਤੁਹਾਨੂੰ ਆਪਣੇ ਘਰ ਵਿਚ ਵੀ ਬੇਚੈਨ ਰਖੇ।

ਐਮਨੈਸਟੀ ਇੰਟਰਨੈਸ਼ਨਲ ਦੇ ਜੁਲਾਈ 1982, ਜਿਲਦ XII BzH 7 ਤੋਂ ਇਹ ਸੂਚਨਾ ਪ੍ਰਾਪਤ ਹੋਈ: ਨਾਮ ਉਮੀਦ ਗਰੀਬ; ਗ੍ਰਿਫਤਾਰੀ 9.6.1980; ਗ੍ਰਿਫਤਾਰੀ ਦਾ ਥਾਂ ਤਹਿਰਾਨ; ਕੈਦ ਕਜ਼ਰ ਜੇਲ੍ਹ ਤਹਿਰਾਨ; ਦੋਸ਼ ਪਛਮੀ ਆਦਤਾਂ, ਪਛਮੀ ਕਲਚਰ ਵਿਚ ਜੰਮਿਆਂ ਪਲਿਆ, ਪੜ੍ਹਨ ਲਈ ਦੇਰ ਤਕ ਪਛਮ ਵਿਚ ਰਿਹਾ, ਸਿਗਰਟ ਪਛਮੀ ਪੀਂਦਾ ਹੈ, ਖਬੀਆਂ ਰੁਚੀਆਂ ਵੀ ਦੇਖੀਆਂ ਗਈਆਂ; ਕੈਦ ਪਹਿਲੋਂ ਤਿੰਨ ਸਾਲ ਫੇਰ ਮੌਤ, ਮੁਕਦਮੇ ਦਾ ਵੇਰਵਾ: ਦੋਸ਼ੀ ਤੇ ਬੰਦ ਕਮਰਾ ਜੇਲ੍ਹ ਵਿਚ ਮੁਕਦਮੇ ਦੀ ਸੁਣਵਾਈ ਹੋਈ। ਉਸਨੇ ਇਕ ਦੋਸਤ ਨੂੰ ਫਰਾਂਸ ਦੇ ਸਿਰਨਾਵੇਂ ਤੇ ਖ਼ਤ ਲਿਖਿਆ ਜਿਸ ਤੋਂ ਅਧਿਕਾਰੀਆਂ ਨੂੰ ਉਸ ਬਾਰੇ ਸੂਚਨਾ ਮਿਲੀ; ਸਾਲ 1980 ਵਿਚ ਤਿੰਨ ਸਾਲ ਦੀ ਸਜ਼ਾ ਸੁਣਾਈ। ਉਮੀਦ ਗਰੀਬ ਜਦੋਂ ਆਪਣੀ ਸਜ਼ਾ ਭੁਗਤ ਰਿਹਾ ਸੀ 2 ਫਰਵਰੀ 82, ਮਾਪਿਆਂ ਨੂੰ ਖਬਰ ਮਿਲੀ ਕਿ ਉਸਨੂੰ ਫਾਹੇ ਲਾ ਦਿਤਾ। ਫਾਂਸੀ ਦੇ



ਕਾਰਨਾਂ ਦਾ ਪਤਾ ਨਹੀਂ ਲੱਗਾ।

ਜਦੋਂ ਅੰਤਰਾਸ਼ਟਰੀ ਮਨੁਖੀ ਅਧਿਕਾਰ ਸੰਗਠਨਾਂ ਨੇ ਇਨ੍ਹਾਂ ਜ਼ੁਲਮਾਂ ਵਿਰੁਧ ਆਵਾਜ਼ ਉਠਾਈ ਤਾ ਖੁਮੀਨੀ ਦਾ ਬਿਆਨ ਆਇਆ, ਅਪਰਾਧੀਆਂ ਉਪਰ ਮੁਕਦਮਾ ਚਲਾਉਣ ਦੀ ਲੋੜ ਨਹੀਂ। ਗੁਨਾਹਗਾਰ ਉਪਰ ਮੁਕਦਮਾ ਚਲਾਇਆ ਜਾਣਾ ਮਨੁਖੀ ਅਧਿਕਾਰਾਂ ਦੀ ਉਲੰਘਣਾ ਹੈ। ਮਨੁਖੀ ਅਧਿਕਾਰਾਂ ਦੀ ਰਾਖੀ ਲਈ ਲੋੜ ਹੈ ਕਿ ਅਪਰਾਧੀ ਨੂੰ ਫੜਨ ਸਾਰ ਮਾਰ ਦਿਤਾ ਜਾਵੇ। ਲੋਕ ਸਾਨੂੰ ਨਿੰਦ ਰਹੇ ਹਨ ਕਿਉਂਕਿ ਅਸੀਂ ਦਰਿੰਦਿਆਂ ਨੂੰ ਮਾਰ ਰਹੇ ਹਾਂ।

ਮੌਲਵੀਆਂ ਨੇ ਔਰਤਾਂ ਦੇ ਅਧਿਕਾਰ ਨੂੰ ਇਕ ਤੋਂ ਬਾਦ ਇਕ ਝਟਕਾ ਦਿਤਾ। ਬੁਰਕੇ ਵਕਤ ਬੜੀ ਦਿੱਕਤ ਆਈ। ਜਬਰਨ ਬੁਰਕਾ ਪਹਿਨਣ ਵਿਰੁਧ ਔਰਤਾਂ ਨੇ ਕਈ ਵਾਰ ਤਾਂ ਹਥਿਆਰਬੰਦ ਵਿਰੋਧ ਕੀਤੇ। ਰਜ਼ਾ ਸ਼ਾਹ ਪਹਿਲਵੀ ਨੇ 1936 ਵਿਚ ਕਾਨੂੰਨ ਬਣਾਇਆ ਸੀ ਕਿ ਬੁਰਕਾ ਪਹਿਨਣਾ ਜਾਂ ਨਾ ਪਹਿਨਣਾ ਔਰਤ ਦਾ ਨਿਜੀ ਮਸਲਾ ਹੈ, ਇਸ ਵਿਚ ਦਖਲਅੰਦਾਜ਼ੀ ਉਪਰ ਪਾਬੰਦੀ ਹੈ। ਪਰ ਮੌਲਵੀ ਬੇਚੈਨ ਸਨ। ਜਦੋਂ ਤਕ ਬੁਰਕਾ ਲਾਜ਼ਮੀ ਨਹੀਂ ਕੀਤਾ ਜਾਂਦਾ, ਉਦੋਂ ਤਕ ਕਿਵੇਂ ਮੰਨਿਆ ਜਾਏਗਾ ਕਿ ਸ਼ਾਹ ਨਹੀਂ ਰਿਹਾ, ਕਿ ਇਹ ਇਸਲਾਮਿਕ ਗਣਰਾਜ ਹੈ? ਨਫੀਸੀ ਨੇ ਥਾਂ ਥਾਂ ਭਾਸ਼ਣ ਦਿਤੇ ਕਿ ਮੇਰੀ ਦਾਦੀ ਤੇ ਨਾਨੀ ਮਰਨ ਤਕ ਬੁਰਕਾ ਪਹਿਨਦੀਆਂ ਰਹੀਆਂ ਹਾਲਾਂ ਕਿ ਮੇਰੀ ਮਾਂ ਨੇ ਛਡ ਦਿਤਾ ਸੀ। ਹੁਣ ਤਕ ਬਥੇਰੀਆਂ ਔਰਤਾਂ ਖੁਸ਼ੀ ਖੁਸ਼ੀ ਬੁਰਕਾ ਪਹਿਨਦੀਆਂ ਹਨ ਪਰ ਜਬਰਨ ਬੁਰਕੇ ਵਾਲੇ ਕਾਨੂੰਨ ਖਿਲਾਫ ਅੰਦੋਲਨ ਕਰਾਂਗੇ।

ਕਾਫੀ ਹਾਊਸ ਵਿਚ ਨਫੀਸੀ ਨੇ ਦੇਖਿਆ, ਉਸਦਾ ਇਕ ਕਮਿਊਨਿਸਟ ਵਿਦਿਆਰਥੀ ਜੋਸ਼ ਨਾਲ ਇਕ ਮੇਜ਼ ਨੇੜੇ ਖਲੋਤਾ ਕੋਕ ਪੀਂਦਾ ਆਖ ਰਿਹਾ ਸੀ ਦੁਸ਼ਮਣ ਦੋ ਤਰ੍ਹਾਂ ਦਾ ਹੁੰਦੈ। ਇਕ ਉਹ ਜੋ ਸਾਹਮਣੇ ਐਲਾਨੀਆਂ ਦਿਸਦਾ ਹੈ। ਇਕ ਉਹ ਜੋ ਤੁਹਾਡੇ ਵਿਚ ਬੈਠਾ ਹੈ, ਲਗਦਾ ਦੋਸਤ ਹੈ ਪਰ ਹੈ ਦੁਸ਼ਮਣ। ਦੋਵੇਂ ਇਕੋ ਤਰੀਕੇ ਮਾਰਨੇ ਚਾਹੀਦੇ ਨੇ। ਕੀ ਸਟਾਲਿਨ ਨੇ ਤਾਸਕੀ ਦੇ ਚੇਲੇ, ਵਾਈਟ ਗਾਰਡ, ਸਿਉਂਕ ਤੇ ਚੂਹੇ ਮਾਰੇ ਨਹੀਂ ਸਨ?

ਖੁਮੀਨੀ ਨੂੰ ਜਦੋਂ ਦਸਿਆ ਗਿਆ ਕਿ ਫਲਾਣੀ ਯੂਨੀਵਰਸਿਟੀ ਵਿਚ ਕਾਮਰੇਡਾਂ ਦਾ ਬੜਾ ਦਬਦਬਾ ਹੈ, ਉਸਨੇ ਮੁਸਲਮਾਨ ਵਿਦਿਆਰਥੀਆਂ ਨੂੰ ਕਿਹਾ, ਮੁਠੀ ਭਰ ਕਾਮਰੇਡ ਦਾਨਿਸ਼ਗਾਹ ਤੇ ਕਾਬਜ਼, ਤੁਸੀਂ ਹਥ ਤੇ ਹਥ ਧਰੀ ਬੈਠੇ ਓ? ਉਨ੍ਹਾਂ ਖਿਲਾਫ ਦਲੀਲਾਂ ਤਿਆਰ ਕਰੋ, ਉਨ੍ਹਾਂ ਨੂੰ ਵੰਗਾਰੋ, ਖੜ੍ਹੇ ਹੋ ਜਾਓ ਤੇ ਦਸੋ ਤੁਸੀਂ ਤਕੜੇ ਹੋ। ਫਰਜ਼ ਕਰੋ ਇਕ ਬੰਦੇ ਕੋਲ ਦੋ ਕੁੱਤੇ ਨੇ, ਇਕ ਦਾ ਨਾਮ ਉਸਨੇ ਸਯਦ ਰਖ ਦਿਤਾ ਹੈ ਤੇ ਦੂਜੇ ਦਾ ਨਾਮ ਸ਼ੇਖ, ਤਾਂ ਫੇਰ ਤੁਸੀਂ ਉਸਤੇ ਮੁਕਦਮਾ ਚਲਾਉਗੇ? ਗੋਲੀ ਮਾਰ ਕੇ ਕੰਮ ਤਮਾਮ ਕਰੋ। ਹਮਲਾ ਕਰੋ ਤਾਂ ਕਿ ਦੁਸ਼ਮਣ ਸ਼ਿਕਾਇਤ ਕਰਦਾ ਫਿਰੇ। ਸ਼ਿਕਾਰ ਨਾ ਹੋਵੋ, ਸ਼ਿਕਾਰੀ ਬਣੋ।

ਜਦੋਂ ਦੇਖਿਆ ਕਿ ਔਰਤਾਂ ਬੁਰਕਾ ਪਹਿਨਣ ਤੋਂ ਇਨਕਾਰੀ ਨੇ ਤਾਂ ਸਖਤੀ ਵਰਤਣ ਦਾ ਫੈਸਲਾ ਹੋਇਆ। ਪਹਿਲਾਂ ਕੰਮਕਾਜੀ ਔਰਤਾਂ ਨੂੰ ਕਿਹਾ ਗਿਆ, ਜੇ ਬੁਰਕਾ ਨਹੀਂ ਪਹਿਨਣਾ ਤਾਂ ਨੌਕਰੀ ਤੋਂ ਛੁੱਟੀ। ਫੇਰ ਬਜ਼ਾਰਾਂ, ਦੁਕਾਨਾਂ ਵਿਚ ਕਿਹਾ ਗਿਆ ਕਿ ਦੁਕਾਨਦਾਰ ਉਨ੍ਹਾਂ ਔਰਤਾਂ ਨੂੰ ਸੌਦਾ ਨਹੀਂ ਦੇਣਗੇ ਜਿਨ੍ਹਾਂ ਨੇ ਬੁਰਕਾ ਨਾ ਪਾਇਆ ਹੋਵੇ, ਇਨਕਾਰ ਕਰਨ ਤਾਂ ਸਰਕਾਰ ਨੂੰ ਦਸੋ। ਸਦਾਚਾਰਕ ਸਕੁਐਡ ਬਣਾਏ ਗਏ, ਚਿਟੀਆਂ ਵਰਦੀਆਂ, ਚਿਟੀ ਟੋਯੋਟਾ ਕਾਰ ਵਿਚ ਚਾਰ ਜੁਆਨ ਇਕ ਔਰਤ। ਜਿਥੇ ਕਿਸੇ ਨੂੰ ਬਗੈਰ ਬੁਰਕਾ ਦੇਖਣ, ਜਾਂ ਦੁਕਾਨਦਾਰ ਬਾਗੀ ਔਰਤ ਨੂੰ ਸੌਦਾ ਦਿੰਦਾ ਦਿਸੇ, ਭਾਰੀ ਜੁਰਮਾਨੇ ਕਰੋ, ਛਿਅਤਰ ਕੋੜਿਆਂ ਤਕ ਦੀ ਸਜਾ ਦਿਉ।

ਅਰਬਾਂ ਨੇ ਜਦੋਂ ਛੇਵੀਂ ਸਦੀ ਵਿਚ ਇਰਾਨ ਤੇ ਹੱਲਾ ਬੋਲਿਆ, ਇਰਾਨੀ ਸ਼ਾਇਦ ਆਪਣੇ ਬਾਦਸ਼ਾਹਾਂ ਦੇ ਜੁਲਮ ਤੋਂ ਅੱਕੇ ਹੋਣਗੇ, ਦੁਸ਼ਮਣ ਲਈ ਦਰਵਾਜ਼ੇ ਖੋਲ੍ਹ ਦਿਤੇ। ਅਰਬਾਂ ਨੇ ਪਹਿਲਾਂ ਮਹਿਲ ਲੁੱਟੇ ਫੇਰ ਇਰਾਨੀਆਂ ਦੇ ਘਰ ਤੇ ਮੰਦਰ ਲੁੱਟੇ, ਧਰਮ ਗ੍ਰੰਥਾਂ ਨੂੰ ਅੱਗਾਂ ਲਾਈਆਂ। ਜਦੋਂ ਇਰਾਨੀਆਂ ਨੂੰ ਸਮਝ ਆਈ ਉਦੋਂ ਤਕ ਉਨ੍ਹਾਂ ਦਾ ਵਿਰਸਾ, ਇਤਿਹਾਸ, ਧਰਮ, ਸਾਹਿਤ, ਬੋਲੀ ਸਭ ਕੁਝ ਥੇਹ ਹੋ ਚੁਕਾ ਸੀ। ਨਫੀਸੀ ਲਿਖਦੀ ਹੈ ਅੱਬਾ ਸਾਨੂੰ ਫਿਰਦੌਸੀ ਤੇ ਰੂਮੀ ਪੜ੍ਹਾਉਂਦੇ ਕਿਹਾ ਕਰਦੇ, ਜਿਹੜਾ ਖੂਬਸੂਰਤ ਇਤਿਹਾਸ ਫਿਰਦੌਸੀ ਨੇ ਲਿਖਿਆ, ਉਹ ਉਸਦੀ ਆਪਣੀ ਘਾੜਤ ਹੈ, ਉਹ ਸਾਰਾ ਮਿਥ ਹੈ। ਪਰ ਫੇਰ ਵੀ ਆਪਣਾ ਅਸਲੀ ਘਰ ਉਹੀ ਹੈ, ਆਪਣਾ ਦੇਸ ਉਹੀ ਹੈ ਜਿਹੜਾ ਫਿਰਦੌਸੀ, ਰੂਮੀ ਤੇ ਹਾਫਿਜ਼ ਨੇ ਘੜਿਆ। ਦੁਸ਼ਮਣ ਵਾਸਤੇ ਹੁਣ ਆਪਾਂ ਫੇਰ ਦਰਵਾਜ਼ੇ ਖੋਲ੍ਹ ਦਿਤੇ। ਐਤਕੀਂ ਦੁਸ਼ਮਣ ਨੂੰ ਦੂਰੋਂ ਚਲ ਕੇ ਨੀਂ ਆਉਣਾ ਪਿਆ। ਮੈਨੂੰ ਕਿਸੇ ਹੋਰ ਚੀਜ਼ ਦਾ ਵਧੀਕ ਫਿਕਰ ਨਹੀਂ, ਫਿਕਰ ਇਹ ਹੈ ਕਿ ਉਹ ਰੂਮੀ ਅਤੇ ਹਾਫਿਜ਼ ਨੂੰ ਸੈਂਸਰ ਕਰ ਰਹੇ ਨੇ। ਸਾਡਾ ਉਹ ਸੁਹਣਾ ਦੇਸ ਜਿਹੜਾ ਵਿਦੇਸ਼ੀ ਧਾੜਵੀਆਂ ਨੇ ਉਜਾੜਿਆ, ਫਿਰਦੌਸੀ, ਰੂਮੀ ਤੇ ਹਾਫਿਜ ਨੇ ਫੇਰ ਬਣਾ ਦਿਤਾ ਸੀ, ਹੁਣ ਉਹ ਫੇਰ ਉਜੜਨ ਲਗ ਪਿਐ। ਨੀਤਸ਼ੇ ਨੇ ਲਿਖਿਆ- ਦਰਿੰਦੇ ਨੂੰ ਮਾਰੋ ਪਰ ਧਿਆਨ ਰਖਿਓ ਖੁਦ ਦਰਿੰਦੇ ਨਹੀਂ ਬਣਨਾ। ਅੰਨ੍ਹੇ ਖੂਹ ਵਿਚ ਝਾਤ ਮਾਰੋਗੇ, ਚੇਤੇ ਰਖਣਾ, ਅੰਨ੍ਹਾ ਖੂਹ ਤੁਹਾਡੇ ਵਲ ਵੀ ਝਾਤ ਮਾਰੇਗਾ।

**_ਜਦੋਂ ਅੰਤਰਾਸ਼ਟਰੀ ਮਨੁਖੀ ਅਧਿਕਾਰ ਸੰਗਠਨਾਂ ਨੇ ਇਨ੍ਹਾਂ ਜ਼ੁਲਮਾਂ ਵਿਰੁਧ ਆਵਾਜ਼ ਉਠਾਈ ਤਾ ਖੁਮੀਨੀ ਦਾ ਬਿਆਨ ਆਇਆ, ਅਪਰਾਧੀਆਂ ਉਪਰ ਮੁਕਦਮਾ ਚਲਾਉਣ ਦੀ ਲੋੜ ਨਹੀਂ। ਗੁਨਾਹਗਾਰ ਉਪਰ ਮੁਕਦਮਾ ਚਲਾਇਆ ਜਾਣਾ ਮਨੁਖੀ ਅਧਿਕਾਰਾਂ ਦੀ ਉਲੰਘਣਾ ਹੈ। ਮਨੁਖੀ ਅਧਿਕਾਰਾਂ ਦੀ ਰਾਖੀ ਲਈ ਲੋੜ ਹੈ ਕਿ ਅਪਰਾਧੀ ਨੂੰ ਫੜਨ ਸਾਰ ਮਾਰ ਦਿਤਾ ਜਾਵੇ। ਲੋਕ ਸਾਨੂੰ ਨਿੰਦ ਰਹੇ ਹਨ ਕਿਉਂਕਿ ਅਸੀਂ ਦਰਿੰਦਿਆਂ ਨੂੰ ਮਾਰ ਰਹੇ ਹਾਂ।_**

ਨਫੀਸੀ ਆਖਦੀ ਹੈ ਮੈਂ ਪੜ੍ਹਾਉਣਾ ਛਡ ਦਿਤਾ। ਮੈਂ ਗੱਲ ਕਰਨੀ ਛਡ ਦਿਤੀ। ਮੈਂ ਘਰ ਦੇ ਅੰਦਰ ਅੰਦਰ ਰਹਿਣ ਲਗੀ। ਇਹ ਨਾ ਜਾਣਿਓਂ ਕਿ ਮੈਂ ਹਾਰ ਗਈ ਸੀ। ਮੈਂ ਲਾਚਾਰ, ਮਜਬੂਰ ਸਾਂ, ਹਾਰੀ ਨਹੀਂ। ਜੇ ਮੈਂ ਦੁਸ਼ਮਣ ਦੀ ਹਾਂ ਵਿਚ ਹਾਂ ਮਿਲਾਉਂਦੀ ਫੇਰ ਤੁਸੀਂ ਆਖ ਦਿੰਦੇ ਨਫੀਸੀ ਹਾਰ ਗਈ। ਚੁਪ ਹੋਣਾ ਪਿਆ। ਮੈਂ ਚੁਪ ਦੀ ਮਾਡਲ ਨਹੀਂ ਬਣੀ। ਠੀਕ ਹੈ, ਮੈਂ ਜਿੱਤੀ ਨਹੀਂ, ਪਰ ਸਾਬਤ ਕਰੋ ਕਿ ਮੈਂ ਹਾਰੀ ਹਾਂ। ਖਾਮੋਸ਼ ਬੰਦਾ ਬੁਜ਼ਦਿਲ ਨੀਂ ਹੋਇਆ ਕਰਦਾ। ਮੈਂ ਇਸਲਾਮਿਕ ਰਿਪਬਲਿਕ ਆਫ ਇਰਾਨ ਤੋਂ ਬਾਹਰ ਹੋ ਗਈ ਹਾਂ, ਦੁਨੀਆਂ ਦੇ ਤਾਂ ਅੰਦਰ ਹਾਂ ਅਜੇ। ਜਿਵੇਂ ਮੈਨੂੰ ਆਪਣੇ ਅੱਬੂ ਤੇ ਮਾਣ ਹੈ, ਉਵੇਂ ਮੇਰਾ ਸ਼ਾਇਰ ਅੱਬਾ ਮੇਰੇ ਤੇ ਫ਼ਖ਼ਰ ਕਰਦਾ ਹੈ।

ਨਫੀਸੀ ਅਮਰੀਕਾ ਤੋਂ ਵਾਪਸ ਆਈ, ਪੁਰਾਣੇ ਮਿਤਰ ਪਿਆਰੇ ਮਿਲੇ, ਕਈ ਵਿਦਿਆਰਥੀ ਮਿਲੇ ਜਿਨ੍ਹਾਂ ਵਿਚੋਂ ਇਕ, ਨਸਰੀਨ ਸਤ ਸਾਲ ਬਾਦ ਮਿਲੀ। ਉਸਨੂੰ ਪੁਛਿਆ, ਕਿਵੇਂ ਲੰਘਿਆ ਪਿਛਲਾ ਸਮਾਂ, ਨਸਰੀਨ ਨੇ ਦਸਿਆ ਆਪਣੀਆਂ ਸਾਥਣਾਂ ਸਣੇ ਗਲੀਆਂ ਵਿਚ ਪੈਂਫਲਿਟ ਵੰਡਦੀ ਫੜੀ ਗਈ। ਤੁਹਾਨੂੰ ਪਤਾ ਈ ਐ ਸਰਕਾਰ ਮੁਜਾਹਿਦੀਨ ਦੇ ਖੂਨ ਦੀ ਪਿਆਸੀ ਸੀ। ਮੇਰੀਆਂ ਕਈ ਸਹੇਲੀਆਂ ਨੂੰ ਫਾਂਸੀ ਦਿਤੀ ਗਈ ਪਰ ਮੇਰੀ ਕਿਸਮਤ ਚੰਗੀ, ਦਸ ਸਾਲ ਦੀ ਕੈਦ ਹੋਈ। ਜੇਲ੍ਹ ਵਿਚ ਇਕ ਔਰਤ ਲਿਆਂਦੀ ਤਾਂ ਉਸਦੀ 12 ਸਾਲ ਦੀ ਧੀ ਮਾਂ ਨੂੰ ਮਿਲਣ ਲਈ ਕਦੀ ਜੇਲ੍ਹ ਦਰਵਾਜੇ ਦੇ ਸੱਜੇ ਕਦੀ ਖਬੇ ਚੀਕਾਂ ਮਾਰਦੀ ਦੌੜੀ ਫਿਰਦੀ ਨੂੰ ਇਕ ਗਾਰਡ ਨੇ ਗੋਲੀ ਮਾਰ ਕੇ ਮਾਰ ਦਿਤਾ। ਮਾਂ ਤਾਂ ਮੈਨੂੰ ਵੀ ਯਾਦ ਆਈ, ਰੋਣ ਨੂੰ ਦਿਲ ਵੀ ਕੀਤਾ, ਇਸ ਕੁੜੀ ਦਾ ਹਸ਼ਰ ਦੇਖ ਕੇ ਚੁਪ ਕਰ ਗਈ। ਮੇਰਾ ਪਿਤਾ ਇਕ ਤਾਂ ਪੱਕਾ ਧਰਮੀ ਬੰਦਾ ਸੀ, ਦੂਜਾ ਸਰਕਾਰ ਵਿਚ ਅਸਰ ਰਸੂਖ ਵਾਲੀਆਂ ਥਾਂਵਾਂ ਤੇ ਉਸਦੇ ਕੁਝ ਵਿਦਿਆਰਥੀ ਵੀ ਸਨ, ਇਹ ਸਭ ਕੰਮ ਆਇਆ। ਪਹਿਲਾਂ ਤਾਂ ਜੇਲ੍ਹ ਵਿਚ ਮੇਰੇ ਨਾਲ ਵਰਤਾਅ ਠੀਕ ਹੋਇਆ, ਫੇਰ ਮੇਰੀ ਕੈਦ ਘਟਦੀ ਘਟਦੀ ਤਿੰਨ ਸਾਲ ਹੋ ਗਈ। ਬਾਹਰ ਤਾਂ ਮੈਂ ਆ ਗਈ ਪਰ ਇਕ ਤਾਂ ਮੈਨੂੰ ਯੂਨੀਵਰਸਿਟੀ ਵਿਚ ਪੜ੍ਹਨ ਦਾ ਹੁਕਮ ਨਹੀਂ, ਦੂਜਾ ਮੈਂ ਪਰੋਬੇਸ਼ਨ ਤੇ ਆਂ, ਮੇਰੀ ਨਿਗਰਾਨੀ ਹੋ ਰਹੀ ਐ। ਜਦੋਂ ਮੈਂ ਆਖਰੀ ਵਾਰ ਤੁਹਾਡੀ ਕਲਾਸ ਅਟੈਂਡ ਕੀਤੀ ਸੀ, ਹੋਮਵਰਕ ਨਾ ਕਰਨ ਕਰਕੇ ਤੁਸੀਂ ਮੈਨੂੰ ਝਿੜਕਿਆ ਸੀ। ਮਾਫੀ ਮੰਗੀ, ਤੁਸੀਂ ਚੁਪ ਕਰ ਗਏ। ਹੁਣ ਫੇਰ ਮਾਫੀ ਮੰਗਦੀ ਹਾਂ ਮੈਡਮ।

ਇਰਾਕ ਨਾਲ ਯੁਧ ਲੰਮਾ ਹੋ ਗਿਆ ਤਾਂ ਅਕਸਰ ਯੂਨੀਵਰਸਿਟੀ ਵਿਚ ਛੁਟੀ ਹੋ ਜਾਂਦੀ, ਕਦੀ ਇਸ ਲਈ ਕਿ ਇਸ ਦਾ ਪੁਰਾਣਾ ਵਿਦਿਆਰਥੀ ਜੰਗ ਵਿਚ ਸ਼ਹੀਦ ਹੋ ਗਿਆ, ਕਦੀ ਇਸ ਲਈ ਕਿ ਇਰਾਨੀ ਫੌਜ ਨੇ ਇਰਾਕੀ ਕਾਫਰਾਂ ਨੂੰ ਹਰਾ ਦਿਤਾ ਹੈ। ਕਿਸੇ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਸੀ ਕਿ ਇਰਾਕੀ ਕਾਫਰ ਵੀ ਮੁਸਲਮਾਨ ਹਨ। ਇਕ ਦਿਨ ਕਲਾਸਾਂ ਬੰਦ ਹੋਈਆਂ, ਇਕ ਵਿਦਿਆਰਥੀ ਸ਼ਹੀਦ ਹੋ ਗਿਆ, ਸ਼ਰਧਾਂਜਲੀ ਵਿਚ ਕਿਹਾ ਗਿਆ, "ਮੌਤ ਨਹੀਂ; ਉਹਦਾ ਵਿਆਹ ਹੈ।" ਹਰੇਕ ਸ਼ਹੀਦ ਦੀ ਮਹਿਬੂਬਾ ਰਬ ਹੁੰਦਾ ਹੈ। ਕੁੜੀਆਂ ਮੂੰਹਾਂ ਦੁਆਲੇ ਚੁੰਨੀਆਂ ਲਪੇਟ ਕੇ ਹਸਣ ਲਗੀਆਂ, ਇਕ ਨੇ ਕਿਹਾ ਐਨੇ ਸ਼ਹੀਦਾਂ, ਯਾਨਿ ਕਿ ਐਨੇ ਖਸਮਾਂ ਨਾਲ ਰਬ ਦਾ ਕੀ ਬਣੇਗਾ? ਠੀਕ ਹੈ, ਅਲਾਹ ਆਪਣੇ ਹੁਕਮਾਂ ਨਾਲ ਜੋ ਔਰਤਾਂ ਵਿਰੁਧ ਕਰਦਾ ਰਿਹੈ, ਭੁਗਤੇ ਹੁਣ ਮਹਿਬੂਬਾ ਦੇ ਰੂਪ ਵਿਚ। ਹਰੇਕ ਜਨਾਨੀ ਵਿਰੁਧ ਬਦਚਲਣੀ ਦੇ ਫਤਵੇ ਸੁਣਦਾ ਰਿਹੈ ਰਬ। ਹੁਣ ਸ਼ਹੀਦ ਉਹਦਾ ਚਾਲ-ਚਲਣ ਠੀਕ ਕਰਨਗੇ।

ਜਿਸ ਜੇਲ੍ਹ ਵਿਚ ਨਸਰੀਨ ਰਹੀ, ਉਥੇ ਹੀ ਮਾਹਤਾਬ ਨੂੰ ਪੰਜ ਸਾਲ ਦੀ ਕੈਦ ਹੋਈ। ਮਾਹਤਾਬ ਨੇ ਦਸਿਆ ਨੇਕ ਚਲਣੀ ਕਰਕੇ ਮੈਨੂੰ ਢਾਈ ਸਾਲ ਦੀ ਕੈਦ ਮਾਫੀ ਮਿਲੀ। ਜਿਸ ਜੇਲ੍ਹ ਦੇ ਪ੍ਰਬੰਧਕ ਮਰਦ ਹੋਣ, ਤੁਹਾਨੂੰ ਪਤਾ ਈ ਐ ਮੈਡਮ ਕਿ ਉਥੇ ਨੇਕ ਚਲਣੀ ਦੀ ਮਾਫੀ ਕਿਨ੍ਹਾਂ ਔਰਤਾਂ ਨੂੰ ਮਿਲਿਆ ਕਰਦੀ ਹੈ।

ਇਸ ਸਾਰੇ ਕਾਸੇ ਨੂੰ ਭੁਲਣ ਲਈ ਨਫੀਸੀ ਲਾਇਬ੍ਰੇਰੀ ਚਲੀ ਗਈ। ਕਿਤਾਬਾਂ ਦੀਆਂ ਕਤਾਰਾਂ ਵਲ ਦੇਖਦੀ ਅਗੇ ਤੁਰਦੀ ਗਈ। ਦੇਖਿਆ, ਈਲੀਆ ਦੀ ਕਿਤਾਬ Four Quartets ਪਈ ਹੈ, ਚੁਕ ਲਈ, ਅਖਾਂ ਬੰਦ ਕਰਕੇ ਇਉਂ ਖੋਲ੍ਹੀ ਜਿਵੇਂ ਵਾਕ ਲੈਣ ਲਈ ਹਾਫਿਜ਼ ਦਾ ਦੀਵਾਨ ਖੋਲ੍ਹੀਦਾ ਹੈ, ਬੰਦ ਅਖਾਂ ਨਾਲ ਜਿਸ ਥਾਂ ਤੇ ਉਂਗਲ ਟਿਕੀ, ਉਥੇ ਇਹ ਪੰਕਤੀਆਂ ਸਨ:

At the still point of the turning world
Neither flesh nor fleshness
Neither from nor onwards
At the still point, there the dance is. (Burnt Norton)

ਇਨਕਲਾਬ ਤੋਂ ਬਾਦ ਬਹਾਈਆਂ ਦਾ ਕਬਰਸਤਾਨ ਬੁਲਡੋਜ਼ਰਾਂ ਨਾਲ ਪਧਰ ਕੀਤਾ ਗਿਆ, ਕਬਰਾਂ ਦਾ ਨਾਂ ਨਿਸ਼ਾਨ ਨਹੀਂ ਰਿਹਾ। ਫਿਰ ਇਸ ਦੀ ਥਾਂ ਤੇ ਪਾਰਕ ਬਣਾ ਦਿਤਾ ਗਿਆ ਜਿਸਦਾ ਨਾਮ ਰਖਿਆ ਬਖ਼ਤਰਾਨ। ਬਹਾਈਆਂ ਨੂੰ ਜਿਉਣ ਵਿਚ ਕੀ ਕੀ ਮੁਸ਼ਕਲਾਂ ਆਈਆਂ, ਇਹ ਗੱਲ ਛਡੋ, ਮੁਰਦਿਆਂ ਦਾ ਦਫਨ ਮੁਸੀਬਤ ਬਣ ਗਈ। ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਦੀ ਕਬਰ ਪੁਟ ਦਿਤੀ ਗਈ, ਉਸ ਥਾਂ ਉਪਰ ਪਬਲਿਕ ਟਾਇਲਟ ਉਸਾਰੀ ਗਈ ਜਿਸ ਦਾ ਉਦਘਾਟਨ ਇਨਕਲਾਬ ਦੇ ਰੂਹੇ ਰਵਾਂ ਨੇ ਸਭ ਤੋਂ ਪਹਿਲਾਂ ਪੇਸ਼ਾਬ ਕਰ ਕੇ ਕੀਤਾ। ਯੁਧ ਇਸ ਦੇ ਬੇਟੇ ਮੁਹੰਮਦ ਸ਼ਾਹ ਵਿਰੁਧ ਸੀ, ਪਰ ਉਹ ਵਿਦੇਸ਼ ਦੌੜ ਗਿਆ ਤੇ ਬਾਹਰ ਹੀ ਮਰਿਆ, ਇਸ ਦੀ ਕਬਰ ਨਾ ਸਹੀ, ਬਾਪੂ ਦੀ ਸਹੀ।

ਇਰਾਕ ਨਾਲ ਛਿੜੀ ਜੰਗ ਨੇ ਇਰਾਨ ਤਬਾਹ ਕਰ ਦਿਤਾ ਜਿਸ ਵਿਚ ਦੋ ਲਖ ਇਰਾਨੀ ਮਰੇ। ਇਲਕਲਾਬੀ ਇਸ ਗੱਲੋਂ ਹਤਾਸ਼ ਸਨ ਕਿ ਸਿਝਣਾ ਤਾਂ ਦੇਸ਼ ਅੰਦਰਲੇ ਦੁਸ਼ਮਣ ਵਿਰੁਧ ਸੀ, ਲੜਨਾ ਪੈ ਗਿਆ ਇਰਾਕ ਵਿਰੁਧ ਜੋ ਤਕੜਾ ਸੀ। ਥਾਂ ਥਾਂ ਹਾਰ ਦਾ ਮੂੰਹ, ਬਰਬਾਦੀ ਦਾ ਮੂੰਹ ਦੇਖਣਾ ਪਿਆ।



ਆਖਰ ਜੰਗਬੰਦੀ ਹੋਈ ਤਾਂ ਖੁਮੀਨੀ ਦਾ ਬਿਆਨ ਆਇਆ, "ਅਮਨ ਮੇਰੇ ਲਈ ਜ਼ਹਿਰ ਦਾ ਪਿਆਲਾ ਪੀਣ ਵਾਂਗ ਹੈ। ਜੁਝਾਰੂ ਇਸ ਪ੍ਰਕਾਰ ਮਹਿਸੂਸ ਕਰ ਰਹੇ ਸਨ ਜਿਵੇਂ ਹਾਰ ਦਾ ਹੀ ਦੂਸਰਾ ਨਾਮ ਜੰਗਬੰਦੀ ਹੋਵੇ।

ਖੁਮੀਨੀ ਦੀ ਮੌਤ ਉਪਰੰਤ ਦੇਸ਼ ਵਿਚ 40 ਦਿਨ ਲਈ ਵਿਆਪਕ ਸਰਕਾਰੀ ਸੋਗ ਮਨਾਇਆ ਗਿਆ। ਔਰਤਾਂ ਮਰਦ ਵਿਰਲਾਪ ਕਰਦੇ ਕਾਫਲਿਆਂ ਦੀ ਸ਼ਕਲ ਵਿਚ ਗਲੀਆਂ ਬਜਾਰਾਂ ਵਿਚੋਂ ਦੀ ਲੰਘ ਰਹੇ ਸਨ। ਪੰਜ ਸਾਲ ਦੀ ਕੁੜੀ ਨੇ ਚੁਬਾਰੇ ਦੀ ਖਿੜਕੀ ਵਿਚੋਂ ਹੇਠ ਦੇਖ ਕੇ ਪੁਛਿਆ, ਕੀ ਹੋਇਐ? ਮਾਂ ਨੇ ਜਦੋਂ ਦਸਿਆ, ਕੁੜੀ ਬੋਲੀ ਗਲਤ ਖਬਰ ਹੈ, ਜੇ ਉਹ ਮਰਿਆ ਹੁੰਦਾ ਫਿਰ ਜਨਾਨੀਆਂ ਬੁਰਕਾ ਪਹਿਨ ਕੇ ਥੋੜਾ ਬਾਹਰ ਨਿਕਲਦੀਆਂ।

ਮੁਸਲਮਾਨਾਂ ਵਿਚ ਵਿਸ਼ਵਾਸ ਹੈ ਕਿ ਮਹਾਂਪੁਰਖ ਦੀ ਲਾਸ਼ ਦੁਆਲੇ ਵਲ੍ਹੇਟੀ ਚਾਦਰ ਦਾ ਨਿੱਕਾ ਜਿਹਾ ਟੁਕੜਾ ਮਿਲ ਜਾਵੇ ਤਾਂ ਘਰ ਵਿਚ ਸੁਖ ਸ਼ਾਂਤੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਅਜੀਬ ਵਿਸ਼ਵਾਸ਼ ਮੈਂ ਸਿੱਖਾਂ ਵਿਚ ਵੀ ਦੇਖਿਆ। ਆਪ੍ਰੇਸ਼ਨ ਬਲੂਸਟਾਰ ਬਾਦ ਮੈਨੂੰ ਫਾਂਸੀ ਚਕੀਆਂ ਵਿਚ ਬੰਦ ਰਖਿਆ ਗਿਆ। ਇਹ ਨਿਕੇ ਨਿਕੇ ਸੈਲ (ਕਾਲ ਕੋਠੜੀਆਂ) ਉਨ੍ਹਾਂ ਵਾਸਤੇ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲ ਚੁਕੀ ਹੋਵੇ। ਮੁਲਾਕਾਤ ਕਰਨ ਆਏ ਜਿਸ ਬੰਦੇ ਨੂੰ ਪਤਾ ਲਗਦਾ ਕਿ ਮੈਂ ਕਾਲਕੋਠੜੀ ਵਿਚ ਹਾਂ, ਉਹ ਅਰਜ਼ ਕਰਦਾ ਕਿ ਅਗਲੀ ਮੁਲਾਕਾਤ ਕਰਨ ਆਵਾਂਗਾ ਤਾਂ ਮਿਹਰਬਾਨੀ ਕਰਕੇ ਫਾਂਸੀ ਵਾਲੀ ਖੂਹੀ ਦੀਆਂ ਲਕੜਾਂ ਵਿਚੋਂ ਇਕ ਨਿਕਾ ਜਿਹਾ ਟੁਕੜਾ ਲਿਆ ਦੇਣਾ। ਲਕੜੀ ਕਟਣ ਲਈ ਕੋਈ ਜਣਾ ਤਾਂ ਨਿਕਾ ਜਿਹਾ ਚਾਕੂ ਵੀ ਮੇਰੀ ਜੇਬ ਵਿਚ ਪਾਉਣ ਦਾ ਯਤਨ ਕਰਦਾ ਜਿਸਨੂੰ ਮੈਂ ਮਨ੍ਹਾ ਕਰ ਦਿੰਦਾ। ਖੈਰ, ਜਦੋਂ ਖੁਮੀਨੀ ਦੀ ਲਾਸ਼ ਕਬਰਸਤਾਨ ਵਿਚ ਦਫਨ ਕਰਨ ਵਾਸਤੇ ਲਿਆਂਦੀ ਤਾਂ ਕਪੜੇ ਦਾ ਇਕ ਟੁਕੜਾ ਲੈਣ ਲਈ ਭੀੜ ਉਸ ਉਪਰ ਟੁਟ ਪਈ। ਪਲਾਂ ਵਿਚ ਚਾਦਰ ਉਤਰ ਗਈ ਤੇ ਤਾਬੂਤ ਦੇ ਬਾਹਰ ਖੁਮੀਨੀ ਦੀ ਇਕ ਨੰਗੀ ਲਤ ਲਮਕਦੀ ਦੇਖੀ ਗਈ। ਤੁਰੰਤ ਗਾਰਦ ਨੇ ਕੰਮ ਸੰਭਾਲਿਆ, ਲਾਸ਼ ਹੈਲੀਕਾਪਟਰ ਰਾਹੀਂ ਵਾਪਸ ਤਹਿਰਾਨ ਲਿਜਾਂਦੀ ਗਈ ਤੇ ਕਫ਼ਨ ਪਹਿਨਾ ਕੇ ਜਦੋਂ ਦੁਬਾਰਾ ਕਬਰਿਸਤਾਨ ਵਿਚ ਆਏ ਤਾਂ ਖੁਮੀਨੀ ਦੇ ਦੋਸਤ ਨਤਗ ਨੂਰੀ ਹੁਜਤੁਲ ਇਸਲਾਮ ਦੇ ਹਥ ਵਿਚ ਕੋੜਾ ਫੜਿਆ ਹੋਇਆ ਸੀ ਜਿਹੜਾ ਉਹ ਕਫਨ ਲਾਗੇ ਆਉਂਦੇ ਬੰਦੇ ਉਪਰ ਬਖ਼ਸ਼ਦਾ। ਆਖਰ ਇਉਂ ਰੁਹੇਲਾ ਖੁਮੀਨੀ ਦਾ ਸਸਕਾਰ ਹੋਇਆ। ਰੁਹੇਲਾ ਖੁਮੀਨੀ ਮਾਇਨੇ ਰਬ ਦੀ ਰੂਹ। ਖੁਮੀਨੀ ਤੋਂ ਬਾਦ ਜਦੋਂ ਰਾਸ਼ਟਰਪਤੀ ਦੀ ਚੋਣ ਹੋਈ ਤਾਂ ਆਇਤੁਲਾ ਖਾਤਮੀ ਨੇ ਇਸ ਛਾਂਟਾ ਮਾਸਟਰ ਨੂੰ ਹਰਾ ਦਿਤਾ।

ਖੁਮੀਨੀ ਦਾ ਜਨਾਜ਼ਾ ਦੇਖ ਕੇ ਵਾਪਸ ਆਏ ਟੈਕਸੀ ਡਰਾਇਵਰ ਨੇ ਕਿਹਾ ਧਰਮ ਦੇ ਨਾਮ ਨਾਲ ਕਿਡੇ ਕਿਡੇ ਫਰਾਡ ਹੋ ਜਾਂਦੇ ਹਨ ਮੈਂ ਤਾਂ ਹੈਰਾਨ ਹੋ ਗਿਆ, ਮੈਨੂੰ ਡਰ ਲੱਗਾ ਕਿ ਸਾਡੇ ਪੈਗੰਬਰ ਅਤੇ ਇਮਾਮ ਵੀ ਇਵੇਂ ਦੇ ਹੀ ਨਾ ਹੋਣ ਕਿਤੇ। ਅਸਮਾਨ ਤਕ ਪੁਜਦੇ ਨਾਅਰੇ ਇਮਾਮ ਖੁਮੀਨੀ ਜ਼ਿੰਦਾਬਾਦ। ਇਹ ਅਫ਼ਵਾਹ ਸੁਣਨ ਨੂੰ ਮਿਲੀ ਕਿ ਚੰਦ ਵਿਚ ਉਸ ਦੀ ਤਸਵੀਰ ਦਿਖਾਈ ਦਿੰਦੀ ਹੈ। ਸਿਆਣੇ-ਬਿਆਣੇ ਲੋਕ ਚੰਦ ਵਿਚੋਂ ਉਸਦੀ ਦਾਹੜੀ ਤੇ ਮੁਛਾਂ ਲਭ ਲੈਂਦੇ। ਇਕ ਪ੍ਰੋਫੈਸਰ ਨੂੰ ਨਫੀਸੀ ਨੇ ਗੁੱਸੇ ਨਾਲ ਪੁਛਿਆ, ਪਤਾ ਲਗੈ ਤੂੰ ਵੀ ਜਨਾਜ਼ੇ ਵਿਚ ਸ਼ਾਮਲ ਹੋਇਆ ਸੀ ਤਹਿਰਾਨ? ਉਹ ਹਸ ਕੇ ਬੋਲਿਆ ਜ਼ਿੰਦਗੀ ਵਿਚ ਇਕ ਵਾਰ ਤਾਂ ਮੌਕਾ ਮਿਲਿਆ ਸੀ ਬੀਬੀ। ਨਰਾਜ਼ ਨਾ ਹੋ। ਰੋਜ਼ ਰੋਜ਼ ਥੋੜਾ ਦਿਸਣਾ ਹੈ ਉਸ ਜਨਾਜ਼ੇ ਦਾ ਨਜ਼ਾਰਾ।

ਹੈਨਰੀ ਜੇਮਜ਼ ਨੇ ਲਿਖਿਆ ਅਸੀਂ ਨੇਰ੍ਹੇ ਵਿਚ ਕੰਮ ਕਰਦੇ ਹਾਂ, ਜੋ ਕਰ ਸਕਦੇ ਹਾਂ ਕਰਦੇ ਆਂ, ਜੋ ਮਿਲਦਾ ਹੈ, ਦੇ ਦਿੰਦੇ ਹਾਂ, ਹਰ ਸ਼ੱਕੀ ਚੀਜ਼ ਵਾਸਤੇ ਭਾਵਕ ਹਾਂ, ਸਾਡੇ ਲਈ ਭਾਵਨਾ ਸ਼੍ਰੋਮਣੀ ਹੈ। ਇਸ ਤੋਂ ਇਲਾਵਾ ਜੋ ਬਾਕੀ ਬਚਦਾ ਹੈ ਉਹ ਪਾਗਲ ਹੁਨਰ ਹੈ।

ਖੁਮੀਨੀ ਤੋਂ ਬਾਦ ਉਸ ਦੇ ਦੌਰ ਦੀਆਂ ਯਾਦਾਂ ਬਚੀਆਂ। ਕੁਝ ਵਿਦਿਆਰਥੀ ਉਸਦੇ ਮੁਰੀਦਾਂ ਹਥੋਂ ਹੋਈਆਂ ਜ਼ਿਆਦਤੀਆਂ ਨੂੰ ਨਹੀਂ ਭੁਲੇ। ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਦੇ ਇਕ ਨੇਤਾ ਨੇ ਆਪਣੀ ਜਮਾਤਣ ਦੀ ਸ਼ਿਕਾਇਤ ਲਾਈ ਸੀ ਕਿ ਉਸ ਦੇ ਸਕਾਰਫ ਹੇਠਾਂ ਇਕ ਮਾਸ ਦਾ ਟੁਕੜਾ ਢਕਿਆ ਹੋਇਆ ਨਹੀਂ ਜਿਸ ਕਾਰਨ ਸ਼ਿਕਾਇਤਕਰਤਾ ਦੇ ਦਿਲ ਵਿਚ ਕਾਮੁਕ ਭਾਵਨਾ ਪੈਦਾ ਹੁੰਦੀ ਹੈ। ਕੁੜੀ ਨੂੰ ਸਜਾ ਦਿਤੀ ਗਈ ਕਿਉਂਕਿ ਸ਼ਿਕਾਇਤਕਰਤਾ ਲੀਡਰ ਸੀ। ਉਹ ਮੁੰਡਾ ਇਰਾਕ ਦੀ ਜੰਗ ਵਿਚ ਸ਼ਹੀਦ ਹੋ ਗਿਆ। ਸ਼ਹਾਦਤ ਵਿਚ ਵੀ ਤਾਕਤ ਨਹੀਂ ਕਿ ਕੁੜੀ ਦੇ ਜਿਸਮ ਦੀ ਟਾਕੀ ਵਾਲੀ ਗੱਲ ਭੁਲਣ ਦੇਵੇ। ਨਫੀਸੀ ਦੇ ਕੁਝ ਪ੍ਰਸ਼ਨ- ਕੀ ਇਸ ਮੁੰਡੇ ਨੇ ਕਦੀ ਇਸ਼ਕ ਕੀਤਾ ਹੋਏਗਾ? ਉਹ ਨੇਤਾ ਬਣ ਗਿਆ, ਇਨਕਲਾਬੀ ਹੋ ਗਿਆ, ਇਜ਼ਤਦਾਰ ਕਮਾਂਡਰ ਦਾ ਖ਼ਿਤਾਬ ਪਾਇਆ, ਸ਼ਹੀਦ ਹੋ ਗਿਆ, ਕੀ ਕਦੀ ਉਸਦਾ ਦਿਲ ਨਹੀਂ ਕੀਤਾ ਕਿ ਜਿਸ ਕੁੜੀ ਦੇ ਗਲ ਦੀ ਟਾਕੀ ਉਸ ਦੀਆਂ ਅਖਾਂ ਚੁੰਧਿਆ ਦਿੰਦੀ ਸੀ ਉਸਦਾ ਹਥ ਫੜ ਕੇ ਬਗੀਚੇ ਦੀ ਸੈਰ ਕਰੇ, ਗੀਤ ਗਾਏ ਜਾਂ ਗੀਤ ਸੁਣੇ? ਸ਼ਹੀਦ ਹੋਣ ਨਾਲੋਂ ਜੇ ਉਹ ਆਮ ਜਿਹਾ ਕੋਈ ਮੁੰਡਾ ਹੁੰਦਾ ਤਾਂ ਜ਼ਿਆਦਾ ਠੀਕ ਨਹੀਂ ਸੀ ਭਲਾ?

ਇਕ ਦਿਨ ਦੁਖਦਾਈ ਘਟਨਾ ਘਟੀ। ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਆਪਣੇ ਉਪਰ ਪੈਟਰੋਲ ਡੋਲ੍ਹ ਕੇ ਅੱਗ ਲਾਈ ਤੇ ਮਰ ਗਿਆ। ਇਹ ਜੰਗ ਵਿਚ ਲੜਨ ਗਿਆ ਸੀ। ਬੁਢੀ ਮਾਂ ਦਾ ਇਕਲੌਤਾ ਮੁੰਡਾ। ਮਾਂ ਨੂੰ ਪੈਸੇ ਭੇਜਦਾ। ਜੰਗ ਖਤਮ ਹੋਣ ਬਾਦ ਫਿਰ ਯੂਨੀਵਰਸਿਟੀ ਵਿਚ ਪੜ੍ਹਨ ਲੱਗਾ, ਪਰ ਪ੍ਰਸੰਗਹੀਣ ਹੋ ਗਿਆ। ਕਿਸੇ ਨੂੰ ਉਸਦੀ ਬਹਾਦਰੀ ਵਿਚ ਜਾਂ ਜੰਗ ਦੀਆਂ ਗੱਲਾਂ ਵਿਚ ਦਿਲਚਸਪੀ ਨਹੀਂ ਸੀ। ਉਹ ਫਾਲਤੂ ਚੀਜ਼ ਹੋ ਗਿਆ। ਦੋ ਪੀਪੀਆਂ ਪੈਟਰੋਲ ਦੀਆਂ ਲੈ ਕੇ ਗੇਟ ਦੇ ਅੰਦਰੋਂ ਲੰਘਿਆ ਤਾਂ ਗੇਟਕੀਪਰਾਂ ਨੇ ਰੋਕਿਆ ਨਹੀਂ ਕਿਉਂਕਿ ਯੁਧਵੀਰ ਨੂੰ ਸਭ ਜਾਣਦੇ ਸਨ। ਇਕ ਖਾਲੀ ਕਮਰੇ ਵਿਚ ਗਿਆ। ਲਾਟਾਂ ਵਿਚ ਵਰੋਲਾ ਬਣਿਆ ਦੌੜਦਾ ਬਾਹਰ ਨਿਕਲਿਆ, ਚੀਕਾਂ ਮਾਰਦਾ ਕਹੀ ਜਾ ਰਿਹਾ ਸੀ ਸਾਡੇ ਨਾਲ ਧੋਖਾ ਹੋਇਆ, ਝੂਠ ਸੁਣੀ ਗਏ ਅਸੀਂ, ਦੇਖੋ ਸਾਡੇ ਨਾਲ ਕੀ ਹੋਇਆ।

ਹਸਪਤਾਲ ਵਿਚ ਉਸਦੀ ਮੌਤ ਹੋ ਗਈ। ਨਾ ਮਾਤਮੀ ਜਲੂਸ, ਨਾ ਤਕਰੀਰਾਂ, ਨਾ ਸ਼ਰਧਾਂਜਲੀ, ਨਾ ਗੁਲਦਸਤੇ, ਜਿਵੇਂ ਕੋਈ ਗੱਲ ਨਹੀਂ ਹੋਈ। ਨਾ ਉਸਦੇ ਸਾਥੀ ਇਨਕਲਾਬੀਆਂ ਨੇ ਕੁਝ ਕਿਹਾ, ਨਾ ਵਿਰੋਧੀਆਂ ਨੇ। ਲਾਊਡ ਸਪੀਕਰ ਤੇ ਐਲਾਨ ਹੋਇਆ ਕਲਾਸਾਂ ਆਮ ਵਾਂਗ ਲਗਣਗੀਆਂ। ਕਲਾਸਾਂ ਲਗੀਆਂ ਪਰ ਆਮ ਵਾਂਗ ਬਿਲਕੁਲ ਨਹੀਂ।

ਕਲਾਸ ਵਿਚ ਔਰਤ ਜਾਤ ਦੇ ਹੱਕਾਂ ਬਾਬਤ ਅਕਸਰ ਵਿਚਾਰਾਂ ਹੁੰਦੀਆਂ। ਜੱਸੀ ਕਹਿਣ ਲੱਗੀ, ਮੁਸਲਮਾਨ ਵਾਸਤੇ ਨੌਂ ਸਾਲ ਦੀ ਕੁਆਰੀ ਕੰਨਿਆ ਚਾਹੀਦੀ ਹੁੰਦੀ ਹੈ। ਮੰਨਾ ਬੋਲੀ, ਕਿਉਂ, ਇਕ ਕਿਉਂ? ਚਾਹੇ ਭੁਖਾ ਮਰਦਾ ਹੋਵੇ ਚਾਰ ਦਾ ਹਕਦਾਰ ਹੈ। ਇਸਲਾਮ ਉਸ ਦਾ ਸਮਰਥਕ ਹੈ। ਨਸਰੀਨ ਬੋਲੀ, ਚਾਰ ਕਿਉਂ? ਨਿਕੇ ਨਿਕੇ ਨਿਕਾਹ ਜਿੰਨੇ ਮਰਜ਼ੀ ਕਰਾ ਲਏ। ਦਸ ਮਿੰਟ ਤੋਂ ਲੈ ਕੇ 99 ਸਾਲ ਦੀ ਉਮਰ ਦੀ ਅਉਧ ਤਕ ਨੂੰ ਨਿੱਕਾ ਨਿਕਾਹ ਕਿਹਾ ਜਾਂਦਾ ਹੈ। ਰਾਸ਼ਟਰਪਤੀ ਰਫਸਨਜਾਨੀ ਨੇ ਸੁਧਾਰ ਕਰਦਿਆਂ ਐਲਾਨ ਕੀਤਾ ਸੀ ਕਿ ਇਰਾਨ ਵਿਚ ਟੈਂਪਰੇਰੀ ਨਿਕਾਹ ਕਰਵਾਉਣੇ ਵਾਜਬ ਹਨ ਤਾਂ ਇਰਾਨ ਦੀ ਹਰੇਕ ਪਾਰਟੀ ਨੇ ਇਸਦਾ ਵਿਰੋਧ ਕੀਤਾ ਸੀ। ਔਰਤਾਂ ਨਾਲੋਂ ਮਰਦਾਂ ਨੇ ਵਧੀਕ। ਭਾਵੇਂ ਸ਼ੱਰਾ ਵਿਚ ਇਸਦੀ ਵਿਵਸਥਾ ਹੈ, ਲੋਕਾਂ ਨੇ ਰਾਸ਼ਟਰਪਤੀ ਨੂੰ ਕਿਹਾ, ਤੇਰੇ ਇਹ ਸ਼ੱਰਈ ਸੁਧਾਰ ਵੇਸਵਾਗਮਨੀ ਨਹੀਂ ਤਾਂ ਹੋਰ ਕੀ ਨੇ?

ਮਰਦ ਆਪਣੀ ਮਰਜ਼ੀ ਦੀ ਕੁੜੀ ਵਲ ਉਂਗਲ ਕਰਕੇ ਕਹਿ ਸਕਦਾ ਹੈ, ਮੈਂ ਇਸ ਨਾਲ ਵਿਆਹ ਕਰਾਵਾਂਗਾ। ਕੁੜੀ ਨੂੰ ਇਹ ਹੱਕ ਨਹੀਂ। ਵੀਹਵੀਂ ਸਦੀ ਦੇ ਸ਼ੁਰੂ ਵਿਚ ਕੁੜੀ ਦੇ ਵਿਆਹ ਲਈ ਉਸਦੀ ਉਮਰ 9 ਸਾਲ ਸੀ, ਬਾਅਦ ਵਿਚ 13 ਸਾਲ ਕੀਤੀ ਗਈ, ਫਿਰ ਪਿਛੋਂ 18 ਸਾਲ। ਨਫੀਸੀ ਦੀ ਮਾਂ ਨੇ ਆਪਣੀ ਪਸੰਦ ਦੇ ਜੁਆਨ ਨਾਲ ਵਿਆਹ ਕਰਾਉਣ ਦੀ ਜੁਰਅਤ ਕੀਤੀ ਸੀ। ਜਦੋਂ ਦੇਸ਼ ਵਿਚ ਪਹਿਲੀ ਪਾਰਲੀਮੈਂਟ ਬਣੀ, ਉਸ ਵਿਚ 6 ਔਰਤਾਂ ਮੈਂਬਰ ਚੁਣੀਆਂ ਗਈਆਂ, ਇਨ੍ਹਾਂ ਛੇਆਂ ਵਿਚੋਂ ਇਕ ਨਫੀਸੀ ਦੀ ਮਾਂ ਸੀ। ਮਾਂ ਅਤੇ ਅੱਬਾ ਅਕਸਰ ਕਿਹਾ ਕਰਦੇ, ਅਸੀਂ ਬਾਦਸ਼ਾਹ ਦੇ ਖਿਲਾਫ ਇਸ ਕਰਕੇ ਯੁਧ ਵਿਚ ਸ਼ਾਮਲ ਹੋਏ ਸਾਂ ਕਿ ਵਧੀਕ ਅਧਿਕਾਰ, ਵਧੀਕ ਆਜ਼ਾਦੀ ਮਿਲੇ। ਸਾਨੂੰ ਕੀ ਪਤਾ ਸੀ ਕਿ ਪਹਿਲੇ ਵੀ ਖੁਸ ਜਾਣਗੇ।

ਇਰਾਨ ਦੇ ਪਾਰਲੀਮਾਨੀ ਇਤਿਹਾਸ ਵਿਚ ਕੇਵਲ ਦੋ ਔਰਤਾਂ ਕੇਂਦਰੀ ਕੈਬਨਿਟ ਵਿਚ ਵਜ਼ੀਰ ਬਣੀਆਂ। ਇਨਕਲਾਬ ਤੋਂ ਬਾਅਦ ਦੋਵਾਂ ਨੂੰ ਮੌਤ ਦੀ ਸਜ਼ਾ ਦਿਤੀ ਗਈ। ਇਕ, ਔਰਤਾਂ ਦੀ ਖੁਸ਼ਹਾਲੀ ਦੇ ਮੰਤਰਾਲੇ ਦੀ ਵਜ਼ੀਰ ਸੀ ਜਿਹੜੀ ਸ਼ਾਹ ਵੇਲੇ ਜਲਾਵਤਨ ਹੋ ਕੇ ਪਛਮ ਵਿਚ ਇਰਾਨੀ ਔਰਤਾਂ ਦੇ ਹੱਕਾਂ ਦੀ ਵਕਾਲਤ ਕਰਦੀ ਰਹੀ ਸੀ, ਦੂਜੀ ਨਫੀਸੀ ਦੇ ਸਕੂਲ ਦੀ ਪ੍ਰਿੰਸੀਪਲ ਸੀ। ਦੋਵਾਂ ਉਪਰ ਕਾਫਰ ਅਤੇ ਬਦਇਖਲਾਕ ਹੋਣ ਦਾ ਇਲਜ਼ਾਮ ਲਗਿਆ। ਪ੍ਰਿੰਸੀਪਲ ਨੂੰ ਪੱਥਰ ਮਾਰ ਮਾਰ ਕੇ ਮਾਰਿਆ ਗਿਆ। ਨਫੀਸੀ ਲਿਖਦੀ ਹੈ, ਸ਼ੁਕਰ ਹੈ ਅਲਾਹ ਦਾ, ਜਿਸ ਤਰ੍ਹਾਂ ਦੀਆਂ ਇਹ ਦੋਵੇਂ ਔਰਤਾਂ ਸਨ, ਸਾਡੀਆਂ ਧੀਆਂ ਵਿਚ ਅਜੇ ਉਹੋ ਜਿਹੀ ਤਾਕਤ ਤੇ ਖੁਦਦਾਰੀ ਕਾਇਮ ਹੈ। ਇਕ ਦਿਨ ਇਹ ਔਰਤਾਂ ਸਾਡੀਆਂ ਨਾਇਕਾਵਾਂ ਹੋਣਗੀਆਂ।

ਇਸ ਵਕਤ ਦੇਸ਼ ਵਿਚ 48 ਬੱਚੇ ਜੇਲ੍ਹਾਂ ਵਿਚ ਬੰਦ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਚੁਕੀ ਹੈ। ਕਾਨੂੰਨਨ 18 ਸਾਲ ਤੋਂ ਘਟ ਉਮਰ ਦੇ ਬੱਚੇ

(ਬਾਕੀ ਸਫਾ 36 'ਤੇ)

## ਕਹਾਣੀ

***1980ਵਿਆਂ ਦੇ ਪੰਜਾਬ ਦੇ ਕਾਲੇ ਦਿਨਾਂ ਬਾਰੇ ਬਹੁਤ ਘੱਟ ਸਾਹਿਤ ਰਚਿਆ ਗਿਆ ਹੈ। ਇਨ੍ਹਾਂ ਹੀ ਕਾਲੇ ਦਿਨਾਂ ਬਾਰੇ ਪਿਛਲੇ ਹਫਤੇ ਅਸੀਂ ਦਲਬੀਰ ਚੇਤਨ ਦੀ ਇਕ ਕਹਾਣੀ ਛਾਪੀ ਸੀ। ਪੇਸ਼ ਹੈ ਉਨ੍ਹਾਂ ਕਾਲੇ ਦਿਨਾਂ ਦੇ ਕਹਿਰ ਨੂੰ ਦਰਸਾਉਂਦੀ ਇਕ ਹੋਰ ਕਹਾਣੀ। -ਸੰਪਾਦਕ***



# ਪਾਲਕ ਦਾ ਬੂਟਾ

-ਦਲਬੀਰ ਚੇਤਨ

ਇਸ ਵੇਲੇ ਮੈਂ ਬਹੁਤ ਉਦਾਸ ਹਾਂ। ਉਂਜ ਉਦਾਸੀ ਵੀ ਕਈ ਵਾਰ ਕੂਲੀ ਜਿਹੀ ਹੁੰਦੀ ਹੈ। ਉਹ ਉਦਾਸ ਤਾਂ ਕਰਦੀ ਹੈ ਪਰ ਖਿਝਾਉਂਦੀ ਜਾਂ ਨਿਰਾਸ਼ ਨਹੀਂ ਕਰਦੀ। ਪਰ ਇਸ ਵੇਲੇ ਮੈਂ ਉਦਾਸ, ਨਿਰਾਸ਼ ਤੇ ਪੂਰੀ ਤਰ੍ਹਾਂ ਖਿਝਿਆ ਖਿਝਿਆ ਵੀ ਹਾਂ। ਇਹ ਖਿਝ ਆਪਣੇ ਆਪ ਉਤੇ ਵੀ ਹੈ ਤੇ ਪੂਰੀ ਕਾਇਨਾਤ ਉਤੇ ਵੀ। ਮੈਂ ਸੋਚਦਾ ਹਾਂ ਕਿ ਕਾਦਰ, ਕੁਦਰਤ ਤੇ ਬੰਦੇ ਵਿਚ ਬੜਾ ਸਿੱਧਾ ਰਿਸ਼ਤਾ ਹੋਣਾ ਚਾਹੀਦਾ ਹੈ।

ਇਸ ਸੋਚ ਦੇ ਨਾਲ ਹੀ ਮੈਨੂੰ ਆਪਣਾ ਸਾਇੰਸ ਮਾਸਟਰ ਯਾਦ ਆਉਂਦਾ ਹੈ ਜੋ ਮੇਜ਼ ਉਤੇ ਮੋਮਬੱਤੀ ਬਾਲ ਕੇ ਤੇ ਇਕੋ ਹੀ ਸੇਧ ਵਿਚ, ਛੇਕਾਂ ਵਾਲੇ ਤਿੰਨ ਗੱਤੇ ਰੱਖ ਕੇ ਸਾਨੂੰ ਰੋਸ਼ਨੀ ਦਾ ਸਿੱਧੀਆਂ ਲਕੀਰਾਂ ਵਿਚ ਚੱਲਣ ਦਾ ਸਿਧਾਂਤ ਸਮਝਾਇਆ ਕਰਦਾ ਸੀ। ਫੇਰ ਉਹਨੇ ਇਕ ਗੱਤੇ ਨੂੰ ਏਧਰ-ਉਧਰ ਕਰ ਦੇਣਾ ਤੇ ਮੋਮਬੱਤੀ ਦੀ ਰੋਸ਼ਨੀ ਆਰ-ਪਾਰ ਨਾ ਪੁੱਜਣੀ। ਮੈਨੂੰ ਵੀ ਲਗਦਾ ਹੈ ਕਿ ਕਾਦਰ ਤੇ ਬੰਦੇ ਦੇ ਵਿਚਕਾਰਲਾ ਕੁਦਰਤ ਵਾਲਾ ਗੱਤਾ ਕਿਧਰੇ ਇਧਰ-ਉਧਰ ਹੋ ਗਿਆ ਹੈ ਤੇ ਜਦੋਂ ਉਹ ਇਧਰ-ਉਧਰ ਹੋ ਜਾਂਦਾ ਹੈ ਤਾਂ ਰੋਸ਼ਨੀ ਬੰਦੇ ਤੱਕ ਨਹੀਂ ਪਹੁੰਚਦੀ ਤੇ ਬੰਦਾ ਕੁਦਰਤ ਨਾਲੋਂ ਟੁੱਟ ਕੇ ਵਹਿਸ਼ੀ, ਜ਼ਹਿਰੀਲਾ ਤੇ ਖਤਰਨਾਕ ਖੂੰਖਾਰ ਬਣ ਜਾਂਦਾ ਹੈ। ਸ਼ਾਇਦ ਇਸੇ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਸਿਰਫ ਕੁਦਰਤ ਨਾਲ ਜੁੜਿਆ ਬੰਦਾ ਹੀ ਖੂਬਸੂਰਤੀ ਤੇ ਪਿਆਰ ਮਾਣ ਤੇ ਵੰਡ ਸਕਦਾ ਹੈ। ਮੈਂ ਆਪਣੇ ਆਪ 'ਤੇ ਹੀ ਹੈਰਾਨ ਹੁੰਦਾ ਹਾਂ ਕਿ ਜੇ ਮੈਂ ਆਪਣੇ ਆਪ ਨਾਲ ਖਿਝਿਆ ਤੇ ਰੁੱਸਿਆ ਹੋਇਆ ਵੀ ਜ਼ਿੰਦਗੀ ਦੀ ਖੂਬਸੂਰਤੀ ਬਾਰੇ ਸੋਚਣ ਲੱਗ ਪਿਆ ਹਾਂ ਤਾਂ ਇਸ ਵਿਚ ਜ਼ਰੂਰ ਕੋਈ ਅਜਿਹੀ ਖਿੱਚ ਹੋਵੇਗੀ ਜਿਹੜੀ ਟੁੱਟ ਕੇ ਵੀ ਸਾਨੂੰ ਆਪਣੇ ਨਾਲੋਂ ਟੁੱਟਣ ਨਹੀਂ ਦਿੰਦੀ।

ਇਸ ਘੋਰ ਉਦਾਸੀ ਵਿਚ ਵੀ ਮੈਨੂੰ ਯਾਦ ਆਉਂਦਾ ਹੈ ਆਪਣੇ ਹੀ ਪਿੰਡ ਦਾ ਸੁਰੈਣ ਸਿੰਘ। ਕੋਰਾ ਅਨਪੜ੍ਹ ਸੁਰੈਣ ਸਿੰਘ ਲੋਕਾਂ ਦੀ ਗੋਡੀ-ਚਾਕੀ ਕਰਦਾ ਨਾਲ-ਨਾਲ ਸ਼ਾਇਰੀ ਵੀ ਕਰਨ ਲੱਗ ਪਿਆ ਸੀ ਤੇ ਲੋਕੀਂ ਉਹਨੂੰ ਹੌਲੀ ਹੌਲੀ 'ਸੈਰੀ' ਕਹਿਣ ਲੱਗ ਪਏ ਸਨ। ਸੁਰੈਣ ਸਿੰਘ ਉਰਫ 'ਸੈਰੀ' ਮੋਟੀ ਅਫੀਮ ਡੁੰਗਦਾ ਸੀ। ਅਫੀਮ ਖਾ ਕੇ ਉਹ ਵਧੀਆ ਗੁਡਦਾ, ਵਧੀਆ ਗੱਲਾਂ ਕਰਦਾ ਤੇ ਕਦੇ ਕਦੇ ਰੌਂਅ 'ਚ ਆਇਆ ਉਹ ਆਪਣੀ ਕੰਠ ਕੀਤੀ ਸ਼ਾਇਰੀ ਨੂੰ ਗੌਣ ਵੀ ਲੱਗ ਪੈਂਦਾ। ਲੋਕਾਂ ਨੂੰ ਉਹਦੇ ਸਿੱਧੇ ਤੇ ਸਰਲ ਜਿਹੇ ਗੌਣ ਜ਼ੁਬਾਨੀ ਹੀ ਯਾਦ ਹੋ ਜਾਂਦੇ ਤੇ ਉਹ ਆਪ ਵੀ ਗੌਂਦੇ ਰਹਿੰਦੇ,

ਰੰਬਾ ਤੂੰ ਚਲਾਈ ਜਾ, ਗੌਣ ਤੂੰ ਬਣਾਈ ਜਾ
ਗੌਣ ਨੂੰ ਬਣਾ ਕੇ ਬਸ ਲੋਕਾਂ ਨੂੰ ਸੁਣਾਈ ਜਾ
ਤੈਨੂੰ ਰੱਬ ਨੇ ਬਖਸ਼ਿਆ ਗਹਿਣਾ
ਕਿ ਪਿਆਰ ਤੂੰ ਵੰਡ ਸੈਰੀਆ,
ਤੂੰ ਸਾੜਿਆਂ ਵਿਚੋਂ ਕੀ ਲੈਣਾ,
ਕਿ ਪਿਆਰ ਤੂੰ ਵੰਡ ਸੈਰੀਆ।

ਪਿਛਲੇ ਕੁਝ ਸਮੇਂ ਤੋਂ ਉਹ ਬੀਮਾਰ ਰਹਿਣ ਲੱਗ ਪਿਆ ਸੀ। ਧੀ ਪੁੱਤ ਕੋਈ ਹੈ ਨਹੀਂ ਸੀ। ਕੰਮ ਕਰਨ ਜੋਗਾ ਉਹ ਰਿਹਾ ਨਾ। ਅਫੀਮ ਦੀ ਤੋਟ ਵੀ ਸਰੀਰ ਨੂੰ ਅਕੜੇਵਾਂ ਚਾੜ੍ਹ ਛੱਡਦੀ ਤੇ ਉਹ ਖਿਝਿਆ-ਖਿਝਿਆ ਰਹਿਣ ਲੱਗ ਪਿਆ। ਗੁਰਪੁਰਬਾਂ, ਵਿਆਹ-ਸ਼ਾਦੀਆਂ ਤੇ ਜੰਮਣਿਆਂ-ਮਰਨਿਆਂ ਉਤੇ ਉਹ ਆਪਣੇ ਜੋੜੇ ਕਬਿੱਤ ਗੌਂ-ਗੌਂ ਕੇ ਮਿਲਦੇ ਪੈਸਿਆਂ ਨਾਲ ਗੁਜ਼ਾਰਾ ਕਰਦਾ ਰਿਹਾ। ਅਖੀਰ ਵਿਚ ਪਤਾ ਨਹੀਂ ਪਿਆਰ ਵੰਡਣ ਵਾਲੇ ਤੇ ਹੱਸਣ-ਹਸਾਉਣ ਵਾਲੇ ਸੈਰੀ ਨੂੰ ਕੀ ਹੋ ਗਿਆ ਕਿ ਉਹ ਨਿਰਾਸ਼ਾ ਦੀਆਂ ਲਹਿਰਾਂ ਵਿਚ ਡਿਕੋ-ਡੋਲੇ ਜਿਹੇ ਖਾਣ ਲੱਗ ਪਿਆ। ਉਹ ਹੁਣ ਮਰਨ ਦੇ ਭੋਗਾਂ ਉਤੇ ਅਕਸਰ ਇਕੋ ਹੀ ਬੈਂਤ ਗਾਉਂਦਾ, ਜਿਸਦਾ ਤੋੜਾ ਅਖੀਰ ਵਿਚ ਉਹ ਇਕੋ ਹੀ ਨੁਕਤੇ ਉਤੇ ਆ ਕੇ ਝਾੜਦਾ ਤੇ ਤੋੜਾ ਝਾੜਦਿਆਂ ਉਹਦੀਆਂ ਅੱਖਾਂ ਅਕਸਰ ਨਮ ਜਿਹੀਆਂ ਹੋ ਜਾਂਦੀਆਂ। ਉਹ ਨਮ ਜਿਹੀਆਂ ਅੱਖਾਂ ਨੂੰ ਮੀਟ ਕੇ ਤੇ ਕੰਨਾਂ ਉਤੇ ਹੱਥ ਧਰ ਕੇ ਉਚੀ ਹੇਕ 'ਚ ਕਹਿੰਦਾ,

'ਹੋਰ ਜੀ ਕੇ ਸੈਰੀਆ ਕੀ ਲੈਣਾ,
ਮਰਨ ਵਾਲੇ ਦੀ ਥਾਂ ਤੇ ਮਰ ਜਾਂਦੇ।'

ਕੋਈ ਕਹਿ ਦਿੰਦਾ ਕਿਸੇ ਦੀ ਥਾਂ 'ਤੇ ਕਿਥੇ ਮਰਿਆ ਜਾਂਦਾ ਸੈਰੀਆ। ਤੇ ਉਹ ਅੱਗੋਂ ਰੋਣ ਵਰਗਾ ਹੱਸ ਕੇ ਕਹਿੰਦਾ, ਕੀ ਪਤਾ ਭਾਊ, ਮੂੰਹੋਂ ਕੱਢੀ ਗੱਲ ਕਿਸੇ ਵੇਲੇ ਸੱਚੀ ਹੋ ਈ ਜਾਵੇ।

ਤੇ ਸੱਚ ਮੁੱਚ ਇਕ ਦਿਨ ਇਹ ਗੱਲ ਸੱਚੀ ਹੋ ਈ ਗਈ। ਉਸ ਰਾਤ ਪਿੰਡ 'ਚ ਗੋਲੀ ਚੱਲੀ। ਗੋਲੀ ਚੱਲੀ ਤਾਂ ਬਹੁਤਿਆਂ ਨੇ ਸੁਣ ਲਈ ਸੀ ਪਰ ਰਾਤ ਇਹ ਪਤਾ ਨਹੀਂ ਸੀ ਲੱਗ ਸਕਿਆ ਕਿ ਗੋਲੀ ਚੱਲੀ ਕੀਹਦੇ ਉਤੇ ਸੀ ਤੇ ਵਾਪਰਿਆ ਕੀ ਸੀ? ਸਵੇਰ ਹੁੰਦਿਆਂ ਹੀ ਇਹ ਵੀ ਪਤਾ ਲੱਗ ਗਿਆ ਕਿ ਗੋਲੀ ਸੁਰੈਣ ਸਿੰਘ ਸੈਰੀ ਉਤੇ ਚੱਲੀ ਸੀ ਤੇ ਉਹ ਮਾਰਿਆ ਗਿਆ ਸੀ। ਇਹ ਵੀ ਪਤਾ ਲੱਗ ਗਿਆ ਕਿ ਬੰਦੂਕਧਾਰੀ ਆਏ ਤਾਂ ਉਹਦੇ ਗਵਾਂਢੀ, ਕਰਮੇ ਟਾਊਟ ਨੂੰ ਮਾਰਨ ਸਨ ਪਰ ਕਰਮਾ ਟਾਊਟ ਕਿਸੇ ਦੇ ਵਿਆਹ ਜਾਣ ਲੱਗਿਆ ਸੈਰੀ ਨੂੰ ਕਹਿ ਗਿਆ ਸੀ ਕਿ ਰਾਖੀ ਲਈ ਮੇਰੇ ਘਰ ਸੌਂ ਜਾਵੀਂ। ਸੌਣ ਲੱਗਿਆਂ, ਸੈਰੀ ਨੇ ਆਪਣੀ ਘਰ ਵਾਲੀ ਨੂੰ ਕਿਹਾ, 'ਭਾਗਵਾਨੇ ਆਪਣੇ ਘਰ 'ਚ ਕੀ ਆ? ਚਲ ਮਾਰ ਜਿੰਦਰਾ ਤੇ ਟਾਊਟ ਦੇ ਭਰੇ ਭੁਕੰਨੇ ਘਰ 'ਚ ਗੁਦੈਲਿਆਂ 'ਤੇ ਸੌਂ ਕੇ ਵੇਖੀਏ।'

ਗੁਦੈਲਿਆਂ ਉਤੇ ਸੌਣ ਦੇ ਚਾਅ 'ਚ ਹੀ ਭੁਲੇਖੇ ਨਾਲ ਮਾਰਿਆ ਗਿਆ ਵਿਚਾਰਾ 'ਸੈਰੀ'। ਕਹਿੰਦੇ ਨੇ ਉਹ ਦੁਹਾਈ ਵੀ ਪਾਉਂਦਾ ਰਿਹਾ ਕਿ ਮੈਂ ਕਰਮਾ ਨਹੀਂ ਪਰ ਮਾਰਨ ਵਾਲਿਆਂ ਦਾ ਵਿਸ਼ਾਲ ਤਜਰਬਾ ਇਹ ਵੀ ਕਹਿੰਦਾ ਸੀ ਕਿ ਹਰ ਮਰਨ ਵਾਲਾ, ਆਪਣੇ ਬਚਾਅ ਲਈ ਏਨਾ ਕੁ ਰੌਲਾ ਤਾਂ ਪਾਉਂਦਾ ਹੀ ਹੈ ਤੇ ਜਾਂ ਇਹ ਵੀ ਕਿ ਉਹ ਮਾਰਨ ਆਏ ਸਨ ਤੇ ਉਨ੍ਹਾਂ ਕਿਸੇ ਨਾ ਕਿਸੇ ਨੂੰ ਮਾਰਨਾ ਹੀ ਸੀ। ਘਰ ਵਾਲੀ ਨੇ ਲੋਕਾਂ ਨੂੰ ਅਗਲੀ ਸਵੇਰ ਰੋ ਰੋ ਕੇ ਇਹ ਵੀ ਦੱਸਿਆ ਕਿ ਆਖਰੀ ਵੇਲੇ ਸੈਰੀ ਨੇ ਮਾਰਨ ਵਾਲਿਆਂ ਅੱਗੇ ਜਿਊਣ ਦੇ ਬਹੁਤ ਵਾਸਤੇ ਪਾਏ ਸਨ। ਮੈਂ ਸੋਚਦਾਂ, ਜ਼ਰੂਰ ਪਾਏ ਹੋਣਗੇ ਇਸ ਰੰਗਲੀ ਦੁਨੀਆਂ ਤੋਂ ਜਾਣ ਨੂੰ ਕੀਹਦਾ ਚਿੱਤ ਕਰਦਾ? ਸ਼ਾਇਦ ਇਸੇ ਲਈ ਮਰਨ-ਮਰਨ ਕਰਨ ਵਾਲੇ ਸੈਰੀ ਦੀ ਵੀ ਆਖਰੀ ਲਿਲਕ ਜ਼ਰੂਰ ਜਿਊਣ ਦੀ ਹੀ ਹੋਵੇਗੀ। ਕਈ ਵਾਰ ਵੱਡਿਆਂ ਤੋਂ ਸੁਣਦੇ ਹੁੰਦੇ ਸੀ ਕਿ ਕੋਈ ਨਿਹੱਕਾ ਕਤਲ ਹੋ ਜਾਏ ਤਾਂ ਲਾਲ ਹਨ੍ਹੇਰੀ ਝੁੱਲਦੀ ਹੁੰਦੀ ਹੈ ਪਰ ਏਨੇ ਬਦੋਸ਼ਿਆਂ ਦੇ ਕਤਲ ਤਾਂ ਮੈਂ ਆਪਣੀਆਂ ਅੱਖਾਂ ਨਾਲ ਵੇਖ ਲਏ ਨੇ ਪਰ ਲਾਲ ਹਨ੍ਹੇਰੀ ਝੁਲਦੀ ਅਜੇ ਤੱਕ ਨਹੀਂ ਵੇਖੀ। ਆਮ ਜ਼ਿੰਦਗੀ ਵਿਚ ਜਦੋਂ ਕਦੇ ਕਿਸੇ ਬੰਦੇ ਨੂੰ ਮੈਂ ਧਰਮ ਸਥਾਨਾਂ 'ਤੇ ਮੱਥੇ ਰਗੜਦਾ, ਮਨ ਦੀ ਸ਼ਾਂਤੀ ਲਈ ਪਾਠ-ਪੂਜਾ ਤੇ ਦਾਨ-ਪੁੰਨ ਕਰਦਾ, ਤਿਲਕ ਲਾਉਂਦਾ, ਕਕਾਰ ਸਜਾਉਂਦਾ ਵੇਖਦਾ ਹਾਂ ਤਾਂ ਯਕੀਨ ਨਹੀਂ ਆਉਂਦਾ ਕਿ ਬੰਦਾ ਏਨਾ ਖੂੰਖਾਰ ਵੀ ਹੋ ਸਕਦਾ ਹੈ।

ਕੁਝ ਦਿਨ ਪਹਿਲਾਂ ਮੇਰੇ ਲਾਗਲੇ ਪਿੰਡ ਘਟਨਾ ਵਾਪਰੀ ਤਾਂ ਮੈਂ ਦੰਗ ਹੀ ਰਹਿ ਗਿਆ। ਮੇਰੇ ਕੋਲੋਂ ਤਾਂ ਆਪਣੇ ਮਰ ਗਏ ਸਕੇ ਸੋਧਰਿਆਂ ਦੀ ਲਾਸ਼ ਵੀ ਨਹੀਂ ਵੇਖੀ ਜਾਂਦੀ ਪਰ ਏ.ਕੇ. ਸੰਤਾਲੀ ਵਾਲਿਆਂ ਨੇ ਪਹਿਲਾਂ ਕਿਸੇ ਬੰਦੇ ਨੂੰ ਮਾਰਿਆ। ਗੋਲੀਆਂ ਵਾਲੀ ਥਾਂ ਤੋਂ ਧਤੀਰੀਆਂ ਬਣ ਕੇ ਉਹਦਾ ਕੋਸਾ, ਗੂੜ੍ਹਾ ਤੇ ਗਾਹੜਾ ਲਹੂ ਫੁੱਟਿਆ। ਲਹੂ ਨਾਲ ਲੱਥ-ਪੱਥ ਹੋਈ ਲਾਸ਼ ਵਿਚ ਉਨ੍ਹਾਂ ਫੇਰ ਕਿਸੇ ਰਿਮੋਟ ਕੰਟਰੋਲ ਬੰਬ ਦੀ ਵਿਉਂਤਬੰਦੀ ਕੀਤੀ ਤਾਂ ਕਿ ਇਕ ਲਾਸ਼ ਰਾਹੀਂ ਹੋਰ ਲਾਸ਼ਾਂ ਤੱਕ ਵੀ ਪਹੁੰਚਿਆ ਜਾ ਸਕੇ। ਜਦੋਂ ਮਰਨ ਵਾਲੇ ਦੀ ਘਰ ਵਾਲੀ ਨੇ ਖਬਰ ਸੁਣ ਕੇ ਕੀਰਨੇ ਪਾਉਂਦਿਆਂ ਉਹਦੀ ਲਾਸ਼ ਨੂੰ ਧਾਹ ਗਲਵਕੜੀ ਪਾਈ ਤਾਂ ਉਹਦੀ ਆਪਣੀ ਲਾਸ਼ ਦੇ ਲੋਥੜੇ, ਪਹਿਲਾਂ ਉਤਾਂਹ ਨੂੰ ਹਵਾ ਵਿਚ ਉਡੇ ਤੇ ਫੇਰ ਧਰਤੀ 'ਤੇ ਖਿੱਲਰ ਗਏ। ਕਈ ਦਿਨ ਰਾਤ ਨੂੰ ਨੀਂਦ ਨਾ ਆਈ। ਕਈ ਹਫਤੇ ਚੰਗੀ ਤਰ੍ਹਾਂ ਰੋਟੀ ਨਾ ਖਾਧੀ ਗਈ। ਸੌਣ ਲੱਗਿਆਂ ਵੀ ਅੱਖਾਂ ਅੱਗੇ ਲਹੂ ਨਾਲ ਲਿੱਬੜੀ ਉਹੀ ਲਾਸ਼ ਤੇ ਰੋਟੀ ਖਾਣ ਲੱਗਿਆਂ ਦਾਲ ਸਬਜ਼ੀ ਦੀ ਕੌਲੀ ਵਿਚ ਉਹੋ ਰੱਤ ਨਾਲ ਲਿੱਬੜੇ ਲੋਥੜੇ! ਫੇਰ ਨੀਂਦ ਕਿਵੇਂ ਆਏ ਜਾਂ ਭੁੱਖ ਕਿਵੇਂ ਲੱਗੇ? ਸ਼ਾਇਦ ਇਸੇ ਲਈ ਮੈਂ ਹੜਬੜਾ ਕੇ ਮੰਜੇ ਉਤੋਂ ਉਠ ਖਲੋਂਦਾ ਹਾਂ ਤੇ ਰੋਟੀ ਖਾਣ ਲੱਗਾ ਕਿਸੇ ਖਾਸ ਤਰ੍ਹਾਂ ਦੀ ਕੁਰਹਿਤ ਜਿਹੀ ਨਾਲ ਦੰਦ ਕਰੀਚਦਾ ਥਾਲੀ ਨੂੰ ਪਰ੍ਹੇ ਸਰਕਾ ਕੇ ਬਾਹਰ ਨੂੰ ਤੁਰ ਪੈਂਦਾ ਹਾਂ।

ਪਹਿਲੀ ਘਟਨਾ ਨੂੰ ਅਜੇ ਕੁਝ ਦਿਨ ਹੀ ਗੁਜ਼ਰੇ ਸਨ ਕਿ ਮੈਨੂੰ ਫੇਰ ਇਕ ਦਿਨ ਥੋੜ੍ਹੀ-ਥੋੜ੍ਹੀ ਵਿੱਥ 'ਤੇ, ਇਕੋ ਹੀ ਪੈਲੀ ਵਿਚ ਛੇ ਲਾਸ਼ਾਂ ਖਿਲਰੀਆਂ ਵੇਖਣੀਆਂ ਪੈ ਗਈਆਂ। ਸੁਣਿਆ ਹੈ ਕਿ ਇਨ੍ਹਾਂ ਜਿਸਮਾਂ ਨੇ ਵੀ ਲਾਸ਼ਾਂ ਬਣਨ ਤੋਂ ਪਹਿਲਾਂ ਏ.ਕੇ. ਅੱਗੇ ਹੱਥ ਜੋੜੇ ਤੇ ਬੜੇ ਵਾਸਤੇ ਪਾਏ ਸਨ। ਇਹ ਵੀ ਸੁਣਿਆ ਹੈ ਕਿ ਏ.ਕੇ. ਦਾ ਬੈਰਲ ਥੋੜ੍ਹਾ ਪਿਘਲ ਵੀ ਗਿਆ ਸੀ। ਉਹਨੇ ਪਿਘਲੀ ਅਵਸਥਾ 'ਚ ਰਹਿਮ ਦਾ ਹੁਕਮ ਦਿੱਤਾ ਸੀ, "ਜਾਓ, ਭੱਜ ਜਾਓ ਤੇ ਪਿੱਛੇ ਮੁੜ ਕੇ ਨਾ ਵੇਖਿਓ।" ਉਹ ਸਹਿਮੀ ਜਿਹੀ ਖੁਸ਼ੀ ਨਾਲ ਸੰਤੋੜ ਹੀ ਭੱਜ ਨਿਕਲੇ ਸਨ। ਪਤਾ ਨਹੀਂ ਇਹ ਏ.ਕੇ. ਦੇ ਬੈਰਲ ਦੀ ਸੋਚ ਸੀ ਜਾਂ ਸਾਜ਼ਿਸ਼ ਕਿ ਉਹ ਫੇਰ ਠੋਸ ਅਵਸਥਾ 'ਚ ਆ ਕੇ ਅੱਗ ਵਰ੍ਹਾਉਣ ਲੱਗ ਪਿਆ ਸੀ। ਮੈਂ ਸਵੇਰੇ ਜਾ ਕੇ ਵੇਖਿਆ ਸੀ ਕਿ ਉਨ੍ਹਾਂ ਛੇਆਂ ਮਰਨ ਵਾਲਿਆਂ ਦੇ ਮੂੰਹ ਆਪਣੇ ਘਰਾਂ ਵਲ ਸਨ ਪਰ ਉਹ ਘਰ ਪਹੁੰਚ ਨਹੀਂ ਸਨ ਸਕੇ। ਮੈਂ ਉਨ੍ਹਾਂ ਘਰਾਂ 'ਚ ਜਾ ਕੇ ਪਿੱਛੇ ਰਹਿ ਗਈਆਂ ਜਿਊਂਦੀਆਂ ਲਾਸ਼ਾਂ ਨੂੰ ਵੀ ਮਿਲਿਆ ਸਾਂ ਤੇ ਆਪਣੇ-ਆਪ ਨੂੰ ਇਕ ਜਿਊਂਦੀ ਲਾਸ਼ ਵਾਂਗ ਧੂੰਹਦਾ, ਝੱਲਿਆਂ ਵਾਂਗ, ਇਕ ਭਟਕਣ ਜਿਹੀ 'ਚ ਬੇਮੁਹਾਰਾ ਹੀ ਭਟਕਦਾ ਰਿਹਾ ਸਾਂ।

ਇਕ ਹਾਦਸਾ ਮੇਰੇ ਪਿੰਡ ਤੋਂ ਤਾਂ ਥੋੜ੍ਹਾ ਦੂਰ ਵਾਪਰਿਆ ਸੀ ਪਰ ਦਿਲ ਦੇ ਬੜਾ ਕਰੀਬ ਸੀ। ਮੇਰੇ ਫੌਜੀ ਦੋਸਤ ਦੀ ਭੈਣ ਤੇ ਉਹਦੀ ਨੌਕਰਾਣੀ ਨੂੰ ਮਾਰ ਕੇ ਘਰ ਨੂੰ ਅੱਗ ਲਾ ਦਿੱਤੀ ਗਈ ਸੀ। ਘਰੋਂ ਤੁਰਨ ਲੱਗਿਆਂ ਸੋਚਿਆ ਸੀ ਕਿ ਦੋਸਤ ਵੀ ਆਇਆ ਹੋਵੇਗਾ ਪਰ ਉਥੇ ਪਹੁੰਚ ਕੇ ਵੇਖਿਆ ਕਿ ਭੁੰਜੇ ਹੀ ਮਾਂ ਤੇ ਭਰਜਾਈ ਬੈਠੀਆਂ ਸਨ। ਅੱਧ ਸੜਿਆ ਘਰ ਅਜੇ ਵੀ ਧੁਖ ਰਿਹਾ ਸੀ। ਬਹਿਣ ਲਈ ਕੋਈ ਪੀੜ੍ਹੀ-ਮੰਜਾ ਵੀ ਨਹੀਂ ਸੀ ਬਚਿਆ। ਮਾਂ ਨੇ ਮੇਰੇ ਸਿਰ 'ਤੇ ਹੱਥ ਫੇਰ ਕੇ ਦਿਲਾਸਾ ਦਿੱਤਾ। ਦੋਵੇਂ, ਨੂੰਹ-ਸੱਸ ਆਪੇ ਰੋ ਲੈਂਦੀਆਂ ਤੇ ਆਪੇ ਹੀ ਭਾਣਾ ਮੰਨ ਕੇ ਚੁੱਪ ਕਰ ਜਾਂਦੀਆਂ। ਏਨੀਆਂ-ਏਨੀਆਂ ਬਾਂਹਾਂ ਵਾਲੇ ਰਿਸ਼ਤੇ ਜਿਵੇਂ ਡਰ ਤੇ ਖੌਫ ਨੇ ਛਾਂਗ ਕੇ ਰੱਖ ਦਿੱਤੇ ਸਨ। ਮਾਂ ਨੇ ਕਿਹਾ, "ਤੇਜ ਦੇ ਕਿਸੇ ਵੀ ਫੌਜੀ ਦੋਸਤ ਨੇ ਉਹਦੇ ਇਥੇ ਔਣ ਦੀ ਹਾਮੀ ਨਹੀਂ ਸੀ ਭਰੀ। ਅਸੀਂ ਵੀ ਸੋਚਿਆ, ਇਹੋ ਹੀ ਠੀਕ ਐ ਤੇ ਉਹਨੂੰ ਆਉਣ ਤੋਂ ਵਰਜ ਦਿੱਤਾ। ਤੂੰ ਆਇਆ ਏਂ," ਮਾਂ ਨੇ ਡੂੰਘਾ ਸਾਹ ਜਿਹਾ ਭਰ ਕੇ ਮੇਰਾ ਮੱਥਾ ਚੁੰਮਿਆ, "ਮੈਨੂੰ ਲੱਗਾ, ਜਿਵੇਂ ਤੇਜ ਹੀ ਆ ਗਿਆ ਹੋਵੇ।" ਉਹ ਉਭੇ ਸਾਹ ਜਿਹੇ ਹੋਈ ਬੋਲੀ, "ਪਰ ਮੇਰੇ ਬੀਬੇ ਪੁੱਤ, ਹੁਣ ਤੂੰ ਜਾਹ," ਕਹਿੰਦਿਆਂ ਕਹਿੰਦਿਆਂ ਮਾਂ ਜਿਵੇਂ ਫਿੱਸ ਹੀ ਪਈ, "ਗੱਲਾਂ ਆਪਣੇ ਵੱਸੋਂ ਬਾਹਰੀਆਂ ਹੋ ਗਈਆਂ ਪੁੱਤਰਾ।"

ਕਿੰਨੇ ਦਿਨ ਇਸ ਬੇਬਸੀ ਉਤੇ ਦੁਖੀ ਜਿਹਾ ਹੁੰਦਾ ਮੈਂ ਆਪਣੇ ਆਪ ਨੂੰ ਕੋਸਦਾ ਰਿਹਾ ਸੀ ਕਿ ਇਹ ਕਿਹੜੇ ਸੂਰਮੇ ਜੰਮ ਪਏ ਸਨ ਜਿਨ੍ਹਾਂ ਦਾ ਹਵਨ ਸਫਲ ਹੋਣ ਲਈ ਔਰਤਾਂ ਦੀ ਬਲੀ ਵੀ ਬੜੀ ਜ਼ਰੂਰੀ ਸੀ। ਕਈ ਦਿਨ ਇਹ ਸਵਾਲ ਮੇਰੇ ਸਿਰ 'ਚ ਘੜੀ ਦੀ ਟਿੱਕ-ਟਿੱਕ ਵਾਂਗ ਵੱਜਦਾ ਰਿਹਾ ਸੀ। ਧਰਤੀ ਦੇ ਸਾਰੇ ਗਿਆਨ, ਵਿਗਿਆਨ, ਵਿਖਿਆਣ ਤੇ ਧਰਮ ਬਕਵਾਸ ਜਿਹੇ ਲੱਗਣ ਲੱਗ ਪਏ ਸਨ। ਸੁੰਦਰ ਦੁਮਾਲਿਆਂ ਤੇ ਦੁਸ਼ਾਲਿਆਂ 'ਚ ਵਲ੍ਹੇਟੇ ਮਨੁੱਖ ਦੇ ਅੰਦਰ ਭਰੇ ਕੂੜ-ਕਬਾੜ 'ਤੇ ਖਿਝ ਜਿਹੀ ਆਉਣ ਲੱਗ ਪਈ ਸੀ।

ਪਹਿਲੀਆਂ ਹੀ ਘਟਨਾਵਾਂ ਤੋਂ ਸਾਵਾਂ ਨਹੀਂ ਸੀ ਹੋਇਆ ਜਾ ਰਿਹਾ ਕਿ ਇਕ ਅਲੋਕਾਰ ਤੇ ਬੜੀ ਹੀ ਖੌਫਨਾਕ ਘਟਨਾ ਸਿੱਧੀ ਮੇਰੇ ਨਾਲ ਹੀ ਵਾਪਰ ਗਈ। ਇਸ ਵਾਰ ਮਰਨ ਵਾਲਾ ਮੇਰਾ ਬਚਪਨ ਦਾ ਦੋਸਤ ਜਗਤਾਰ ਸੀ। ਉਹ ਉਹਦੇ ਘਰ ਵਾਲੀ ਦਵਿੰਦਰ ਤੇ ਮੈਂ ਇਕੋ ਹੀ ਸਰਕਾਰੀ ਸਕੂਲ ਵਿਚ ਪੜ੍ਹਾਉਂਦੇ ਸਾਂ। ਉਹ ਬੜਾ ਮਿਹਨਤੀ ਸੀ। ਪਿਓ ਨਿੱਕੇ ਹੁੰਦੇ ਦਾ ਹੀ ਮਰ ਗਿਆ ਸੀ। ਨੌਵੀਂ-ਦਸਵੀਂ 'ਚ ਪੜ੍ਹਦਿਆਂ ਵੀ ਉਹ ਪੜ੍ਹਾਈ ਦੇ ਨਾਲ-ਨਾਲ, ਆਪਣੀ ਮਾਂ ਨਾਲ, ਵਾਹੀ ਦਾ ਪੂਰਾ ਕੰਮ ਕਰਵਾਉਂਦਾ ਸੀ। ਹੁਣ ਮਾਸਟਰੀ ਕਰਦਾ ਵੀ ਉਹ ਆਪਣੀ ਨੌਂ-ਦਸ ਕਿੱਲਿਆਂ ਦੀ ਵਾਹੀ ਨੂੰ ਪੂਰਾ ਘੁਕਾਈ ਫਿਰਦਾ ਸੀ। ਆਲੇ ਦੁਆਲੇ ਹੋ ਰਹੀ ਕਤਲੋਗਾਰਤ ਤੋਂ ਉਹ ਵੀ ਬੜਾ ਦੁਖੀ ਸੀ ਤੇ ਅਸੀਂ ਅਕਸਰ ਇਕ ਦੂਸਰੇ ਨਾਲ ਲੋਕਾਂ ਵਲੋਂ ਹੰਢਾਏ ਜਾ ਰਹੇ ਸੰਤਾਪ ਦੀਆਂ ਗੱਲਾਂ ਕਰ ਲੈਂਦੇ ਸਾਂ। ਕਈ ਵਾਰ ਦਵਿੰਦਰ ਵੀ ਸਾਡੇ ਵਿਚ ਸ਼ਾਮਲ ਹੋ ਜਾਂਦੀ। ਜਗਤਾਰ ਮੈਥ ਮਾਸਟਰ ਸੀ। ਮੈਂ ਪੰਜਾਬੀ ਟੀਚਰ ਹਾਂ ਅਤੇ ਦਵਿੰਦਰ ਨੂੰ ਵੇਖਣ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਪੀ.ਟੀ.ਆਈ. ਹੋਵੇਗੀ। ਲੰਮੀ, ਸੋਹਣੀ, ਨਾ ਭਾਰੀ ਨਾ ਪਤਲੀ, ਬਸ ਬੜਾ ਹੀ ਗੁੰਦਵਾਂ ਸਰੀਰ ਹੈ ਤੇ ਆਪਣੀ ਸਿਹਤ ਬਾਰੇ ਉਹ ਪੂਰੀ ਸੁਚੇਤ ਵੀ ਹੈ। ਮੈਨੂੰ ਉਹਦੇ ਬਾਰੇ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਉਹ ਸਿਹਤ ਦੇ ਨਾਲ-ਨਾਲ ਸਾਹਿਤ ਦੀਆਂ ਗੱਲਾਂ ਵੀ ਕਰਨ ਲੱਗ ਪੈਂਦੀ ਹੈ। ਉਹ ਜਗਤਾਰ ਨੂੰ ਕਈ ਵਾਰ ਕਹਿੰਦੀ ਹੁੰਦੀ ਸੀ, 'ਮਿਸਟਰ ਦੋ ਦੂਣੀ ਚਾਰ' ਫੇਰ ਮੈਨੂੰ ਆਖਦੀ ਹੁੰਦੀ ਸੀ, "ਸਾਹਿਤ ਤਾਂ ਕਦੇ ਵੀ ਦੋ ਦੂਣੀ ਚਾਰ ਨਹੀਂ ਹੁੰਦਾ।" ਉਹਨੂੰ ਸਾਹਿਤ ਵਿਚ ਬੜੀ ਦਿਲਚਸਪੀ ਹੈ। ਆਪਣੀ ਗੱਲ ਨੂੰ ਵਜ਼ਨਦਾਰ ਬਣਾਉਣ ਲਈ ਕਈ ਵਾਰ ਉਹ ਢੁਕਵੇਂ ਸ਼ੇਅਰਾਂ ਦੀ ਵਰਤੋਂ ਵੀ ਕਰ ਲੈਂਦੀ ਹੈ। ਇਕ ਵਾਰ ਕਹਿਣ ਲੱਗੀ, "ਦੋ ਔਰ ਦੋ ਕਾ ਜੋੜ ਹਮੇਸ਼ਾਂ ਚਾਰ ਕਹਾਂ ਹੋਤਾ ਹੈ?" ਜਗਤਾਰ ਨੇ ਹੱਸ ਕੇ ਕਿਹਾ ਸੀ, "ਗਿਣ ਵਿਚਾਰ ਕੇ ਵੇਖ ਲਾ ਚਾਰ ਹੀ ਤਾਂ ਹੁੰਦਾ ਹੈ।" ਉਹਨੇ ਉਸ ਤੋਂ ਵੀ ਉਚੀ ਹੱਸਦਿਆਂ ਆਪਣੇ ਮੱਥੇ ਨੂੰ ਹੱਥ ਮਾਰਦਿਆਂ ਕਿਹਾ ਸੀ, "ਸੋਚ ਸਮਝ ਵਾਲੋਂ ਕੋ ਥੋੜ੍ਹੀ ਨਾਦਾਨੀ ਦੇ ਮੌਲਾ।" ਇਹੋ ਜਿਹੇ ਵੇਲੇ ਮੈਂ ਤਾੜੀ ਮਾਰ ਕੇ ਉਹਦੀ ਪ੍ਰੋੜਤਾ ਕਰ ਦਿੰਦਾ ਸਾਂ ਤੇ ਕਦੇ-ਕਦਾਈਂ ਨਾਲ 'ਵਾਹ ਵਾਹ' ਵੀ ਕਹਿ ਦਿੰਦਾ ਸਾਂ।

ਸਾਡੀ ਆਪਸ ਵਿਚ ਬੜੀ ਬਣਦੀ ਸੀ। ਇਕ ਵਾਰ ਉਹਨੇ ਮੇਰੀ ਬਾਂਹ ਫੜ ਕੇ ਜਗਤਾਰ ਤੋਂ ਪੁੱਛਿਆ ਸੀ, "ਦੱਸ ਸਕਦਾ ਏਂ ਕਿ ਸਾਡਾ ਇਕ ਦੂਸਰੇ ਨਾਲ ਭਲਾ ਕੀ ਰਿਸ਼ਤਾ?"

"ਇਹ ਤਾਂ ਸਾਹਿਤ ਵਾਲੇ ਹੀ ਸਮਝਾ ਸਕਦੇ ਨੇ," ਜਗਤਾਰ ਨੇ ਹੱਸ ਕੇ ਕਿਹਾ ਸੀ, "ਹਿਸਾਬ ਵਾਲੇ ਕੀ ਜਾਨਣ ਰਿਸ਼ਤਿਆਂ ਨੂੰ?"

ਉਹਨੇ ਅੱਗੋਂ ਗੰਭੀਰ ਜਿਹੀ ਮੁਸਕਰਾਹਟ ਨਾਲ ਕਿਹਾ, "ਰਿਸ਼ਤੇ ਸਮਝਾਇਆਂ ਨਹੀਂ ਬਣਦੇ, ਬਸ ਸਮਝਿਆਂ ਹੀ ਬਣਦੇ ਨੇ। ਗੁਲਜ਼ਾਰ ਨੇ ਕਿਹਾ ਸੀ ਨਾ, ਪਿਆਰ ਕੋ ਪਿਆਰ ਹੀ ਰਹਿਨੇ ਦੋ ਕੋਈ ਨਾਮ ਨਾ ਦੋ। ਇਸ ਲਈ ਮੈਂ ਵੀ ਕੁਲਦੀਪ ਨਾਲ ਆਪਣੇ ਪਿਆਰ ਦੇ ਰਿਸ਼ਤੇ ਨੂੰ ਕੋਈ ਨਾਂ ਹੀ ਨਹੀਂ ਦੇਣਾ ਚਾਹੁੰਦੀ।"

"ਇਹ ਸਮੱਸਿਆ ਇਕ ਔਰਤ ਹੋਣ ਕਰਕੇ ਤੇਰੀ ਹੋ ਸਕਦੀ ਹੈ, ਮੈਂ ਤਾਂ ਸ਼ਰ੍ਹੇਆਮ ਕਹਿ ਸਕਦਾ ਹਾਂ ਕਿ ਕੁਲਦੀਪ ਮੇਰਾ ਬਚਪਨ ਦਾ ਦੋਸਤ ਹੈ ਤੇ ਇਦ੍ਹੇ ਨਾਲ ਮੇਰੀ ਲੰਮੀ-ਚੌੜੀ ਸਾਂਝ ਹੈ।" ਜਗਤਾਰ ਨੇ ਵੀ ਜਿਵੇਂ ਵਾਰਾਸਾਰਾ ਜਿਹਾ ਲਿਆ। "ਤੁਸੀਂ ਤਾਂ ਫੇਰ ਮੈਥ ਟੀਚਰ ਵਾਂਗ ਸਵਾਲ ਹੀ ਕੱਢਣ ਲੱਗ ਪਏ।" ਉਹ ਖਿੜ-ਖਿੜਾ ਕੇ ਹੱਸੀ, "ਮਿਸਟਰ ਦੋ ਦੂਣੀ ਚਾਰ, ਦੋਸਤੀ 'ਚ ਲੰਬਾਈ-ਚੌੜਾਈ ਨਾਲੋਂ ਗਹਿਰਾਈ ਦੀ ਜ਼ਿਆਦਾ ਅਹਿਮੀਅਤ ਹੁੰਦੀ ਹੈ।" ਉਹਦੇ ਫਿਲਾਸਫਰਾਨਾ ਅੰਦਾਜ਼ ਉਤੇ ਅਸੀਂ ਵੀ ਗੰਭੀਰ ਜਿਹਾ ਹੱਸੇ ਪਰ ਇਹ ਹਾਸਾ ਇਕੋ ਹੀ ਝਟਕੇ ਨਾਲ ਜਿਵੇਂ ਰੱਤੋ-ਰੱਤ ਹੋ ਗਿਆ ਸੀ।

ਇਕ ਦਿਨ ਤਰਕਾਲੀਂ ਜਿਹੀਂ ਕੁਝ ਬੰਦੂਕਧਾਰੀ ਜਗਤਾਰ ਦੀਆਂ ਮੁਸ਼ਕਾਂ ਬੰਨ੍ਹ ਕੇ ਪਿੰਡ ਲੈ ਆਏ ਸਨ। ਉਹ ਨਹਿਰ ਦੇ ਪਾਣੀ ਦੀ ਵਾਰੀ ਲਾਉਣ ਐਵੇਂ ਘੰਟਾ ਕੁ ਪਹਿਲਾਂ ਹੀ ਘਰੋਂ ਗਿਆ ਸੀ। ਘਰੋਂ ਜਾਂਦਿਆਂ ਵੀ ਉਹਨੂੰ ਕਈਆਂ ਨੇ ਵੇਖਿਆ ਸੀ। ਉਂਜ ਤਾਂ ਮੁਸ਼ਕਾਂ ਬੱਝੀਆਂ 'ਚ ਵੀ ਉਹਨੂੰ ਕਈਆਂ ਤੋਂ ਵੀ ਵੱਧ ਨੇ ਵੇਖਿਆ ਸੀ ਪਰ ਸਾਰਿਆਂ ਨੇ ਵੇਖ ਕੇ ਅਣਡਿੱਠ ਕਰ ਦਿੱਤਾ ਸੀ। ਬਸ ਵਿੰਹਦਿਆਂ ਹੀ ਵਿੰਹਦਿਆਂ ਸਭ ਘਰਾਂ ਦੇ ਬਾਹਰਲੇ ਬੂਹੇ ਬੰਦ ਹੋ ਗਏ ਸਨ। ਅਤਿ ਦੀ ਗਰਮੀ ਹੋਣ ਦੇ ਬਾਵਜੂਦ ਵੀ ਲੋਕ ਕੋਠਿਆਂ ਤੋਂ ਉਤਰ ਕੇ, ਕਮਰਿਆਂ 'ਚ ਦੜ੍ਹ ਗਏ ਸਨ। ਪਿੰਡ ਵਿਚ ਤਿੰਨ ਗੁਰਦੁਆਰੇ ਸਨ। ਤਿੰਨਾਂ ਹੀ ਗੁਰਦੁਆਰਿਆਂ 'ਚ ਰਹਿਰਾਸ ਦਾ ਪਾਠ ਪੜ੍ਹਿਆ ਜਾ ਰਿਹਾ ਸੀ। ਪਾਠ ਬੰਦ ਕਰਵਾ ਕੇ ਤਿੰਨਾਂ ਹੀ ਗੁਰਦੁਆਰਿਆਂ ਦੇ ਸਪੀਕਰਾਂ 'ਤੇ ਵਾਰੀ-ਵਾਰੀ ਇਕ ਭਾਰੀ-ਭਰਕਮ ਜਿਹੀ ਆਵਾਜ਼ ਗੂੰਜਦੀ ਰਹੀ ਸੀ, "ਮੈਂ ਕਮਾਂਡੋ ਫੋਰਸ ਦਾ ਏਰੀਆ ਕਮਾਂਡਰ ਬੋਲ ਰਿਹਾ ਹਾਂ। ਧੁਆਡੇ ਪਿੰਡ ਦਾ ਮਾਸਟਰ ਜਗਤਾਰ ਸਿੰਘ ਸਾਡਾ ਦੋਸ਼ੀ ਹੈ। ਜੇ ਕਿਸੇ ਨੇ ਇਸ ਦੀ ਹਮੈਤ ਵਿਚ ਕੋਈ ਸੱਚਾਈ ਜਾਂ ਸਬੂਤ ਪੇਸ਼ ਕਰਨਾ ਹੈ ਤਾਂ ਸਾਹਮਣੇ ਆਵੇ, ਨਹੀਂ ਤਾਂ ਹੁਣ ਤੋਂ ਦਸਾਂ ਮਿੰਟਾਂ ਬਾਅਦ ਜੱਟਾਂ ਦੇ ਗੁਰਦਆਰੇ ਲਾਗਲੇ ਚੌਂਕ ਵਿਚ ਇਸ ਦੀ ਲਾਸ਼ ਪਈ ਹੋਵੇਗੀ।"

ਜਿਨ੍ਹਾਂ ਹਾਲਤਾਂ 'ਚੋਂ ਅਸੀਂ ਗੁਜ਼ਰ ਰਹੇ ਹਾਂ ਜੇ ਇਥੇ ਜੁਰਅਤ ਪੂਰੀ ਤਰ੍ਹਾਂ ਮਰੀ ਨਹੀਂ ਤਾਂ ਮਨਫੀ ਜ਼ਰੂਰ ਹੋ ਚੁੱਕੀ ਹੈ। ਇਸੇ ਲਈ ਮੈਨੂੰ ਪਤਾ ਸੀ ਕਿ ਜਗਤਾਰ ਦੀ ਸਫਾਈ ਪੇਸ਼ ਕਰਨ ਦਾ ਜਵਾਬ-ਦਾਅਵਾ ਕੋਈ ਵੀ ਪੇਸ਼ ਨਹੀਂ ਕਰੇਗਾ। ਉਂਜ ਵੀ ਕਿਸੇ ਨੂੰ ਯਕੀਨ ਨਹੀਂ ਸੀ ਹੋ ਸਕਦਾ ਕਿ 'ਏ.ਕੇ.' ਏਨੀ ਇਨਸਾਫਪਸੰਦ ਬਣ ਗਈ ਹੋਵੇਗੀ ਕਿ ਉਹਦੇ ਦਰਬਾਰ ਵਿਚ ਪੇਸ਼ ਹੋ ਕੇ ਸੱਚਾਈ ਤੇ ਸਫਾਈ ਪੇਸ਼ ਕੀਤੀ ਜਾ ਸਕੇ। ਮੈਂ ਮੰਜੇ 'ਤੇ ਪਏ ਨੇ ਉਨ੍ਹਾਂ ਦੀ ਇਹ ਚਿਤਾਵਨੀ ਸੁਣੀ ਤੇ ਮੇਰੇ ਅੰਦਰਲੇ ਨੇ ਹੀ ਫਿਟਕਾਰ ਜਿਹੀ ਪਾਈ ਕਿ ਜਗਤਾਰ ਤੇਰਾ ਬਚਪਨ ਦਾ ਦੋਸਤ ਹੈ ਤੇ ਤੈਨੂੰ ਉਹਦੀ ਰਗ-ਰਗ ਦਾ ਪਤਾ ਐ। ਉਹਦੇ ਵਰਗਾ ਸ਼ਰੀਫ, ਸਿਆਣਾ ਤੇ ਮਿਹਨਤੀ ਬੰਦਾ, ਇਨ੍ਹਾਂ ਦਾ ਦੋਸ਼ੀ ਕਦੇ ਵੀ ਨਹੀਂ ਹੋ ਸਕਦਾ। ਮੈਂ ਆਪਣੀ ਸਾਰੀ ਹੀ ਜੁਰਅਤ ਇਕੱਠੀ ਕਰਕੇ ਹੰਭਲਾ ਮਾਰ ਕੇ ਮੰਜੇ ਤੋਂ ਉਠਿਆ ਤੇ ਜੱਟਾਂ ਵਾਲੇ ਗੁਰਦੁਆਰੇ ਵਲ ਹੋ ਤੁਰਿਆ। ਤਿੰਨਾਂ ਹੀ ਗੁਰਦੁਆਰਿਆਂ 'ਚ ਰਹਿਰਾਸ ਕਾਹਲੀ ਨਾਲ ਸਮਾਪਤ ਕਰ ਦਿੱਤੀ ਗਈ ਸੀ ਤੇ ਘਬਰਾਈ ਸੰਗਤ ਅਰਦਾਸ ਤੋਂ ਵੀ ਪਹਿਲਾਂ ਹਫੜਾ-ਦਫੜੀ 'ਚ ਆਪੋ-ਆਪਣੇ ਘਰੀਂ ਜਾ ਵੜੀ ਸੀ। ਸਾਰੇ ਪਿੰਡ ਨੇ ਆਪਣੇ ਘਰਾਂ ਦੀਆਂ ਬੱਤੀਆਂ ਬੁਝਾ ਦਿੱਤੀਆਂ ਸਨ। ਸਿਰਫ ਪਿੰਡ ਦੇ ਤਿੰਨਾਂ ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬਾਂ 'ਤੇ ਜ਼ਿਦ-ਜ਼ਿਦ ਕੇ ਲਾਏ ਵੱਡੀ ਵਾਟ ਦੇ ਮਰਕਰੀ ਬਲਬ ਹੀ ਜਗ ਰਹੇ ਸਨ। ਮੈਨੂੰ ਵੇਖ ਕੇ ਚੰਗੀ ਭਲੀ ਜੁਅਰਤ ਵਾਲਾ ਜਗਤਾਰ ਬੱਚਿਆਂ ਵਾਂਗ ਗਿੜਗੜਾ ਉਠਿਆ, "ਕੁਲਦੀਪ, ਮੇਰਾ ਕੋਈ ਵੀ ਕਸੂਰ ਨਈਂ, ਬਸ ਮੈਨੂੰ ਬਚਾ ਲੈ।"

ਉਹਦੀ ਗਿੜਗੜਾਹਟ ਜਿਹੀ ਸੁਣ ਕੇ ਮੇਰਾ ਮਨ ਤੇ ਅੱਖਾਂ ਭਰ ਆਈਆਂ। ਮੈਂ ਹੌਲੀ ਜਿਹੀ ਬੇਨਤੀ ਕਰਨ ਦੇ ਲਹਿਜੇ 'ਚ ਬੰਦੂਕਧਾਰੀਆਂ ਨੂੰ ਕਿਹਾ, "ਇਹ ਸਕੂਲ ਵਿਚ ਮੇਰਾ ਸਾਥੀ ਆ ਤੇ ਬੜਾ ਹੀ ਸ਼ਰੀਫ ਤੇ ਜ਼ਿੰਮੇਵਾਰ ਬੰਦਾ। ਜੇ ਕੋਈ ਇਹਦਾ ਦੋਸ਼ ਵੀ ਹੋਵੇ ਤਾਂ ਮੈਂ ਆਪਣੇ ਤੌਰ 'ਤੇ ਮਾਫੀ ਮੰਗਦਾਂ, ਅੱਗੇ ਤੋਂ ਇਹਦੀ ਕੋਈ ਸ਼ਿਕਾਇਤ ਨਹੀਂ ਆਏਗੀ।" "ਇਹ ਜ਼ਿੰਮਾ ਲੈਣ ਵਾਲਿਆ, ਪਹਿਲਾਂ ਇਹ ਦੱਸ ਕਿ ਤੂੰ ਅੰਮ੍ਰਿਤ ਛਕਿਆ?" ਉਨ੍ਹਾਂ ਦੇ ਕਮਾਂਡਰ ਦਾ ਮੈਨੂੰ ਸਿੱਧਾ ਹੀ ਸਵਾਲ ਸੀ। ਮੈਂ ਨਾਂਹ ਵਿਚ ਸਿਰ ਹਿਲਾਇਆ।

"ਅਸੀਂ ਤੇਰੇ ਵਰਗੇ ਤੁਰਕ ਦੀ ਸਫਾਈ ਨੂੰ ਮੰਨਣਾ ਤੇ ਦੂਰ ਦੀ ਗੱਲ, ਸੁਣਨ ਨੂੰ ਵੀ ਤਿਆਰ ਨਹੀਂ।" ਮੈਨੂੰ ਉਨ੍ਹਾਂ ਕੁਝ ਸ਼ਬਦਾਂ 'ਚ ਜਿਵੇਂ ਪੂਰਾ ਪੂੰਝ ਕੇ ਪਰ੍ਹਾਂ ਵਗਾਹ ਮਾਰਿਆ। ਮੈਂ ਜਗਤਾਰ ਦੇ ਫਿੱਸੇ ਜਿਹੇ ਚਿਹਰੇ ਨੂੰ ਵੇਖ ਕੇ ਹੋਰ ਵੀ ਉਦਾਸ ਤੇ ਨਿਰਾਸ਼ ਹੋ ਗਿਆ ਸੀ।

ਏਨੇ ਚਿਰ ਨੂੰ ਜਗਤਾਰ ਦੀ ਮਾਂ ਸਾਹਮਣੇ ਆ ਖਲੋਤੀ। ਮੈਨੂੰ ਬੜੀ ਹੀ ਖੁਸ਼ੀ ਤੇ ਤਸੱਲੀ ਜਿਹੀ ਹੋਈ ਕਿ ਜਦੋਂ ਸਾਰੇ ਪਿੰਡ 'ਚੋਂ ਪਿੰਡ ਹੀ ਮਰ ਗਿਆ ਲਗਦਾ ਸੀ, ਮਨੁੱਖ 'ਚੋਂ ਮਨੁੱਖ ਮਨਫੀ ਹੋ ਚੁੱਕਾ ਸੀ, ਉਦੋਂ ਵੀ ਮਾਂ 'ਚ ਮਮਤਾ ਅਜੇ ਜਿਉਂਦੀ ਸੀ। ਉਹਨੇ ਆਉਂਦਿਆਂ ਹੀ ਬੜੀ ਆਜ਼ਿਜ਼ ਜਿਹੀ ਹੋ ਕੇ ਕਿਹਾ, "ਵੇਖੋ ਪੁੱਤਰੋ, ਤੁਸੀਂ ਵੀ ਮੇਰੇ ਵਰਗੀਆਂ ਮਾਵਾਂ ਦੇ ਜਾਏ ਜੇ। ਜੇ ਮੇਰੇ ਪੁੱਤ ਤੋਂ ਕੁਤਾਹੀ ਹੋ ਗਈ ਆ ਤਾਂ ਮੈਂ ਤੁਹਾਡੇ ਵਰਗੇ ਪੁੱਤਰਾਂ ਤੋਂ ਮਾਫੀ ਮੰਗਦੀ ਆਂ....।"

"ਤੈਨੂੰ ਇਦ੍ਹੀਆਂ ਕਰਤੂਤਾਂ ਦਾ ਪਤੈ?" ਏ.ਕੇ. ਸੰਤਾਲੀ ਪੂਰੇ ਜਲੌ 'ਚ ਗੜ੍ਹਕੀ, "ਇਹਨੇ ਠਾਣੇ ਜਾ ਕੇ ਸਾਡੀ ਮੁਖਬਰੀ ਕੀਤੀ ਆ ਕਿ ਅਸੀਂ ਕਿਥੇ ਖਲੋਂਦੇ, ਬਹਿੰਦੇ ਤੇ ਸੌਂਦੇ ਆਂ। ਇਹ ਤਾਂ ਸਾਡੀ ਖੁਸ਼ਕਿਸਮਤੀ ਸਮਝੋ ਕਿ ਸਾਨੂੰ ਵੇਲੇ ਸਿਰ ਪੁਲੀਸ ਵਾਲਿਆਂ ਨੇ ਹੀ ਦੱਸ ਦਿੱਤਾ। ਨਈਂ ਤਾਂ ਹੁਣ ਨੂੰ ਭੋਗ ਪਏ ਹੁੰਦੇ ਸਾਡੇ। ਸਾਡੇ ਵਿਰੁਧ ਕੀਤੀ ਕਾਰਵਾਈ ਦੀ ਸਜ਼ਾ ਤਾਂ ਇਹਨੂੰ ਭੁਗਤਣੀ ਹੀ ਪਊਗੀ।"

ਦੂਸਰੀ 'ਏ.ਕੇ.' ਗੜ੍ਹਕੀ, "ਬੁੱਢੀਏ, ਤੂੰ ਇਕ ਪਾਸੇ ਹੋ ਜਾ, ਇਹ ਸਾਡਾ ਦੋਖੀ ਤੇ ਦੋਸ਼ੀ ਆ ਤੇ ਇਹੋ ਜਿਹਾਂ ਨਾਲ ਸਾਨੂੰ ਸਿੱਝਣਾ ਆਉਂਦਾ।"

"ਮਾਂ ਮੇਰਾ ਕੋਈ ਕਸੂਰ ਨਈਂ।" ਮੇਮਣੇ ਵਾਂਗ ਜਗਤਾਰ ਮਿਆਂਕਿਆ। ਮੈਨੂੰ ਪਹਿਲੀ ਵਾਰ ਜਗਤਾਰ ਮਾਨਸਿਕ ਤੌਰ 'ਤੇ ਏਨਾ ਕਮਜ਼ੋਰ ਲੱਗਾ।

"ਕੁੱਤਿਆ ਹਰਾਮਜ਼ਾਦਿਆ, "ਕਾਕ ਕੀਤੀ 'ਏ.ਕੇ.' ਆਪਣੇ ਪੂਰੇ ਜਲੌ 'ਚ ਫਰ੍ਹਾਟੇ ਮਾਰ ਰਹੀ ਸੀ, "ਤੂੰ ਠਾਣੇਦਾਰ

ਨੂੰ ਸਾਡੀਆਂ ਮੁਖਬਰੀਆਂ ਕਰੇਂ ਤੇ ਠਾਣੇਦਾਰ ਤੇਰੀ ਰੰਨ ਨਾਲ ਆ ਕੇ ਸੌਂਵੇਂ ਤੇ ਸਾਡੀਆਂ ਸੂਹਾਂ ਕੱਢੇ ਤੇ ਅਜੇ ਤੇਰਾ ਕਸੂਰ ਈ ਕੋਈ ਨਈਂ?” ਕਾਕ ਕੀਤੀ ਏ.ਕੇ. ਦੇ ਘੋੜੇ ’ਤੇ ਉਹਦੇ ਸੱਜੇ ਹੱਥ ਦੀ ਪਹਿਲੀ ਉਂਗਲ ਆ ਟਿਕੀ ਤੇ ਉਹਦਾ ਗੁੱਸਾ ਹੋਰ ਵੀ ਹਿਰਖ ਗਿਆ।

ਮੈਂ ਆਪਣੀ ਸਾਰੀ ਜੁਅਰਤ ਇਕੱਠੀ ਕਰਕੇ ਇਕ ਵਾਰ ਤਰਲਾ ਮਾਰਿਆ, “ਮੈਂ ਜਗਤਾਰ ਦੀ ਰਗ-ਰਗ ਦਾ ਵਾਕਿਫ ਹਾਂ। ਤੁਸੀਂ ਚੰਗੀ ਤਰ੍ਹਾਂ ਦਰਆਫਤ ਕਰ ਲਉ ਜੇ ਜਗਤਾਰ ਦੀ ਕੋਈ ਵੀ ਕੁਤਾਹੀ ਹੋਵੇ, ਬੇਸ਼ੱਕ ਮੈਨੂੰ ਫਾਹੇ ਟੰਗ ਦਿਓ।”

“ਤੂੰ ਆਪਣੀ ਕੈਂ ਕੈਂ ਬੰਦ ਕਰਨੀ ਆਂ ਕਿ ਨਈਂ?” ਕਮਾਂਡਰ ਦੇ ਲਾਗੇ ਖਲੋਤਾ ਅਲੂਆਂ ਜਿਹਾ ਮੁੰਡਾ ਮੈਨੂੰ ਝਈ ਲੈ ਕੇ ਪਿਆ। ਮੈਂ ਚੁੱਪ ਹੋ ਗਿਆ ਪਰ ਮਾਂ ਫੇਰ ਵੀ ਬੋਲੀ, “ਪੁੱਤ, ਭਰ ਜਵਾਨੀ ‘ਚ ਰੰਡੀ ਹੋ ਗਈ ਸਾਂ ਤੇ ਇਸ ਪੁੱਤ ਦੇ ਸਿਰ ‘ਤੇ ਆਪਣਾ ਰੰਡੇਪਾ ਕੱਟਿਆ। ਇਹ ਉਡਾਰੂ ਹੋਇਆ ਤਾਂ ਮਸਾਂ ਜਿਹੇ ਸੁਖ ਦਾ ਸਾਹ ਆਇਆ। ਮੇਰੇ ਹੱਥ ਜੋੜੇ ਧੁਆਡੇ ਅੱਗੇ, ਮੇਰੇ ਪੁੱਤ ਦੀ ਜਾਨ ਬਖਸ਼ ਦਿਉ।”

“ਇਹੋ ਜਿਹੇ ਖੇਖਣ ਯੋਧਿਆਂ ਦੇ ਦਿਲਾਂ ਨੂੰ ਮੋਮ ਨਹੀਂ ਕਰ ਸਕਦੇ।” ‘ਏ.ਕੇ.’ ਬਹੁਤ ਹੀ ਜ਼ੋਰ ਦੀ ਗਰਜ਼ੀ। ਮਾਂ ਨੇ ਕਮਾਂਡਰ ਦੀ ਉਡਦੀ ਅੱਖ ਤੇ ਸਿਰ ਦਾ ਇਸ਼ਾਰਾ ਵੇਖ ਲਿਆ ਸੀ। ਉਹ ਭੱਜ ਕੇ ਪੁੱਤ ਨੂੰ ਲਿਪਟ ਗਈ। ਕਾਕ ਕੀਤੀ ਏ.ਕੇ. ਸੰਤਾਲੀ ਦਾ ਹਿਰਖਿਆ ਗੁੱਸਾ ਗਰਜਿਆ, “ਬੁੱਢੀਏ, ਪਾਸੇ ਹੋ ਜਾ ਨਈਂ ਤਾਂ ਤੂੰ ਵੀ ਭੁੱਜ ਜਾਏਂਗੀ।”

ਨਾ ਹੀ ਘੋੜੇ ਤੋਂ ਉਂਗਲੀ ਪਰ੍ਹੇ ਹੋਈ ਤੇ ਨਾ ਹੀ ਮਾਂ ਪੁੱਤ ਤੋਂ, ਤੇ ਅੱਖ ਪਲਕਾਰੇ ‘ਚ ਹੀ ਏ.ਕੇ. ਦਾ ਬਰਸਟ ਦੋਹਾਂ ਨੂੰ ਹੀ ਛਾਨਣੀ ਕਰ ਗਿਆ। ਮੈਂ ਸ਼ਾਇਦ ਨਿਵਾਣ ਵਲ ਖਲੋਤਾ ਸਾਂ, ਮਾਂ-ਪੁੱਤ ਦਾ ਲਹੂ ਰੁੜ੍ਹ ਕੇ ਮੇਰੇ ਪੈਰਾਂ ਤੱਕ ਪਹੁੰਚ ਗਿਆ। ਫ਼ਿਲਮੀ ਸਟਾਈਲ ‘ਚ ਜੀ ਕੀਤਾ ਕਿ ਇਸ ਡੁੱਲ੍ਹੇ ਲਹੂ ਦਾ ਟਿੱਕਾ ਆਪਣੇ ਮੱਥੇ ‘ਤੇ ਲਾ ਕੇ ਇਨ੍ਹਾਂ ਸਾਰਿਆਂ ਦੇ ਗਲ ਪੈ ਜਾਵਾਂ। ਫੇਰ ਮੈਂ ਆਪਣੀ ਹੀ ਬੇਬਸੀ ’ਤੇ ਮਨ ਹੀ ਮਨ ਰੋਣ ਵਰਗਾ ਹੋ ਗਿਆ। ਏਨੇ ਨੂੰ ਏ.ਕੇ. ਦਾ ਬੱਟ ਮੇਰੀ ਖੱਬੀ ਵੱਖੀ ਵਿਚ ਇੰਜ ਵੱਜਾ ਕਿ ਮੈਂ ਬੌਂਦਲ ਜਿਹਾ ਗਿਆ। ਬੱਟ ਉਚੀ-ਉਚੀ ਪੁੱਛ ਰਿਹਾ ਸੀ, “ਸੁਣਿਆ ਤੇਰੀ ਵੀ ਇਦ੍ਹੀ ਔਰਤ ਨਾਲ ਬੁੱਕਲ ਸਾਂਝੀ ਆ, ਤੂੰ ਤਾਂ ਇਹਨੂੰ ਮਰਦਾ ਵੇਖਣ ਹੀ ਆਇਆ ਹੋਇਆ ਹੋਣਾ ਕਿ ਰੈ ਵਾਗਾਂ ਹੋ ਜਾਣਗੀਆਂ।”

ਮੈਂ ਭਵੰਤਰਿਆ ਕੋਈ ਜਵਾਬ ਦੇਣ ਜੋਗਾ ਹੀ ਨਹੀਂ ਸੀ ਰਿਹਾ ਪਰ ਕੋਈ ਹੋਰ ਬੱਟ ਮੇਰੀ ਸੱਜੀ ਵੱਖੀ ‘ਚ ਵੱਜਦਾ, ਉਸ ਤੋਂ ਵੀ ਉਚੀ ਗੜ੍ਹਕਿਆ, “ਇਸ ਭੈਣ ਦੇ ਖਸਮ ਨੂੰ ਵੀ ਨਾਲ ਲਉ, ਇਦ੍ਹੀ ਹਾਜ਼ਰੀ ‘ਚ ਉਸ ਗਸ਼ਤੀ ਨੂੰ ਪੁੱਛਦੇ ਆਂ ਜਾ ਕੇ।” ਉਨ੍ਹਾਂ ਦੇ ਇਹ ਕੁਰੱਖਤ ਜਿਹੇ ਸ਼ਬਦਾਂ ਨੂੰ ਵੀ ਅਣਸੁਣਿਆਂ ਕਰਕੇ ਮੈਂ ਲਾਸ਼ਾਂ ‘ਚ ਵਗਦੇ ਲਹੂ ਨੂੰ ਵੇਖ ਕੇ ਤਰਲੇ ਜਿਹੇ ਵਾਂਗ ਕਿਹਾ, “ਲਾਸ਼ਾਂ ਨੂੰ ਵੀ ਘਰ ਨਾ ਲੈ ਚੱਲੀਏ?”

ਏ.ਕੇ. ਦਾ ਬੱਟ ਤੇ ਬੈਰਲ ਮੈਨੂੰ ਝਈ ਜਿਹੀ ਲੈ ਕੇ ਪਏ, “ਕੁਛ ਨਈਂ ਹੁੰਦਾ ਇਨ੍ਹਾਂ ਨੂੰ ਇਥੇ, ਤੁਰਕਾਂ ਦੀਆਂ ਲਾਸ਼ਾਂ ਦਾ ਸਵਾਦ ਕਾਂ, ਕੁੱਤੇ ਵੀ ਤਾਂ ਚੱਖ ਲੈਣ।”

ਮੈਂ ਅਜੇ ਵੀ ਲਾਸ਼ਾਂ ਵਲ ਵੇਖੀ ਜਾ ਰਿਹਾ ਸਾਂ। ਮਾਂ ਦਾ ਸਿਰ ਪੁੱਤ ਦੀ ਛਾਤੀ ਨਾਲ ਚੰਬੜਿਆ ਸੀ ਤੇ ਉਹਦੀਆਂ ਮੌਰਾਂ ਛਾਨਣੀ ਹੋਈਆਂ ਪਈਆਂ ਸਨ। ਪੁੱਤ ਦਾ ਸਿਰ ਤੇ ਮੂੰਹ-ਮੱਥਾ ਗੋਲੀਆਂ ਨੇ ਬੇਪਛਾਣ ਕਰ ਦਿੱਤਾ ਸੀ। ਮੈਂ ਪਹਿਲੀ ਵਾਰ ਇੰਜ ਜਿਉਂਦੇ-ਜਾਗਦੇ ਬੰਦਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ, ਮੁਰਦੇ ਬਣਿਆਂ ਵੇਖ ਰਿਹਾ ਸਾਂ, ਉਨ੍ਹਾਂ ਦੀ ਆਖਰੀ ਹੂਕਰ, ਉਨ੍ਹਾਂ ਦਾ ਫੜਫੜਾਉਣਾ। ਜਗਤਾਰ ਦਾ ‘ਹਾਏ ਮਾਂ ਕਹਿਣਾ’ ਤੇ ਮਾਂ ਦੀ ਲੰਮੀ ਲੇਰ ਮੈਥੋਂ ਭੁਲਾਇਆਂ ਵੀ ਨਹੀਂ ਭੁੱਲਦੀ। ਮੈਨੂੰ ਖੜ੍ਹਿਆਂ-ਖਲੋਤਿਆਂ ਹੀ ਲਗਦਾ ਹੈ ਕਿ ਇਸ ਤੋਂ ਵੱਡਾ ਕਹਿਰ ਹੋਰ ਕੀ ਹੁੰਦਾ ਹੋਵੇਗਾ?

ਮੈਂ ਦੰਦੀਆਂ ਕਰੀਚਦਾ ਬੰਦੂਕਧਾਰੀਆਂ ਬਾਰੇ ਉਲਟਾ-ਸਿੱਧਾ ਸੋਚਣ ਲੱਗ ਪੈਂਦਾ ਹਾਂ। ਇਕ ਹੋਰ ਹੁੱਝ ਮੇਰੇ ਮੌਰਾਂ ਵਿਚ ਵੱਜਦੀ ਹੈ ਤੇ ਮੇਰੀ ਸੋਚ ਪਰਤ ਕੇ ਜਿਵੇਂ ਲਾਸ਼ਾਂ ‘ਤੇ ਆ ਬਹਿੰਦੀ ਹੈ। ਮੈਂ ਲਾਸ਼ਾਂ ਨੂੰ ਡੁੱਬ-ਡੁਬਾਈਆਂ ਅੱਖਾਂ ਨਾਲ ਵਿੰਹਦਾ ਹਾਂ ਤੇ ਫੇਰ ਸਿੱਧਾ ਹੋ ਕੇ ਉਨ੍ਹਾਂ ਨਾਲ ਤੁਰ ਪੈਂਦਾ ਹਾਂ। ਮੇਰਾ ਪਿੰਡ ਵਾਹਵਾ ਵੱਡਾ ਹੈ। ਚਾਰ ਹਜ਼ਾਰ ਤੋਂ ਵੱਧ ਤਾਂ ਇਹਦੀਆਂ ਵੋਟਾਂ ਹੀ ਨੇ ਪਰ ਸਾਡੇ ਤੋਂ ਇਲਾਵਾ ਜਗਤਾਰ ਦੇ ਹੱਕ ਵਿਚ ਹੋਰ ਕੋਈ ਵੀ ਵੋਟ ਨਹੀਂ ਭੁਗਤੀ। ਉਨ੍ਹਾਂ ਹਿੱਕ ਕੇ ਮੈਨੂੰ ਵੀ ਨਾਲ ਤੋਰ ਲਿਆ। ਮੈਂ ਇਕਦਮ ਆਪਣੇ ਬਾਰੇ ਸੋਚਣ ਲੱਗ ਪਿਆ। ਜਿਥੇ ਉਹ ਮੈਨੂੰ ਲਿਜਾ ਰਹੇ ਨੇ, ਜੇ ਉਸ ਡਰੀ ਤੇ ਸਹਿਮੀ ਔਰਤ ਨੇ ਇਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੱਤੀ ਤਾਂ ਸ਼ਾਇਦ ਅਗਲਾ ਕਤਲ ਮੇਰਾ ਹੋਵੇਗਾ।

ਡਰਨ ਦੀ ਥਾਂ, ਮੇਰੇ ‘ਚ ਇਕਦਮ ਤਾਕਤ ਜਿਹੀ ਆ ਜਾਂਦੀ ਹੈ। ਮੇਰਾ ਮਨ ਕਹਿੰਦਾ ਹੈ ਕਿ ਮੈਂ ਇੰਜ ਮਰਨ ਵਾਲਾ ਨਹੀਂ। ਮੈਂ ਆਪਣੇ ਆਪ ਨੂੰ ਹੋਰ ਤਕੜਾ ਜਿਹਾ ਕਰਦਿਆਂ ਸੋਚਦਾ ਹਾਂ ਕਿ ਮੈਨੂੰ ਇੰਜ ਮਰਨਾ ਚਾਹੀਦਾ ਵੀ ਨਹੀਂ। ਫੇਰ ਮੇਰਾ ਅੰਦਰਲਾ ਹੀ ਮੈਨੂੰ ਪੁੱਛਦਾ ਹੈ, “ਮਰਨ ਵਾਲਾ ਤਾਂ ਜਗਤਾਰ ਵੀ ਨਹੀਂ ਸੀ, ਭਲਾ ਦੱਸ ਕੀ ਕਰ ਲਵੇਂਗਾ ਤੂੰ? ਵੱਧ ਤੋਂ ਵੱਧ ਇਕ ‘ਏ.ਕੇ.’ ਦੇ ਗਲ ਪੈ ਜਾਵੇਂਗਾ, ਤੇਰਾ ਕੀ ਖਿਆਲ ਕਿ ਬਾਕੀਆਂ ਦੀਆਂ ਚੁੱਪ ਰਹਿਣਗੀਆਂ?”

ਮੈਂ ਬੀਬੇ ਬੱਚਿਆਂ ਵਾਂਗ ਉਨ੍ਹਾਂ ਦੇ ਨਾਲ ਤੁਰਦਾ-ਤੁਰਦਾ ਸੋਚਦਾ ਹਾਂ ਕਿ ਸ਼ਾਇਦ ਹੁਣੇ ਹੀ ਉਨ੍ਹਾਂ ਚੋਂ ਕੋਈ ਆਖ ਦੇਵੇ, “ਜਾਹ ਭੱਜ ਜਾ ਆਪਣੇ ਘਰ ਨੂੰ ਤੇ ਫੇਰ ਇਹੋ-ਜਿਹੇ ਬੰਦੇ ਦੀ ਹਮੈਤ ‘ਤੇ ਨਾ ਉਤਰੀਂ।” ਪਰ ਇੰਜ ਦਾ ਕੁਝ ਵੀ ਨਹੀਂ ਵਾਪਰਦਾ ਤੇ ਮੈਂ ਵੀ ਉਨ੍ਹਾਂ ਨਾਲ ਮਰਨ ਵਾਲਿਆਂ ਦੇ ਘਰ ਦੇ ਬੰਦ ਬੂਹੇ ਅੱਗੇ ਦੋਸ਼ੀਆਂ ਵਾਂਗਰ ਆ ਖਲੋਂਦਾ ਹਾਂ। ਮੈਨੂੰ ਪਤਾ ਹੈ ਕਿ ਇਸ ਵੇਲੇ ਘਰ ਵਿਚ ਜਗਤਾਰ ਦੀ ਘਰਵਾਲੀ ਦਵਿੰਦਰ ਤੇ ਉਹਦਾ ਸਾਲ ਕੁ ਦਾ ਬੱਚਾ ਹੀ ਹੋਵੇਗਾ। ਉਹ ਮੈਨੂੰ ਬੂਹਾ ਖੁਲ੍ਹਵਾਉਣ ਲਈ ਕਹਿੰਦੇ ਨੇ। ਮੈਂ ਡਰਿਆ ਤੇ ਸਹਿਮਿਆ ਜਿਹਾ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦਾ ਬੂਹਾ ਖੜਕਾਉਂਦਾ ਹਾਂ। ਮੈਂ ਸੋਚਦਾ ਹਾਂ ਕਿ ਕੋਈ ਵੀ ਬੂਹਾ ਨਹੀਂ ਖੋਲ੍ਹੇਗਾ ਤੇ ਇਹ ਕੰਧਾਂ ਕੋਠੇ ਟੱਪ ਕੇ ਵਿਹੜੇ ‘ਚ ਉਤਰ ਜਾਣਗੇ ਤੇ ਮੈਂ ਚੁੱਪ-ਚਾਪ ਇਥੋਂ ਖਿਸਕਣ ‘ਚ ਕਾਮਯਾਬ ਹੋ ਜਾਵਾਂਗਾ।

ਪਰ ਬੂਹਾ ਖੁੱਲ੍ਹਿਆ ਤੇ ਸਾਰੇ ਦਗੜ-ਦਗੜ ਕਰਦੇ ਅੰਦਰ ਵੜ ਗਏ। ਦਵਿੰਦਰ ਨੇ ਘੂਰ ਕੇ ਸਾਰਿਆਂ ਵਲ ਵੇਖਿਆ, “ਮੈਂ ਕੋਠੇ ਤੋਂ ਵੇਖ ਰਹੀ ਸਾਂ। ਗੁਰਦੁਆਰੇ ਦੇ ਬਲਬ ਦੀ ਰੋਸ਼ਨੀ ਵਿਚ ਸਭ ਕੁਝ ਦਿਸ ਰਿਹਾ ਸੀ।” ਮੇਰੀ ਸੋਚ ਦੇ ਉਲਟ ਉਹ ਬੜੀ ਅਡੋਲ ਜਿਹੀ ਲੱਗ ਰਹੀ ਸੀ। “ਤੂੰ ਚਲਾਈ ਸੀ ਨਾ ਗੋਲੀ?” ਉਹਨੇ ਸੱਚ-ਮੁੱਚ ਹੀ ਗੋਲੀ ਚਲਾਉਣ ਵਾਲੇ ਵਲ ਇਸ਼ਾਰਾ ਕੀਤਾ ਤੇ ਫਿਰ ਬਿੱਫਰੀ ਸ਼ੀਹਣੀ ਵਾਂਗ ਉਨ੍ਹੇ ਨੇਂਗ ‘ਚੋਂ ਕਮਾਨੀ ਵਾਲਾ ਲੰਮਾ ਚਾਕੂ ਕੱਢਿਆ ਤੇ ਉਹਦੇ ਢਿੱਡ ਵਿਚ ਖੋਭ ਦੇਣ ਦੀ ਕੋਸ਼ਿਸ਼ ਕੀਤੀ। ਕਈ ਹੱਥ ਬਾਜ਼ ਦੀ ਝਪਟ ਵਾਂਗ ਇਕ ਵਾਰ ਹੀ ਉਹਦੇ ’ਤੇ ਝਪਟੇ ਤੇ ਉਹ ਮੂਧੇ ਮੂੰਹ ਡਿੱਗ ਪਈ। ਉਹਦੀ ਜੁਰਅਤ ਵੇਖ ਕੇ ਮੈਨੂੰ ਆਪਣੇ ਆਪ ’ਤੇ ਸ਼ਰਮ ਜਿਹੀ ਆਈ।

“ਇਹ ਹਰਾਮਜ਼ਾਦੀ ਆਕੜਦੀ ਆ ਠਾਣੇਦਾਰ ਦੇ ਕਿੱਲੇ ਦੇ ਜ਼ੋਰ ‘ਤੇ। ਇਹਨੂੰ ਕਰੋ ਨੰਗਿਆਂ ਤੇ ਫੇਰੋ ਸਾਰੇ ਪਿੰਡ ਵਿਚ।” ਇਕ ‘ਏ.ਕੇ.’ ਨੇ ਆਪਣਾ ਹੁਕਮ ਦਾਗ ਦਿੱਤਾ। ਹੁਕਮ ਸੁਣ ਕੇ ਮਜ਼ਬੂਤ ਦਿਸਦੀ ਦਵਿੰਦਰ ਇਕਦਮ ਹੀ ਪਿਘਲ ਗਈ ਤੇ ਉਹਨੇ ਇਕ ਬਹੁਤ ਹੀ ਉਚੀ ਸਾਰੀ ਚੀਕ ਮਾਰੀ, “ਕੁਲਦੀਪ, ਮੈਨੂੰ ਬਚਾ ਲੈ।” ਇਹ ਚੀਕ ਸੁਣ ਕੇ ਮੈਨੂੰ ਲੱਗਾ ਜਿਵੇਂ ‘ਏ.ਕੇ.’ ਦੀ ਗੋਲੀ ਮੇਰੀ ਛਾਤੀ ਵਿਚ ਖੁੱਭ ਗਈ ਹੋਵੇ। ਮੈਨੂੰ ਪਤਾ ਸੀ ਕਿ ਜੇ ਮੈਂ ਜਗਤਾਰ ਨੂੰ ਨਹੀਂ ਬਚਾ ਸਕਿਆ ਤਾਂ ਇਹਨੂੰ ਕਿੱਦਾਂ ਬਚਾ ਲਵਾਂਗਾ। ਮਜਬੂਰੀਵੱਸ ਮੇਰੀਆਂ ਵੀ ਭੁੱਬਾਂ ਨਿਕਲ ਗਈਆਂ। ਏਰੀਆ ਕਮਾਂਡਰ ਬੜੇ ਹੀ ਤਨਜ਼ੀ ਲਹਿਜ਼ੇ ‘ਚ ਬੋਲਿਆ, “ਉਠ ਭੈਣ ਦਿਆ ਵੀਰਾ, ਤੂੰ ਹੁਣੇ ਹੀ ਰੋਣ ਲੱਗ ਪਿਆ, ਅਸੀਂ ਇਹਨੂੰ ਨੰਗੀ ਵੀ ਤੇਰੇ ਹੱਥੋਂ ਕਰਵਾਉਣਾ।” ਉਹਦਾ ਹੁਕਮ ਸੁਣ ਕੇ ਮੈਂ ਏਨਾ ਡਰ, ਸਹਿਮ ਤੇ ਤ੍ਰਬਕ ਗਿਆ ਸੀ ਕਿ ਮੈਂ ‘ਨਹੀਂ, ਨਹੀਂ’ ਕਹਿ ਕੇ ਹੋਰ ਵੀ ਭੁੱਬੀਂ ਰੋ ਉਠਿਆ ਸੀ। ਪਤਾ ਨਹੀਂ ਕਿੰਨੇ ਕੁ ਬੱਟ ਮੇਰੀਆਂ ਮੌਰਾਂ ਵਿਚ ਵੱਜੇ ਤੇ ਮੈਂ ਮੂਧੇ ਮੂੰਹ ਡਿੱਗ ਪਿਆ।

ਇਹ ਸਾਰਾ ਕੁਝ ਵੇਖ ਸੁਣ ਕੇ ਕੀ ਬੀਤੀ ਹੋਵੇਗੀ ਦਵਿੰਦਰ ‘ਤੇ ਕਿ ਉਹਨੇ ਪੂਰੇ ਜ਼ੋਰ ਤੇ ਜ਼ੋਸ਼ ਨਾਲ ਸਿਰਹਾਣੇ ਥੱਲੇ ਰੱਖੀ ਨਿੱਕੀ ਕਿਰਪਾਨ ਨੂੰ ਆਪਣੀ ਛਾਤੀ ਵਿਚ ਖੋਭ ਲੈਣਾ ਚਾਹਿਆ। ਪਰ ਉਨ੍ਹਾਂ ਦੇ ਹੁਕਮ ਤੋਂ ਬਗੈਰ ਤਾਂ ਪੱਤਾ ਵੀ ਨਹੀਂ ਸੀ ਹਿੱਲਦਾ, ਏਡੀ ਵੱਡੀ ਕਿਰਪਾਨ ਕਿਵੇਂ ਵੱਜ ਜਾਂਦੀ? ਇਸ ਕਾਰੇ ਦੇ ਬਦਲੇ ਵਿਚ ਇਕ ਜ਼ੋਰਦਾਰ ਥੱਪੜ ਖਾ ਕੇ ਉਹ ਮੰਜੇ ‘ਤੇ ਡਿੱਗ ਪਈ। ਇਕ ਆਵਾਜ਼ ਗਰਜੀ, “ਹਰਾਮਜ਼ਾਦੀਏ, ਜੇ ਤੈਨੂੰ ਏਨਾ ਹੀ ਮਰਨ ਦਾ ਚਾਅ ਵਾ ਤਾਂ ਉਹ ਵੀ ਪੂਰਾ ਕਰ ਦੇਵਾਂਗੇ ਪਰ ਏਨੀਂ ਛੇਤੀ ਨਈਂ...।”

ਮੈਨੂੰ ਡਿੱਗੇ ਨੂੰ ਉਨ੍ਹਾਂ ਨੇ ਠੁੱਡ ਮਾਰਨੇ ਸ਼ੁਰੂ ਕਰ ਦਿੱਤੇ, “ਉਠ ਭੈਣ ਦਿਆ ਵੀਰਾ, ਆਪਣੇ ਹੱਥੀਂ ਇਸ ਗਸ਼ਤੀ ਨੂੰ ਨੰਗਿਆਂ ਕਰ।” ਮੈਨੂੰ ਪਤਾ ਸੀ ਕਿ ਉਹ ਨਾਂਹ ਸੁਣਨ ਦੇ ਆਦੀ ਨਹੀਂ। ਪਰ ਫੇਰ ਵੀ ਪੀੜ ਨਾਲ ਤੜਫਦਿਆਂ ਮੇਰੀ ਚੀਕ ਹੀ ਨਿਕਲ ਗਈ, “ਨਈਂ, ਨਈਂ, ਮੈਂ ਇੰਜ ਨਹੀਂ ਕਰ ਸਕਦਾ।” ਦਵਿੰਦਰ ਬੇਬਸੀ ‘ਚ ਕੁਰਲਾਈ, “ਰੱਬ ਦਾ ਵਾਸਤਾ ਜੇ, ਇਦ੍ਹੇ ਹੱਥੋਂ ਮੈਨੂੰ ਬੇਪਤ ਨਾ ਕਰਵਾਉ, ਮੈਂ ਤਾਂ ਜਿਊਂਦੀ ਹੀ ਮਰ ਜਾਊਂਗੀ। ਜੇ ਤੁਸੀਂ ਇੰਜ ਕਰਨ ‘ਤੇ ਤੁਲੇ ਹੀ ਹੋ ਤਾਂ ਮੈਂ ਆਪਣੇ ਹੱਥੀਂ ਸਾਰੇ ਕੱਪੜੇ ਆਪ ਲਾਹ ਦਿੰਦੀ ਆਂ।”

ਉਹ ਜਿਵੇਂ ਆਪਣੀ ਜਿੱਤ ‘ਤੇ ਇਕ ਦੂਸਰੇ ਵਲ ਵੇਖ ਕੇ ਮੁਸਕਰਾਏ। ਮੈਂ ਸੋਚਦਾ ਹਾਂ ਕਿ ਇਹ ਬੰਦੇ ਕਿਹੜੀ ਕਾਲੀ ਮਿੱਟੀ ਦੇ ਬਣੇ ਹੋਣਗੇ, ਜਿਹੜੇ ਕਿਸੇ ਵੀ ਸ਼ਬਦ ਜਾਂ ਜਜ਼ਬੇ ਨਾਲ ਪਿਘਲਦੇ ਹੀ ਨਹੀਂ। ਫੇਰ ਮੈਂ ਆਪੇ ਹੀ ਆਪਣੀ ਸੋਚ ਅੱਗੇ ਸਵਾਲੀਆ ਨਿਸ਼ਾਨ ਲਾ ਦਿੰਦਾ ਹਾਂ, “ਜੇੜ੍ਹੇ ਬੰਦੇ, ਮਾਂ-ਪੁੱਤ ਦੀ ਲਾਸ਼ ‘ਤੇ ਹੱਸ ਸਕਦੇ ਨੇ, ਉਹ ਜਿਉਂਦੇ-ਜਾਗਦੇ ਖੂਬਸੂਰਤ ਨੰਗੇ ਜਿਸਮ ਨੂੰ ਵੇਖ ਕੇ ਖੁਸ਼ ਕਿਉਂ ਨਹੀਂ ਹੋਣਗੇ?”

ਉਹ ਕੰਧ ਵਲ ਮੂੰਹ ਕਰਕੇ ਬੈਠ ਗਈ ਤੇ ਉਹਨੇ ਆਪਣੇ ਸਾਰੇ ਕੱਪੜੇ ਵਾਰੀ-ਵਾਰੀ ਲਾਹ ਕੇ ਮੰਜੇ ‘ਤੇ ਸੁੱਟ ਦਿੱਤੇ। ਆਪਣੀ ਛਾਤੀ ਦੁਆਲੇ ਬਾਹਾਂ ਦੀ ਕਲਿੰਗਲੀ ਜਿਹੀ ਪਾ ਕੇ ਤੇ ਸਿਰ ਨੂੰ ਗੋਡਿਆਂ ਵਿਚ ਦੇ ਕੇ ਉਹ ਆਪਣੇ ਨੰਗੇਜ ਨੂੰ ਢਕਣ ਦੀ ਕੋਸ਼ਿਸ਼ ਕਰ ਰਹੀ ਸੀ। ਜੇ ਮੈਨੂੰ ਹੀ ਧਰਤੀ ਵਿਹਲ ਨਹੀਂ ਸੀ ਦੇ ਰਹੀ ਤਾਂ ਉਸਦਾ ਕੀ ਹਾਲ ਹੋਵੇਗਾ? ਮੈਂ ਸਹਿਜੇ ਹੀ ਅੰਦਾਜ਼ਾ ਲਾ ਸਕਦਾ ਸੀ।

ਏਰੀਆ ਕਮਾਂਡਰ ਨੇ ਸਾਰਿਆਂ ਨੂੰ ਡਿਊਟੀਆਂ ਵੰਡੀਆਂ, “ਕਸ਼ਮੀਰਾ ਸਿਹਾਂ, ਤੂੰ ਲੈ ਆਪਣੇ ਚਾਰ ਯੋਧੇ ਤੇ ਚਾਰ ਹੀ ਅਸਾਲਟਾਂ ਤੇ ਲਿੰਕ ਰੋਡ ਤੇ ਪੂਰੀ ਤਰ੍ਹਾਂ ਸੋਗੇ ਹੋ ਕੇ ਡਟ ਜਾਉ। ਜੇ ਪੁਲਿਸ ਦੀ ਗਸ਼ਤੀ ਪਾਰਟੀ ਦਾ ਝਾਉਲਾ ਵੀ ਪਵੇ ਤਾਂ ਇਕਦਮ ਫਾਇਰ ਖੋਲ੍ਹ ਦੇਣਾ।” ਉਹ ਸਾਰੇ ਸਿਰ ਝੁਕਾ ਕੇ ਤੇ ਫਤਿਹ ਗਜਾ ਕੇ ਮਿਲਿਆ ਹੁਕਮ ਵਜਾਉਣ ਤੁਰ ਗਏ।

ਏਰੀਆ ਕਮਾਂਡਰ ਬੁੱਲ੍ਹਾਂ ‘ਤੇ ਜ਼ਬਾਨ ਜਿਹੀ ਫੇਰਦਾ ਬੋਲਿਆ, “ਮੈਂ ਇਸ ਹਰਾਮਣ ਤੋਂ ਪੁੱਛਗਿੱਛ ਕਰਦਾਂ ਤੇ ਤੁਸੀਂ,” ਉਹਨੇ ਆਪਣੀ ਅਰਦਲ ‘ਚ ਖੜ੍ਹੇ ਤਿੰਨਾਂ ‘ਚੋਂ ਦੋਂਹ ਵਲ ਇਸ਼ਾਰਾ ਕੀਤਾ, “ਇਕ ਅਸਾਲਟ ਲੈ ਜਾਉ ਤੇ ਉਨੇ ਚਿਰ ‘ਚ ਅਗਲੇ ਘਰ ਦਾ ਕੰਡਾ ਕੱਢ ਆਉ।”

***ਕੁਝ ਦਿਨ ਪਹਿਲਾਂ ਮੇਰੇ ਲਾਗਲੇ ਪਿੰਡ ਘਟਨਾ ਵਾਪਰੀ ਤਾਂ ਮੈਂ ਦੰਗ ਹੀ ਰਹਿ ਗਿਆ। ਮੇਰੇ ਕੋਲੋਂ ਤਾਂ ਆਪਣੇ ਮਰ ਗਏ ਸਕੇ ਸੋਧਰਿਆਂ ਦੀ ਲਾਸ਼ ਵੀ ਨਹੀਂ ਵੇਖੀ ਜਾਂਦੀ ਪਰ ਏ.ਕੇ. ਸੰਤਾਲੀ ਵਾਲਿਆਂ ਨੇ ਪਹਿਲਾਂ ਕਿਸੇ ਬੰਦੇ ਨੂੰ ਮਾਰਿਆ। ਗੋਲੀਆਂ ਵਾਲੀ ਥਾਂ ਤੋਂ ਧਤੀਰੀਆਂ ਬਣ ਕੇ ਉਹਦਾ ਕੋਸਾ, ਗੂੜ੍ਹਾ ਤੇ ਗਾਹੜਾ ਲਹੂ ਫੁੱਟਿਆ। ਲਹੂ ਨਾਲ ਲੱਥ-ਪੱਥ ਹੋਈ ਲਾਸ਼ ਵਿਚ ਉਨ੍ਹਾਂ ਫੇਰ ਕਿਸੇ ਰਿਮੋਟ ਕੰਟਰੋਲ ਬੰਬ ਦੀ ਵਿਉਂਤਬੰਦੀ ਕੀਤੀ ਤਾਂ ਕਿ ਇਕ ਲਾਸ਼ ਰਾਹੀਂ ਹੋਰ ਲਾਸ਼ਾਂ ਤੱਕ ਵੀ ਪਹੁੰਚਿਆ ਜਾ ਸਕੇ।***

ਏਰੀਆ ਕਮਾਂਡਰ ਨੇ ਆਪਣੇ ਮੋਢੇ ਨਾਲੋਂ ਏ.ਕੇ. ਸੰਤਾਲੀ ਲਾਹ ਕੇ ਪਲੰਘ ‘ਤੇ ਰੱਖ ਦਿੱਤੀ ਤੇ ਹੁਕਮ ਦਾਗਿਆ, “ਰਵੇਲਾ ਬੜਾ ਚੁਸਤ ਮੁੰਡਾ, ਇਹਨੂੰ ਬਾਹਰ ਪੈਹਰੇ ‘ਤੇ ਲਾ ਦਿਉ।” ਤੇ ਮੇਰੇ ਵਲ ਹੱਥ ਕਰਦਾ ਬੜੇ ਹੀ ਮਸ਼ਕਰੀ ਲਹਿਜੇ ‘ਚ ਕਹਿਣ ਲੱਗਾ, “ਆਹ ਜਗਤਾਰ ਸਿਹੁੰ ਦੇ ਸੱਜੇ ਪੱਟ ਦੇ ਭਰਾ ਨੂੰ ਵੀ ਨਾਲ ਹੀ ਲੈ ਜਾਉ, ਇਹ ਬੂਹੇ ਖੁਲ੍ਹਵਾਉਣ ‘ਚ ਵਾਹਵਾ ਮਾਹਰ ਲਗਦਾ ਏ।”

ਰੀਂਗਦੇ ਪੈਰਾਂ ਨਾਲ ਮੈਂ ਆਪਣੇ ਹੀ ਪਿੰਡ ਦੀਆਂ ਹਨੇਰੀਆਂ ਗਲੀਆਂ ‘ਚ ਉਨ੍ਹਾਂ ਨਾਲ ਤੁਰਦਾ-ਫਿਰਦਾ ਆਪਣੇ-ਆਪ ਨੂੰ ਅਤਿ ਘਟੀਆ ਤੇ ਗੁਨਾਹਗਾਰ ਜਿਹਾ ਮਹਿਸੂਸ ਕਰ ਰਿਹਾ ਸਾਂ। ਰਹਿ ਰਹਿ ਕੇ ਇਹ ਸੋਚ ਰਿਹਾ ਸਾਂ ਕਿ ਬੰਦੇ ਨੂੰ ਰੱਬ ਦਾ ਰੂਪ ਵੀ ਕਿਹਾ ਜਾਂਦਾ ਹੈ। ਕੀ ਉਨ੍ਹਾਂ ‘ਚ ਇਹ ਬੰਦੇ ਵੀ ਸ਼ਾਮਲ ਨੇ? ਜੇ ਇਹ ਬੰਦੇ ਵੀ ਸ਼ਾਮਿਲ ਨੇ ਤਾਂ ਰੱਬ ਦਾ ਕੁਝ ਹਿੱਸਾ ਜ਼ਰੂਰ ਇਨ੍ਹਾਂ ਬੰਦਿਆਂ ਵਰਗਾ ਵੀ ਹੋਵੇਗਾ। ਜੇ ਸੱਚਮੁਚ ਰੱਬ ਦਾ ਰੀਣ ਮਾਤਰ ਹਿੱਸਾ ਵੀ ਏਦਾਂ ਦਾ ਹੋਵੇ ਤਾਂ ਫੇਰ ਮੈਨੂੰ ਰੱਬ ਦੀ ਹੋਂਦ ਤੋਂ ਮੁਨਕਰ ਹੋਣ ‘ਚ ਰਤਾ ਜਿੰਨਾ ਵੀ ਦੁੱਖ ਨਹੀਂ।

ਉਨ੍ਹਾਂ ਨਾਲ ਤੁਰਦਿਆਂ-ਫਿਰਦਿਆਂ ਮੇਰੀ ਸੋਚ ਫੇਰ ਉਸ ਘਰ ‘ਚ ਜਾ ਵੜਦੀ ਹੈ ਜਿੱਥੇ ਦਵਿੰਦਰ ਮੇਰੀ ਹਾਜ਼ਰੀ ‘ਚ ਆਪਣੇ ਹੱਥੀਂ ਹੀ ਅਲਫ਼ ਨੰਗੀ ਹੋ ਗਈ ਸੀ। ਜਿਥੇ ਇਕ ਏ.ਕੇ. ਪਹਿਰਾ ਦੇ ਰਹੀ ਸੀ ਤੇ ਦੂਸਰੀ ਮੇਰੇ ਸਾਹਮਣੇ ਹੀ ਏਰੀਆਂ ਕਮਾਂਡਰ ਨੇ ਮੋਢੇ ਨਾਲੋਂ ਲਾਹ ਕੇ ਪਲੰਘ ’ਤੇ ਰੱਖ ਦਿੱਤੀ ਸੀ। ਮੈਂ ਆਪਣੇ-ਆਪ ਨੂੰ ਹੀ ਪੁੱਛਦਾ ਹਾਂ ਕਿ ਹੁਣ ਦੱਸ ਕਿੱਥੇ ਗਈ ਤੇਰੀ ਜੁਰਅਤ ਤੇ ਮਰਦਾਨਗੀ? ਤੂੰ ਇਨ੍ਹਾਂ ਕੁੱਤਿਆਂ-ਬਿੱਲਿਆਂ ਅੱਗੇ ਆਪਣੇ ਹੀ ਪਿੰਡ ਦੀਆਂ ਗਲੀਆਂ ‘ਚ ਉਨ੍ਹਾਂ ਦੇ ਕਹੇ ਅਨੁਸਾਰ ਪੂਛ ਹਿਲਾਉਂਦਾ ਜਿਹਾ ਫਿਰ ਰਿਹਾਂ?

ਮੈਂ ਆਪਣੇ ਨਾਲ ਤੁਰਦੇ ਦੋਹਾਂ ਭਾਊਆਂ ਵਲ ਵੇਖਿਆ। ਐਵੇਂ ਅਲੂੰਏ ਜਿਹੇ ਛੋਕਰੇ ਲੱਗੇ ਮੈਨੂੰ ਉਹ। ਮੈਂ ਆਪਣੇ ਪਰ ਤੋਲੇ। ਮੈਨੂੰ ਲੱਗਾ ਜਿਵੇਂ ਮੈਂ ਉਨ੍ਹਾਂ ਦੋਹਾਂ ਨੂੰ ਗਿੱਚੀਓਂ ਫੜ ਕੇ ਇਕ ਦੂਸਰੇ ਨਾਲ ਭਿੜਾ-ਭਿੜਾ ਮਾਰ ਸਕਦਾ ਸੀ। ਜਿਹੜੇ ਘਰ ਅੱਗੇ ਉਹ ਜਾ ਕੇ ਰੁਕੇ, ਉਹ ਮੱਖਣ ਝਟਕਈ ਦਾ ਘਰ ਸੀ ਤੇ ਉਹਦੀ ਸਾਡੇ ਪਿੰਡ ਵਿਚ ਹੀ ਝਟਕੇ ਦੀ ਦੁਕਾਨ ਸੀ। ਮੈਂ ਸੋਚਿਆ ਕਿ ਹੁਣ ਉਹ ਮੇਰੇ ਰਾਹੀਂ ਬੂਹਾ ਖੁਲ੍ਹਵਾਉਣਗੇ। ਮੱਖਣ ਬਾਹਰ ਆਵੇਗਾ ਤੇ ਇਨ੍ਹਾਂ ਦੀ ਏ.ਕੇ. ਦਾ ਬਰਸਟ ਉਹਦੀ ਹਿੱਕ ਨੂੰ ਛਨਣੀ-ਛਨਣੀ ਕਰ ਦੇਵੇਗਾ। ਮੈਂ ਵੱਧ ਤੋਂ ਵੱਧ ਉਦੋਂ ਆਪਣੀਆਂ ਅੱਖਾਂ ਮੀਟ ਲਵਾਂ ਤੇ ਭਾਣਾ ਵਾਪਰਦਾ ਨਾ ਵੇਖਾਂ ਪਰ ਭਾਣਾ ਤਾਂ ਵਾਪਰ ਚੁੱਕਾ ਹੋਵੇਗਾ।

ਉਨ੍ਹਾਂ ਮੈਨੂੰ ਹੁਕਮ ਦਿੱਤਾ, “ਚਲ ਬੂਹਾ ਖੁਲ੍ਹਵਾ?” ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ। ਮੈਂ ਉਚੀ ਸਾਰੀ ਚੀਕਿਆ, “ਮੈਂ ਧੁਆਡੇ ਕਾਲੇ ਕਾਰਿਆਂ ਦਾ ਭਾਈਵਾਲ ਨਹੀਂ ਬਣ ਸਕਦਾ।”

ਮੇਰੇ ਕੰਨ ‘ਤੇ ਜ਼ੋਰ ਦੀ ਥੱਪੜ ਮਾਰਦਿਆਂ ਇਕ ਨੇ ‘ਏ.ਕੇ.’ ਮੇਰੇ ਵਲ ਸੇਧ ਦਿੱਤੀ, “ਉਏ ਕੁੱਤੇ ਦਿਆ ਤੁਖਮਾਂ, ਤੂੰ ਸਾਨੂੰ ਨਾਂਹ ਕਰਦਾਂ?” ਮੈਂ ਬੈਰਲ ਨੂੰ ਹੱਥ ਪਾ ਕੇ ਉਹਦੇ ਹੱਥੋਂ ‘ਏ ਕੇ’ ਖੋਹਣੀ ਚਾਹੀ ਪਰ ਬੱਟ ’ਤੇ ਉਸ ਦੀ ਪਕੜ ਮੇਰੇ ਨਾਲੋਂ ਕਿਤੇ ਵੱਧ ਮਜ਼ਬੂਤ ਸੀ। ਮੈਂ ਏ.ਕੇ. ਤਾਂ ਨਾ ਖੋਹ ਸਕਿਆ ਪਰ ਬੈਰਲ ਉਤਾਂਹ ਨੂੰ ਚੁੱਕ ਕੇ ਆਪਣੇ ਆਪ ਨੂੰ ਬਚਾਉਣ ਦਾ ਭਰਮ ਜਿਹਾ ਜ਼ਰੂਰ ਪਾਲ ਲਿਆ। ਸ਼ਾਇਦ ਏਨੀ ਕੁ ਜੁਅਰਤ ਮੈਂ ਦੂਸਰੇ ਨੂੰ ਨਿਹੱਥਾ ਸਮਝ ਕੇ ਕਰ ਲਈ ਸੀ ਪਰ ਉਨ੍ਹੇ ਆਪਣੀ ਡੱਬ ‘ਚੋਂ ਰਿਵਾਲਵਰ ਕੱਢ ਕੇ ਮੇਰੀ ਪੁੜਪੜੀ ‘ਤੇ ਰੱਖ ਦਿੱਤਾ।

‘ਏ.ਕੇ.’ ਨੇ ‘ਰਿਵਾਲਵਰ’ ਨੂੰ ਕਿਹਾ, “ਨਾ ਇਹਨੂੰ ਮਾਰੀਂ ਨਾ, ਮਾਰਨਾ ਹੁੰਦਾ ਤਾਂ ਇਹ ਕੰਮ ਮੈਂ ਆਪੇ ਕਰ ਲੈਂਦਾ। ਬੜੀ ਜੁਅਰਤ ਵਾਲਾ ਬੰਦਾ ਲੱਗਦੈ, ਆਪਾਂ ਇਹਨੂੰ ਆਪਣੇ ਜੱਥੇ ‘ਚ ਸ਼ਾਮਲ ਕਰਾਂਗੇ।”

ਰਿਵਾਲਵਰ ਮੇਰੀ ਪੁੜਪੁੜੀ ਤੋਂ ਪਰ੍ਹਾਂ ਹਟ ਗਿਆ। ਏ.ਕੇ. ਫੇਰ ਮੋਢੇ ‘ਤੇ ਪੈ ਗਈ ਤੇ ਮੈਂ ਸੁਖ ਦਾ ਸਾਹ ਲਿਆ।

ਹੁਣ ਉਨ੍ਹਾਂ ਮੈਨੂੰ ਬੂਹਾ ਖੁਲ੍ਹਵਾਉਣ ਲਈ ਵੀ ਨਹੀਂ ਆਖਿਆ। ਏ.ਕੇ. ਵਾਲੇ ਨੇ ਕੰਧ ਟੱਪੀ ਤੇ ਥੋੜ੍ਹੀ ਦੇਰ ਬਾਅਦ ਅੰਦਰੋਂ ਗੋਲੀ ਚੱਲਣ ਦੀ ਆਵਾਜ਼ ਆਈ। ਹੜਬੜਾਏ ਪਰਿਵਾਰ ਦੇ ਜੀਆਂ ਦੀਆਂ ਚੀਕਾਂ ਉਚੀਆਂ ਹੋਈਆਂ। ਇਕ ਹਾਕਮਾਨਾ ਆਵਾਜ਼ ਗੜ੍ਹਕੀ, “ਖਬਰਦਾਰ ਜੇ ਕੋਈ ਰੋਇਆ ਤਾਂ...।” ਸਾਰੀਆਂ ਆਵਾਜ਼ਾਂ ਸ਼ਾਂਤ ਹੋ ਗਈਆਂ। ਅੰਦਰੋਂ ਬੂਹਾ ਖੁੱਲ੍ਹਾ ਤੇ ਮੈਨੂੰ ਹੁਕਮ ਹੋਇਆ, “ਇਸ ਕੁੱਤੇ ਝਟਕਈ ਦੀ ਲਾਸ਼ ਨੂੰ ਅੰਦਰੋਂ ਚੁੱਕ ਲਿਆ ਤੇ ਪਹਿਲੀਆਂ ਦੋਂਹ ਲਾਸ਼ਾਂ ਲਾਗੇ ਹੀ ਪੁਚਾ ਦੇ।” ਮੈਨੂੰ ਇਹ ਮਹਿਸੂਸ ਹੋਇਆ ਕਿ ਹੁਣ ਸਾਡਾ ਰੋਣ-ਹੱਸਣ ਜਾਂ ਆਪਣੀ ਮਰਜ਼ੀ ’ਤੇ ਕੋਈ ਅਧਿਕਾਰ ਨਹੀਂ ਸੀ ਰਹਿ ਗਿਆ।

ਮੈਨੂੰ ਪਤਾ ਸੀ ਕਿ ਕੁਇੰਟਲ ਦੀ ਲਾਸ਼ ਨੂੰ ਚੁੱਕ ਕੇ ਲਿਆਉਣਾ ਤਾਂ ਦੂਰ ਦੀ ਗੱਲ ਸ਼ਾਇਦ ਮੈਂ ਧੂਹ ਵੀ ਨਾ ਸਕਾਂ। ਪਰ ਮੈਨੂੰ ਇਹ ਵੀ ਤਾਂ ਪਤਾ ਸੀ ਕਿ ਇਹ ਹੁਕਮ ਜਿਵੇਂ ਟਾਲਿਆ ਵੀ ਨਹੀਂ ਸੀ ਜਾ ਸਕਦਾ। ਪਰ ਮੈਂ ਲਗਾਤਾਰ ਸੋਚ ਰਿਹਾ ਸਾਂ ਕਿ ਬੰਦਾ ਮਾਰਨਾ ਕਿੰਨਾ ਸੌਖਾ ਹੋ ਗਿਆ, ਹਲਕਾਏ ਕੁੱਤੇ ਨੂੰ ਵੀ ਮਾਰਨ ਤੋਂ ਸੌਖਾ।

“ਮਾਸਟਰਾ ਤੈਨੂੰ ਉਚੀ ਤੇ ਨਹੀਂ ਸੁਣਦਾ, ਮੈਂ ਕਿਹਾ ਸੀ ਲਾਸ਼ ਚੁੱਕ ਕੇ ਬਾਹਰ ਲੈ ਆ।” ਏ.ਕੇ. ਬਹੁਤ ਹੀ ਉਚੀ ਸਾਰੀ ਬੋਲੀ।

ਮੈਨੂੰ ਯਾਦ ਆਇਆ ਕਿ ਮੱਖਣ ਦਾ ਇਕ ਮੁੰਡਾ ਰਿਕਸ਼ਾ ਵੀ ਵਾਹੁੰਦਾ ਸੀ। ਮੈਂ ਆਲੇ-ਦੁਆਲੇ ਝਾਤੀ ਮਾਰੀ। ਇਕ ਰਿਕਸ਼ਾ ਘਰ ਦੀ ਇਕ ਨੁੱਕਰੇ ਲੱਗਾ ਦਿਸ ਪਿਆ। ਪਰ ਮੈਂ ਉਨ੍ਹਾਂ ਨੂੰ ਫੇਰ ਵੀ ਤਰਲੇ ਜਿਹੇ ਨਾਲ ਕਿਹਾ, “ਕੀ ਕਰੋਗੇ ਇਸ ਲਾਸ਼ ਨੂੰ ਉਥੇ ਖੜ ਕੇ?”

“ਇਹ ਸਾਨੂੰ ਪਤਾ ਕੀ ਕਰਾਂਗੇ, ਤੂੰ ਸਵਾਲ ਪੁੱਛਣ ਵਾਲੀ ਆਪਣੀ ਮਾਸਟਰੀ ਆਦਤ ਨੂੰ ਲਗਾਮ ਹੀ ਦੇ ਛੱਡ ਤਾਂ ਚੰਗਾ...।”

ਮੈਂ ਹੁਕਮ ਮੰਨਦਿਆਂ ਮੱਖਣ ਦੇ ਰਿਕਸ਼ਾ ਚਲਾਉਣ ਵਾਲੇ ਮੁੰਡੇ ਦੇ ਕੋਲ ਜਾ ਕੇ ਹੌਲੀ ਜਿਹੀ ਆਖਿਆ, “ਮੇਰਾ ਕੋਈ ਕਸੂਰ ਨਹੀਂ ਭਰਾਵਾ, ਇਹ ਮੈਨੂੰ ਘੋੜੀ ਬਣਾ ਕੇ ਵਰਤ ਰਹੇ ਨੇ। ਤੇਰਾ ਪਿਉ ਤਾਂ ਬੜਾ ਹੀ ਚੰਗਾ ਤੇ ਨੇਕ ਸੀ। ਆ, ਮਾੜਾ ਜਿਹਾ ਹੱਥ ਪੁਆ, ਇਹ ਤਾਂ ਉਦ੍ਹਾ ਮੁਰਦਾ ਵੀ ਖਰਾਬ ਕਰਨ ‘ਤੇ ਤੁਲੇ ਹੋਏ ਨੇ।” ਉਹ ਵਿਚਾਰਾ ਮੰਨ ਗਿਆ ਪਰ ਏਨੇ ਚਿਰ ਨੂੰ ਬਾਹਰੋਂ ਹੁਕਮ ਜਾਰੀ ਹੋਇਆ, “ਛੱਡ ਜੇ ਨਈ ਚੁੱਕਿਆ ਜਾਂਦਾ ਤਾਂ ਮਾਰ ਗੋਲੀ।” ਮੈਂ ਇਕ ਲੰਮਾ ਸੁਖ ਦਾ ਸਾਹ ਲੈਂਦਿਆਂ ਐਵੇਂ ਹੀ ਸੋਚਿਆ ਕਿ ਤੁਹਾਡੀ ਗੋਲੀ ਤੋਂ ਬਾਅਦ ਹੋਰ ਕਿਹੜੀ ਗੋਲੀ ਮਾਰਨ ਦੀ ਲੋੜ ਰਹਿ ਜਾਂਦੀ ਹੋਵੇਗੀ?

ਦੋਸ਼ੀਆਂ ਵਾਂਗ ਮੈਂ ਫੇਰ ਛੋਟੇ-ਛੋਟੇ ਕਦਮ ਪੁੱਟਦਾ ਉਨ੍ਹਾਂ ਦੇ ਨਾਲ ਤੁਰਿਆ ਜਾ ਰਿਹਾ ਸਾਂ। ਸਾਰਾ ਪਿੰਡ ਹੀ ਦਹਿਸ਼ਤ ਦੀ ਹਨ੍ਹੇਰੀ ਬੁੱਕਲ ਵਿਚ ਵਲ੍ਹੇਟਿਆ ਡਰਾਉਣਾ ਜਿਹਾ ਲੱਗ ਰਿਹਾ ਸੀ। ਮੈਨੂੰ ਪਤਾ ਸੀ ਕਿ ਉਹ ਫੇਰ ਜਗਤਾਰ ਦੇ ਘਰ ਹੀ ਜਾਣਗੇ। ਰਾਹ ‘ਚ ਫੇਰ ਮਾਂ-ਪੁੱਤ ਦੀਆਂ ਲਾਸ਼ਾਂ ਦੇ ਲਾਗੋਂ ਦੀ ਲੰਘਦਿਆਂ ਇਕ ਖਾਸ ਤਰ੍ਹਾਂ ਦੀ ਧੁੜਧੜੀ ‘ਚੋਂ ਗੁਜ਼ਰਨਾ ਪਵੇਗਾ। ਲਾਸ਼ਾਂ ਨੇ ਤਾਂ ਕੁਝ ਪੁੱਛਣਾ ਨਹੀਂ ਪਰ ਜਗਤਾਰ ਦੀ ਘਰ ਵਾਲੀ ਦੀ ਜਿਉਂਦੀ ਲਾਸ਼ ਵਲੋਂ ਪੁੱਛੇ ਗਏ ਕਿਸੇ ਸਵਾਲ ਦਾ ਜਵਾਬ ਮੇਰੇ ਕੋਲੋਂ ਕਦੇ ਵੀ ਦੇ ਨਹੀਂ ਸੀ ਹੋਣਾ।

ਮਾਂ-ਪੁੱਤ ਦੀਆਂ ਲਾਸ਼ਾਂ ਲਾਗੇ ਆ ਕੇ ਵੇਖਿਆ ਤਾਂ ਦੋ ਕੁੱਤੇ ਲਾਸ਼ਾਂ ਤੋਂ ਲਹੂ ਚੱਟ ਰਹੇ ਸਨ। ਭਿਆਨਕ ਜਿਹਾ ਦ੍ਰਿਸ਼ ਵੇਖ ਕੇ ਮੈਂ ਪੈਰਾਂ ਤੱਕ ਹਿੱਲ ਗਿਆ ਸਾਂ। ਮੈਂ ਸੋਚਿਆ ਕਿ ਲਾਸ਼ਾਂ ਦੀ ਇਹ ਦੁਰਦਸ਼ਾ ਵੇਖ ਕੇ ਇਹ ਬੰਦੇ ਵੀ ਥੋੜ੍ਹਾ ਬਹੁਤ ਤਾਂ ਮਹਿਸੂਸ ਕਰਨਗੇ। ਪਰ ਉਹ ਮੈਨੂੰ ਕਹਿ ਰਹੇ ਸਨ, “ਚੰਗੀ ਤਰ੍ਹਾਂ ਵੇਖ ਲੈ, ਸਾਡੇ ਨਾਲ ਅੜਨ ਵਾਲਿਆਂ ਦਾ ਮੌਤ ਤੋਂ ਬਾਅਦ ਵੀ ਆਹ ਹਸ਼ਰ ਹੁੰਦਾ ਈ।”

ਫੇਰ ਉਨ੍ਹਾਂ ਨੇ ਮੇਰੇ ‘ਤੇ ਕਲਾਸ ਲਾ ਦਿੱਤੀ। “ਅਸੀਂ ਤਾਂ ਹਾਂ ਅੰਬਰੀ ਆਂਡੇ, ਸਾਡੀ ਵਾ ਵਲ ਵੀ ਕੋਈ ਨਈਂ ਵੇਖ ਸਕਦਾ। ਹੁਣ ਸਵੇਰ ਤੋਂ ਪੁਲਿਸ ਤੇਰੇ ਦੁਆਲੇ ਹੋ ਜਾਊ। ਪੈਂਦੀ ਸੱਟੇ ਚੜ੍ਹੇਗਾ ਤੈਨੂੰ ਪੁਲਿਸ ਕੁਟਾਪਾ। ਸਾਡੇ ਤੋਂ ਵੀ ਮਾੜਾ ਵਿਹਾਰ ਤੇਰੇ ਨਾਲ ਉਹ ਕਰਨਗੇ। ਜਦੋਂ ਤੂੰ ਪੂਰੀ ਤਰ੍ਹਾਂ ਬੇਪਤ ਹੋ ਕੇ ਠਾਣੇ ‘ਚੋਂ ਨਿਕਲੇਗਾ ਤਾਂ ਤੇਰੇ ਅੰਦਰੋਂ ਬਦਲੇ ਦੀਆਂ ਲਾਲ ਸੂਹੀਆਂ ਲਾਟਾਂ ਨਿਕਲ ਰਹੀਆਂ ਹੋਣਗੀਆਂ।”

ਇਹ ਸਭ ਕੁਝ ਵੇਖ-ਸੁਣ ਕੇ ਮੈਂ ਦਹਿਲ ਜਿਹਾ ਗਿਆ ਸਾਂ ਤੇ ਹੁਣ ਸਮਝ ਆ ਰਹੀ ਸੀ ਕਿ ਇਹ ਮੈਨੂੰ ਨਾਲ-ਨਾਲ ਕਿਉਂ ਲਈ ਫਿਰ ਰਹੇ ਸਨ। ਜਥੇਦਾਰ ਮੈਨੂੰ ਸਮਝਾ ਰਿਹਾ ਸੀ, “ਪੁਲਿਸ ਦਾ ਰਗੜਾ ਤੇ ਜ਼ਲਾਲਤ ਝੱਲ ਕੇ ਤੂੰ ਖੁਦ ਸਾਨੂੰ ਲੱਭਦਾ ਫਿਰੇਂਗਾ। ਫੇਰ ਅਸੀਂ ਤੇਰੀ ਹਥਿਆਰਬੰਦੀ ਦੀ ਰਸਮ ਪੂਰੀ ਕਰਾਂਗੇ ਤੇ ਤੂੰ ਇਕ ਮਾਸਟਰ ਤੋਂ ਬਣ ਜਾਏਂਗਾ ਪੂਰਾ-ਸੂਰਾ ਖਾੜਕੂ। ਪੰਜ-ਸੱਤ ਅਸਾਲਟਾਂ ਤੇ ਪੰਜ-ਸੱਤ ਸੌ ਹੀ ਕਾਰਤੂਸ। ਦੋ-ਤਿੰਨ ਮਾਊਜ਼ਰ, ਦਸ-ਬਾਰਾਂ ਹੈਂਡ ਗ੍ਰਨੇਡ, ਤੈਨੂੰ ਉਠਦੇ ਨੂੰ ਹੀ ਸਲਾਮੀ ਦਿਆ ਕਰਨਗੇ। ਤੇ ਤੂੰ ਸਾਡੇ ਵਾਂਗ ਹੀ ਆਪਣੇ ਆਪ ਨੂੰ ਇਕ ਜਰਨੈਲ ਮਹਿਸੂਸ ਕਰਿਆ ਕਰੇਂਗਾ।” ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਆਪਣਾ ਸਾਰਾ ਭਵਿੱਖ ਹੀ ਅੱਜ ਦੀ ਰਾਤ ਵਾਂਗ ਬੋਲਾ ਲੱਗਣ ਲੱਗ ਪਿਆ ਸੀ। ਹੁਣ ਮੈਂ ਦਹਿਲੀਜ਼ੋਂ ਬਾਹਰ ਪੈਰ ਕੱਢਣ ਵਾਲੀ ਘੜੀ ਨੂੰ ਕੋਸ ਰਿਹਾ ਸਾਂ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੇਰੇ ‘ਚ ਜਿਵੇਂ ਸਾਹ-ਸਤ ਹੀ ਨਹੀਂ ਸੀ ਰਿਹਾ।

ਜਗਤਾਰ ਦੇ ਘਰ ਅੱਗੇ ਪਹੁੰਚ ਕੇ ਵੇਖਿਆ ਕਿ ‘ਏ.ਕੇ.’ ਪੂਰੇ ਦਮ-ਖਮ ਨਾਲ ਪਹਿਰਾ ਦੇ ਰਹੀ ਸੀ। ਉਹਨੇ ਵੱਡੇ ਜਥੇਦਾਰ ਤੋਂ ਆਗਿਆ ਲੈ ਕੇ ਬੂਹਾ ਖੋਲ੍ਹ ਦਿੱਤਾ। ਅੰਦਰ ਵੜੇ ਤਾਂ ਵੱਡਾ ਜਥੇਦਾਰ ਗੁਟਕੇ ਤੋਂ ਪਾਠ ਕਰ ਰਿਹਾ ਸੀ। ਸਮਝ ਨਹੀਂ ਸੀ ਆ ਰਹੀ ਕਿ ਇਹ ਕਿਹੜੇ ਵੇਲੇ ਦਾ, ਕਿਹੜਾ ਪਾਠ ਸੀ? ਪਰ ਇਹ ਸਮਝਣਾ ਵੀ ਕੋਈ ਔਖਾ ਨਹੀਂ ਸੀ ਕਿ ਇਨ੍ਹਾਂ ਲੋਕਾਂ ਨੂੰ ਧਾਰਮਿਕ ਦਿਸਦੇ ਰਹਿਣ ਲਈ ਇਹ ਸਾਰਾ ਕੁਝ ਬੜਾ ਜ਼ਰੂਰੀ ਸੀ। ਮੇਰੀ ਸੋਚ ਦੇ ਉਲਟ ਦਵਿੰਦਰ ਵੇਖਣ ਨੂੰ ਬਿਲਕੁਲ ਸਹੀ ਸਲਾਮਤ ਲੱਗ ਰਹੀ ਸੀ ਤੇ ਉਨ੍ਹਾਂ ਦੀ ਸਹਿਮਤੀ ‘ਚ ਸਹਿਮਤੀ ਵਿਖਾ ਰਹੀ ਸੀ। ਉਹ ਰਸੋਈ ‘ਚ ਗਈ ਤੇ ਸਾਰਿਆਂ ਲਈ ਸ਼ਕੰਜਵੀ ਬਣਾ ਲਿਆਈ। ਮੈਨੂੰ ਪਤਾ ਸੀ ਕਿ ਸਾਰੇ ਹੀ ਮੇਰੇ ਵਾਂਗ ਪਾਣੀ ਲਈ ਸਹਿਕ ਰਹੇ ਹੋਣਗੇ। ਠੰਡੀ ਸ਼ਕੰਜਵੀ ਪੀ ਕੇ ਬੌਂਦਲੀ ਸੁਰਤ ਨੂੰ ਕੁਝ ਕੁ ਮੋੜਾ ਪਿਆ। ਵੱਡੇ ਜਥੇਦਾਰ ਨੇ ਗੁਟਕੇ ਨੂੰ ਸੰਤੋਖਿਆ। ਸਾਰਿਆਂ ਨੇ ਆਪਣਾ ਸਿਰ ਝੁਕਾਇਆ ਤੇ ਫੇਰ ਉਹ ਵੀ ਸ਼ਕੰਜਵੀ ਪੀਣ ਲੱਗ ਪਿਆ।

ਦਵਿੰਦਰ ਮੈਨੂੰ ਮੁਖਾਤਬ ਹੋਈ, “ਆਪਣੇ ਕਰਮ ਹੀ ਮਾੜੇ ਸਨ ਕੁਲਦੀਪ, ਜਥੇਦਾਰ ਜੀ ਤਾਂ ਬੜੇ ਨੇਕ ਬੰਦੇ ਨੇ। ਇਨ੍ਹਾਂ ਦੀਆਂ ਗੱਲਾਂ ਤੋਂ ਤਾਂ ਇਹੀ ਜਾਪਦਾ ਕਿ ਮਾਂ ਪੁੱਤ ਨੇ ਵੀ ਆਪਣੇ ਕੀਤੇ ਦੀ ਹੀ ਸਜ਼ਾ ਪਾਈ ਆ।” ਮੈਨੂੰ ਲੱਗਾ ਜਿਵੇਂ ਉਹ ਚਾਬੀ ਵਾਲੇ ਖਿਡੌਣੇ ਵਾਂਗ ਬੋਲ ਰਹੀ ਸੀ ਤੇ ਚਾਬੀ ਅਜੇ ਵੀ ਪੂਰੀ ਤਰ੍ਹਾਂ ਮੁੱਕੀ ਨਹੀਂ ਸੀ। ਉਹ ਕਹਿ ਰਹੀ ਸੀ, “ਇਕ ਥਾਣੇਦਾਰ ਦਾ ਘਰ ਔਣ-ਜਾਣ ਸੀ। ਕੀ ਪਤਾ ਕਦੇ ਨਸ਼ੇ ਦੀ ਲੋਰ ‘ਚ ਉਨ੍ਹਾਂ ਵੀ ਕੋਈ ਚੰਗੀ-ਮਾੜੀ ਗੱਲ ਕਰ’ਤੀ ਹੋਵੇ। ਉਂਜ ਜੇ ਵੇਖਿਆ ਜਾਵੇ ਤਾਂ ਇਹ ਵੀ ਦਰ-ਬਦਰ ਸਾਡੇ ਲਈ ਹੀ ਠੋਕਰਾਂ ਖਾਂਦੇ ਫਿਰਦੇ ਨੇ।”

ਦਵਿੰਦਰ ਦੀਆਂ ਗੱਲਾਂ ਸੁਣ ਕੇ, ਮੈਂ ਬੜੀ ਹੀ ਘੋਖਵੀਂ ਨਜ਼ਰੇ ਉਹਨੂੰ ਨਿਹਾਰ ਰਿਹਾ ਸਾਂ। ਉਹ ਸੱਚਮੁੱਚ ਮੇਰੇ ਲਈ ਵੀ ਇਕ ਰਹੱਸ ਜਿਹਾ ਬਣ ਗਈ ਸੀ। ਜਥੇਦਾਰ ਨੇ ਦਵਿੰਦਰ ਵਲ ਹੱਥ ਕਰਦਿਆਂ ਮੈਨੂੰ ਦਬਕਾ ਜਿਹਾ ਮਾਰਿਆ, “ਇਦ੍ਹੀ ਜ਼ਿੰਮੀ-ਜਾਮਨੀ ਤੇ ਤੈਨੂੰ ਇਸ ਵਾਰ ਬਖਸ਼ ਚੱਲੇ ਆਂ, ਨਈਂ ਤਾਂ ਸ਼ਾਇਦ ਤਿੰਨਾਂ ਲਾਸ਼ਾਂ ਦੇ ਨਾਲ ਚੌਥੀ ਲਾਸ਼ ਤੇਰੀ ਵੀ ਹੁੰਦੀ।”

ਮੈਂ ਆਪਣੀ ਇੱਛਾ ਦੇ ਵਿਰੁਧ ਜਿਵੇਂ ਧੰਨਵਾਦੀ ਜਿਹੇ ਹੁੰਦਿਆਂ ਆਪਣੇ ਹੱਥ ਜੋੜ ਦਿੱਤੇ। ਹੱਥ ਜੋੜਦਿਆਂ ਮੈਨੂੰ ਲੱਗਾ ਜਿਵੇਂ ਇਹ ਹੱਥ ਮੇਰੇ ਨਹੀਂ, ਸਗੋਂ ਬਣਨ ਵਾਲੀ ਚੌਥੀ ਲਾਸ਼ ਦੇ ਸਨ। ਉਹਨੇ ਜਿਵੇਂ ਆਖਰੀ ਨਸੀਹਤ ਕੀਤੀ, “ਸਾਡੇ ਵਿਰੁਧ

(ਬਾਕੀ ਅਗਲੇ ਸਫੇ ’ਤੇ)

## ਪਾਲਕ ਦਾ ਬੂਟਾ

ਅਬਾ-ਤਬਾ ਬੋਲਣਾ ਛੱਡ ਦੇਹ। ਯਾਦ ਰੱਖ, ਇਸ ਪਿੰਡ ਦੀ ਹਰ ਕੰਧ ਨਾਲ ਸਾਡੇ ਕੰਨ ਲੱਗੇ ਹੋਏ ਨੇ।" ਮੈਂ ਫੇਰ 'ਹਾਂ' ਵਿਚ ਸਿਰ ਹਿਲਾਇਆ, ਸ਼ਾਇਦ ਇਹ ਵੀ ਚੌਥੀ ਲਾਸ਼ ਦਾ ਸਿਰ ਹੀ ਸੀ।

ਮੈਂ ਬਿਲਕੁਲ ਹੀ ਨਹੀਂ ਸੀ ਸੋਚਿਆ ਕਿ ਅੱਜ ਦੀ ਰਾਤੇ ਉਹ ਲੋਕ ਏਥੋਂ ਚਲੇ ਜਾਣਗੇ। ਉਨ੍ਹਾਂ ਨੂੰ ਤੁਰਦਿਆਂ ਵੇਖ ਕੇ ਇੰਜ ਲੱਗਾ ਕਿ ਜ਼ਰੂਰ ਇਸੇ ਹੀ ਰਾਤੇ ਉਨ੍ਹਾਂ ਸ਼ਾਇਦ ਇਸ ਤੋਂ ਵੀ ਕੁਝ ਜ਼ਰੂਰੀ ਹੋਰ ਘਰ ਵੀ ਭੁਗਤਾਉਣੇ ਹੋਣਗੇ। ਧਮਕੀਆਂ ਭਰੀਆਂ ਨਸੀਹਤਾਂ ਕਰਕੇ ਉਹ ਤੁਰਦੇ ਬਣੇ। ਉਨ੍ਹਾਂ ਦੇ ਜਾਣ ਤੋਂ ਬਾਅਦ ਮੈਂ ਵੀ ਘਰ ਨੂੰ ਜਾਣਾ ਜ਼ਰੂਰੀ ਸਮਝਿਆ ਪਰ ਤੁਰਨ ਲੱਗਾ ਤਾਂ ਦਵਿੰਦਰ ਨੇ ਹੱਥ ਫੜ ਕੇ ਰੋਕ ਲਿਆ, "ਮੈਂ ਪਹਾੜ ਜਿੱਡੀ ਕਾਲੀ ਬੋਲੀ ਰਾਤ ਕੱਲੀ ਕਿੱਦਾਂ ਕੱਟੂੰਗੀ?" ਉਹਦੀਆਂ ਅੱਖਾਂ ਵਿਚ ਇਕ ਦਰਦ ਸੀ ਤੇ ਇਹੋ ਜਿਹਾ ਹੀ ਦਰਦ ਉਹਦੇ ਬੋਲਾਂ ਵਿਚ ਵੀ ਸੀ। ਮੈਨੂੰ ਲੱਗਾ ਜਿਵੇਂ ਦਵਿੰਦਰ ਸਭ ਕੁਝ ਝੱਲਣ ਤੇ ਲੁਟਾਉਣ ਤੋਂ ਬਾਅਦ ਪੂਰੀ ਤਰ੍ਹਾਂ ਬੇਖੌਫ ਜਿਹੀ ਹੋ ਗਈ ਸੀ। ਉਹ ਕਿੰਨਾ ਚਿਰ ਮੇਰੇ ਸਾਹਮਣੇ ਖਲੋਤੀ ਖਾਲੀ ਅੱਖਾਂ ਨਾਲ ਮੇਰੇ ਵਲ ਵੇਖਦੀ ਰਹੀ ਤੇ ਫੇਰ ਮੇਰੇ ਨਾਲ ਲੱਗ ਕੇ ਉਹ ਉਚੀ-ਉਚੀ ਰੋਣ ਲੱਗ ਪਈ। ਮੈਂ ਉਹਨੂੰ ਦਿਲਾਸਾ ਦਿੱਤਾ ਪਰ ਮੈਨੂੰ ਪਤਾ ਸੀ ਕਿ ਦਿਲਾਸੇ ਵਾਲਾ ਹੱਥ, ਉਹਦੇ ਉਚੇ ਮਾਰੂ ਦੁੱਖ ਤੋਂ ਬਹੁਤ ਨੀਵਾਂ ਰਹਿ ਜਾਣਾ ਸੀ।

ਉਹ ਮਰੀਅਲ ਜਿਹੀ ਆਵਾਜ਼ 'ਚ ਬੋਲੀ, "ਤੂੰ ਸੋਚ ਵੀ ਨਹੀਂ ਸਕਦਾ ਕਿ ਉਸ ਹਰਾਮਜ਼ਾਦੇ ਹਿਰਸੀ ਕੁੱਤੇ ਦੇ ਹਰ ਕੰਮ ਵਿਚ ਕਿੰਨੀ ਹਿਰਸ ਤੇ ਹਿੰਸਾ ਸੀ?" ਉਹ ਕੁਝ ਚਿਰ ਰੁਕ ਕੇ ਉਭੇ ਸਾਹ ਜਿਹੇ ਲੈਂਦਿਆਂ ਕਹਿਣ ਲੱਗੀ, "ਫੇਰ ਵੀ ਉਹ ਜੋ ਵੀ ਕਹੀ ਗਿਆ, ਮੈਂ ਮੰਨੀ ਗਈ। ਸਿਰਫ ਉਦ੍ਹੇ ਇਸ ਭਰੋਸੇ 'ਤੇ ਕਿ ਉਹ ਤੇਰੀ ਜਾਨ ਬਖਸ਼ੀ ਕਰ ਦੇਵੇਗਾ।" ਉਹਨੇ ਬੜੀਆਂ ਹੀ ਪੀੜਤ ਜਿਹੀਆਂ ਨਜ਼ਰਾਂ ਨਾਲ ਮੇਰੇ ਵਲ ਵੇਖ ਕੇ, ਮੇਰੇ ਹੱਥਾਂ ਨੂੰ ਪਲੋਸਦਿਆਂ, ਅੱਖਾਂ ਪਲੋਸੀਆਂ ਤੇ ਫੇਰ ਮੈਨੂੰ ਇੰਜ ਘੁੱਟ ਲਿਆ ਜਿਵੇਂ ਕਿਸੇ ਗਵਾਚੀ ਚੀਜ਼ ਨੂੰ ਫੇਰ ਲੱਭ ਲਿਆ ਹੋਵੇ।

"ਪਰ ਉਹਨੇ ਤੇਰੀ ਕੀਮਤ ਬੌਤ੍ਹ ਹੀ ਜ਼ਿਆਦਾ ਲਾ ਦਿੱਤੀ। ਮੈਂ ਤੇਰੀ ਖਾਤਰ ਹਰ ਕੀਮਤ ਤਾਰਨ ਨੂੰ ਤਿਆਰ ਹੋ ਗਈ..." ਉਹਦਾ ਗੱਚ ਭਰ ਆਇਆ। ਉਹਦੇ ਕੋਲੋਂ ਕੁਝ ਬੋਲਿਆ ਨਹੀਂ ਸੀ ਜਾ ਰਿਹਾ। ਉਹ ਸਿੰਮ ਆਈਆਂ ਅੱਖਾਂ ਨਾਲ ਮੇਰੇ ਵਲ ਵਿੰਹਦੀ ਰਹੀ ਤੇ ਫੇਰ ਕਿੰਨੇ ਚਿਰ ਬਾਅਦ ਕਹਿਣ ਲੱਗੀ, "ਪਰ ਮੈਨੂੰ ਪਤਾ, ਮੈਥੋਂ ਹਮੇਸ਼ਾਂ ਲਈ ਇਹ ਕੀਮਤ ਤਾਰ ਨਈ ਹੋਣੀ...।" ਤੇ ਉਹ ਮੈਨੂੰ ਜ਼ੋਰ ਦੀ ਘੁੱਟਦੀ, ਡੁਸਕਣ ਜਿਹੀ ਲੱਗ ਪਈ।

ਮੈਨੂੰ ਉਹਦੇ 'ਤੇ ਬਹੁਤ ਹੀ ਪਿਆਰ ਆਇਆ ਤੇ ਮੈਂ ਉਹਦਾ ਮੱਥਾ ਚੁੰਮ ਲਿਆ। ਉਹ ਅਜੇ ਵੀ ਸਿਸਕੀਆਂ ਭਰਦੀ ਦੱਸ ਰਹੀ ਸੀ, "ਸਭ ਕੁਝ ਕਰਨ ਤੋਂ ਬਾਅਦ ਉਹ ਕੁੱਤਾ ਫੇਰ ਭੌਂਕਿਆ, ਮੈਂ ਪੰਜੀਂ-ਸੱਤੀਂ ਦਿਨੀਂ ਆਇਆ ਕਰਾਂਗਾ, ਜਿੱਦਣ ਤੂੰ ਨਾਂਹ ਕਰ'ਤੀ, ਪਹਿਲਾਂ ਭੁੰਨਾਂਗਾ ਤੇਰਾ ਮਾਸਟਰ ਤੇ ਫੇਰ ਤੈਨੂੰ ਨੰਗੀ ਕਰਕੇ ਉਹਦੀ ਲਾਸ਼ ਲਾਗੇ ਮਾਰਾਂਗੇ ਗੋਲੀ ਤੇ ਸਾਰੇ ਪਿੰਡ ਵਿਚ ਧੁਆਡੇ ਸਬੰਧਾਂ ਦੀ ਡੌਂਡੀ ਪਿਟਵਾ ਦੇਵਾਂਗੇ, ਸਮਝੀ?"

ਮੈਨੂੰ ਨਹੀਂ ਪਤਾ ਕਿ ਉਹ ਕਿੰਨਾ ਕੁ ਸਮਝੀ ਹੋਵੇਗੀ। ਮੈਂ ਉਹਦੀਆਂ ਗੱਲਾਂ ਸੁਣ-ਸੁਣ, ਸਮਝ ਵੀ ਰਿਹਾ ਸਾਂ ਤੇ ਸੋਚ ਵੀ ਰਿਹਾ ਸਾਂ। ਪਰ ਮੈਨੂੰ ਸੱਚ-ਮੁੱਚ ਸਮਝ ਨਹੀਂ ਸੀ ਲੱਗ ਰਹੀ ਕਿ ਮਨੁੱਖ ਏਨਾ ਵਹਿਸ਼ੀ ਤੇ ਮਾਰੂ ਕਿਵੇਂ ਹੋ ਜਾਂਦੈ? ਏਨਾ ਮਾਰੂ ਕਿ ਮਲੂਕ ਜਿਹੀ ਸੋਚ ਵਾਲੇ ਜਗਤਾਰ ਤੇ ਬੁੱਢੀ ਮਾਂ ਨੂੰ ਵੀ ਉਨ੍ਹਾਂ ਨਹੀਂ ਬਖਸ਼ਿਆ? ਮੈਂ ਭਾਵੁਕ ਹੋ ਕੇ ਜਿਵੇਂ ਆਪਣੇ ਆਪ ਨੂੰ ਹੀ ਪੁੱਛਦਾ ਹਾਂ, "ਕੀ ਗਵਾਇਆ ਸੀ ਮਾਂ ਤੇ ਜਗਤਾਰ ਨੇ ਕਿਸੇ ਦਾ?" ਉਨ੍ਹਾਂ ਨੂੰ ਯਾਦ ਕਰਕੇ ਮੇਰੀਆਂ ਅੱਖਾਂ ਭਰ ਆਈਆਂ। ਦਵਿੰਦਰ ਨੇ ਇਕ ਲੰਮਾ ਹੌਕਾ ਭਰਿਆ ਤੇ ਮੇਰੇ ਮੋਢੇ ਨਾਲ ਆਪਣਾ ਸਿਰ ਲਾ ਦਿੱਤਾ। ਸ਼ਾਇਦ ਉਹ ਮੇਰੇ ਵਰਗੇ ਨਿਆਸਰੇ 'ਚੋਂ ਵੀ ਕੋਈ ਆਸਰਾ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ। ਫੇਰ ਉਹਨੇ ਬੜੀ ਹੀ ਪੀੜਤ ਜਿਹੀ ਆਵਾਜ਼ 'ਚ ਕਿਹਾ, "ਆਪਾਂ ਉਨ੍ਹਾਂ ਦੀਆਂ ਲਾਸ਼ਾਂ ਘਰ ਨਾ ਲੈ ਆਈਏ?" ਤੇ ਉਹ ਰੋਣ ਲੱਗ ਪਈ। ਮੈਂ ਉਹਦੇ ਅੱਥਰੂ ਵੀ ਪੂੰਝੇ ਤੇ ਵਰਾਇਆ ਵੀ ਪਰ ਮੈਨੂੰ ਪਤਾ ਸੀ ਕਿ ਇਹ ਸਭ ਕੁਝ ਬੜਾ ਥੋੜ੍ਹਾ ਸੀ। ਮੈਂ ਵੀ ਕੁਝ ਏਦਾਂ ਦਾ ਤੇ ਉਨ੍ਹਾਂ ਬਾਰੇ ਹੀ ਸੋਚ ਰਿਹਾ ਸੀ। ਸ਼ਾਇਦ ਇਸੇ ਲਈ ਝੱਟ ਹਾਮੀ ਭਰ ਦਿੱਤੀ। ਅਸਾਂ ਦੋਹਾਂ ਨੇ ਇਕ ਅਲਾਣਾ ਮੰਜਾ ਚੁੱਕਿਆ ਤੇ ਲਾਸ਼ਾਂ ਵਲ ਨੂੰ ਹੋ ਤੁਰੇ। ਅਸੀਂ ਲਾਸ਼ਾਂ ਦੁਆਲੇ ਫਿਰਦੇ ਕੁੱਤਿਆਂ ਨੂੰ ਸ਼ਿਸ਼ਕਾਰਿਆ। ਦਵਿੰਦਰ ਨੇ ਲਾਸ਼ਾਂ ਦੇ ਸਿਰਹਾਣੇ ਬਹਿ ਕੇ ਦੋਹਾਂ ਦੇ ਮੂੰਹ ਨੂੰ ਚੁੰਨੀ ਨਾਲ ਸਾਫ ਕੀਤਾ ਤੇ ਫੇਰ ਕਿੰਨਾ ਚਿਰ ਜਗਤਾਰ ਦਾ ਮੱਥਾ ਚੁੰਮਦੀ ਰਹੀ। ਮੈਂ ਵੇਖਿਆ, ਉਹਦੇ ਵਗਦੇ ਅੱਥਰੂਆਂ ਨਾਲ ਜਗਤਾਰ ਦੇ ਮੱਥੇ ਤੇ ਰਹਿ ਗਏ ਲਹੂ ਦੇ ਧੱਬੇ, ਖੁਰ-ਖੁਰ ਕੇ ਜਗਤਾਰ ਦੀਆਂ ਖੁੱਲ੍ਹੀਆਂ ਅੱਖਾਂ ਵਿਚ ਪੈ ਰਹੇ ਸਨ। ਉਹ ਝੱਲਿਆਂ ਵਾਂਗ ਸਿਰ ਮਾਰਦੀ ਕਹਿਣ ਲੱਗੀ, "ਵੇਖ ਕੁਲਦੀਪ ਕਿੰਨੀਆਂ ਗੋਲੀਆਂ ਦੇ ਨਿਸ਼ਾਨ ਨੇ ਇਨ੍ਹਾਂ ਦੇ ਜਿਸਮਾਂ 'ਤੇ।" ਮੈਂ ਕਿਹਾ, "ਨਿਸ਼ਾਨਾਂ ਨੂੰ ਗਿਣ ਕੇ ਕੀ ਕਰਾਂਗੇ ਜਦੋਂ ਕਿ ਇਨ੍ਹਾਂ ਦਾ ਨਾਮੋ-ਨਿਸ਼ਾਨ ਹੀ ਨਹੀਂ ਰਿਹਾ। ਉਠ, ਲਾਸ਼ਾਂ ਨੂੰ ਮੰਜੇ 'ਤੇ ਰੱਖੀਏ।" ਮੈਂ ਉਹਦਾ ਮੋਢਾ ਥਾਪੜਿਆ। ਅਸੀਂ ਵਾਰੀ-ਵਾਰੀ, ਦੋਂਹ ਫੇਰਿਆਂ 'ਚ ਦੋਵੇਂ ਲਾਸ਼ਾਂ ਘਰ ਲੈ ਆਏ। ਬਰਫ਼ ਤਾਂ ਏਸ ਵੇਲੇ ਕਿਤਿਓਂ ਵੀ ਨਹੀਂ ਸੀ ਲੱਭ ਸਕਣੀ। ਅਸਾਂ ਕੂਲਰ ਦਾ ਮੂੰਹ ਲਾਸ਼ਾਂ ਵਲ ਕਰਕੇ ਉਨ੍ਹਾਂ ਨੂੰ ਚਿੱਟੀਆਂ ਚਾਦਰਾਂ ਨਾਲ ਢਕ ਦਿੱਤਾ। ਸ਼ਾਇਦ ਅਸੀਂ ਇਸ ਤੋਂ ਵੱਧ ਕੁਝ ਵੀ ਨਹੀਂ ਸੀ ਕਰ ਸਕਦੇ।

ਇਕੋ ਹੀ 'ਵਾਸ਼ ਬੇਸਨ' 'ਤੇ ਅਸੀਂ ਦੋਵੇਂ ਲਹੂ ਨਾਲ ਲਿਬੜੇ ਹੱਥ ਧੋ ਰਹੇ ਸਾਂ ਕਿ ਦਵਿੰਦਰ ਨੇ ਹੌਲੀ ਜਿਹੀ ਪੁੱਛਿਆ, "ਤੂੰ ਇਕ ਵਾਰ, ਆਪਣੀ ਨਿੱਕੇ ਹੁੰਦਿਆਂ ਦੀ ਕੋਈ ਪਹਾੜਾਂ ਦੀ ਗੱਲ ਸੁਣਾਇਆ ਕਰਦਾ ਸੀ, ਯਾਦ ਆ ਤੈਨੂੰ? ਜੇ ਯਾਦ ਆਵੇ ਤਾਂ ਸੁਣਾ ਸ਼ਾਇਦ ਮੈਨੂੰ ਕੋਈ ਆਸਰਾ ਜਿਹਾ ਮਿਲੇ।"

ਮੈਨੂੰ ਪਤਾ ਸੀ ਕਿ ਉਹ ਕਿਹੜੀ ਗੱਲ ਦਾ ਜ਼ਿਕਰ ਕਰ ਰਹੀ ਸੀ। ਮੈਂ ਇਕਦਮ ਪੁੱਛਿਆ, "ਉਹ ਪਾਲਕ ਦੇ ਬੂਟੇ ਵਾਲੀ?" ਉਨ੍ਹੇ ਬੜਾ ਹੀ ਲਮਕਾ ਕੇ ਕਿਹਾ 'ਹਾਂ...ਅ....ਬਿਲਕੁਲ ਉਹੀ।' ਮੈਂ ਬੜਾ ਹੀ ਹੈਰਾਨ ਸਾਂ ਕਿ ਉਹਨੂੰ ਏਸ ਵੇਲੇ ਇਹ ਗੱਲ ਯਾਦ ਕਿਵੇਂ ਆ ਗਈ? ਸ਼ਾਇਦ ਜ਼ਿਆਦਾ ਹੈਰਾਨੀ ਮੈਨੂੰ ਇਸ ਕਰਕੇ ਵੀ ਹੋ ਰਹੀ ਸੀ ਕਿ ਠੀਕ ਇਸੇ ਵੇਲੇ, ਇਸ ਵਹਿਸ਼ਤ ਦੇ ਜ਼ਖਮਾਂ 'ਤੇ, ਮੈਂ ਉਨ੍ਹਾਂ ਪਲਾਂ ਨੂੰ ਯਾਦ ਕਰਕੇ, ਜਿਵੇਂ ਉਸ ਪਾਲਕ ਦੇ ਬੂਟੇ ਦੀ ਹੀ ਮਲ੍ਹਮ ਲਾ ਰਿਹਾ ਸਾਂ ਤੇ ਮੈਨੂੰ ਥੋੜ੍ਹਾ ਆਰਾਮ ਮਹਿਸੂਸ ਹੋ ਰਿਹਾ ਸੀ। ਉਹਦੇ ਯਾਦ ਕਰਵਾਉਣ 'ਤੇ, ਮੈਨੂੰ ਹੋਰ ਵੀ ਚੰਗੀ ਤਰ੍ਹਾਂ ਯਾਦ ਆਇਆ ਕਿ ਇਕ ਵਾਰ ਮੈਂ ਛੋਟੇ ਹੁੰਦਿਆਂ, ਛੁੱਟੀਆਂ 'ਚ ਆਪਣੇ ਮਾਂ ਬਾਪ ਨਾਲ ਪਹਾੜਾਂ 'ਤੇ ਘੁੰਮਣ-ਫਿਰਨ ਗਿਆ ਸਾਂ। ਉਥੇ ਖੱਡਾਂ 'ਚ ਖੇਡਦਿਆਂ-ਮੱਲਦਿਆਂ, ਬਿੱਛੂ ਬੂਟੀ ਲੜ ਜਾਣੀ। ਜਿਥੇ ਵੀ ਇਹ ਲੜਦੀ, ਜਿਸਮ ਧੱਫੜੋ-ਧੱਫੜੀ ਹੋ ਜਾਂਦਾ ਤੇ ਧੱਫੜਾਂ ਵਾਲੀ ਥਾਂ 'ਚੋਂ ਸਾੜ ਜਿਹਾ ਨਿਕਲਣ ਲੱਗ ਪੈਂਦਾ। ਫੇਰ ਕਿਸੇ ਨੇ ਦੱਸਿਆ ਕਿ ਬਿੱਛੂ ਬੂਟੀ ਦੇ ਝੁੰਡ ਦੇ ਲਾਗੇ ਬੰਨੇ ਹੀ ਕੋਈ ਨਾ ਕੋਈ ਪਹਾੜੀ ਪਾਲਕ ਦਾ ਇਕ ਅੱਧਾ ਬੂਟਾ ਵੀ ਜ਼ਰੂਰ ਹੁੰਦਾ ਹੈ। ਇਸਦੇ ਪੱਤੇ ਨੂੰ ਤੋੜ ਕੇ, ਧੱਫੜਾਂ ਵਾਲੀ ਥਾਂ 'ਤੇ ਮਲ ਲਈਏ ਤਾਂ ਸਾਰੇ ਹੀ ਧੁਖਦੇ ਧੱਫੜ ਇਕਦਮ ਸ਼ਾਂਤ ਹੋ ਜਾਂਦੇ ਨੇ।

ਮੇਰੀ ਗੱਲ ਸੁਣ ਕੇ ਉਹਨੇ ਮੇਰੇ ਗਿੱਲੇ ਹੱਥਾਂ ਨੂੰ ਆਪਣੇ ਗਿੱਲੇ ਹੱਥਾਂ 'ਚ ਘੁੱਟਦਿਆਂ ਕਿਹਾ, "ਕੁਲਦੀਪ ਮੈਨੂੰ ਅੱਜ ਵੀ ਲੱਗਦਾ ਕਿ ਨਫਰਤ ਦੀ ਬਿੱਛੂ ਬੂਟੀ ਬੌਤ੍ਹ ਹੈ ਤੇ ਪਿਆਰ ਦੀ ਪਾਲਕ ਦਾ ਬੂਟਾ ਸ਼ਾਇਦ ਤੇਰੇ ਵਾਂਗ, ਕਿਤੇ ਵਿਰਲਾ ਟਾਂਵਾਂ।" ਉਹ ਰੋਣ ਵਰਗੀ ਅਵਸਥਾ ਵਿਚ ਸੀ। ਮੈਂ ਉਹਦੀਆਂ ਅੱਖਾਂ ਵਿਚ ਵੇਖਿਆ। ਉਹ ਅੱਥਰੂਆਂ ਨਾਲ ਨੱਕੋ-ਨੱਕ ਭਰੀਆਂ ਪਈਆਂ ਸਨ। ਉਹਨੇ ਕਿਹਾ, "ਅੱਜ ਮੇਰਾ ਸਾਰਾ ਜਿਸਮ, ਬਿੱਛੂ ਬੂਟੀ ਨਾਲ ਵਲੂੰਧਰਿਆ ਤੇ ਧੱਫੜੋ-ਧੱਫੜੀ ਹੋਇਆ ਪਿਆ ਹੈ।" ਇੰਜ ਲੱਗਾ ਜਿਵੇਂ ਉਹ ਬੋਲ ਨਹੀਂ ਸੀ ਰਹੀ ਸਗੋਂ ਕਿਸੇ ਪੀੜ ਨਾਲ ਕਰਾਹ ਰਹੀ ਸੀ। ਉਹਨੇ ਕੁਰਲਾਹਟ ਵਾਂਗ ਹੀ ਕਿਹਾ, "ਤੂੰ ਸੋਚ ਵੀ ਨਹੀਂ ਸਕਦਾ ਕਿ ਉਹਨੇ ਮੈਨੂੰ ਕਿੱਦਾਂ ਕੋਹਿਆ? ਉਹ ਆਪਣੀ ਗਾਤਰੇ ਵਾਲੀ ਕਿਰਪਾਨ ਕੱਢ ਕੇ ਕਹਿਣ ਲੱਗਾ, ਮੈਂ ਇਹਦੇ ਨਾਲ ਤੇਰੀ ਛਾਤੀ 'ਤੇ ਆਪਣਾ ਨਾਂ ਲਿਖਣਾ ਚਾਹੁੰਦਾਂ...।"

ਮੈਂ ਸੁਣ ਕੇ ਜਿਵੇਂ ਪੂਰੇ ਦਾ ਪੂਰਾ ਹਲੂਣਿਆ ਜਿਹਾ ਗਿਆ ਸਾਂ। ਉਹ ਚਾਨਣ 'ਚ ਮੈਨੂੰ ਆਪਣੇ ਜਿਸਮ ਦੇ ਜ਼ਖਮ ਵਿਖਾਉਣ ਲੱਗ ਪਈ। ਮੈਂ ਵੇਖ ਕੇ ਤ੍ਰਹਿ ਜਿਹਾ ਗਿਆ। ਉਹ ਉਭੇ ਸਾਹ ਜਿਹੇ ਭਰਦੀ ਕਹਿ ਰਹੀ ਸੀ, "ਉਸ ਜ਼ਹਿਰੀਲੇ ਬਿੱਛੂ ਨੇ, ਮੇਰੇ ਸਾਰੇ ਸਰੀਰ ਅੰਦਰ ਜ਼ਹਿਰ ਜਿਹੀ ਭਰ ਦਿੱਤੀ ਏ ਕੁਲਦੀਪ।"

ਉਹਨੇ ਮੇਰਾ ਹੱਥ ਫੜ ਕੇ ਆਪਣੇ ਮੱਥੇ 'ਤੇ ਫੇਰਿਆ। ਮੈਨੂੰ ਉਹਦਾ ਮੱਥਾ ਬੜਾ ਧੁਖਦਾ ਤੇ ਤਪਦਾ ਜਿਹਾ ਲੱਗਾ। ਉਹ ਕਹਿ ਰਹੀ ਸੀ, "ਸਿਰਫ ਮੱਥਾ ਈ ਨਈਂ, ਮੇਰਾ ਸਾਰਾ ਜਿਸਮ ਇਸ ਜ਼ਹਿਰ ਨਾਲ ਧੁਖਦਾ ਤੇ ਤਪਦਾ ਪਿਆ ਏ।" ਉਹਨੇ ਇਕ ਲੰਮਾ ਸਾਹ ਲੈਂਦਿਆਂ ਕਿਹਾ, "ਇਸ ਵੇਲੇ ਮੈਨੂੰ ਵੀ ਇਕ ਪਾਲਕ ਦਾ ਬੂਟਾ ਚਾਹੀਦਾ ਏ।" ਮੈਂ ਉਹਦਾ ਧੁਖਦਾ ਮੱਥਾ ਚੁੰਮਿਆ, ਪੀੜ ਨਾਲ ਭਰੀਆਂ ਅੱਖਾਂ ਚੁੰਮੀਆਂ ਤੇ ਫੇਰ ਤਪਦੇ ਬੁੱਲ੍ਹਾਂ ਨੂੰ ਇੰਜ ਚੁੰਮਿਆ ਜਿਵੇਂ ਮੈਂ ਉਹਦੇ ਅੰਦਰ ਫੈਲ ਗਈ ਸਾਰੀ ਜ਼ਹਿਰ ਨੂੰ ਡੀਕ ਲਾ ਕੇ ਚੂਸ ਜਾਣਾ ਹੋਵੇ। ਮੈਂ ਉਹਦੀ ਕੁਰਲਾਹਟ, ਹੌਲੀ-ਹੌਲੀ ਮੁਸਕਰਾਹਟ ਵਿਚ ਬਦਲਦੀ ਵੇਖੀ। ਮੈਨੂੰ ਇਹ ਮੁਸਕਰਾਹਟ ਉਂਜ ਦੀ ਲੱਗੀ ਜਿਵੇਂ ਬਿੱਛੂ ਬੂਟੀ ਦੇ ਪੱਛੇ ਸਰੀਰ 'ਤੇ ਪਾਲਕ ਦਾ ਬੂਟਾ ਮਲਦਿਆਂ, ਮੇਰੇ ਬਚਪਨ ਦੇ ਪੀੜਾਂ ਭਰੇ ਹੋਠਾਂ 'ਤੇ ਆ ਜਾਇਆ ਕਰਦੀ ਸੀ।

#

# ਮਜਬੂਰ ਪਿਤਾ ਦਾ ਖਤ-ਧੀ ਦੇ ਨਾਮ

ਐਚ. ਪਰਮੀਤ ਘੁੰਮਣ
kaurhparmeet@gmail.com

ਪਿਆਰੀ ਧੀਏ, ਸਦਾ ਖੁਸ਼ ਰਹਿ, ਬਾਪ ਦੀ ਇੱਜ਼ਤ ਸਦਾ ਰੱਖੀਂ। ਧੀਏ ਤੂੰ ਹੈਰਾਨ ਹੋਈ ਹੋਵੇਗੀਂ ਬਾਪ ਦੀ ਦਿੱਤੀ ਅਸੀਸ ਪੜ੍ਹ ਕੇ ਪਰ ਸੱਚ ਜਾਣੀ ਅੱਜ ਮੈਂ ਮਜਬੂਰ ਹੋ ਕੇ ਤੈਨੂੰ ਬੜਾ ਕੁਝ ਕਹਿਣਾ ਚਾਹੁੰਨਾਂ। ਧੀ ਘਰ ਦੀ ਇੱਜ਼ਤ ਹੁੰਦੀ ਏ, ਪਿਉ ਦਾ ਮਾਣ ਹੁੰਦੀ ਏ, ਪਿਉ ਦੀ ਪੱਗ ਦੀ ਲਾਜ, ਮਾਂ ਦੇ ਬੇਦਾਗ ਪੱਲੇ ਦੀ ਨਿਸ਼ਾਨੀ ਤੇ ਜੇ ਕਿਤੇ ਰੱਬ ਨਾ ਕਰੇ ਇਹ ਧੀ ਆਪਣੇ ਰਾਹ ਤੋਂ ਭਟਕ ਕੇ ਘਰ ਦੀ ਮਰਿਆਦਾ, ਇੱਜ਼ਤ-ਆਬਰੂ ਦੇ ਵਿਰੁਧ ਕੁਝ ਕਰ ਕੇ ਪਿਉ ਦੀ ਚਿੱਟੀ ਪੱਗ ਨੂੰ ਦਾਗ ਲਾ ਦੇਵੇ ਤਾਂ ਇਹ ਪਿਉ ਤਾਂ ਜਿਊਂਦੇ ਜੀ ਮਰ ਜਾਊ ਤੇ ਫੇਰ ਉਹਨੇ ਆਪੇ ਕਹਿਣਾ, "ਏਸ ਬਦਨਾਮੀ ਨਾਲੋਂ ਤਾਂ ਇਹ ਜੰਮਦੀ ਮਰ ਜਾਂਦੀ।"

ਮੇਰੀ ਬੱਚੀਏ, ਤੂੰ ਸੋਚਦੀ ਹੋਵੇਂਗੀ ਅੱਜ ਪਿਤਾ ਜੀ ਕਿੱਦਾਂ ਦੀਆਂ ਗੱਲਾਂ ਕਰਨ ਲੱਗ ਪਏ ਨੇ। ਧੀਏ, ਤੁਸੀਂ ਅੱਜ ਦੀ ਪੀੜੀ ਕਰਮਾਂ ਵਾਲੇ ਹੋ। ਅੱਜ ਧੀਆਂ ਨੂੰ ਹਰ ਤਰ੍ਹਾਂ ਦੀ ਆਜ਼ਾਦੀ ਮਿਲੀ ਹੋਈ ਹੈ। ਪਿਉ ਆਪਣੀ ਲਾਡਲੀ ਨੂੰ ਵਧੀਆ ਪੜ੍ਹਾਈ, ਸੁੱਖ ਆਰਾਮ ਤੇ ਸਭ ਤੋਂ ਵੱਧ ਆਪਣੀ ਧੀ ਨੂੰ ਹਰ ਕਦਮ 'ਤੇ ਸਾਥ ਦਿੰਦਾ ਹੈ। ਧੀਆਂ ਨੂੰ ਪੁੱਤਾਂ ਨਾਲੋਂ ਵੱਧ ਪਿਆਰ ਕਰਦਾ ਹੈ। ਅੰਗਰੇਜ਼ੀ ਸਕੂਲਾਂ ਵਿਚ, ਹੋਸਟਲਾਂ ਵਿਚ ਪੜ੍ਹਾਉਂਦਾ ਹੈ, ਫੈਸ਼ਨਦਾਰ ਕੱਪੜੇ ਪਾਉਣ ਅਤੇ ਘਰ ਤੋਂ ਦੂਰ ਨੌਕਰੀਆਂ ਕਰਨ ਦੀ ਖੁੱਲ ਦਿੰਦਾ ਹੈ, ਮੋਬਾਇਲ, ਕੰਪਿਊਟਰ, ਇੰਟਰਨੈਟ, ਕੇਬਲ-ਗੱਲ ਕੀ ਹਰ ਤਰ੍ਹਾਂ ਦੀ ਸਹੂਲਤ। ਸਿਰਫ ਤੇ ਸਿਰਫ ਇਹ ਸੋਚ ਕੇ ਕਿ ਧੀਆਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ ਤੇ ਕਿਸੇ ਦੀਆਂ ਮੁਥਾਜ ਨਾ ਬਣਨ। ਪਰ ਸ਼ਾਬਾਸ਼ ਤੁਹਾਡੇ ਵੀ, ਅੱਜ ਤੁਸੀਂ ਡਾਕਟਰ, ਇੰਜੀਨੀਅਰ, ਪਾਇਲਟ, ਪ੍ਰੋਫੈਸਰ, ਅਫਸਰ-ਮਤਲਬ ਹਰ ਜਗ੍ਹਾ ਤੇ ਤੁਹਾਡੀ ਸਰਦਾਰੀ ਹੈ। ਸ਼ਾਬਾਸ਼ ਬੱਚੀਓ! ਮੈਨੂੰ ਤੁਹਾਡੇ 'ਤੇ ਮਾਣ ਹੈ। ਪਰ ਨਾਲ ਹੀ ਮੈਂ ਤੁਹਾਡੀਆਂ ਕਮਜ਼ੋਰੀਆਂ ਵਲ ਵੀ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ।

ਧੀਏ, ਤੁਸੀਂ ਆਪਣੀ ਆਜ਼ਾਦੀ ਅਤੇ ਖੁੱਲ੍ਹ ਦਾ ਨਾਜਾਇਜ਼ ਫਾਇਦਾ ਉਠਾ ਰਹੀਆਂ ਹੋ। ਪਿਉ ਧੀਆਂ ਅੱਗੇ ਲਾਚਾਰ ਹੋ ਕੇ ਰਹਿ ਗਏ ਹਨ। ਅੱਜ ਦੀਆਂ ਪੜ੍ਹੀਆਂ ਲਿਖੀਆਂ ਕੁਝ ਧੀਆਂ ਮਾਪਿਆਂ ਨੂੰ ਬੇਵਕੂਫ ਬਣਾ ਰਹੀਆਂ ਹਨ। ਪੜ੍ਹਾਈਆਂ ਦੇ ਨਾਂ 'ਤੇ ਮਾਪਿਆਂ ਨਾਲ ਧੋਖਾ ਕਰ ਰਹੀਆਂ ਹਨ ਤੇ ਇਸ ਸਭ ਵਿਚ ਮੁਖ ਭੂਮਿਕਾ ਮੋਬਾਇਲ ਫੋਨ ਨਿਭਾ ਰਹੇ ਹਨ। ਇਹ ਮੋਬਾਇਲ ਫੋਨ ਮਾਪਿਆਂ ਨੇ ਧੀਆਂ ਨੂੰ ਸੁੱਖ ਲਈ ਲੈ ਕੇ ਦਿਤੇ ਹੁੰਦੇ ਹਨ ਪਰ ਧੀਆਂ ਨੂੰ ਮਾਪਿਆਂ ਤੋਂ ਦੂਰ ਕਰਨ ਦਾ ਕਾਰਨ ਵੀ ਇਹ ਹੀ ਹਨ।

ਮੇਰੀਏ ਲਾਡਲੀਏ, ਮੈਂ ਤੈਨੂੰ ਕੁਝ ਐਸੀਆਂ ਉਦਾਹਰਣਾਂ ਦਿੰਦਾ ਹਾਂ ਜਿਨ੍ਹਾਂ ਨੂੰ ਪੜ੍ਹ ਕੇ ਤੂੰ ਵੀ ਸੋਚੇਂਗੀ ਕਿ ਧੀਆਂ ਇਸ ਹੱਦ ਤਕ ਵੀ ਜਾ ਸਕਦੀਆਂ ਹਨ? ਨਿੱਤ ਦਿਹਾੜੇ ਅਖਬਾਰਾਂ ਵਿਚ ਪੜ੍ਹਨ ਨੂੰ ਮਿਲਦਾ-ਧੀ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੀ ਮਾਂ ਦਾ ਕਤਲ ਕੀਤਾ ਜਾਂ ਫਲਾਣੇ ਦੀ ਧੀ ਆਪਣੇ ਪ੍ਰੇਮੀ ਨਾਲ ਦੌੜ ਗਈ ਜਾਂ ਧੀ ਨੇ



ਆਪਣੇ ਪ੍ਰੇਮੀ ਨਾਲ ਕੀਤੀ ਖੁਦਕੁਸ਼ੀ ਤੇ ਜਾਂ ਫੇਰ ਕਿਸੇ ਅਗਵਾ ਦੀ ਖਬਰ ਵਿਚ ਲੜਕੀਆਂ ਦਾ ਸ਼ਾਮਿਲ ਹੋਣਾ ਤੇ ਕਿਤੇ ਖਬਰ ਕਿ ਘਰਦਿਆਂ ਨੂੰ ਜ਼ਹਿਰੀਲੀ ਚੀਜ਼ ਪਿਆ ਕੇ ਧੀ ਗੁਆਂਢੀ ਮੁੰਡੇ ਨਾਲ ਗਾਇਬ...।

ਧੀਏ, ਸੱਚ ਜਾਣੀ ਇਨ੍ਹਾਂ ਗੱਲਾਂ ਨੂੰ ਜਾਣ ਕੇ ਧੀ ਦਾ ਪਿਉ ਹੋਣ 'ਚ ਵੀ ਸ਼ਰਮ ਮਹਿਸੂਸ ਹੋਣ ਲੱਗ ਜਾਂਦੀ ਹੈ। ਗੁੱਸਾ ਨਾ ਕਰੀਂ ਧੀਏ, ਪੁੱਤਾਂ ਵਾਲਿਆਂ ਨਾਲ ਜਲਨ ਹੋਣ ਲੱਗ ਜਾਂਦੀ ਹੈ। ਪੜ੍ਹਾਈ, ਰੁਤਬਾ, ਕਾਬਲੀਅਤ ਸਭ ਬੇਅਰਥ ਜੇ ਤੁਸੀਂ ਆਪਣੇ ਮਾਂ-ਪਿਉ ਦੀ ਇੱਜ਼ਤ ਨੂੰ ਦਾਗ ਲਾਓ।

ਵੈਸੇ ਧੀਏ ਮੈਂ ਇਹ ਗੱਲਾਂ ਤੇਰੇ ਨਾਲ ਕਰਨਾ ਨਹੀਂ ਸੀ ਚਾਹੁੰਦਾ। ਮੈਂ ਸੋਚਦਾ ਸੀ ਅਜੇ ਇਨ੍ਹਾਂ ਨੂੰ ਨਵਾਂ ਨਵਾਂ ਸਾਹ ਫਿਰਿਆ ਇਸ ਆਜ਼ਾਦ ਹਵਾ ਵਿਚ, ਆਪੇ ਠੀਕ ਹੋ ਜਾਣਗੀਆਂ। ਖੁੱਲੀ ਹਵਾ ਵਿਚ ਅਸਮਾਨੀ ਉਡਦਾ ਪੰਛੀ ਧਰਤੀ 'ਤੇ ਹੀ ਆਉਂਦਾ ਹੈ, ਪਰ ਧੀਏ ਤੁਹਾਡੇ 'ਚੋਂ ਕਈਆਂ ਨੇ ਤੇ ਐਸੀ ਉਡਾਰੀ ਮਾਰੀ ਕਿ ਪਿਛਾਂਹ ਆਪਣੇ ਜੰਮਣ ਵਾਲਿਆਂ ਵੱਲ ਤੱਕਣਾ ਵੀ ਮੁਨਾਸਿਬ ਨਹੀਂ ਸਮਝਿਆ। ਤੁਸੀਂ ਭੁਲ ਰਹੀਆਂ ਹੋ ਕਿ ਤੁਹਾਡਾ ਸਭ ਤੋਂ ਵੱਧ ਭਲਾ ਕੇਵਲ ਤੇ ਕੇਵਲ ਮਾਪੇ ਹੀ ਕਰ ਸਕਦੇ ਹਨ।

ਹਾਂ ਸੱਚ, ਉਹ ਗੱਲ ਤੇ ਵਿਚੇ ਹੀ ਰਹਿ ਗਈ। ਪਿਛਲੇ ਸੋਮਵਾਰ ਮੈਂ ਚੰਡੀਗੜ੍ਹ ਜਾ ਰਿਹਾ ਸੀ। ਬੱਸ ਅਜੇ ਚੱਲਣ ਹੀ ਲੱਗੀ ਸੀ ਕਿ ਇਕ ਤੇਰੇ ਵਰਗੀ ਬਾਈ-ਤੇਈ ਵਰ੍ਹਿਆਂ ਦੀ ਸੋਹਣੀ ਜਿਹੀ ਕੁੜੀ ਬੱਸ ਵਿਚ ਚੜ੍ਹੀ। ਉਸ ਨੇ ਬਿਨਾਂ ਬਾਹਾਂ ਦਾ ਕੁੜਤਾ ਤੇ ਜੀਨ ਪਾਈ ਸੀ, ਵਾਲ ਖੁੱਲ੍ਹੇ ਪਰ ਬੜੇ ਸੋਹਣੇ ਕੱਟੇ ਹੋਏ ਸਨ। ਲਗਦਾ ਸੀ ਉਹ ਕਿਸੇ ਚੰਗੇ ਸਰਦੇ-ਪੁੱਜਦੇ ਪਿਉ ਦੀ ਧੀ ਹੋਵੇਗੀ। ਉਸ ਇੱਕ ਸਾਮਾਨ ਵਾਲਾ ਬੈਗ ਫੜਿਆ ਹੋਇਆ ਸੀ, ਬਾਂਹੀਂ ਪਰਸ ਪਾਇਆ ਤੇ ਕੰਨਾਂ ਵਿਚ ਬਲਿਊ ਟੂਥ ਲਾ ਕਿਸੇ ਨਾਲ ਗੱਲਾਂ ਕਰਦੀ ਆ ਰਹੀ ਸੀ। ਸਾਰੀਆਂ ਸਵਾਰੀਆਂ ਦਾ ਧਿਆਨ ਉਹਦੇ ਵਿਚ ਹੀ ਸੀ। ਉਹ ਆ ਕੇ ਮੇਰੇ ਨਾਲ ਬਹਿ ਗਈ। ਮੈਨੂੰ ਉਹ ਕੁੜੀ ਦੇਖ ਕੇ ਸੱਚਮੁੱਚ ਉਨ੍ਹਾਂ ਮਾਪਿਆ 'ਤੇ ਮਾਣ ਹੋਣ ਲੱਗਾ ਪਰ ਮੇਰਾ ਇਹ ਵਿਚਾਰ ਕੁਝ ਦੇਰ ਵਿਚ ਹੀ ਕਿਧਰੇ ਹਵਾ ਵਿਚ ਉਡ ਗਿਆ ਜਦ ਉਸ ਕੁੜੀ ਨੂੰ ਗੱਲਾਂ ਕਰਦਿਆਂ ਢਾਈ ਘੰਟੇ ਤੋਂ ਵੀ ਉਪਰ ਸਮਾਂ ਹੋ ਗਿਆ। ਮੈਂ ਹੈਰਾਨ ਸਾਂ ਕਿ ਐਡੀਆਂ ਕਿਹੜੀਆਂ ਜਰੂਰੀ ਗੱਲਾਂ ਹੋਣਗੀਆਂ। ਜ਼ਰਾ ਗਹੁ ਨਾਲ ਸੁਣਨ ਤੇ ਮੈਂ ਜੋ ਸੁਣਿਆ, ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

ਦਰਅਸਲ ਉਹ ਆਪਣੇ ਬੁਆਏ ਫਰੈਂਡ ਨਾਲ ਗੱਲਾਂ ਕਰ ਰਹੀ ਸੀ ਕਿ ਮੈਂ ਅੱਜ ਤੇਰੇ ਕਹਿਣ 'ਤੇ ਪਾਪਾ ਨਾਲ ਝੂਠ ਬੋਲ ਕੇ ਆਈ ਹਾਂ ਕਿ ਮੇਰਾ ਪੇਪਰ ਦੁਬਾਰਾ ਹੋਣਾ ਹੈ ਨੰਬਰ ਵਧਾਉਣ ਲਈ, ਤੇ ਨਾਲੇ ਉਹ ਪਾਪਾ ਕੋਲੋਂ ਬਹਾਨੇ ਨਾਲ 22,000 ਰੁਪਏ ਵੀ ਲੈ ਆਈ ਏ ਇਹ ਕਹਿ ਕੇ ਕਿ ਮੇਰੀ ਪੀ.ਜੀ. (ਪੇਇੰਗ ਗੈਸਟ) ਵਾਲੀ ਆਂਟੀ ਐਡਵਾਂਸ ਮੰਗਦੀ ਹੈ ਤੇ ਨਾਲੇ ਕਾਲਜ ਵਾਲੇ ਵਾਧੂ ਫੀਸ ਮੰਗਦੇ ਹਨ ਇਸ ਨੰਬਰ ਵਧਾਉਣ ਵਾਲੇ ਟੈਸਟ ਦੀ। ਉਹ ਲੜਕੇ ਨਾਲ ਵਾਅਦਾ ਨਿਭਾ ਕੇ ਬੜਾ ਅਹਿਸਾਨ ਜਤਾ ਰਹੀ ਸੀ। ਉਚੀ ਉਚੀ ਹੱਸ ਕੇ ਤੇ ਨਾਲੇ ਉਸਨੂੰ ਦੱਸ ਰਹੀ ਸੀ ਕਿ ਉਹਨੇ ਕਿਵੇਂ ਆਪਣੇ ਪਿਉ ਨੂੰ ਬੇਵਕੂਫ ਬਣਾਇਆ। ਯਕੀਨ ਮੰਨੀ ਧੀਏ, ਮੇਰਾ ਦਿਲ ਕੀਤਾ ਮੈਂ ਇਸ ਕੁੜੀ ਨੂੰ ਹੁਣੇ ਗੋਲੀ ਮਾਰ ਦਿਆਂ ਜੋ ਆਪਣੇ ਜੰਮਣ ਵਾਲਿਆਂ ਨਾਲ ਧੋਖਾ ਕਰ ਰਹੀ ਹੈ। ਹੁਣ ਤੂੰ ਹੀ ਦੱਸ ਉਹਨੂੰ ਵੇਖ ਕੇ ਉਥੇ ਬੈਠੇ ਸਾਰੇ ਸਿਆਣੇ ਲੋਕ ਇਨ੍ਹਾਂ ਧੀਆਂ ਤੇ ਵਿਸ਼ਵਾਸ ਕਰਨਗੇ? ਸ਼ਾਇਦ ਕਦੀ ਨਹੀਂ।

ਅੱਜ ਦਾ ਪਿਤਾ ਏਨਾ ਡਰ ਗਿਆ ਹੈ ਕਿ ਉਹ ਹੁਣ ਆਪਣੀ ਧੀ ਨੂੰ ਸਮਝਾਉਣਾ ਤਾਂ ਦੂਰ, ਉਹਨੂੰ ਏਨਾ ਵੀ ਨਹੀਂ ਪੁੱਛਦਾ ਕਿ ਤੂੰ ਕਿਥੋਂ ਆਈ ਏਂ ਕਿਉਂਕਿ ਇਹ ਧੀਆਂ ਜਾਂ ਘਰੋਂ ਦੌੜਨ ਦੀ ਧਮਕੀ ਦਿੰਦੀਆਂ ਹਨ ਜਾਂ ਫਿਰ ਖੁਦਕੁਸ਼ੀ ਦਾ ਡਰ। ਆਪਣੇ ਦੋਸਤ ਮੁੰਡਿਆਂ ਨਾਲ ਮਿਲ ਕੇ ਆਪਣੇ ਜੰਮਣ ਵਾਲਿਆਂ ਨੂੰ ਜਾਨੋਂ ਮਾਰਨ ਤੋਂ ਵੀ ਨਹੀਂ ਡਰਦੀਆਂ ਇਹ ਧੀਆਂ।

ਧੀਏ, ਇਹ ਤੇ ਅਜੇ ਮੈਂ ਤੈਨੂੰ ਕੁਝ ਹੀ ਗੱਲਾਂ ਦੱਸੀਆਂ ਹਨ ਤੇ ਜੇ ਕਿਤੇ ਮੈਂ ਪੂਰੀਆਂ ਬਾਤਾਂ ਪਾਉਣ ਲਗ ਪਿਆ ਤਾਂ ਜਰੂਰੀ ਹੈ ਮੇਰੇ ਪੈਨ ਦੀ ਸਿਆਹੀ ਮੁੱਕ ਜਾਣੀ ਹੈ ਤੇ ਤੂੰ ਵੀ ਚਿੱਠੀ ਪੂਰੀ ਨਹੀਂ ਪੜ੍ਹਨੀ। ਮੈਨੂੰ ਸਮਝ ਨਹੀਂ ਆਉਂਦੀ ਬਈ ਇਨ੍ਹਾਂ ਧੀਆਂ ਦੀ ਮੱਤ ਨੂੰ ਕੀ ਹੋ ਗਿਆ ਹੈ? ਪਹਿਲਾਂ ਧੀਆਂ ਆਪਣੇ ਪਿਉ ਦੀ ਅਣਖ ਲਈ ਜਾਨ ਤੱਕ ਦੇ ਦਿੰਦੀਆਂ ਸਨ ਪਰ ਅੱਜ ਇਹ ਧੀਆਂ ਆਪਣੇ ਮਾਂ-ਪਿਉ ਦੀ ਜਾਨ ਲੈ ਕੇ ਆਪਣੇ ਪ੍ਰੇਮੀਆਂ ਨਾਲ ਦੌੜ ਜਾਂਦੀਆਂ ਹਨ। ਹੁਣ ਦੱਸੋ ਇਕ ਮਜਬੂਰ ਪਿਤਾ ਕੀ ਤੁਹਾਡੇ ਜੰਮਣ 'ਤੇ ਖੁਸ਼ੀ ਮਨਾਏਗਾ? ਕਿ ਉਹ ਤੁਹਾਨੂੰ ਆਜ਼ਾਦੀ ਦੇ ਕੇ ਪਛਤਾਏਗਾ ਨਹੀਂ?

ਮੇਰੀਏ ਲਾਡਲੀਏ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਪਿਆਰ ਤੇ ਪਰਵਰਿਸ਼ ਵਿਚ ਐਸੀ ਕਿਹੜੀ ਕਮੀ ਰਹਿ ਗਈ ਕਿ ਕਿਸੇ ਅਣਜਾਣ ਦੋਸਤ ਮੁੰਡੇ ਦਾ ਪਿਆਰ ਪਿਉ ਦੇ ਪਿਆਰ 'ਤੇ ਏਨਾ ਹਾਵੀ ਹੋ ਜਾਂਦਾ ਹੈ ਕਿ ਧੀਆਂ ਆਪਣਾ ਘਰ-ਬਾਰ ਛੱਡ ਆਪਣੇ ਜੰਮਣ ਵਾਲਿਆਂ ਨੂੰ ਸਮਾਜ ਵਿਚ ਸ਼ਰਮਸ਼ਾਰ ਕਰ ਦਿੰਦੀਆਂ ਹਨ, ਪਿਉ ਦੀ ਪੱਗ ਮਿੱਟੀ ਵਿਚ ਰੋਲ ਦਿੰਦੀਆਂ ਨੇ ਘਰੋਂ ਦੌੜ ਕੇ। ਤੇ ਫੇਰ ਚਾਰ ਦਿਨਾਂ ਦੀ ਚਾਨਣੀ ਵਰਗਾ ਪਿਆਰ ਜਦੋਂ ਘਰ ਗ੍ਰਹਿਸਥੀ ਵਿਚ ਬਦਲ ਜਾਂਦਾ ਹੈ ਤਾਂ ਫਿਰ ਤੰਗ ਹੋ ਕੇ ਮਾਪਿਆਂ ਦਾ ਸਹਾਰਾ ਲੱਭਦੀਆਂ ਹਨ। ਕੀ ਇਹ ਠੀਕ ਹੈ?

ਬੱਚੀਓ, ਤੁਸੀਂ ਸਾਡੇ ਜਿਗਰ ਦਾ ਟੁਕੜਾ ਹੋ, ਸਾਡੀਆਂ ਆਸਾਂ ਉਮੀਦਾਂ ਹੋ। ਤੁਹਾਡੇ ਚੰਗੇ ਚਰਿੱਤਰ 'ਤੇ ਪੂਰੇ ਸਮਾਜ ਦੀ ਸਿਰਜਣਾ ਹੁੰਦੀ ਹੈ। ਠੀਕ ਏ ਤੁਸੀਂ ਆਧੁਨਿਕ ਯੁੱਗ ਦੀਆਂ ਸਾਰੀਆਂ ਸਹੂਲਤਾਂ ਮਾਣੋ, ਆਜ਼ਾਦੀ ਨਾਲ ਰਹੋ, ਖਾਉ, ਪਾਉ ਪਰ ਆਪਣੇ ਮਾਪਿਆਂ ਨਾਲ ਕਦੀ ਝੂਠ ਨਾ ਬੋਲੋ, ਉਨ੍ਹਾਂ ਨੂੰ ਕਦੇ ਧੋਖਾ ਨਾ ਦਿਉ, ਉਨ੍ਹਾਂ ਦੀ ਇੱਜ਼ਤ ਸ਼ਰ੍ਹੇਆਮ ਨੀਲਾਮ ਨਾ ਕਰੋ।

ਪਿਆਰੀ ਬੱਚੀਓ, ਆਪਣੇ ਮਾਤਾ-ਪਿਤਾ ਦੀ ਰਹਿਨੁਮਾਈ ਹੇਠ ਰਹੋ। ਆਪਣੇ 'ਪਿਆਰ' ਨੂੰ ਪਿਤਾ ਦੀ ਕਸੌਟੀ 'ਤੇ ਖਰਾ ਉਤਰਨ ਦਾ ਚੈਲੰਜ ਕਰੋ। ਤੁਸੀਂ ਭਾਵਨਾਤਮਕ ਤੌਰ 'ਤੇ ਕਮਜ਼ੋਰ ਹੁੰਦੀਆਂ ਹੋ ਇਸ ਲਈ ਜ਼ਿੰਦਗੀ ਦੇ ਅਹਿਮ ਫੈਸਲੇ ਮਾਤਾ-ਪਿਤਾ ਦੀ ਸਲਾਹ ਨਾਲ ਕਰੋ।

ਬਾਕੀ, ਧੀਏ, ਮੇਰੀ ਦੁਆ ਹੈ ਕਿ ਤੁਸੀਂ ਹੋਰ ਤਰੱਕੀ ਕਰੋ, ਹਰ ਖੇਤਰ ਵਿਚ ਝੰਡੇ ਗੱਡੋ ਪਰ ਨਾਲ ਹੀ ਆਪਣੇ ਪਿਤਾ ਦਾ ਸਿਰ ਮਾਣ ਨਾਲ ਉਚਾ ਕਰੋ।

ਤੇਰਾ ਪਿਤਾ।

## ਇਰਾਨੀ ਇਨਕਲਾਬ


(ਸਫਾ 33 ਦੀ ਬਾਕੀ)

ਨੂੰ ਫਾਹੇ ਨਹੀਂ ਲਾਇਆ ਜਾ ਸਕਦਾ। ਬੰਦੀ, ਜਦੋਂ 18 ਸਾਲ ਦੇ ਹੁੰਦੇ ਜਾਣਗੇ, ਫਾਂਸੀ ਦਿਤੀ ਜਾਏਗੀ। ਇਨ੍ਹਾਂ ਉਪਰ ਰਾਜ-ਪਲਟੇ ਦਾ ਇਲਜ਼ਾਮ ਲੱਗਾ ਹੋਇਆ ਹੈ।

ਉਕਤ ਸਾਰਾ ਕੁਝ ਜਾਣਨ ਤੋਂ ਬਾਦ ਇਰਾਨ ਫਿਰ ਸੁਹਣੇ ਦਾ ਸੁਹਣਾ ਹੈ। ਜੋ ਬਿਆਨ ਕੀਤਾ ਸੋ ਥੋੜ੍ਹਾ ਹੈ, ਇਹ ਤਾਂ ਸਟੇਟ ਹੈ। ਸਟੇਟ ਦਾ ਸੁਭਾਅ ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ, ਸਿੱਖਾਂ ਨੂੰ ਪਤਾ ਹੈ। ਸਟਾਲਿਨ ਦੀਆਂ ਵਾਰਦਾਤਾਂ ਜਾਣਨ ਤੋਂ ਬਾਦ ਰੂਸ ਬੁਰਾ ਕਦੋਂ ਲੱਗਾ? ਇਹ ਉਹੀ ਰੂਸ ਹੈ ਜਿਸਨੇ ਮੈਨੂੰ ਪੰਜਵੀਂ ਜਮਾਤ ਵਿਚ ਰੂਸੀ ਲੋਕ ਕਥਾਏਂ (ਹਿੰਦੀ), ਬਿਹਤਰੀਨ ਕਿਤਾਬ ਪੜ੍ਹਨ ਨੂੰ ਦਿਤੀ। ਗਜ਼ਬ ਦੀ ਛਪਾਈ, ਗਜ਼ਬ ਦਾ ਕਾਗਜ, ਸਚਿਤਰ ਤੇ ਸਖਤ ਜਿਲਦ ਵਿਚ ਮੜ੍ਹੀਆਂ ਹੋਈਆਂ। ਫੇਰ ਪੰਜਾਬੀ ਜ਼ਬਾਨ ਵਿਚ ਰੂਸੀ ਲੋਕ ਕਹਾਣੀਆਂ ਆਈਆਂ। ਰੂਸੀ ਸਾਹਿਤ ਤੋਂ ਮੈਂ ਇਸ ਕਰਕੇ ਜਾਣੂ ਹੋ ਸਕਿਆ ਸੀ ਕਿਉਂਕਿ ਬਹੁਤ ਥੋੜ੍ਹੇ ਪੈਸਿਆਂ ਵਿਚ ਉਤਮ ਕਿਤਾਬਾਂ ਮਿਲ ਜਾਇਆ ਕਰਦੀਆਂ ਸਨ। ਰੂਸੀ ਕਿਸਾਨਾਂ ਤੇ ਮਜ਼ਦੂਰਾਂ ਦਾ ਸੁਭਾ ਮੈਨੂੰ ਪੰਜਾਬੀਆਂ ਵਰਗਾ ਲਗਦਾ ਹੁੰਦਾ ਸੀ। ਜਿਸ ਇਰਾਨ ਵਿਚ ਤਾਕਤਵਰ ਤੇ ਧਰਮੀ ਬਾਦਸ਼ਾਹ ਹੋਏ, ਫਕੀਰ ਅਤੇ ਸ਼ਾਇਰ ਹੋਏ, ਜਿਥੋਂ ਦੇ ਬਰੀਕ ਹੁਨਰ ਦੀ ਸੰਸਾਰ ਵਿਚ ਮੰਗ ਰਹੀ ਤੇ ਅਜ ਤਕ ਹੈ, ਉਹ ਮਾੜਾ ਕਿਵੇਂ ਹੋ ਸਕਦੈ? ਜਿਸ ਥਾਂ ਸਖਤੀ ਦਾ ਵਧੀਕ ਦੌਰ ਚਲਿਆ, ਉਥੇ ਥਾਂ ਥਾਂ ਰਬ ਨੇ ਸੂਖਮ ਫੁਲਾਂ ਦੇ ਹੜ੍ਹ ਲਿਆਂਦੇ।

ਇਰਾਨ ਨਾਲ ਭਾਰਤ ਦਾ ਮਿਲਾਪ ਵਧਣਾ ਚਾਹੀਦਾ ਹੈ। ਦਿੱਲੀ ਸਥਿਤ ਇਰਾਨ ਕਲਚਰ ਹਾਊਸ ਬੇਜਾਨ ਅਤੇ ਨਿਕੰਮਾ ਪਿਆ ਹੈ, ਜ਼ਰੂਰੀ ਹੈ ਸਰਗਰਮ ਹੋਵੇ। ਇਰਾਨ ਕਲਚਰ ਹਾਊਸ ਤੋਂ ਸੂਚਨਾ ਮੰਗੋ, ਖਾਮੋਸ਼, ਕਿਤਾਬਾਂ ਮੰਗਵਾਉ ਉਤਰ ਨਹੀਂ।

# ਪੰਜਾਬੀ ਦਰਸ਼ਕਾਂ ਦੇ ਚਹੇਤੇ ਗੁੱਗੂ ਗਿੱਲ ਤੇ ਯੋਗਰਾਜ ਸਿੰਘ



ਵਰਿੰਦਰ, ਸਤੀਸ਼ ਕੌਲ ਅਤੇ ਮੇਹਰ ਮਿੱਤਲ ਵਾਂਗ ਹੀ 'ਗੁੱਗੂ ਗਿੱਲ ਅਤੇ ਯੋਗਰਾਜ ਸਿੰਘ' ਵੀ ਪੰਜਾਬੀ ਫਿਲਮ ਜਗਤ ਦੇ ਦੋ ਹੀਰਿਆਂ ਵਜੋਂ ਜਾਣੇ ਜਾਂਦੇ ਹਨ ਤੇ ਲੋਕ ਇਨ੍ਹਾਂ ਦੋਵਾਂ ਕਲਾਕਾਰਾਂ ਨੂੰ ਜੋੜੀ ਦੇ ਰੂਪ 'ਚ ਅੱਜ ਵੀ ਕਾਫੀ ਪਸੰਦ ਕਰਦੇ ਹਨ। ਇਨ੍ਹਾਂ ਦੀਆਂ ਆਈਆਂ ਪੰਜਾਬੀ ਫਿਲਮਾਂ 'ਚ ਦਰਸ਼ਕ ਇਨ੍ਹਾਂ ਵਲੋਂ ਬੋਲੇ ਗਏ ਇਕ-ਇਕ ਡਾਇਲਾਗ ਤੋਂ ਵੀ ਕਾਫੀ ਪ੍ਰਭਾਵਿਤ ਹਨ ਤੇ ਅੱਜ ਹਰੇਕ ਪੰਜਾਬੀ ਫਿਲਮ ਦਾ ਪ੍ਰਸ਼ੰਸਕ ਇਨ੍ਹਾਂ ਦੀ ਅਦਾਕਾਰੀ ਦਾ ਦੀਵਾਨਾ ਹੈ।



ਜਾਣਕਾਰੀ ਅਨੁਸਾਰ ਗੁੱਗੂ ਗਿੱਲ ਨੇ 50 ਅਤੇ ਯੋਗਰਾਜ ਸਿੰਘ ਨੇ 100 ਤੋਂ ਵੀ ਵਧ ਪੰਜਾਬੀ ਫਿਲਮਾਂ 'ਚ ਕੰਮ ਕੀਤਾ ਹੈ। ਗੁੱਗੂ ਗਿੱਲ ਦੀ ਫ਼ਿਲਮ 'ਪੁੱਤ ਜੱਟਾਂ ਦੇ' ਦੇ ਡਾਇਲਾਗ ਅਤੇ ਦ੍ਰਿਸ਼ ਅੱਜ ਵੀ ਲੋਕਾਂ ਦੇ ਦਿਲੋ-ਦਿਮਾਗ 'ਤੇ ਪੂਰੀ ਤਰ੍ਹਾਂ ਛਾਏ ਹੋਏ ਹਨ। ਗੁੱਗੂ ਗਿੱਲ ਪੰਜਾਬ ਦੇ ਮਲੋਟ (ਮੁਕਤਸਰ) ਨੇੜਲੇ ਪਿੰਡ ਮਾਹਣੀ ਖੇੜਾ ਦੇ ਰਹਿਣ ਵਾਲੇ ਹਨ ਤੇ ਹਾਲ ਹੀ 'ਚ ਆਈ ਫਿਲਮ 'ਇਕ ਕੁੜੀ ਪੰਜਾਬ ਦੀ' 'ਚ ਵੀ ਉਨ੍ਹਾਂ ਦੀ ਅਦਾਕਾਰੀ ਪਹਿਲਾਂ ਵਾਂਗ ਹੀ ਕਾਬਿਲੇ ਤਾਰੀਫ ਹੈ। ਉਨ੍ਹਾਂ ਫ਼ਿਲਮ 'ਪੁੱਤ ਜੱਟਾਂ ਦੇ' ਤੋਂ ਇਲਾਵਾ 'ਜੱਟ ਤੇ ਜ਼ਮੀਨ,' 'ਕੁਰਬਾਨੀ ਜੱਟ ਦੀ' 'ਚ ਜੱਗੇ ਜੱਟ ਦਾ ਕਿਰਦਾਰ, 'ਪ੍ਰਤਿਗਿਆ,' 'ਜੱਟ ਜਿਊਣਾ ਮੌੜ,' 'ਬਾਗੀ ਸੂਰਮੇ,' 'ਬਦਲਾ ਜੱਟੀ ਦਾ,' 'ਜ਼ੈਲਦਾਰ,' 'ਸਰਦਾਰੀ,' 'ਮਹਿੰਦੀ ਵਾਲੇ ਹੱਥ,' 'ਮੇਰਾ ਪਿੰਡ-ਮਾਈ ਹੋਮ,' ਸਮੇਤ ਕਈ ਫਿਲਮਾਂ 'ਚ ਬਿਹਤਰੀਨ ਕਿਰਦਾਰ ਅਦਾ ਕੀਤੇ ਹਨ ਅਤੇ ਅਜੇ ਹੋਰ ਵੀ ਕਈ ਪੰਜਾਬੀ ਫਿਲਮਾਂ 'ਚ ਆ ਰਹੇ ਹਨ ਤੇ ਉਨ੍ਹਾਂ ਦੀ ਹਰੇਕ ਫਿਲਮ ਦਾ ਹਰੇਕ ਰੋਲ ਯਾਦਗਰੀ ਹੁੰਦਾ ਹੈ ਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਬੜੀ ਵੱਡੀ ਹੈ।

ਇਸੇ ਤਰ੍ਹਾਂ ਯੋਗਰਾਜ ਸਿੰਘ ਜਿਨ੍ਹਾਂ ਦਾ ਪੂਰਾ ਨਾਂ ਯੋਗਰਾਜ ਸਿੰਘ ਭਾਗ ਸਿੰਘ ਬੂੰਦੇਲ ਹੈ, ਨੂੰ ਲੋਕ ਯੋਗਰਾਜ ਵਜੋਂ ਜਾਣਦੇ ਹਨ ਤੇ ਉਨ੍ਹਾਂ ਦਾ ਜਨਮ 25 ਮਾਰਚ, 1958 ਨੂੰ ਹੋਇਆ ਸੀ। ਯੋਗਰਾਜ ਸਿੰਘ ਬਿਹਤਰ ਕ੍ਰਿਕਟਰ ਦੇ ਨਾਲ-ਨਾਲ ਬਿਹਤਰ ਅਦਾਕਾਰ ਵੀ ਹਨ। ਅੱਜ ਉਨ੍ਹਾਂ ਦੇ ਲੜਕੇ ਯੁਵਰਾਜ ਸਿੰਘ ਵੀ ਭਾਰਤੀ ਕ੍ਰਿਕਟ ਟੀਮ ਦੇ ਇਕ ਬਿਹਤਰ ਖਿਡਾਰੀ ਵਜੋਂ ਦੇਸ਼ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕਰ ਰਹੇ ਹਨ। ਪੰਜਾਬੀ ਫਿਲਮਾਂ 'ਚ ਖਲਨਾਇਕ ਦੇ ਤੌਰ 'ਤੇ ਵੀ ਉਨ੍ਹਾਂ ਆਪਣੀ ਅਦਾਕਾਰੀ ਨਾਲ ਇਕ ਵੱਖਰੀ ਛਾਪ ਛੱਡੀ ਹੈ ਤੇ ਹਰੇਕ ਰੋਲ ਉਨ੍ਹਾਂ ਬੜੇ ਹੀ ਬਿਹਤਰੀਨ ਤਰੀਕੇ ਨਾਲ ਅਦਾ ਕੀਤਾ ਹੈ। ਯੋਗਰਾਜ ਸਿੰਘ ਨੇ ਕ੍ਰਿਕਟ ਦੇ ਨਾਲ-ਨਾਲ 'ਚੰਨ-ਪ੍ਰਦੇਸੀ,' 'ਵੈਰੀ,' 'ਯਾਰ ਗਰੀਬਾਂ ਦਾ,' 'ਜੱਟ ਤੇ ਜ਼ਮੀਨ,' 'ਜ਼ੋਰ ਜੱਟ ਦਾ,' 'ਜੱਗਾ ਡਾਕੂ,' 'ਇਨਸਾਫ,' 'ਜਿਗਰਾ ਜੱਟ ਦਾ' ਸਮੇਤ ਹੋਰ ਕਈ ਫਿਲਮਾਂ 'ਚ ਯਾਦਗਾਰੀ ਅਦਾਕਾਰੀ ਵਿਖਾ ਕੇ ਪੰਜਾਬੀਆਂ ਦੇ ਦਿਲਾਂ 'ਚ ਇਕ ਵੱਖਰੀ ਥਾਂ ਹਾਸਲ ਕੀਤੀ ਹੈ ਤੇ ਉਨ੍ਹਾਂ ਦੇ ਡਾਇਲਾਗ ਦਰਸ਼ਕਾਂ ਦੀ ਜ਼ਬਾਨ 'ਤੇ ਰਹਿੰਦੇ ਹਨ। ਅੱਜ ਵੀ ਪੰਜਾਬੀ ਫਿਲਮਾਂ ਦੇ ਪ੍ਰਸ਼ੰਸਕ ਚਾਹੁੰਦੇ ਹਨ ਕਿ ਇਹ ਦੋਵੇਂ ਇਕ ਵਾਰ ਫੇਰ ਇਕੱਠੇ ਫਿਲਮਾਂ 'ਚ ਆਉਣ। ਇਨ੍ਹਾਂ ਦੀ ਇਸੇ ਖਾਸੀਅਤ, ਯਾਦਗਾਰੀ ਅਦਾਕਾਰੀ, ਨਰਮ-ਦਿਲੀ ਤੇ ਖੁਸ਼-ਮਿਜ਼ਾਜੀ ਕਰਕੇ ਲੋਕ ਇਨ੍ਹਾਂ ਨੂੰ ਪੰਜਾਬੀ ਫਿਲਮ ਜਗਤ ਦੇ ਦੋ ਹੀਰੇ ਕਹਿ ਕੇ ਸੱਦਦੇ ਹਨ।

# ਟੋਰਾਂਟੋ 'ਚ ਨਵੀਂ ਸੋਚ ਦੀਆਂ ਫਿਲਮਾਂ

ਜ਼ਿੰਦਗੀ ਸਾਨੂੰ ਕਦੀ-ਕਦੀ ਦੋਹਰੇ ਰੂਪ ਵਿਚ ਮਿਲਦੀ ਹੈ। ਮੈਂ ਅੰਤਰਰਾਸ਼ਟਰੀ ਟੋਰਾਂਟੋ ਫ਼ਿਲਮ ਮੇਲੇ ਵਿਚ ਸੀ। ਇਹ ਫ਼ਿਲਮ ਸਮਾਰੋਹ ਅੰਤਰਰਾਸ਼ਟਰੀ ਪੱਧਰ 'ਤੇ ਅਹਿਮ ਮੁਕਾਮ ਰੱਖਦਾ ਹੈ। ਇਸ ਵਾਰ ਦੇ ਸਮਾਰੋਹ ਵਿਚ ਇਕੋ ਵਾਰ ਚਾਰ ਭਾਰਤੀ ਫ਼ਿਲਮਾਂ ਦਾ ਪ੍ਰੀਮੀਅਰ ਹੋਇਆ ਅਤੇ ਉਨ੍ਹਾਂ ਸਾਰੀਆਂ ਨੂੰ ਦਰਸ਼ਕਾਂ ਦੀ ਹਾਂ-ਮੁਖੀ ਪ੍ਰਤੀਕਿਰਿਆ ਮਿਲੀ। ਗੱਲ ਕੇਵਲ ਸਕਰੀਨਿੰਗ ਦੇ ਅੰਤ ਵਿਚ ਮਿਲਣ ਵਾਲੀ ਵਾਹ-ਵਾਹ ਤੱਕ ਹੀ ਸੀਮਤ ਨਹੀਂ ਸੀ, ਕਿਰਨ ਰਾਵ ਦੀ 'ਧੋਬੀ ਘਾਟ', ਸਿਧਾਰਥ ਸ੍ਰੀਨਿਵਾਸਨ ਦੀ 'ਪੈਰੋਨ ਟੇਲ', ਆਮਿਰ ਬਸ਼ੀਰ ਦੀ 'ਹਦੂਦ' ਅਤੇ ਅਨੁਰਾਗ ਕਸ਼ਯਪ ਦੀ 'ਦਿ ਗਰਲ ਇਨ ਯੈਲੋ ਬੂਟਸ' ਨੂੰ ਜੋ ਸ਼ਲਾਘਾ ਮਿਲੀ, ਉਸਨੂੰ ਕੇਵਲ ਖਾਨਾਪੂਰਤੀ ਹੀ ਨਹੀਂ ਕਿਹਾ ਜਾ ਸਕਦਾ। ਸਾਡੇ ਹਰਮਨਪਿਆਰੇ ਸਿਤਾਰਿਆਂ ਲਈ ਇਹ ਇਕ ਵੱਡਾ ਸਨਮਾਨ ਸੀ।




ਕੈਨੇਡਾ ਦੇ ਖੂਬਸੂਰਤ ਐਲੀਗਨ ਥੀਏਟਰ ਦੇ ਬਾਹਰ 'ਧੋਬੀਘਾਟ' ਦੇਖਣ ਲਈ ਜੁੜੇ ਦੇਸ਼ੀ-ਵਿਦੇਸ਼ੀ ਦਰਸ਼ਕਾਂ ਦੀ ਲੰਬੀ ਕਤਾਰ ਇਕ ਦੇਖਣਯੋਗ ਨਜ਼ਾਰਾ ਸੀ। ਜਿਨ੍ਹਾਂ ਨੂੰ ਟਿਕਟਾਂ ਮਿਲੀਆਂ, ਉਨ੍ਹਾਂ ਨੇ ਖੁਦ ਨੂੰ ਖੁਸ਼ਨਸੀਬ ਮੰਨਿਆ ਅਤੇ ਜੋ ਇੰਨੇ ਖੁਸ਼ਨਸੀਬ ਨਹੀਂ ਸਨ, ਉਨ੍ਹਾਂ ਨੂੰ ਬਲੈਕ ਵਿਚ ਟਿਕਟਾਂ ਖਰੀਦਣੀਆਂ ਪਈਆਂ। ਜੋ ਬਲੈਕ ਵਿਚ ਵੀ ਟਿਕਟ ਹਾਸਲ ਨਹੀਂ ਕਰ ਸਕੇ, ਉਹ ਆਮਿਰ ਖਾਨ ਦੀ ਇਕ ਝਲਕ ਪਾਉਣ ਲਈ ਸੜਕਾਂ 'ਤੇ ਘੁੰਮਦੇ ਰਹੇ। ਮਜ਼ੇ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਕੁਝ ਵਿਦੇਸ਼ੀ ਸਨ। ਜਿਵੇਂ ਰੀਤਾ, ਜਿਸ ਨੇ ਪਿਛਲੇ ਸਾਲ ਹੀ 'ਥ੍ਰੀ ਇਡੀਅਟਸ' ਦੇਖੀ ਸੀ, ਉਹ ਆਮਿਰ ਦੀ ਅਦਾਕਾਰੀ ਤੋਂ ਐਨੀ ਪ੍ਰਭਾਵਤ ਹੋਈ ਕਿ ਉਸਨੇ ਇਹ ਫ਼ਿਲਮ ਤਿੰਨ ਵਾਰ ਦੇਖੀ। ਇਹ ਦੇਖਣਾ ਸੁਖਦਾਈ ਸੀ। ਇਨ੍ਹਾਂ ਫ਼ਿਲਮਾਂ ਵਿਚੋਂ 2 ਤਾਂ ਅਜਿਹੀਆਂ ਹਨ, ਜਿਨ੍ਹਾਂ ਦੇ ਨਿਰਦੇਸ਼ਕ ਆਪਣੀ ਪਾਰੀ ਦੀ ਸ਼ੁਰੂਆਤ ਹੀ ਕਰ ਰਹੇ ਹਨ।

ਟੋਰਾਂਟੋ ਅੰਤਰਰਾਸ਼ਟਰੀ ਫ਼ਿਲਮ ਮੇਲੇ ਵਿਚ ਸਾਡੇ ਬਹੁਤ ਸਾਰੇ ਹਿੰਦੀ ਫ਼ਿਲਮ ਨਿਰਮਾਤਾਵਾਂ ਨੇ ਭਾਰਤ ਦੇ ਉਨ੍ਹਾਂ ਲੋਕਾਂ ਦੀਆਂ ਇੱਛਾਵਾਂ ਅਤੇ ਜੀਵਨ ਨੂੰ ਪ੍ਰਦਰਸ਼ਤ ਕੀਤਾ ਹੈ, ਜੋ ਆਧੁਨਿਕਤਾ ਤੇ ਸੰਪੰਨਤਾ ਦੀ ਤਰਫ ਵਧ ਰਹੇ ਭਾਰਤ ਵਿਚ ਖੁਦ ਨੂੰ ਹਾਸ਼ੀਏ 'ਤੇ ਪਾਉਂਦੇ ਹਨ। ਇਨ੍ਹਾਂ ਨਿਰਮਾਤਾਵਾਂ ਨੇ ਹੇਠਲੇ ਤਬਕੇ ਦੇ ਦੁਰਕਾਰੇ ਹੋਏ ਅਤੇ ਕਮਜ਼ੋਰ ਲੋਕਾਂ ਦੇ ਜੀਵਨ ਨੂੰ ਆਪਣੀਆਂ ਫ਼ਿਲਮਾਂ ਦਾ ਵਿਸ਼ਾ ਬਣਾਇਆ ਹੈ, ਜੋ ਅੰਧਕਾਰ ਵਰਗ ਵੰਡ ਅਤੇ ਘੋਰ ਨਿਰਾਸ਼ਾ ਵਿਚ ਆਪਣਾ ਜੀਵਨ ਗੁਜ਼ਾਰ ਰਹੇ ਹਨ। ਪਰ ਜੋ ਚੀਜ਼ ਇਨ੍ਹਾਂ ਫ਼ਿਲਮਾਂ ਨੂੰ ਬਾਲੀਵੁੱਡ ਦੀਆਂ ਫ਼ਿਲਮਾਂ ਤੋਂ ਅਲੱਗ ਕਰਦੀ ਹੈ, ਉਹ ਹੈ ਉਪਦੇਸ਼ਵਾਦ ਅਤੇ ਘੋਰ ਨਾਟਕੀਪੁਣੇ ਤੋਂ ਪ੍ਰਹੇਜ਼। ਇਨ੍ਹਾਂ ਫ਼ਿਲਮਾਂ ਦਾ ਵਿਸ਼ਾ-ਵਸਤੂ ਵੀ ਉਹੀ ਹੈ, ਜਿਨ੍ਹਾਂ 'ਤੇ ਬਾਲੀਵੁੱਡ ਵਿਚ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ ਪਰ ਪੇਸ਼ਕਾਰੀ ਵਿਚ ਪ੍ਰਯੋਗਸ਼ੀਲਤਾ ਦੇ ਕਾਰਨ ਇਹ ਫ਼ਿਲਮਾਂ ਅਲੱਗ ਕਤਾਰ ਵਿਚ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਫ਼ਿਲਮਾਂ ਵਿਚ ਇਕ ਨਵੀਂ ਸਮਕਾਲੀ ਸੋਚ ਕੰਮ ਕਰਦੀ ਹੈ। ਇਹ ਨਵੀਂ ਤਰ੍ਹਾਂ ਦੀ ਸੰਵੇਦਨਸ਼ੀਲਤਾ ਅਤੇ ਸੁਹਜ-ਸ਼ਾਸਤਰ ਹੈ। ਕਿਰਨ ਰਾਵ 'ਧੋਬੀਘਾਟ' ਵਿਚ ਸਾਗਰ ਕਿਨਾਰੇ ਵਸੇ ਕਦੇ ਨਾ ਸੌਣ ਵਾਲੇ ਸ਼ਹਿਰ ਦੀਆਂ ਧੜਕਣਾਂ ਨੂੰ ਸੁਲਾਉਣ ਵਿਚ ਕਾਮਯਾਬ ਹੋਈ ਹੈ। ਉਨ੍ਹਾਂ ਨੇ ਆਪਣੀ ਫ਼ਿਲਮ ਨੂੰ ਮੁੰਬਈ ਦੇ ਪ੍ਰਤੀ ਸ਼ਰਧਾਗਾਨ ਦੱਸਿਆ ਹੈ ਅਤੇ ਇਕ ਔਰਤ ਦੇ ਟੁੱਟੇ ਦਿਲ ਦੀ ਆਵਾਜ਼...ਖੈਰ, ਮੈਂ ਇਸ ਫ਼ਿਲਮ ਦੇ ਅੰਤ ਦਾ ਖੁਲਾਸਾ ਨਹੀਂ ਕਰਨਾ ਚਾਹੁੰਦੀ।

'ਪੀਪਲੀ ਲਾਈਵ' ਦੀ ਹੀ ਤਰ੍ਹਾਂ ਟੋਰਾਂਟੋ ਵਿਚ ਦਿਖਾਈਆਂ ਗਈਆਂ ਜਿਆਦਾਤਰ ਭਾਰਤੀ ਫ਼ਿਲਮਾਂ ਦੇ ਸੰਵਾਦ ਸਹਿਜ-ਸੁਭਾਵਕ ਸਨ। ਸਾਡਾ ਆਮ ਆਦਮੀ, ਪਰ ਅਜਿਹਾ ਨਹੀਂ, ਜਿਵੇਂ ਹੁਣ ਤਕ ਦਿਖਾਇਆ ਜਾਂਦਾ ਸੀ। ਘੱਟ ਤੋਂ ਘੱਟ ਟੋਰਾਂਟੋ ਵਿਚ ਤਾਂ ਇਹੀ ਕਿਹਾ ਜਾ ਸਕਦਾ ਸੀ... ਸਲਾਮ ਇੰਡੀਆ।

-ਮਧੂ ਜੈਨ

ਗੁਰਚੇਤ ਚਿੱਤਰਕਾਰ ਅੱਜ ਹਰ ਵਰਗ ਦੇ ਸਰੋਤਿਆਂ ਦੀ ਪਹਿਲੀ ਪਸੰਦ ਹੈ ਕਿਉਂਕਿ ਅੱਜਕੱਲ੍ਹ ਹਰ ਇਨਸਾਨ ਭੱਜ-ਦੌੜ ਦੀ ਜ਼ਿੰਦਗੀ ਵਿਚ ਹਾਸੇ ਗੁਆ ਬੈਠਾ ਹੈ। ਉਹ ਚਾਹੁੰਦਾ ਹੈ ਕਿ ਥਕਾਵਟ ਲਾਹੁਣ ਲਈ ਕੁਝ ਮਨੋਰੰਜਨ ਦਾ ਸਹਾਰਾ ਲਿਆ ਜਾਵੇ ਅਤੇ ਕਾਮੇਡੀ ਕਲਾਕਾਰ ਦੀ ਵੀ ਇਹੀ ਸੋਚ ਹੈ ਕਿ ਅਜਿਹਾ ਮੈਟਰ ਪੇਸ਼ ਕੀਤਾ ਜਾਵੇ ਜਿਸ ਨਾਲ ਇਨਸਾਨ ਦੀ ਰੂਹ ਤਰੋਤਾਜ਼ਾ ਹੋ ਜਾਵੇ। ਗੁਰਚੇਤ ਦੀਆਂ ਫਿਲਮਾਂ ਕਾਮੇਡੀ ਭਰਪੂਰ ਹੁੰਦੀਆਂ ਹਨ। ਕੀ ਬੱਚੇ, ਕੀ ਬੁੱਢੇ, ਕੀ ਔਰਤਾਂ-ਉਸ ਦੀਆਂ ਫਿਲਮਾਂ ਦੇ ਦੀਵਾਨੇ ਹਨ। ਫੌਜੀ ਦੀ ਫੈਮਿਲੀ ਤੋਂ ਲੈ ਕੇ ਫੈਮਿਲੀ 425 ਤੱਕ ਦੀਆਂ ਸਾਰੀਆਂ ਹੀ ਫਿਲਮਾਂ ਨੇ ਦੇਸ਼ਾਂ-ਵਿਦੇਸ਼ਾਂ ਵਿਚ ਚੰਗੀ ਚਰਚਾ ਖੱਟੀ ਹੈ। ਧਾਰਮਿਕ ਫਿਲਮ 'ਨਾਨਕ ਨਾਮ ਚੜ੍ਹਦੀ ਕਲਾ' ਨੇ ਤਾਂ ਸਫਲਤਾ ਦਾ ਇਤਿਹਾਸ ਹੀ ਸਿਰਜ ਦਿੱਤਾ। ਅੱਜਕੱਲ੍ਹ ਗੁਰਚੇਤ ਦੀਆਂ ਦੋ ਫ਼ਿਲਮਾਂ ਵੀ ਰਿਲੀਜ਼ ਲਈ ਤਿਆਰ ਹਨ। ਧਾਰਮਿਕ ਫਿਲਮ 'ਸਰਬੱਤ ਦਾ ਭਲਾ' ਤੇ 'ਕਬੱਡੀ', 'ਫੈਮਿਲੀ 426 ਗਰੇਟ ਲਾਲਚ'। 'ਫੈਮਿਲੀ 426 ਗਰੇਟ ਲਾਲਚ' ਦੀ ਕਹਾਣੀ ਇਕ ਪਰਿਵਾਰ ਦੀ ਕਹਾਣੀ ਹੈ ਜਿਸ ਨੂੰ ਕਿਤੋਂ ਕੋਹਿਨੂਰ ਹੀਰਾ ਲੱਭ ਜਾਂਦਾ ਹੈ। ਫਿਰ ਪਰਿਵਾਰ ਦੇ ਮੈਂਬਰ ਹੀ ਹੀਰੇ ਨੂੰ ਹਾਸਲ ਕਰਨ ਲਈ ਇਕ-ਦੂਸਰੇ ਨੂੰ ਜ਼ਹਿਰ ਦੇ ਦਿੰਦੇ ਹਨ। ਗੁਰਚੇਤ ਚਿੱਤਰਕਾਰ ਦੇ ਸਹੁਰੇ ਵੀ ਇਸ ਹੀਰੇ ਨੂੰ ਹਾਸਲ ਕਰਨ ਲਈ ਸਾਰੀਆਂ ਹੱਦਾਂ ਪਾਰ ਕਰ ਜਾਂਦੇ ਹਨ। ਗੁਰਚੇਤ ਚਿੱਤਰਕਾਰ ਦਾ ਕਹਿਣਾ ਹੈ ਕਿ ਇਹ ਫਿਲਮ ਸਾਰੀਆਂ ਫਿਲਮਾਂ ਤੋਂ ਹਟ ਕੇ ਵੱਖਰੇ ਵਿਸ਼ੇ 'ਤੇ ਤਿਆਰ ਕੀਤੀ ਗਈ ਹੈ। ਅਸੀਂ ਲਾਲਚ ਵਸ ਆਪਣੇ ਰਿਸ਼ਤੇ-ਨਾਤਿਆਂ ਦਾ ਹੱਥੀਂ ਘਾਣ ਕਰਦੇ ਹਾਂ। ਕਿਵੇਂ ਅਸੀਂ ਲਾਲਚ ਵਸ ਆਪਣੇ ਮਾਂ-ਪਿਓ, ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ ਦਾ ਹੱਥੀਂ ਖੂਨ ਕਰਦੇ ਹਾਂ। ਇਸ ਦਾ ਕਹਾਣੀ, ਡਾਇਲਾਗ ਤੇ ਪ੍ਰੋਡਿਊਸਰ ਖੁਦ ਗੁਰਚੇਤ ਚਿੱਤਰਕਾਰ ਹੈ। ਗੁਰਚੇਤ ਤੋਂ ਇਲਾਵਾ, ਗੁਰਦੀਪ ਕਕਰਾਲਾ, ਦਮਨਦੀਪ ਸੰਧੂ, ਹੈਪੀ ਜੀਤ ਪੱਚਰਾਂ ਵਾਲਾ, ਗਗਨ ਗਿੱਲ, ਜੱਗੀ ਧੂਰੀ, ਪ੍ਰਕਾਸ਼ ਗਾਦੂ ਤੇ ਹੋਰ ਅਦਾਕਾਰਾਂ ਨੇ ਆਪੋ-ਆਪਣੇ ਰੋਲ ਬਾਖੂਬੀ ਨਿਭਾਏ ਹਨ।



# ਪਰਿਵਾਰਕ ਫਿਲਮਾਂ ਦਾ ਜ਼ਿਕਰਯੋਗ ਨਾਂ ਗੁਰਚੇਤ ਚਿੱਤਰਕਾਰ

# ਜਨਮ ਤੋਂ ਬੰਗਾਲਣ ਦਿਲ ਤੋਂ ਪੰਜਾਬਣ ਰਾਣੀ ਮੁਖਰਜੀ



**ਰਾਣੀ ਮੁਖਰਜੀ ਫਿਲਮ 'ਕੁਛ ਕੁਛ ਹੋਤਾ ਹੈ' ਤੋਂ 'ਵੀਰ-ਜ਼ਾਰਾ' ਤੱਕ ਚੰਗੀਆਂ-ਚੰਗੀਆਂ ਫਿਲਮਾਂ ਦੇਣ ਤੋਂ ਬਾਅਦ ਅਚਾਨਕ ਪਰਦੇ ਤੋਂ ਪਿੱਛੇ ਚਲੇ ਗਈ। ਕਹਿੰਦੇ ਹਨ ਕਿ ਰਾਣੀ ਦੀ ਇਹ ਗਤ ਇਸ ਲਈ ਹੋਈ ਕਿ ਉਹ ਇਕ ਪੰਜਾਬੀ ਨਿਰਮਾਤਾ-ਨਿਰਦੇਸ਼ਕ ਦੇ ਚੱਕਰ ਵਿਚ ਪੈ ਗਈ ਸੀ। ਨਤੀਜਾ ਇਹ ਨਿਕਲਿਆ ਕਿ ਰਾਣੀ ਨੂੰ ਪੰਜਾਬੀ ਰੰਗਤ ਚੜ੍ਹਨ ਲੱਗ ਪਈ। ਉਂਜ ਰਾਣੀ ਖਾਲਸ ਬੰਗਾਲਣ ਕੁੜੀ ਹੈ ਪਰ ਉਹ ਹੁਣ ਹਿੰਦੀ, ਅੰਗਰੇਜ਼ੀ ਤੇ ਬੰਗਲਾ ਭਾਸ਼ਾ ਬੋਲਣ ਦੇ ਨਾਲ-ਨਾਲ ਫਰਾਟੇਦਾਰ ਪੰਜਾਬੀ ਵੀ ਬੋਲਣ ਲੱਗ ਪਈ ਹੈ। ਰਾਣੀ ਦਾ ਕਹਿਣਾ ਹੈ ਕਿ ਮੈਂ ਤਾਂ ਜਨਮ ਤੋਂ ਕੁਝ ਸਮਾਂ ਬਾਅਦ ਹੀ ਭੁਲੇਖੇ ਨਾਲ ਇਕ ਪੰਜਾਬੀ ਪਰਿਵਾਰ 'ਚ ਚਲੀ ਗਈ ਸੀ ਪਰ ਮੇਰੀ ਮਾਂ ਕ੍ਰਿਸ਼ਨਾ ਨੇ ਰੌਲਾ ਪਾ ਦਿੱਤਾ ਤਾਂ ਮੈਂ ਆਪਣੇ ਪਰਿਵਾਰ 'ਚ ਆਈ। ਰਾਣੀ ਹੋਰ ਦਸਦੀ ਹੈ ਕਿ ਮੇਰੇ ਪਰਿਵਾਰ ਵਾਲੇ ਅਜੇ ਵੀ ਮੈਨੂੰ ਚਿੜਾਉਣ ਲਈ ਕਈ ਵਾਰ ਕਹਿ ਦਿੰਦੇ ਹਨ ਕਿ ਮੈਂ ਜਨਮ ਤੋਂ ਹੀ ਪੰਜਾਬੀ ਹਾਂ ਪਰ ਉਨ੍ਹਾਂ ਨੂੰ ਤੁਰੰਤ ਟਕੇ ਵਰਗਾ ਜਵਾਬ ਦੇ ਦਿੰਦੀ ਹਾਂ ਕਿ ਮੈਂ ਜਨਮ ਤੋਂ ਪੰਜਾਬਣ ਨਹੀਂ ਹਾਂ, ਬਲਕਿ ਦਿਲ ਤੋਂ ਪੰਜਾਬਣ ਹਾਂ। ਰਾਣੀ ਠੀਕ ਹੀ ਕਹਿੰਦੀ ਹੈ ਕਿ ਉਹ ਦਿਲ ਤੋਂ ਪੰਜਾਬਣ ਹੈ ਕਿਉਂਕਿ ਉਸ ਨੇ ਦਿਲ ਦਿੱਤਾ ਵੀ ਤਾਂ ਪੰਜਾਬੀ ਮੁੰਡੇ ਅਦਿੱਤਿਆ ਚੋਪੜਾ ਨੂੰ ਹੈ। ਰਾਣੀ ਦੇ ਪੰਜਾਬੀ ਹੋਣ ਦਾ ਸਵਾਗਤ ਹੈ। ਚੇਤੇ ਰੱਖਣ ਵਾਲੀ ਗੱਲ ਹੈ ਕਿ ਰਾਣੀ ਦੀ ਭੈਣ ਕਾਜੋਲ ਪਹਿਲਾਂ ਹੀ ਪੰਜਾਬੀ ਮੁੰਡੇ ਅਜੈ ਦੇਵਗਨ ਨਾਲ ਵਿਆਹ ਕਰਾ ਕੇ ਪੰਜਾਬੀਆਂ ਦੀ ਨੂੰਹ ਬਣ ਚੁੱਕੀ ਹੈ।**

# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ
ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ




**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ
ਪ੍ਰਧਾਨ ਐਨ ਆਰ ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਅਤੇ ਜਸਪ੍ਰੀਤ ਸਿੰਘ ਨੂੰ ਪ੍ਰਧਾਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ। ਅਸੀਂ ਉਹਨਾਂ ਦੀ ਇਸ ਨਿਯੁਕਤੀ ਉਪੱਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜ੍ਹੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਅਤੇ ਜਸਪ੍ਰੀਤ ਸਿੰਘ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।



ਗੁਰਪ੍ਰੀਤ ਸਿੰਘ ਚੌਹਾਨ ਮੁੱਖ ਮੰਤਰੀ ਸ: ਬਾਦਲ ਅਤੇ ਕੈਬਨਿਟ ਮੰਤਰੀ ਜਥੇ: ਸ਼ੇਖਵਾਂ ਨਾਲ

ਵਲੋਂ:
**ਗੁਰਪ੍ਰੀਤ ਸਿੰਘ ਚੌਹਾਨ**
**ਪੀਟਰ ਸਿੰਘ ਅਟਾਰਨੀ ਐਟ ਲਾਅ**
**ਸੰਨੀ ਭੁੱਲਰ**


PBA & JUDGE RANDHAWA
Proudly Presents...
Comerica
VERKA
RANGOLI SWEETS
PANNU DENTAL CARE
Cosmetic & Family Dentistry
India Cash & Carry
CHAAT BHAVAN RESTAURANT
DIWALI DHAMAKA
HARBHAJAN MANN
BHANGRA • GIDDHA • COMEDY & MUCH MORE
4 HOURS OF ENTERTAINMENT
SUNDAY • OCTOBER 24, 2010 • 5PM
CHABOT COLLEGE PERFORMING ARTS CENTER
25555 Hesperian Blvd | Hayward, CA 94545
Tickets: $25 • $35 • $45 • VIP • VVIP
SPONSORS:
Raj Bhanot • Darshan Thind
American Foreclosure Investment Corp. (Gurbir Maroke) • Dave Atwal
Ray Walia • Rana Atwal • Mickey Sra
Dr. Devinder Shoker Raja Walia
Jagdeep Nagra • Amrit Dhaliwal
Apna Punjab Association
Neo Vision (Dr. Shobha Tandon
Tandoor (Surinder Kumar Koka)
TICKETS
SUNNYVALE
Singh Video 408.746.0758
India Cash & Carry 408.735.7383
SAN JOSE
India Palace 408.223.9978
FREMONT
Roshni 510.487.5141
Siddhartha Intl 510.792.8500
UNION CITY
Sangram Palace 510.441.9330
BERKELEY
Bombay Music 510.845.3311
HAYWARD
Kash Fabrics 510.538.1138
EAST BAY
New India Bazaar 925.875.1692
Media Partners: Chardi Kala Radio, Bay Area Third Eye, Amritsar Times, Punjab Times, Car Bazaar (Lovejeet Maroke), Punjab Mail, Punjab News, Sade Lok
For More Info: JUDGE RANDHAWA 510.366.1457

# WHEN IT COMES TO PUNJABI TELEVISION, COMPETITION DOESN'T STAND A CHANCE!




## PTC Punjabi is now available only on DISH Network!

**PTC Punjabi** is a premium Punjabi entertainment channel from India, offering a wide variety of entertainment shows including current affairs, breaking news, prime news bulletins, reality talent shows, mega events, and music videos, produced in India as well as local shows from North America. Watch telecast of Gurbani from Sri Hazoor Sahib every morning exclusively on PTC Punjabi. Popular shows include "Voice of Punjab", "Masters", "Preeto Top 10", "PTC Spotlight", "Pind Di Galiyan", "Watano Door", "Masle", "Tirchi Nazar", "The NRI Show", "Guftagu", and "Ms. PTC Punjabi".

## DISH Network is the only pay-TV provider which offers 7 top-rated Punjabi channels!

**Punjabi Pack** $24.99/mo.

**Local channels** $9.99/mo.

**Subscribe to the Punjabi Pack with American local channels and receive:**

- **Free** Standard Professional Installation
- **No** equipment to buy
- **Free** DVR upgrade ($6/mo. DVR Service fee applies)
- **Free** Activation (with 24-month Agreement)
- **No** additional Service Access fee

**CALL 1.888.242.2276 TODAY!**

Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer Agreements. Additional restrictions may apply. First-time DISH Network customers only. Offer ends 11/10/10. © 2010, DISH Network L.L.C. All rights reserved. DIRECTV is a trademark of DIRECTV, Inc.